66 ਜੁਲਾਈ-ਸਤੰਬਰ, 2022

# ਕਹਾਣੀ ਧਾਰਾ

50/-



66 ਕਹਾਣੀ ਧਾਰਾ ਜੁਲਾਈ-ਸਤੰਬਰ, 2022

66 ਜੁਲਾਈ-ਸਤੰਬਰ, 2022

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

## ਰੈਫਰੀਡ ਪੈਨਲ / ਸਲਾਹਕਾਰ ਬੋਰਡ

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ



Title Painting
& inside Painting:
Pawan Kumar
98154-26869

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜੁਲਾਈ, 2022)

# ਕਹਾਣੀ ਧਾਰਾ

ਕਹਾਣੀ ਧਾਰਾ ਦਾ ਇਹ ਅੰਕ
ਪ੍ਰਸਿੱਧ ਚਿੰਤਕ ਰਜਨੀਸ਼ ਬਹਾਦਰ
ਸਿੰਘ ਨੂੰ ਸਮਰਪਤ ਕੀਤਾ ਜਾਂਦਾ ਏ



ਸੰਪਾਦਕ :
**ਭਗਵੰਤ ਰਸੂਲਪੁਰੀ**

*ਸੰਪਾਦਕੀ*
*ਪੰਜਾਬੀ ਗਲਪ ਆਲੋਚਨਾ ਤੇ*
*ਰਜਨੀਸ਼ ਬਹਾਦਰ ਸਿੰਘ*
*ਭਗਵੰਤ ਰਸੂਲਪੁਰੀ –3*



*ਵਿਸ਼ਵ ਕਲਾਸਿਕ*
*ਮਿੱਟੀ ਰੰਗੇ ਲੋਕਾਂ ਦਾ ਕਥਾਕਾਰ*
*ਫਿਓਦਰ ਦੋਸਤੋਵਸਕੀ*
*ਅਜੇ ਤਨਵੀਰ–7*





*ਕਹਾਣੀ*
*ਵਿਰਾਸਤ*
*ਹਰਪ੍ਰੀਤ ਸੇਖਾ–18*



*ਕਹਾਣੀ*
*ਆਫ਼ਟਰ ਫੌਰਟੀ*
*ਸਰਘੀ–25*



*ਕਹਾਣੀ*
*ਜਗਮੀਤ ਉਦਾਸ ਨਹੀਂ ਹੁੰਦੇ ?*
*ਡਾ ਸ਼ਿਆਮ ਸੁੰਦਰ ਦੀਪਤੀ–44*



*ਕਹਾਣੀ*
*ਇਹਨਾਂ ਪਲਾਂ ਨੂੰ ਮਾਣ ਨਾ ਲਵਾਂ*
*ਸਰਬਜੀਤ ਕੌਰ ਸੋਹਲ–58*



*ਕਹਾਣੀ*
*ਕੁਇਨਜ਼ ਲੈਂਡ!*
*ਆ.ਗਾਜ਼ਬੀਰ –69*



*ਕਹਾਣੀ*
*ਅੱਪਡੇਟ*
*ਰਮਨਦੀਪ ਵਿਰਕ –76*



*ਸ਼ਬਦ ਚਿੱਤਰ*
*ਵਿਲੱਖਣ ਅਤੇ ਰੌਚਿਕ ਸ਼ੈਲੀ ਵਾਲੀ ਲੇਖਕਾ*
*ਹਰਕੀਰਤ ਕੌਰ ਚਹਿਲ*
*ਪ੍ਰੇਮ ਮਾਨ –84*




*ਜਨ ਬੋਧ*
*ਦਲਿਤ ਸਿੱਖ ਇਤਿਹਾਸ ਦੀ ਪੜਚੋਲ ਕਰਦਿਆਂ*
*ਮੂਲ : ਰਾਜ ਕੁਮਾਰ ਹੰਸ*
*ਅਨੁਵਾਦ : ਮੰਗਤ ਰਾਮ–100*




*ਸਮੀਖਿਆ*
*ਬਲੌਰੀ ਅੱਖ ਵਾਲਾ ਮੁੰਡਾ/ਡਾ.ਕੁਲਵਿੰਦਰ ਸਿੰਘ–123*
*ਭਗਵੰਤ ਰਸੂਲਪੁਰੀ ਦਾ ਕਥਾ ਜਗਤ*
*ਡਾ. ਹਰਪ੍ਰੀਤ ਸਿੰਘ ਹੁੰਦਲ–127*






*ਥੈਂਕ ਯੂ ਬਾਪੂ/ ਡਾ. ਕੁਲਵਿੰਦਰ ਸਿੰਘ–130*

*ਓਟ/ ਡਾ. ਪਰਗਟ ਸਿੰਘ ਟਿਵਾਣਾ–134*






*ਕੰਡਿਆਲੇ ਸਾਕ / ਡਾ. ਅਮਨਦੀਪ ਸਿੰਘ–137*

*ਕਿਤੇ ਉਹ ਨਾ ਹੋਵੇ/ ਡਾ. ਗੁਰਮੀਤ ਕੌਰ–140*






*ਹੁੰਗਾਰਾ–143*

ਸੰਪਾਦਕੀ

# ਪੰਜਾਬੀ ਗਲਪ ਆਲੋਚਨਾ ਤੇ ਰਜਨੀਸ਼ ਬਹਾਦਰ ਸਿੰਘ

ਪੰਜਾਬੀ ਗਲਪ ਆਲੋਚਨਾ ਹਮੇਸ਼ਾ ਸੰਕਟ ਦਾ ਸ਼ਿਕਾਰ ਰਹੀ ਏ। ਇਸ ਵਿਧਾ ਤੇ ਕਾਰਜ ਕਰਨ ਵਾਲੇ ਗਿਣਤੀ ਦੇ ਚਿੰਤਕ ਹੀ ਰਹੇ ਨੇ। ਸੰਤ ਸਿੰਘ ਸੇਖੋਂ, ਅਤਰ ਸਿੰਘ ਅਤੇ ਕਿਸ਼ਨ ਸਿੰਘ ਸਮੁੱਚੇ ਪੰਜਾਬੀ ਸਾਹਿਤ ਦੀ ਚਿੰਤਾ ਕਰਨ ਵਾਲੇ ਚਿੰਤਕ ਨੇ। ਇਨ੍ਹਾਂ ਨੇ ਵਧੇਰੇ ਅਧਿਐਨ ਸਲੇਬਸਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂ ਕਹਿ ਲਓ ਪ੍ਰਕਾਸ਼ਕਾਂ ਨੇ ਇਨ੍ਹਾਂ ਤੋਂ ਕਰਵਾਇਆ। ਸੇਖੋਂ ਏਸੇ ਲਈ ਕਾਫੀ ਮਸ਼ਹੂਰ ਚਿੰਤਕ ਏ। ਹਰਿਭਜਨ ਸਿੰਘ ਨੇ ਪੰਜ ਕੁ ਕਹਾਣੀਆਂ ਦਾ ਅਧਿਐਨ ਕਰਕੇ ਆਪਣਾ ਲੋਹਾਂ ਪੰਜਾਬੀ ਗਲਪ ਚਿੰਤਨ ਵਿਚ ਮੰਨਵਾ ਲਿਆ। ਤਰਸੇਮ ਨੀਲਗਿਰੀ ਦੀਆਂ ਕੁਝ ਕਹਾਣੀਆਂ ਅਤੇ ਪ੍ਰੇਮ ਪ੍ਰਕਾਸ਼ ਦੀ ਇਕ ਕਹਾਣੀ 'ਸ਼ਵੇਤਾਂਬਰ ਨੇ ਕਿਹਾ ਸੀ' ਤੇ ਪੂਰੀ ਕਿਤਾਬ ਲਿਖਣ ਨਾਲ ਉਹ ਵਿਸ਼ੇਸ਼ ਤੌਰ 'ਤੇ ਧਿਆਨ ਵਿਚ ਆ ਗਿਆ। ਉਸ ਨੇ ਕਹਾਣੀਆਂ ਦੀ ਜਿਹੜੀ ਪੜ੍ਹਤ ਤਿਆਰ ਕੀਤੀ ਉਹੋ ਜਿਹੀ ਪੜ੍ਹਤ ਜੋਗਿੰਦਰ ਸਿੰਘ ਰਾਹੀ ਵੀ ਤਿਆਰ ਨਹੀਂ ਕਰ ਸਕਿਆ। ਭਾਵੇਂ ਕਿ ਉਸ ਨੇ ਹਰਿਭਜਨ ਸਿੰਘ ਦੀ ਤਰ੍ਹਾਂ ਕੁਝ ਚੋਣਵੀਆਂ ਕਹਾਣੀਆਂ ਦਾ ਅਧਿਐਨ ਜ਼ਰੂਰ ਕੀਤਾ ਏ। ਹਰਿਭਜਨ ਸਿੰਘ ਕਹਿੰਦਾ ਏ ਕਿ 'ਮੇਰੀ ਲਿਖਤ ਕਿਸੇ ਪੂਰਬਲੀ ਲਿਖਤ ਉਪਰ ਅਧਾਰਿਤ ਨਹੀਂ ਅਤੇ ਉਸ ਨਾਲ ਮੇਰਾ ਰਿਸ਼ਤਾ ਪੜ੍ਹਤ ਵਾਲਾ ਹੈ। ਲਿਖਤ ਅਤੇ ਪੜ੍ਹਤ ਵਿਚ ਸੂਖ਼ਮ ਜਿਹਾ ਅੰਤਰ ਹੈ। ਪੜ੍ਹਤ ਦੀ ਜ਼ੁੰਮੇਵਾਰੀ ਲਿਖਤ ਨਾਲੋਂ ਵਧੇਰੇ ਹੈ। ਉਹ ਲਿਖਤ ਨਾਲੋਂ ਵਧੇਰੇ ਜਟਿਲ ਵੀ ਹੈ। ਪੜ੍ਹਤ ਦਾ ਕੰਮ ਸਮੀਖਿਆ ਤੋਂ ਵੱਖਰੀ ਤਰ੍ਹਾਂ ਦਾ ਹੈ।' ਉਸ ਨੇ ਪ੍ਰੇਮ ਪ੍ਰਕਾਸ਼ ਦੀ 'ਕਹਾਣੀ ਦਾ ਨਾ ਮੁਲੰਕਣ ਤੇ ਨਾ ਹੀ ਵਿਸ਼ਲੇਸ਼ਣ ਕੀਤਾ ਏ। ਉਹਦੇ ਸੰਬੰਧੀ ਨਾ ਮੈਂ ਪ੍ਰਸੰਸਾਤਮਕ ਟਿੱਪਣੀ ਲਿਖੀ ਹੈ ਨਾ ਨਿੰਦਿਆਤਮਕ।' ਇਹ ਹਰਿਭਜਨ ਦੀ ਧਾਰਨਾ ਏ।

ਸਾਡੇ ਕੋਲ ਜੋਗਿੰਦਰ ਸਿੰਘ ਰਾਹੀ ਕਹਾਣੀ ਦੇ ਖੇਤਰ ਦਾ ਵਿਸ਼ੇਸ਼ ਚਿੰਤਕ ਹੋਇਆ ਏ। ਉਸ ਨੇ ਭਾਵੇਂ ਸਮੁੱਚੀ ਕਹਾਣੀ ਦਾ ਅਧਿਐਨ ਨਹੀਂ ਕੀਤਾ ਪਰ ਉਸ ਨੇ ਪੰਜਾਬੀ ਦੀਆਂ ਕੁਝ ਚੰਗੀਆਂ ਕਹਾਣੀਆਂ ਦੀ ਚੋਣ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਬਹੁਤ ਗੌਲਣਯੋਗ ਕੀਤਾ ਏ। ਉਨ੍ਹਾਂ ਕਹਾਣੀਆਂ ਵਿਚ ਉਨ੍ਹਾਂ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਏ ਜਿਹੜੇ ਤੱਤ ਉਸ ਰਚਨਾ ਨੂੰ ਦੇਰ ਤੀਕ ਜਿਉਂਦੀ ਰੱਖਣ ਲਈ ਸਹਾਈ ਹੁੰਦੇ ਨੇ। ਉਸਦਾ ਸਰੋਕਾਰ 'ਪੰਜਾਬੀ ਕਹਾਣੀ ਬਤੌਰ ਬਿਰਤਾਂਤ-ਵਿਧਾ ਦੇ ਸਾਡੇ ਪ੍ਰਮੁੱਖ ਕਹਾਣੀਕਾਰਾਂ ਦੀ ਰਚਨਾਤਮਕਤਾ ਰਾਹੀਂ ਕਿਵੇਂ ਕਦਮ-ਦਰ-ਕਦਮ ਵਿਗਸਦੀ ਹੈ' ਦੀ ਖੋਜ ਕਰਨਾ ਰਿਹਾ ਏ। ਉਸ ਨੇ ਕਹਾਣੀਆਂ ਦੇ ਅਧਿਐਨ ਰਾਹੀਂ ਇਸ ਵਿਧਾ ਦੇ ਸ਼ਾਸਤ੍ਰੀ ਨੇਮਾ ਦਾ ਵੀ ਅਧਿਐਨ ਕੀਤਾ ਏ। ਸ਼ਿਲਪਕਾਰੀ ਤੋਂ ਜਿਹੜੀਆਂ ਕਹਾਣੀਆਂ ਗੁਣਾਤਮਕ ਵਾਧਾ ਕਰਦੀਆਂ ਹਨ ਉਨ੍ਹਾਂ ਦਾ ਡਾ. ਰਾਹੀ ਨੇ ਨਿੱਠ ਕੇ ਅਧਿਐਨ ਕੀਤਾ ਏ। ਹਰ ਚਿੰਤਕ ਦੀਆਂ ਆਪਣੀਆਂ ਕੁਝ ਸੀਮਾਵਾਂ ਹੁੰਦੀਆਂ ਹਨ ਰਾਹੀ ਦੀਆਂ ਵੀ ਰਹੀਆਂ ਨੇ ਜਿਨ੍ਹਾਂ ਕਾਰਨ ਉਹ ਕੁਝ ਗੌਲਣਯੋਗ 'ਦਲਿਤ ਜ਼ਿੰਦਗੀ ਦੀਆਂ' ਕਹਾਣੀਆਂ ਛੱਡ ਗਿਆ ਏ। ਮੈਂ ਸਮਝਦਾ ਹਾਂ ਚਿੰਤਕ ਦੇ ਅੰਦਰਲਾ ਇਕ ਰਸ ਵੀ ਹੁੰਦਾ ਹੈ ਜਿਹਦੇ ਅਧਾਰ 'ਤੇ ਉਹ ਆਪਣੀ ਪਸੰਦ ਦੀਆਂ ਕਹਾਣੀਆਂ ਦੀ ਚੋਣ ਕਰਦਾ ਏ। ਇਹ ਰਸ ਉਹਦਾ ਪਰਿਵਾਰਕ ਚੌਗਿਰਦਾ, ਉਹਦਾ ਧਰਮ, ਉਹਦੀ ਸੰਸਕ੍ਰਿਤੀ ਵੀ ਬਣਾਉਂਦਾ ਏ। ਟੀ. ਆਰ ਵਿਨੋਦ ਨੇ ਵੀ ਗਲਪ ਦੇ ਅਧਿਐਨ ਵਿਚ ਵਿਸ਼ੇਸ਼ ਕਾਰਜ ਕੀਤਾ ਏ। ਖਾਸ ਕਰਕੇ ਉਸ ਨੇ ਗੁਰਦਿਆਲ ਸਿੰਘ ਦੇ ਨਾਵਲਾਂ ਤੇ ਰੀਝ ਨਾਲ ਗੌਲਣਯੋਗ ਕਾਰਜ ਕੀਤਾ ਏ। ਡਾ. ਧਨਵੰਤ ਕੌਰ ਹੁਰਾਂ ਨੇ ਪੰਜਾਬੀ ਗਲਪ ਖਾਸ ਕਰਕੇ ਕਹਾਣੀ ਨੂੰ ਲੈ ਕੇ ਬਹੁਤ ਅੱਛਾ ਕਾਰਜ ਕੀਤਾ ਏ। ਉਸ ਨੇ ਕਹਾਣੀ ਦੀ ਵਿਧਾ, ਸ਼ੈਲੀ ਅਤੇ ਕਲਾਤਮਿਕ ਜੁਗਤਾਂ ਨੂੰ ਲੈ ਕੇ ਜੋ ਕਾਰਜ ਕੀਤਾ ਏ ਉਹ ਆਉਣ ਵਾਲੇ ਗਲਪ ਚਿੰਤਕਾਂ ਲਈ ਚੈਲਿਜ ਵੀ ਏ। ਕਹਾਣੀ ਦੇ ਖੇਤਰ ਵਿਚ ਗੁਰਲਾਲ ਸਿੰਘ ਦਾ

ਕਾਰਜ ਵੀ ਹਨੇਰੇ ਵਿਚ ਸੁੱਟਣ ਵਾਲਾ ਨਹੀਂ। ਉਸ ਨੇ ਕਹਾਣੀ ਦੇ ਮੁੱਢਲੇ ਸਿਧਾਂਤਕ ਨੁਕਤਿਆਂ ਤੇ ਬਹੁਤ ਠੋਸ ਕਾਰਜ ਕੀਤਾ ਏ। ਨਿੱਕੀ ਕਹਾਣੀ, ਉਸ ਦੀ ਵਿਧਾ, ਤਕਨੀਕ, ਲੰਮੀ ਕਹਾਣੀ, ਸ਼ੈਲੀ, ਬਿਰਤਾਂਤ ਵਰਗੇ ਮਸਲਿਆਂ ਤੇ ਤਕਨੀਕੀ ਕਾਰਜ ਕੀਤਾ ਏ। ਜਿਹੜਾ ਕਿ ਪਿਛੇ ਜਿਹੇ ਪੁਸਤਕ ਰੂਪ ਵਿਚ ਉਨ੍ਹਾਂ ਦੀ ਬੇਟੀ ਵੱਲੋਂ ਛਪਵਾਇਆ ਗਿਆ ਏ।

ਪੰਜਾਬੀ ਕਹਾਣੀ ਵਿਚ ਬਲਦੇਵ ਸਿੰਘ ਧਾਲੀਵਾਲ ਅਤੇ ਰਜਨੀਸ਼ ਬਹਾਦਰ ਸਿੰਘ ਨੇ ਜੋ ਕਾਰਜ ਕੀਤਾ ਹੈ ਉਹ ਵੀ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਬਲਦੇਵ ਧਾਲੀਵਾਲ ਕਹਾਣੀ ਦੀ ਇਤਿਹਾਸਕਾਰੀ ਨੂੰ ਲੈ ਕੇ ਅਤੇ ਸਮੁੱਚੀ ਕਹਾਣੀ ਦਾ ਅਧਿਐਨ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਏ। ਉਸ ਨੇ ਚੰਗੀ ਕਹਾਣੀ ਨੂੰ ਪਰਮੋਟ ਤਾਂ ਕੀਤਾ ਹੀ ਏ ਬਲਕਿ ਮਾੜੀ ਤੇ ਦਰਮਿਆਨੀ ਕਹਾਣੀ ਨੂੰ ਸਵਾਲਾਂ ਦੇ ਘੇਰੇ ਵਿਚ ਵੀ ਲੈ ਆਂਦਾ ਏ। ਜਦੋਂ ਚਿੰਤਕ ਲੰਮੇ ਸਮੇਂ ਤੋਂ ਇਕ ਵਿਧਾ ਤੇ ਕੰਮ ਕਰਦਾ ਹੁੰਦੇ ਏ ਉਹਦੇ ਕੋਲੋਂ ਵੀ ਕੁਝ ਚੰਗੇ ਕਹਾਣੀਕਾਰ ਨਜ਼ਰ ਅੰਦਾਜ ਹੋ ਜਾਂਦੇ ਨੇ। ਬਲਦੇਵ ਕੋਲੋਂ ਵੀ ਇਹ ਭੁੱਲ ਹੋ ਗਈ ਏ। ਇਹਦੇ ਪਿੱਛੇ 'ਪਸੰਦ ਨਾ ਪਸੰਦ' ਦੀ ਧਾਰਨਾ ਪਈ ਹੁੰਦੀ ਏ। ਹੁਣ ਵੀ ਸਮਕਾਲੀ ਕਹਾਣੀ ਵਿੱਚੋਂ ਨਵੇਂ ਨੁਕਤੇ ਕੱਢ ਕੇ ਮੁੱਲਵਾਨ ਗੱਲਾਂ ਕਰਨ ਦਾ ਉਹ ਮਾਹਰ ਚਿੰਤਕ ਏ।

ਰਜਨੀਸ਼ ਬਹਾਦਰ ਸਿੰਘ ਸਾਡਾ ਬਹੁਤ ਉੱਘਾ ਗਲਪ ਚਿੰਤਕ ਹੋਇਆ ਏ। ਉਸ ਨੇ ਕਹਾਣੀ ਤੇ ਨਾਵਲ ਦੇ ਖੇਤਰ ਵਿਚ ਲਗਾਤਾਰ ਨਿੱਠ ਕੇ ਕਾਰਜ ਕੀਤਾ ਏ। 'ਹਰਿਭਜਨ' ਤੇ 'ਰਾਹੀ' ਵਾਂਗ ਉਸ ਨੇ ਇਕ-ਇਕ ਕਹਾਣੀ ਉੱਤੇ ਸਮੀਖਿਆ ਨਹੀਂ ਕੀਤਾ ਬਲਕਿ ਉਸ ਨੇ ਸਮੁੱਚੀ ਪੰਜਾਬੀ ਕਹਾਣੀ ਨੂੰ ਲੈ ਕੇ ਆਪਣੀਆਂ ਮੁੱਲਵਾਨ ਧਾਰਨਾਵਾਂ ਪੇਸ਼ ਕੀਤੀਆਂ ਨੇ। ਕਹਾਣੀ ਪ੍ਰਤੀ ਉਸ ਦੇ ਨਿਰਣੇ, ਫੈਸਲੇ ਅਤੇ ਸਿੱਟੇ ਸਮਕਾਲ ਵਿਚ ਓਨੇ ਹੀ ਮੁੱਲਵਾਨ ਹਨ ਜਿੰਨੇ ਪਹਿਲਾ ਸੀ। ਉਸ ਨੇ ਗਲਪ ਪ੍ਰਤੀ ਠੋਸ ਫੈਸਲੇ ਦਿੱਤੇ ਨੇ।

ਮੁੱਢਲੇ ਰੂਪ ਵਿਚ ਰਜਨੀਸ਼ ਨੇ ਚੌਥੀ ਪੀੜ੍ਹੀ ਦੀ ਕਹਾਣੀ ਉੱਤੇ ਨਿੱਠ ਕੇ ਕਾਰਜ ਕੀਤਾ ਜਿਹੜਾ ਬਹੁਤ ਮਹੱਤਵ ਪੂਰਨ ਕਾਰਜ ਰਿਹਾ। ਇਸ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪਹਿਲਾ ਕਾਰਜ ਨਹੀਂ ਹੋਇਆ। ਕਿਸੇ ਨੇ ਮਿਹਨਤ ਤੋਂ ਕੰਨੀ ਕਤਰਾਉਂਦਿਆਂ ਪਹਿਲੀਆਂ ਪੀੜ੍ਹੀਆਂ ਤੇ ਅਜਿਹਾ ਕਾਰਜ ਹੀ ਨਹੀਂ ਕੀਤਾ। ਇਸ ਨਾਲ ਹੋਇਆ ਇਹ ਕਿ ਹਰ ਆਲੋਚਕ ਚੌਥੀ ਪੀੜ੍ਹੀ ਵੱਲ ਆਪਣਾ ਧਿਆਨ ਕੇਂਦਰਤ ਕਰਨ ਲੱਗ ਪਿਆ। ਇਹ ਪੀੜ੍ਹੀ ਦੇ ਚੰਗੀ ਕਹਾਣੀ ਲਿਖਣ ਵਾਲੇ ਕਹਾਣੀਕਾਰਾਂ ਨੇ ਆਪਣੇ ਤੋਂ ਪਿਛਲੇ ਕਹਾਣੀਕਾਰਾਂ ਦਾ ਅੱਗਾ ਮਾਰ ਲਿਆ। ਗੁੱਲ ਚੌਹਾਨ, ਵਿਰਦੀ , ਪ੍ਰੇਮ ਗੋਰਖੀ, ਸੁਖਵੰਤ ਕੌਰ ਮਾਨ, ਦਲਬੀਰ ਚੇਤਨ ਵਰਗੇ ਕਹਾਣੀਕਾਰ ਹਨੇਰੇ ਦੇ ਖੂਹ ਵਿੱਚ ਸੁੱਟ ਦਿੱਤੇ ਗਏ। ਪੰਜਾਬੀ ਕਹਾਣੀ ਚੌਥੀ ਪੀੜ੍ਹੀ ਦੇ ਸਰਗਰਮ ਹੋਣ ਨਾਲ ਆਪਣਾ ਆਸਣ ਬਦਲਦੀ ਏ। ਤਕਰੀਬਨ ਦੋ ਦਰਜਨ ਕਹਾਣੀਕਾਰ ਸਰਗਰਮ ਹੋਣ ਕਾਰਨ ਤੇਜੀ ਨਾਲ ਕਹਾਣੀ ਲਿਖੀ ਜਾਣ ਲੱਗ ਪਈ ਅਤੇ ਉਸਦੇ ਵਿੱਚੋਂ ਚੰਗੀ ਕਹਾਣੀ ਵੀ ਆਉਣ ਲੱਗ ਪਈ। ਜਿਸ ਕਹਾਣੀ ਦੀ ਗੱਲ ਕਰਨ ਵਾਲੇ ਚਿੰਤਕ ਸਾਡੇ ਕੋਲ ਮੌਜੂਦ ਸਨ। ਚੌਥੀ ਪੀੜ੍ਹੀ ਦੇ ਇਨ੍ਹਾਂ ਕਹਾਣੀਕਾਰਾਂ ਬਾਰੇ ਰਜਨੀਸ਼ ਨੇ 'ਨਵਾਂ ਜ਼ਮਾਨਾਂ' ਵਿਚ ਲੜੀਵਾਰ ਲਿਖਿਆ। ਫਿਰ ਉਨ੍ਹਾਂ ਸਾਰੇ ਲੇਖਾਂ ਨੂੰ 'ਅਜੋਕੀ ਪੰਜਾਬੀ ਕਹਾਣੀ ਕਥਾ ਪ੍ਰਵਚਨ' ਪੁਸਤਕ ਵਿਚ ਇਕ ਥਾਂ ਪੇਸ਼ ਕੀਤਾ। ਇਸ ਕਾਰਜ ਰਾਹੀਂ ਆਪਣੀ ਆਲੋਚਨਾ ਦਾ ਬੱਝਵਾ ਪ੍ਰਭਾਵ ਪਾਉਂਦਾ ਏ। ਰਜਨੀਸ਼ ਦੀ ਪਿੱਠ 'ਤੇ ਜੋਗਿੰਦਰ ਸਿੰਘ ਰਾਹੀ ਅਤੇ ਟੀ. ਆਰ. ਵਿਨੋਦ ਆ ਖੜਦੇ ਨੇ। ਟੀ. ਆਰ ਵਿਨੋਦ ਉਹਦੇ ਬਾਰੇ ਧਾਰਨਾ ਦਿੰਦਾ ਏ, "ਰਜਨੀਸ਼ ਪ੍ਰਤਿਬੱਧ ਆਲੋਚਕ ਤਾਂ, ਨਿਰਸੰਦੇਹ ਹੈ, ਪੱਖਪਾਤੀ ਆਲੋਚਕ ਨਹੀਂ। ਉਹ ਆਲੋਚਨਾ ਕਰਦਾ ਹੋਇਆ ਨਾ ਤਾਂ ਨਿੱਜੀ ਸੰਬੰਧਾਂ ਨੂੰ ਦਖ਼ਲ ਦੇਣ ਦਿੰਦਾ ਹੈ ਅਤੇ ਨਾ ਹੀ ਕੱਟੜਤਾ ਦੀ ਨੁਮਾਇਸ਼ ਕਰਦਾ ਹੈ। ਇਸ ਗੱਲ ਦਾ ਇਕ ਪ੍ਰਮਾਣ ਅਸਲੋਂ ਨਵੇਂ ਕਹਾਣੀਕਾਰਾਂ

ਬਾਰੇ ਕੀਤੀ ਉਸ ਦੀ ਵਿਆਖਿਆ ਵਿਚ ਮਿਲਦਾ ਹੈ। ਚੌਥੀ ਪੀੜ੍ਹੀ ਦੇ ਇਨ੍ਹਾਂ ਉਭਰ ਰਹੇ ਕਹਾਣੀਕਾਰਾਂ ਬਾਰੇ ਸਥੂਲ ਅਤੇ ਸੰਜੀਦਾ ਗੱਲ ਕਰਨਾ ਦੀ ਜਿਹੜੀ ਵਿਧੀ ਉਸ ਨੇ ਅਪਣਾਈ ਹੈ ਉਹ ਨਿਰਸੰਦੇਹ ਪ੍ਰਸੰਸਾਯੋਗ ਹੈ।'

ਰਜਨੀਸ਼ ਬਹਾਦਰ ਸਿੰਘ ਨੇ ਪੰਜਾਬੀ ਕਹਾਣੀ ਦੇ ਪਾਤਰ ਦੀ ਵਿਧੀ ਅਤੇ ਵਿਹਾਰ ਉੱਤੇ ਨਿਵੇਕਲਾ ਕਾਰਜ ਕੀਤਾ ਏ। ਇਸ ਮਸਲੇ ਉੱਤੇ ਉਸ ਨੇ ਲੰਮਾ ਸਮਾਂ ਕਾਰਜ ਕੀਤਾ ਏ। ਪਾਤਰਾਂ ਨੂੰ ਕਹਾਣੀ ਵਿਚ ਪੇਸ਼ ਕਰਨ ਵੇਲੇ ਕਹਾਣੀਕਾਰਾਂ ਦੇ ਪਿਛੋਕੜ ਵਿਚ ਜਾ ਕੇ ਨਿਵੇਕਲੇ ਨੁਕਤੇ ਪੇਸ਼ ਕੀਤੇ ਨੇ ਜਿਨ੍ਹਾਂ ਦੇ ਅਧਾਰ ਉੱਤੇ ਕਹਾਣੀ ਵਿਚ ਪੇਸ਼ ਹੁੰਦੇ ਪਾਤਰ ਕਾਰਜ ਕਰਦੇ ਨੇ ਜਾਂ ਕਹਾਣੀਕਾਰ ਉਨ੍ਹਾਂ ਪਾਤਰਾਂ ਰਾਹੀ ਕਾਰਜ ਕਰਵਾਉਂਦਾ ਤੇ ਜਾਂ ਘੜਦਾ ਏ। ਇਹਦੇ ਪਿੱਛੇ ਉਹਦੀ ਮਾਨਸਿਕਤਾ ਦਾ ਕੀ ਫਰੇਮਵਰਕ ਹੁੰਦਾ ਏ। ਇਨ੍ਹਾਂ ਮਸਲਿਆਂ ਨੂੰ ਲੈ ਕੇ ਉਸ ਨੇ ਮੁੱਲਵਾਨ ਕਾਰਜ ਕੀਤਾ ਏ। 'ਪੰਜਾਬੀ ਦਲਿਤ ਕਹਾਣੀ' ਨੂੰ ਲੈ ਕੇ ਰਜਨੀਸ਼ ਨੇ ਅਛੂਤਾ ਕਾਰਜ ਵੀ ਕੀਤਾ ਏ। ਆਪਣੇ ਅਧਿਐਨ ਲਈ ਉਸ ਨੇ ਵੱਖ-ਵੱਖ ਜਾਤੀ ਪਿਛੋਕੜ ਵਾਲੇ ਕਹਾਣੀਕਾਰਾਂ ਦੀਆਂ ਕਹਾਣੀਆਂ ਲੈ ਕੇ ਉਨ੍ਹਾਂ ਦਾ ਵੱਖਰੇ-ਵੱਖਰੇ ਚੈਪਟਰਾਂ ਵਿੱਚ ਅਧਿਐਨ ਕਰਕੇ  ਆਪਣੀਆਂ ਮੁੱਲਵਾਨ ਧਾਰਨਾਵਾਂ ਪੇਸ਼ ਕੀਤੀਆਂ ਹਨ। ਆਦਰਸ਼ਵਾਦ ਦੀਆਂ ਧਾਰਨਾਵਾਂ ਨੂੰ ਪਰ੍ਹੇ ਸੁੱਟ ਕੇ ਉਹਨੇ ਰਚਨਾਕਾਰ ਦੀ ਹਕੀਕਤ ਨੂੰ ਫੜਦਿਆਂ ਆਪਣੀਆਂ ਧਾਰਨਾਵਾਂ ਪੰਜਾਬੀ ਵਿੱਚ ਪਹਿਲੀ ਵਾਰ ਪੇਸ਼ ਕੀਤੀਆਂ ਨੇ। ਰਜਨੀਸ਼ ਨੇ ਪ੍ਰੇਮ ਪ੍ਰਕਾਸ਼, ਮਨਮੋਹਨ ਬਾਵਾ, ਬਲਬੀਰ ਪਰਵਾਨਾ ਅਤੇ ਭਗਵੰਤ ਰਸੂਲਪੁਰੀ ਤੇ ਪੁਸਤਕ ਸੰਪਾਦਨਾ ਦਾ ਜਿਹੜਾ ਕਾਰਜ ਕੀਤਾ ਏ ਉਹ ਘੱਟ ਅਹਿਮੀਅਤ ਵਾਲਾ ਨਹੀਂ। ਉਹ ਅੰਤਮ ਸਮੇਂ ਤੱਕ ਠੋਸ ਵਿਚਾਰਾ, ਦਲੀਲਾ 'ਤੇ ਪਹਿਰਾ ਦਿੰਦਾ ਰਿਹਾ ਏ।

ਜੋਗਿੰਦਰ ਸਿੰਘ ਰਾਹੀ ਨੇ ਰਜਨੀਸ਼ ਬਹਾਦਰ ਬਾਰੇ ਇਕ ਥਾਂ ਲਿਖਿਆ ਏ, "ਰਜਨੀਸ਼ ਬਹਾਦਰ ਸਿੰਘ ਖੱਬੇ-ਪੱਖੀ ਸੋਚ ਵਾਲਾ ਹੈ। ਪੜ੍ਹਦਾ ਹੈ। ਸੋਚਦਾ ਹੈ। ਲਿਖਦਾ ਹੈ। ਪੰਜਾਬੀ ਦੇ ਇਕ ਉੱਚ ਵਿੱਦਿਆਕ ਅਦਾਰੇ ਵਿਚ ਉਹ ਲੈਕਚਰਾਰ ਲਈ ਕੈਂਡੀਡੇਟ ਸੀ। ਮੈਂ ਐਕਸਪਰਟ ਸਾਂ। ਇੰਟਰਵਿਊ ਵਿਚ ਉਹ ਹਰ ਲਿਹਾਜ਼ ਨਾਲ ਸਪਸ਼ਟ ਹੀ ਸ਼ਿਖ਼ਰ ਉੱਤੇ ਸੀ। ਸੱਤ ਮਹਾਂਪੁਰਸ਼ਾਂ ਦੀ ਚੋਣ ਕਮੇਟੀ ਵਿਚ ਤਿੰਨ 'ਵਿਦਵਾਨ' ਉਸਦੇ ਹੱਕ ਵਿਚ ਸਨ ਤੇ ਬਾਕੀ ਤਿੰਨ ਖ਼ਿਲਾਫ਼ ਧਿਰ ਵਿਚ ਇਕ ਪ੍ਰਸਿੱਧ ਲੇਖਿਕਾ ਵੀ ਸੀ। ਖ਼ਿਲਾਫ਼ ਧਿਰ ਜਿਸ 'ਨੌਜਵਾਨ' ਦਾ ਪੱਖ ਪੂਰ ਰਹੀ ਸੀ, ਉਸਨੂੰ ਇਹ ਮਾਲੂਮ ਨਹੀਂ ਸੀ ਗੁਰਮੁਖੀ ਲਿੱਪੀ ਵਿਚ ਕੁਲ ਅੱਖਰ ਪੈਂਤੀ ਹਨ ਜਾਂ ਚਾਲੀ। ਫ਼ਾਰਸੀ ਤੋਂ ਆਈਆਂ ਪੰਜ ਧੁਨੀਆਂ ਉਹ ਬੋਲ ਨਹੀਂ ਸੀ ਸਕਦਾ। ਜ਼ਬਾਨਦਾਨੀ ਵਿਚ ਉਹ ਨਿਹਾਇਤ ਖ਼ਸਤਾਹਾਲ ਸੀ, ਪਰ ਉਸਦੇ ਪੱਖੀ ਚੜ੍ਹਦੀ ਕਲਾ ਵਿਚ ਸਨ, ਕਿਉਂਕਿ ਚੋਣ-ਕਮੇਟੀ ਦਾ ਚੇਅਰਮੈਨ ਉਨ੍ਹਾਂ ਦੇ ਨਾਲ ਸੀ। ਉਹ ਰਜਨੀਸ਼ ਨੂੰ ਚੁਣੇ ਜਾਣ ਦੇ ਹੱਕ ਵਿੱਚ ਨਹੀਂ ਸਨ। ਮੇਰੀ ਗ਼ੈਰਤ ਨੇ ਉਬਾਲਾ ਖਾਧਾ। ਮੈਂ ਕਿਹਾ, "ਅੱਛਾ ਜਿਸਨੂੰ ਮਰਜ਼ੀ ਚੁਣ ਲਵੋ, ਮੈਂ ਬਤੌਰ ਐਕਸਪਰਟ ਦੇ ਮੁਹਰ ਨਹੀਂ ਲਾਵਾਂਗਾ। ਪਤਾ ਨਹੀਂ ਕਿੱਥੋਂ ਮੇਰੇ ਅੰਦਰੋਂ ਇਹ ਕਹਿਣ ਦੀ ਹਿੰਮਤ ਜਾਗ ਪਈ। ਜਿਸ ਸ਼ਖ਼ਸ ਨੂੰ ਤੁਸੀਂ ਰੱਖਣਾ ਚਾਹੁੰਦੇ ਹੋ, ਉਹ ਅਨਪੜ੍ਹ ਹੈ। ਇਕ ਮੈਂਬਰ ਬੋਲਿਆ, "ਰਾਹੀ ਸਾਹਿਬ, ਇਹੀ ਤਾਂ ਉਸਦੀ ਖ਼ੂਬੀ ਹੈ। ਜਿੱਥੇ ਉਸਨੇ ਪੜ੍ਹਾਉਣਾ ਹੈ, ਉਹ ਅਨਪੜ੍ਹਾਂ ਦਾ ਇਲਾਕਾ ਹੈ। ਜੋ ਅਨਪੜ੍ਹ ਦੀ ਅਨਪੜ੍ਹਤਾਂ ਨਾਲ ਸੁਰ ਮਿਲੇਗੀ, ਉਹ ਤਾਂ ਕਮਾਲ ਦੀ ਗੱਲ ਹੋਵੇਗੀ। ਲੇਖਿਕਾ ਮੈਂਬਰ ਨਾਲ ਸਹਿਮਤ ਸੀ। ਪਰ ਚੇਅਰਮੈਨ ਸਥਿਤੀ ਦੀ ਗੰਭੀਰਤਾ ਨੂੰ ਤਾੜ ਗਿਆ। ਉਹ ਧਰਮ ਤੋਂ ਇਲਾਵਾ ਇਕ ਡੇਰੇ ਦਾ ਅਨੁਯਾਈ ਵੀ ਸੀ। ਉਸਨੇ 'ਮੌਕਾ' ਸੰਭਾਲਦਿਆਂ ਵਿਵਾਦ-ਅਧੀਨ ਉਮੀਦਵਾਰਾਂ ਨੂੰ ਰੱਦ ਕੇ ਆਪਣੇ ਡੇਰੇ ਦੇ ਪੈਰੋਕਾਰਾਂ ਦਾ ਪਾਸਾ ਸੁੱਟ ਦਿੱਤਾ, ਜਿਸ ਵਿਚ ਉਹ ਕਾਮਯਾਬ ਹੋ ਗਿਆ। ਹੁਣ ਉਹ ਡੇਰਾਵਾਦੀ ਬਿਨਾਂ ਯੋਗਤਾ ਦੇ ਸਹਾਰੇ ਪ੍ਰੋਫੈਸਰ ਬਣਨ ਵਾਲਾ ਹੈ ਤੇ ਰਜਨੀਸ਼ ਬਹਾਦਰ ਸਿੰਘ ਜੋ ਹੁਣ ਤੱਕ ਸ਼ੁੱਧ

ਯੋਗਤਾ ਦੇ ਸਹਾਰੇ ਪ੍ਰੋਫੈਸਰ ਬਣ ਚੁੱਕਾ ਹੋਣਾ ਸੀ, ਨਿਰੰਤਰ ਛਾਨਣੀ ਛਾਣ ਰਿਹਾ ਹੈ। ਮੈਨੂੰ ਕਦੇ ਡੀ. ਏ. ਵੀ. ਕਾਲਜ ਨੇ ਸੰਭਾਲਿਆ ਸੀ। ਅੱਜ ਉਸਨੇ ਰਜਨੀਸ਼ ਬਹਾਦਰ ਸਿੰਘ ਨੂੰ ਸੰਭਾਲਿਆ ਹੋਇਆ ਹੈ।'

ਮੇਰੇ ਨਾਲ ਨਾਵਲ ਬਾਰੇ ਗੱਲਾਂ ਕਰਦਾ ਰਜਨੀਸ਼ ਅਕਸਰ ਕਹਿੰਦਾ, "ਪੰਜਾਬੀ ਨਾਵਲ ਦੀ ਇਕ ਸੀਮਾ ਵੀ ਹੈ। ਸੀਮਾ ਇਹ ਬਣੀ ਹੋਈ ਹੈ ਕਿ ਜਿਹੜਾ ਸਾਡਾ ਪੰਜਾਬੀ ਨਾਵਲਕਾਰ ਹੈ। ਬਹੁਤਾ ਪੇਂਡੂ ਪਿਛੋਕੜ ਦਾ ਹੈ। ਪੇਂਡੂ ਸੰਸਕ੍ਰਿਤੀ ਤੇ ਪੇਂਡੂ ਮੁਹਾਵਰੇ ਦਾ ਹੈ। ਨੈਤਿਕ ਕਦਰਾ-ਕੀਮਤਾ ਵੀ ਉਸ ਤਰ੍ਹਾਂ ਦੀ ਪਈਆਂ ਹਨ ਜਿਹੜੀਆਂ ਪਹਿਲੇ ਦੌਰ ਦੀਆਂ ਸਨ। ਨਵੀਂ ਤਕਨੀਕ ਨੂੰ ਉਸ ਨੇ ਆਤਮਸਾਤ ਨਹੀਂ ਕੀਤਾ। ਪੰਜਾਬੀ ਨਾਵਲ ਵਿਚ ਜਿਹੜੀ ਔਰਤ ਪੇਸ਼ ਹੋਈ ਹੈ ਉਹ ਰਵਾਇਤੀ ਕਿਸਮ ਦੀ ਹੈ। ਜਿਹੋ ਜਿਹੀ ਔਰਤ ਪੇਸ਼ ਹੋਣੀ ਚਾਹੀਦੀ ਸੀ ਉਹ ਔਰਤ ਪੇਸ਼ ਨਹੀਂ ਹੋਈ। ਔਰਤ ਇਕ ਸਹਾਇਕ ਪਾਤਰ ਦੇ ਤੌਰ ਤੇ ਪੇਸ਼ ਜ਼ਰੂਰ ਹੋਈ। ਔਰਤ ਕੇਂਦਰੀ ਪਾਤਰ ਨਹੀਂ ਬਣ ਸਕੀ। ਨਾਇਕਾ ਵਾਲੀ ਤਾਂ ਗੱਲ ਹੀ ਨਹੀਂ। ਔਰਤ ਮਰਦ ਦੇ ਸੰਬੰਧ ਵਿਚ ਜੇਕਰ ਔਰਤ ਨੂੰ ਪੇਸ਼ ਵੀ ਕੀਤਾ ਗਿਆ ਕਿਸੇ ਕਿਸੇ ਨਾਵਲ ਵਿਚ ਔਰਤ ਦੇ ਮਸਲੇ ਤੋਂ ਕੁਝ ਖੁੱਲ੍ਹਾਂ ਲਈਆਂ ਗਈਆਂ ਹਨ। ਇਹ ਖੁੱਲ੍ਹਾਂ ਲੈਣ ਦਾ ਮਤਲਬ ਇਹ ਨਹੀਂ ਕਿ ਉਹ ਔਰਤ ਦੇ ਮਸਲੇ ਨੂੰ ਡੀਲ ਨਹੀਂ ਕਰਦੇ। ਵੱਖਰਤਾ ਦੀ ਜਿਹੜੀ ਗੱਲ ਕੀਤੀ ਹੈ ਜਿਹੜੀ ਔਰਤ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਜਿਹੜੇ ਟੈਬੂ ਤੋੜਦੀ।"

ਅੱਗੇ ਰਜਨੀਸ਼ ਕਹਿੰਦਾ ਹੈ, "ਪਹਿਲਾਂ ਤਾਂ ਮੈਂ ਪਾਤਰਾਂ ਦੀ ਖ਼ੁਦਮੁਖਤਿਆਰ ਦੀ ਗੱਲ ਕਰਦਾ ਹਾਂ। ਨਾਵਲ ਵਿਚ ਇਕ ਮੁੱਖ ਪਾਤਰ ਤਾਂ ਜ਼ਰੂਰ ਹੋਵੇਗਾ ਪਰ ਬਾਕੀ ਪਾਤਰਾਂ ਦੀ ਵੀ ਆਪਣੀ ਆਪਣੀ ਸਪੇਸ ਹੋਣੀ ਲਾਜ਼ਮੀ ਹੈ। ਉਹ ਨਾਵਲੀ ਰਚਨਾ ਵਿੱਚੋਂ ਉਹਦੀ ਵੱਖਰਤਾ ਨਜ਼ਰ ਆਉਣੀ ਚਾਹੀਦੀ ਹੈ। ਮੈਂ ਉਹਨੂੰ ਪਾਤਰਾਂ ਦੀ ਖ਼ੁਦਮੁਖਤਿਆਰੀ ਕਹਿੰਦਾ ਹਾਂ। ਜਦੋਂ ਨਾਵਲਕਾਰ ਇਸ ਤਰ੍ਹਾਂ ਕਰੇਗਾ ਫਿਰ ਉਹ ਕਿਸੇ ਪਾਤਰ ਨੂੰ ਮੁੱਖ ਪਾਤਰ ਦੇ ਅਧੀਨ ਨਹੀਂ ਰੱਖੇਗਾ। ਉਹ ਅਜ਼ਾਦ ਨਜ਼ਰ ਆਵੇਗਾ। ਜਿੰਨੀਆਂ ਧੁਨੀਆਂ ਪਾਤਰਾਂ ਦੀਆਂ ਪੇਸ਼ ਕਰੇਗਾ ਉਨ੍ਹਾਂ ਨਾਵਲ ਦਾ ਕੈਨਵਸ ਵੱਡਾ ਹੋਵੇਗਾ। ਦੂਜਾ ਮਸਲਾ ਇਹ ਕਿ ਨਾਵਲਕਾਰ ਪਾਤਰ ਕਿਉਂ ਪੇਸ਼ ਕਰ ਰਿਹਾ ਹੈ। ਕੀ ਕਿਸੇ ਵਿਚਾਰਧਾਰਾ ਨੂੰ ਪੇਸ਼ ਕਰਨ ਲਈ ਨਾਵਲਕਾਰ ਨੇ ਪਾਤਰ ਘੜਿਆ ਹੈ। ਜਾਂ ਕਿਸੇ ਪਾਤਰ ਨੇ ਐਨਾ ਪ੍ਰਭਾਵਿਤ ਕੀਤਾ ਕਿ ਉਸ ਪਾਤਰ ਨੂੰ ਗਲਪ ਦਾ ਹਿਸਾ ਬਣਾ ਕੇ ਪੇਸ਼ ਕਰ ਰਿਹਾ ਹੈ। ਜਾਂ ਉਸ ਨੇ ਜੀਵਨ ਵਿਚ ਪੰਜ ਸੱਤ ਪਾਤਰ ਦੇ ਰੂਪ ਵੇਖੇ ਉਨ੍ਹਾਂ ਸਾਰਿਆਂ ਨੂੰ ਉਸ ਨੇ ਪਾਤਰਾਂ ਵਿਚ ਪੇਸ਼ ਕੀਤਾ। ਇਹਦਾ ਮਤਲਬ ਇਹ ਹੋਇਆ ਕਿ ਪਾਤਰ ਬਣਿਆ ਬਣਾਇਆ ਸਮਾਜ ਵਿੱਚੋਂ ਨਹੀਂ ਮਿਲਦਾ ਉਸ ਨੂੰ ਬਣਾ ਕੇ, ਘੜ ਕੇ ਰਚਨਾ ਅੰਦਰਲਾ ਵਿਵੇਕ ਤੇ ਤਰਕ ਅਨੁਸਾਰ ਨਾਵਲਕਾਰ ਨੂੰ ਉਹ ਪਾਤਰ ਉਸਾਰਨਾ ਪੈਣਾ ਹੈ। ਉਹ ਆਜ਼ਾਦ ਭਾਵੇਂ ਨਾ ਹੋਵੇ ਪਰ ਅਜ਼ਾਦ ਹੋਣ ਦਾ ਭੁਲੇਖਾ ਤਾਂ ਪਾਵੇ। ਪਾਤਰ ਦੀ ਬਹੁਰੰਗਤਾ ਪੇਸ਼ ਹੋਵੇ, ਇਹੀ ਪਾਤਰ ਦੀ ਖ਼ੁਦਮੁਖਤਿਆਰੀ ਹੈ। ਦੂਜਾ ਮਸਲਾ ਨਾਵਲ ਵਿਚ ਪਾਤਰ ਉਸਾਰੀ ਹੁੰਦੀ ਹੈ ਕਹਾਣੀ ਵਿਚ ਪਾਤਰ ਚਿਤਰਣ ਹੁੰਦਾ ਹੈ। ਨਾਵਲ ਵਿਚ ਜਿਹੜੀਆਂ ਘਟਨਾਵਾਂ ਹਨ ਉਹ ਇਤਿਹਾਸਕ ਅੰਤਰਾਲ ਵਿਚ ਫੈਲੀਆਂ ਹੁੰਦੀਆਂ ਹਨ।"

ਸਮਕਾਲ ਵਿੱਚ ਆਲੋਚਨਾ ਸੰਕਟ ਦਾ ਸ਼ਿਕਾਰ ਏ। ਗੋਸ਼ਟੀਆਂ ਵਿੱਚ ਫਤਵੇ ਦੇਣ ਦੇ ਰੁਝਾਨ ਕਾਰਨ ਸੰਵਾਦ ਨਿਘਾਰ ਵੱਲ ਵੱਧ ਗਿਆ ਏ। ਫਤਵੇਂ ਦੇਣ ਵਾਲੇ ਬਿਨ੍ਹਾਂ ਪੜ੍ਹੇ ਹੀ ਨਿੱਜੀ ਭੜਾਸ ਕੱਢੀ ਤੁਰੀ ਜਾਂਦੇ ਨੇ। ਉਦੋਂ ਹੱਦ ਹੋ ਜਾਂਦੀ ਏ ਜਦੋਂ ਅਜਿਹੇ ਲੋਕ ਖਾਲੀ ਬੋਰੀ ਫੜ ਕੇ ਖੜ ਜਾਂਦੇ ਨੇ ਤੇ ਦਰਸ਼ਕ ਉਨ੍ਹਾਂ ਦੀ ਖਿੱਲੀ ਉਡਾਉਣ ਲੱਗ ਪੈਂਦੇ ਨੇ। ਜਦੋਂ ਸੰਸਥਾਵਾਂ ਨਿਘਾਰ ਵੱਲ ਚਲੇ ਜਾਣ ਤਾਂ ਅਜਿਹਾ ਵਰਤਾਰਾ ਹੋਂਦ ਵਿਚ ਆਉਂਦਾ ਏ। ਇਹ ਚਿੰਤਾ ਦਾ ਵਿਸ਼ਾ ਏ। - **ਭਗਵੰਤ ਰਸੂਲਪੁਰੀ**

ਵਿਸ਼ਵ ਕਲਾਸਿਕ




# ਮਿੱਟੀ ਰੰਗੇ ਲੋਕਾਂ ਦਾ ਕਥਾਕਾਰ : ਫਿਓਦਰ ਦੋਸਤੋਵਸਕੀ

- ਅਜੇ ਤਨਵੀਰ

ਸਾਹਿਤ ਵਿਚ ਰੂਸੀਆਂ ਦੀ ਬੁਲੰਦੀ ਦਾ ਸਿਖ਼ਰ ਕਿੰਨਾ ਕੁ ਵੱਡਾ ਹੈ, ਇਹ ਤੈਅ ਕਰਨਾ ਬਹੁਤ ਮੁਸ਼ਕਿਲ ਹੈ। ਰੂਸੀਆਂ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ। ਇਹ ਲੋਕ ਬਹੁਤ ਪੜ੍ਹਦੇ ਹਨ। ਇਨ੍ਹਾਂ ਕੋਲੋਂ ਨੀਂਦ ਡਰਦੀ ਹੈ। ਰਾਤ ਦਿਨ ਇਨ੍ਹਾਂ ਦੀਆਂ ਅੱਖਾਂ ਵਿਚ ਅੱਖਰਾਂ ਦਾ ਮੇਲਾ ਲੱਗਾ ਰਹਿੰਦਾ ਹੈ। ਪੁਰਾਤਨ ਰੂਸੀ ਸਾਹਿਤ ਵਿੱਚ ਅਨੇਕਾਂ ਰੰਗ ਸ਼ਾਮਲ ਹਨ। ਪਰ 1830 ਦੇ ਦੁਆਲੇ ਰੂਸੀ ਸਾਹਿਤ ਵਿੱਚ ਕਵਿਤਾ, ਵਾਰਤਕ, ਨਾਟਕ ਆਦਿ ਦੇ ਸ਼ਾਨਦਾਰ ਯੁੱਗ ਦਾ ਆਰੰਭ ਹੋ ਗਿਆ ਸੀ। ਵਸੀਲੀ ਜ਼ੂਕੋਵਸਕੀ ਤੋਂ ਬਾਅਦ ਉਸਦੇ ਸ਼ਾਗਿਰਦ ਅਲੈਗਜੈਂਡਰ ਪੁਸ਼ਕਿਨ ਨੇ ਮੋਹਰੀ ਭੂਮਿਕਾ ਨਿਭਾਈ। ਨਿਕੋਲਾਈ ਗੋਗੋਲ ਦੀ ਨਾਵਲਕਾਰੀ ਵਿਚ ਧਾਂਕ ਕਿਸੇ ਤੋਂ ਗੁੱਝੀ ਨਹੀਂ ਹੈ। ਹੋਰ ਵੀ ਬਹੁਤ ਸਿਰਕੱਢ ਨਾਮ ਹਨ। ਗਿਣਤੀ ਕਰਨੀ ਮੁਸ਼ਕਿਲ ਨਹੀਂ, ਬਹੁਤ ਮੁਸ਼ਕਿਲ ਹੈ।

ਇਕ ਨਾਮ ਹੈ... ਫਿਓਦੋਰ ਦੋਸਤੋਵਸਕੀ (1821-1881) ਰੂਸੀ ਸਾਹਿਤ ਦਾ ਵਣਜਾਰਾ ਹੀ ਨਹੀਂ ਹੈ, ਉਹ ਦੁਨੀਆ ਦੇ ਸਾਹਿਤ ਦਾ ਉਸਰੱਈਆ ਹੈ। ਅੱਜ ਵੀ ਸਾਹਿਤ ਵਿੱਚ ਉਸਦੀ ਤੂਤੀ ਬੋਲਦੀ ਹੈ। ਅੱਖਰ ਉਸ ਨੂੰ ਗੁੜ੍ਹਤੀ ਵਿੱਚ ਹੀ ਮਿਲੇ ਸਨ। ਬਚਪਨ ਵਿੱਚ ਉਹ ਖਿਡੌਣਿਆਂ ਨਾਲ ਨਹੀਂ, ਅੱਖਰਾਂ ਨਾਲ ਖੇਡਦਾ ਹੋਵੇਗਾ। ਫਿਓਦੋਰ ਦੋਸਤੋਵਸਕੀ ਦਾ ਜਨਮ ਪਿਤਾ ਮਿਖ਼ਾਈਲ ਦੋਸਤੋਵਸਕੀ ਅਤੇ ਮਾਤਾ



**ਫਿਓਦੋਰ ਦੋਸਤੋਵਸਕੀ** (1821-1881)

ਮਾਰੀਆ ਨੇਚਾਏਵਾ ਦੇ ਘਰ ਹੋਇਆ। ਪਿਤਾ ਮਿਖਾਈਲ ਦੋਸਤੋਵਸਕੀ ਜਾਰ ਦੀ ਫ਼ੌਜ ਵਿੱਚ ਡਾਕਟਰ ਸੀ। ਇਥੇ ਉਸਦੀ ਮੁਲਾਕਾਤ ਮਸਨਵਾ ਦੇ ਇਕ ਵੱਡੇ ਵਪਾਰੀ ਫਿਓਦਰ ਨਿਚਾਏਫ ਦੀ ਧੀ ਨਾਲ ਹੋਈ। ਜਿਸ ਦਾ ਨਾਮ ਮਾਰੀਆ ਨਿਚਾਏਵਾ ਸੀ। ਇਸ ਮੁਲਾਕਾਤ 'ਤੇ ਮੁਹੱਬਤ ਦਾ ਐਸਾ ਰੰਗ ਚੜ੍ਹਿਆ ਕਿ ਦੋਹਾਂ ਨੇ ਵਿਆਹ ਕਰਾ ਲਿਆ।

ਦੋਸਤੋਵਸਕੀ ਦਾ ਨਾਮ ਉਸਦੇ ਨਾਨੇ ਦੇ ਨਾਮ ਉੱਤੇ ਹੀ ਰੱਖਿਆ ਗਿਆ। ਦੋਸਤੋਵਸਕੀ ਕਈ ਥਾਂ 'ਤੇ ਜ਼ਿਕਰ ਕਰਦਾ ਹੈ ਕਿ ਮੇਰਾ ਪਰਿਵਾਰ ਧਾਰਮਿਕ ਰੁਚੀਆਂ ਵਿੱਚ ਕਾਫ਼ੀ ਵਿਸ਼ਵਾਸ ਰੱਖਦਾ ਸੀ। ਜਿਵੇਂ ਹਰ ਬੱਚੇ ਨੂੰ ਆਪਣੇ ਪਰਿਵਾਰ ਵਿੱਚ ਦਿਲਚਸਪੀ ਹੁੰਦੀ ਹੈ, ਮੈਨੂੰ ਵੀ ਬਹੁਤ ਸੀ ਪਰ ਐਨੀ ਵੀ ਨਹੀਂ, ਪਰ ਸੀ। ਘਰ ਵਿਚ ਪਿਤਾ ਦਾ ਰਾਜ ਸੀ। ਸਾਰੇ ਉਸਦੀ ਆਗਿਆ ਦਾ ਪਾਲਣ ਕਰਦੇ ਸਨ। ਰਾਤ ਸੌਣ ਤੋਂ ਪਹਿਲਾਂ ਸਾਰੇ ਬੱਚੇ ਰੱਬ ਅੱਗੇ ਦੁਆ ਕਰਦੇ ਸਨ। ਦੋਸਤੋਵਸਕੀ ਦਾ ਪਰਿਵਾਰ ਪੜ੍ਹਿਆ ਲਿਖਿਆ ਪਰਿਵਾਰ ਸੀ। ਬਚਪਨ ਤੋਂ ਹੀ ਦੋਸਤੋਵਸਕੀ ਦੀ ਪਛਾਣ ਪੁਸ਼ਕਿਨ, ਜ਼ਕੋਵਸਕੀ, ਕਰਮਜੀਨ, ਦੇਰਜ਼ਾਇਚ ਵਰਗੇ ਸਾਹਿਤਕਾਰਾਂ ਦੀਆਂ ਰਚਨਾਵਾਂ ਨਾਲ ਹੋਈ। ਦੋਸਤੋਵਸਕੀ ਦੇ ਪਿਤਾ ਇਤਿਹਾਸਕਾਰ ਨਿਕਲਾਈ ਕਰਮਜੀਨ ਦੇ ਉਪਾਸ਼ਕ ਸਨ। ਉਹ ਬੱਚਿਆਂ ਨੂੰ ਉਸ ਦੀਆਂ ਰਚਨਾਵਾਂ ਪੜ੍ਹ ਕੇ ਸੁਣਾਉਂਦੇ ਸਨ। ਦੋਸਤੋਵਸਕੀ ਇਕ ਥਾਂ ਲਿਖਦਾ ਹੈ ਕਰਮਜੀਨ ਦਾ ਰੂਸ ਬਾਰੇ ਲਿਖਿਆ ਇਤਿਹਾਸ ਮੈਨੂੰ ਮੂੰਹ ਜ਼ੁਬਾਨੀ ਯਾਦ ਹੋ ਗਿਆ ਸੀ, ਉਦੋਂ ਮੈਂ ਸਿਰਫ਼ ਦਸ ਸਾਲ ਦਾ ਸੀ। ਦਸ ਸਾਲ ਦੀ ਉਮਰ ਵਿੱਚ ਦੋਸਤੋਵਸਕੀ ਨੂੰ ਅੱਖਰ ਗਿਆਨ ਹੋ ਗਿਆ ਸੀ। ਉਸਨੇ ਰੂਸੀ ਭਾਸ਼ਾ ਪੜ੍ਹਨੀ ਸ਼ੁਰੂ ਕਰ ਦਿੱਤੀ ਸੀ।

ਪਿੰਡ ਦੇ ਸਕੂਲ ਵਿਚ ਦੋਸਤੋਵਸਕੀ ਨੂੰ ਦਾਖ਼ਲ ਕਰਾ ਦਿੱਤਾ ਗਿਆ। ਵੱਡਾ ਭਰਾ ਮਿਖ਼ਾਈਲ ਵੀ ਉਸ ਸਕੂਲ ਵਿਚ ਪੜ੍ਹਦਾ ਸੀ। ਜਦੋਂ ਇਨ੍ਹਾਂ ਦੇ ਪਿਤਾ ਨੂੰ ਪਤਾ ਲੱਗਾ ਕਿ ਸਕੂਲ ਵਿੱਚ ਬੱਚਿਆਂ ਨੂੰ ਸਰੀਰਕ ਦੰਡ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਸਕੂਲ ਵਿੱਚੋਂ ਹਟਾ ਲਿਆ। ਘਰ ਵਿੱਚ ਹੀ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ। ਉਨ੍ਹਾਂ ਦੇ ਪਿਤਾ ਦਿਆਲੂ ਕਿਸਮ ਦੇ ਆਦਮੀ ਸਨ। ਉਸਦੀ ਇੱਛਾ ਸੀ ਮੇਰੇ ਬੱਚੇ ਰੱਜ ਕੇ ਪੜ੍ਹਾਈ ਕਰਨ ਅਤੇ ਮੇਰਾ ਨਾਮ ਉੱਚਾ ਕਰਨ। ਇਸ ਤਰ੍ਹਾਂ ਘਰ ਦੇ ਮਾਹੌਲ ਨੇ ਦੋਸਤੋਵਸਕੀ ਦੇ ਅੰਦਰ ਸਾਹਿਤ ਦੀ ਹੋਰ ਚੇਤਨਾ ਪੈਦਾ ਕੀਤੀ, ਜਿਸ ਨਾਲ ਉਹ ਸਾਹਿਤ ਪ੍ਰਤੀ ਦਿਨੋ ਦਿਨ ਹੋਰ ਗਹਿਰ ਗੰਭੀਰ ਹੁੰਦਾ ਗਿਆ। ਇਨ੍ਹਾਂ ਦਿਨਾਂ ਵਿੱਚ ਹੀ ਦੋਸਤੋਵਸਕੀ ਨੇ ਵਲਟਰ ਸਕਾਟ ਦੇ ਸਾਰੇ ਨਾਵਲ ਪੜ੍ਹ ਮਾਰੇ। ਇਨ੍ਹਾਂ ਦਾ ਦੋਸਤੋਵਸਕੀ ਦੀ ਕਿਸ਼ੋਰ ਅਵਸਥਾ ਉੱਤੇ ਬਹੁਤ ਗਹਿਰਾ ਅਸਰ ਹੋਇਆ।

ਹੁਣ ਦੋਸਤੋਵਸਕੀ ਦੀਆਂ ਕਲਪਨਾਵਾਂ ਦੇ ਪਰ ਨਿਕਲ ਆਏ ਸਨ। ਉਹ ਆਪਣੀ ਸੋਚ ਦੇ ਪਰਾਂ ਨੂੰ ਤੋਲਣ ਲੱਗ ਪਿਆ ਸੀ। ਇਸ ਉਮਰ ਵਿੱਚ ਹਰ ਨੌਜਵਾਨ ਨੂੰ ਅੰਬਰ ਵੀ ਆਪਣੇ ਪਰਾਂ ਤੋਂ ਛੋਟਾ ਲੱਗਦਾ ਹੈ। ਉਨ੍ਹਾਂ ਦਿਨਾਂ ਵਿੱਚ ਨਿਕਲਾਈ ਇਲੇਵਿਚ ਨਾਮ ਦਾ ਅਧਿਆਪਕ ਦੋਸਤੋਵਸਕੀ ਨੂੰ ਪੜ੍ਹਾਉਣ ਘਰ ਆਉਣ ਲੱਗਾ। ਇਲੇਵਿਚ ਕਿਸੇ ਸਮੇਂ ਨਿਕਲਾਈ ਗੋਗੋਲ ਪ੍ਰਸਿੱਧ ਰੂਸੀ ਲੇਖਕ ਦਾ ਜਮਾਤੀ ਰਹਿ ਚੁੱਕਾ ਸੀ। ਉਹ ਖ਼ੁਦ ਵੀ ਕਵਿਤਾ ਲਿਖਦਾ ਰਿਹਾ ਸੀ। ਉਸਨੇ ਅੰਗਰੇਜ਼ੀ ਦੇ ਮਸ਼ਹੂਰ ਕਵੀ ਸ਼ਿਲਰ ਦੀਆਂ ਕਵਿਤਾਵਾਂ ਦਾ ਰੂਸੀ ਵਿਚ ਅਨੁਵਾਦ ਕੀਤਾ ਸੀ। ਇਨ੍ਹਾਂ ਲੋਕਾਂ ਦੀ ਸੰਗਤ ਦਾ ਦੋਸਤੋਵਸਕੀ 'ਤੇ ਬਹੁਤ ਪ੍ਰਭਾਵ ਪਿਆ ਅਤੇ ਉਹ 1835 ਵਿਚ 'ਬਿਬਲਿਆਏਨਾ ਦਲਿਆ ਚੇਤਨਿਆ' ਨਾਂ ਦੇ ਸਾਹਿਤਕ ਪੇਪਰ ਦਾ ਮੈਂਬਰ ਬਣ ਗਿਆ। ਇਹ ਪੇਪਰ ਘਰ ਮੰਗਾਉਣ ਲੱਗ ਪਿਆ। ਇਸ ਪੱਤ੍ਰਿਕਾ ਵਿਚ ਹੀ ਉਸਨੇ ਪੁਸ਼ਕਿਨ ਦੀ ਕਹਾਣੀ 'ਹੁਕਮ ਦੀ ਬੇਗਮ' ਪਹਿਲੀ ਵਾਰ ਪੜ੍ਹੀ ਸੀ। ਇਸ ਪੱਤ੍ਰਿਕਾ ਦਾ ਉਸ ਨੂੰ ਇੰਨਾ ਫਾਇਦਾ ਹੋਇਆ ਕਿ ਉਸਦੀ ਜਾਣ-ਪਛਾਣ ਬਾਲਜ਼ਾਕ, ਵਿਕਟਰ ਹਿਊਗੋ, ਜਾਰਜ ਸਾਂਦ ਅਤੇ ਏਜੇਨ



**ਫਿਓਦੋਰ ਦੋਸਤੋਵਸਕੀ ਅਤੇ ਉਸਦੀ ਦੋਸਤ ਐਨਾ**

ਸਕਰੀਲਾ ਵਰਗੇ ਸੰਸਾਰ ਪ੍ਰਸਿੱਧ ਲੇਖਕਾਂ ਨਾਲ ਹੋਈ। ਇਨ੍ਹਾਂ ਦੀਆਂ ਰਚਨਾਵਾਂ ਦਾ ਦੋਸਤੋਵਸਕੀ ਦੀ ਸਾਹਿਤ ਸਿਰਜਣਾ ’ਤੇ ਅਸਰ ਹੋਣਾ ਸੁਭਾਵਿਕ ਹੀ ਸੀ। ਉਸਨੇ ਇਹ ਫ਼ੈਸਲਾ ਕਰ ਲਿਆ ਕਿ ਉਹ ਵੱਡਾ ਹੋ ਕੇ ਲੇਖਕ ਹੀ ਬਣੇਗਾ।

ਸਮਾਂ ਆਪਣੀ ਚਾਲ ਚਲਦਾ ਰੁਕਦਾ ਨਹੀਂ, ਇਸ ਨੂੰ ਕੈਦ ਕਰਨਾ ਅਸੰਭਵ ਹੈ। ਦੋਸਤੋਵਸਕੀ ਜਵਾਨੀ ਦੀ ਦਹਿਲੀਜ਼ ’ਤੇ ਪੈਰ ਧਰ ਚੁੱਕਾ ਸੀ। ਉਸ ਨੂੰ ਆਪਣਾ ਆਲਾ-ਦੁਆਲਾ ਪਿਆਰਾ ਲੱਗਣ ਲੱਗਾ। ਉਹ ਕੁਦਰਤ ਦੇ ਰਮਣੀਕ ਨਜ਼ਾਰੇ ਵੇਖਣ ਲੱਗ ਪਿਆ ਸੀ। ਦੋਸਤੋਵਸਕੀ ਨੂੰ ਉਸਦੇ ਪਿਤਾ ਨੇ ਇੰਜੀਨੀਅਰਿੰਗ ਕਾਲਜ ਵਿਚ ਦਾਖਲ ਕਰਾ ਦਿੱਤਾ। ਦੋਸਤੋਵਸਕੀ ਦੇ ਦਿਲ ਵਿਚ ਲੇਖਕ ਵਸਦਾ ਸੀ। ਉਹ ਤਾਂ ਲੇਖਕ ਬਣਨਾ ਚਾਹੁੰਦਾ ਸੀ ਪਰ ਪਿਤਾ ਦੇ ਦਬਾਅ ਅੱਗੇ ਉਹ ਅਸਫਲ ਸੀ। ਦੋਸਤੋਵਸਕੀ ਇਕ ਥਾਂ ਜ਼ਿਕਰ ਕਰਦਾ ਹੈ, “ਮੇਰੇ ਦਿਮਾਗ਼ ਵਿਚ ਇਕ ਨਾਵਲ ਦੀ ਰੂਪਰੇਖਾ ਤਿਆਰ ਹੋ ਰਹੀ ਸੀ ਪਰ ਇੰਜੀਨੀਅਰਿੰਗ ਦੀ ਪੜ੍ਹਾਈ ਉਸ ਰੂਪਰੇਖਾ ਨੂੰ ਘੁਣ ਬਣ ਕੇ ਖਾ ਗਈ। ਇਸ ਔਖੀ ਪੜ੍ਹਾਈ ਨੇ ਉਸ ਨੂੰ ਬਹੁਤ ਪਰੇਸ਼ਾਨ ਕੀਤਾ ਪਰ ਇਸ ਪੜ੍ਹਾਈ ਦੌਰਾਨ ਹੀ ਉਸਨੇ ਹੋਮਰ, ਕਾਰਨੇਲੀ, ਰਾਸਿਨ, ਬਾਲਜ਼ਾਕ, ਹਿਊਗੋ, ਗੋਇਟੇ, ਹਾਫਮੈਨ, ਸ਼ਿਲਰ, ਸ਼ੇਕਸਪੀਅਰ ਅਤੇ ਬਾਇਰਨ ਆਦਿ ਲੇਖਕਾਂ ਨੂੰ ਕਈ ਕਈ ਵਾਰ ਪੜ੍ਹਿਆ। ਨਿਕੋਲਾਈ ਗੋਗੋਲ ਅਤੇ ਪੁਸ਼ਕਿਨ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਹ ਬਹੁਤ ਹੀ ਪੜ੍ਹਾਕੂ ਕਿਸਮ ਦਾ ਆਦਮੀ ਸੀ। ਉਸ ਵਿੱਚ ਕੁਝ ਕਰਨ ਦਾ ਜਜ਼ਬਾ ਬਹੁਤ ਸੀ। ਉਸਦੀ ਸੋਚ ਵਿੱਚ ਠੋਸ ਇਰਾਦੇ ਸਨ। ਉਸਦੇ ਅੰਦਰ ਸ਼ਬਦਾਂ ਦਾ ਸਾਗਰ ਖੌਲਦਾ ਅਤੇ ਉਹ ਲਿਖਤਾਂ ਦੇ ਰੂਪ ਵਿੱਚ ਬਾਹਰ ਆਉਂਦਾ ਸੀ। ਉਸਦੇ ਸੀਨੀਅਰ ਲੇਖਕ ਵੀ ਉਸਦੇ ਜਜ਼ਬੇ ਨੂੰ ਸਲਾਮ ਕਰਦੇ ਅਤੇ ਮਿਹਨਤ ਕਰਨ ਲਈ ਪ੍ਰੇਰਦੇ ਸਨ।


ਦੋਸਤੋਵਸਕੀ ਨਿਕੋਲਾਈ ਗੋਗੋਲ ਤੋਂ ਬਹੁਤ ਪ੍ਰਭਾਵਿਤ ਸੀ। ਜਦੋਂ ਉਸਨੇ ਗੋਗੋਲ ਦੀ ਕਹਾਣੀ ‘ਓਵਰਕੋਟ’ ਪੜ੍ਹੀ ਤਾਂ ਉਹ ਕਈ ਦਿਨ ਇਨ੍ਹਾਂ ਸੋਚਾਂ ਵਿੱਚ ਹੀ ਡੁੱਬਾ ਰਿਹਾ ਸੀ ਕਿ ਕਦੇ ਮੈਂ ਵੀ ਇਸ ਤਰ੍ਹਾਂ ਦੀ ਕਹਾਣੀ ਲਿਖ ਸਕਾਂਗਾ। ਨਿਕੋਲਾਈ ਗੋਗੋਲ ਦੀ ਰੂਸੀ ਸਾਹਿਤ ਵਿਚ ਬਹੁਤ ਧਾਂਕ ਸੀ। ਉਹ ਦੁਨੀਆ ਦਾ ਮਹਾਨ ਲੇਖਕ ਸੀ। ਉਸਦੀ ਕਹਾਣੀ ‘ਓਵਰਕੋਟ’ ਪੜ੍ਹ ਕੇ ਦੋਸਤੋਵਸਕੀ ਨੇ ਕਿਹਾ, “ਸਾਡੇ ਵਰਗੇ ਲੇਖਕ ਤਾਂ ਗੋਗੋਲ ਦੇ ਓਵਰਕੋਟ ਦੀ ਜੇਬ ਵਿਚੋਂ ਨਿਕਲੇ ਲੱਗਦੇ ਹਨ।” ਆਪਣੇ ਸੀਨੀਅਰ ਨੂੰ ਇੰਨਾ

ਮਾਣ ਸਤਿਕਾਰ ਹਰ ਕੋਈ ਨਹੀਂ ਦੇ ਸਕਦਾ। ਦੋਸਤੋਵਸਕੀ ਬਚਪਨ ਤੋਂ ਹੀ ਗੋਗੋਲ ਦਾ ਉਪਾਸ਼ਕ ਰਿਹਾ ਅਤੇ ਬਹੁਤ ਹੀ ਸ਼ਿੱਦਤ ਨਾਲ ਉਸ ਦੀਆਂ ਰਚਨਾਵਾਂ ਪੜ੍ਹਦਾ ਤੇ ਘੋਖਦਾ ਸੀ। ਉਹ ਆਪਣੀ ਕਾਲਜ ਦੀ ਪੜ੍ਹਾਈ ਦੌਰਾਨ ਹਰ ਵਿਦਿਆਰਥੀ ਨੂੰ ਆਖਦਾ ਸਾਨੂੰ ਘੱਟ ਤੋਂ ਘੱਟ 30 ਲੇਖਕਾਂ ਦੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਅਸੀਂ ਆਪਣੇ ਅਸਲੀ ਰੂਪ ਨੂੰ ਖੋਜ ਸਕੀਏ, ਕੁਝ ਕਰ ਸਕੀਏ, ਕੁਝ ਬਣ ਸਕੀਏ। ਉਹ ਆਪਣੀ ਪੜ੍ਹਾਈ ਤੋਂ ਬਾਅਦ ਕੁਝ ਸਮਾਂ ਵਿਹਲਾ ਰਿਹਾ ਪਰ ਬਾਅਦ ਵਿੱਚ ਇਕ ਸਾਲ ਨੌਕਰੀ ਕੀਤੀ ਪਰ ਉਥੇ ਵੀ ਦਿਲ ਲੱਗ ਨਾ ਸਕਿਆ। ਉਸਦੇ ਅੰਦਰ ਤਾਂ ਅੱਖਰਾਂ ਦਾ ਜਵਾਰਭਾਟਾ ਫੁੱਟ ਰਿਹਾ ਸੀ। ਜ਼ਿੰਦਗੀ ਵਿੱਚ ਕੁਝ ਕਰਨ ਲਈ ਮਿਹਨਤ ਹੀ ਸਭ ਤੋਂ ਵੱਡੀ ਸਫ਼ਲਤਾ ਦੀ ਕੁੰਜੀ ਹੈ। ਇਹ ਕੁੰਜੀ ਦੋਸਤੋਵਸਕੀ ਦੇ ਹੱਥ ਲੱਗ ਚੁੱਕੀ ਸੀ। ਉਸਨੇ ਹੁਣ ਅਨੇਕਾਂ ਜਿੰਦਰੇ ਇਸ ਕੁੰਜੀ ਨਾਲ ਖੋਲ੍ਹਣੇ ਸਨ।

ਦੋਸਤੋਵਸਕੀ ਨੌਕਰੀ ਤੋਂ ਅਲਵਿਦਾ ਕਹਿਣ ਤੋਂ ਬਾਅਦ ਆਪਣੇ ਆਪ ਨੂੰ ਸਿਰਜਣਾ ਦੇ ਸਮਰਪਿਤ ਕਰ ਦਿੱਤਾ। ਆਪਣੇ ਭਰਾ ਮਿਖ਼ਾਈਲ ਨੂੰ ਖ਼ਤ ਲਿਖਿਆ ਤੇ ਕਿਹਾ, "ਕਿ ਮੈਂ ਇਸ ਗੁਲਾਮੀ ਦੀ ਨੌਕਰੀ ਤੋਂ ਤੰਗ ਆ ਚੁੱਕਾ ਹਾਂ। ਹੁਣ ਮੈਂ ਨਾਵਲ ਲਿਖਾਂਗਾ। ਜਿਸ ਵਿੱਚ ਮੈਂ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਾਂਗਾ ਜੋ ਸਦੀਆਂ ਤੋਂ ਗੁਲਾਮ ਹਨ। ਮੈਨੂੰ ਆਸ ਹੈ ਕਿ ਮੇਰੀ ਇਸ ਰਚਨਾ ਨੂੰ ਲੋਕ ਪਸੰਦ ਕਰਨਗੇ।" ਦੋਸਤੋਵਸਕੀ ਦੇ ਦ੍ਰਿੜ੍ਹ ਅਤੇ ਠੋਸ ਇਰਾਦੇ ਨੇ ਉਸ ਨੂੰ ਬਹੁਤ ਉਤਸ਼ਾਹਤ ਕੀਤਾ। ਜਿਨ੍ਹਾਂ ਵਿਚ ਕੁਝ ਕਰਨ ਦਾ ਜਜ਼ਬਾ ਹੁੰਦਾ ਹੈ, ਉਹ ਧੁੰਦਾਂ 'ਚ ਹੋ ਕੇ ਵੀ ਲਿਸ਼ਕ ਪੈਂਦੇ ਹਨ। 1846 ਵਿੱਚ ਦੋਸਤੋਵਸਕੀ ਦਾ ਪਹਿਲਾ ਨਾਵਲ 'ਪੂਅਰ ਫੋਕ' (ਗਰੀਬ ਲੋਕ ਆਦਮੀ) ਪ੍ਰਕਾਸ਼ਿਤ ਹੋਇਆ। ਇਸ ਨਾਵਲ ਦੇ ਛਪਦਿਆਂ ਰੂਸ ਦੇ ਸਾਹਿਤਕ ਹਲਕਿਆਂ ਵਿੱਚ ਹਾਹਾਕਾਰ ਮੱਚ ਗਈ। ਲੋਕ ਸੋਚਣ ਲਈ ਮਜਬੂਰ ਹੋ ਗਏ। ਦੋਸਤੋਵਸਕੀ ਦਾ ਪਹਿਲਾ ਨਿਸ਼ਾਨਾ ਹੀ ਕਮਾਲ ਕਰ ਗਿਆ। ਵਿਦਿਅਕ ਅਦਾਰੇ ਵਿੱਚ ਇਸ ਨਾਵਲ ਦੀ ਚਰਚਾ ਹੋਣ ਲੱਗੀ। ਰੂਸ ਦੇ ਪ੍ਰਸਿੱਧ ਆਲੋਚਕ ਬਲਿੰਸਕੀ ਨੇ ਭਰਪੂਰ ਪ੍ਰਸ਼ੰਸਾ ਕੀਤੀ। ਉਸਨੇ ਕਿਹਾ, "ਇਹ ਨਾਵਲ ਲੋਕਾਂ ਦਾ ਨਾਵਲ ਹੈ।" ਰੂਸ ਵਿਚ ਸ਼ਾਇਦ ਇਹ ਪਹਿਲਾ ਨਾਵਲ ਹੈ ਜਿਸ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ, ਜੋ ਵਿਚਾਰੇ ਸਦੀਆਂ ਤੋਂ ਹੀ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਇਸ ਸਮਾਜਿਕ ਨਾਵਲ ਨੇ ਦੋਸਤੋਵਸਕੀ ਨੂੰ ਉਨ੍ਹਾਂ ਲੋਕਾਂ ਦੀ ਧਿਰ ਬਣਾ ਦਿੱਤਾ। ਦੋਸਤੋਵਸਕੀ ਆਪਣੀ ਇਸ ਲਿਖਤ ਤੋਂ ਬੇਹੱਦ ਖ਼ੁਸ਼ ਸੀ। ਹੁਣ ਉਸ ਨੂੰ ਲੱਗ ਰਿਹਾ ਸੀ ਕਿ ਮੇਰੀ ਮਿਹਨਤ ਨੂੰ ਬੂਰ ਪੈਣ ਲੱਗਾ ਹੈ। ਮਿਹਨਤ ਕਰਨ ਵਾਲੇ ਹਰ ਇਨਸਾਨ ਦੇ ਸਫ਼ਲਤਾ ਖ਼ੁਦ ਆ ਕੇ ਪੈਰ ਚੁੰਮਦੀ ਹੈ। ਇਹ ਖ਼ੁਸ਼ੀ ਸਾਂਝੀ ਕਰਨ ਲਈ ਦੋਸਤੋਵਸਕੀ ਨੇ ਆਪਣੇ ਭਰਾ ਮਿਖਾਈਲ ਨੂੰ ਇਕ ਖ਼ਤ ਲਿਖਿਆ, "ਹੁਣ ਮੇਰਾ ਨਾਮ ਹਰ ਸਾਹਿਤਕ ਜ਼ੁਬਾਨ 'ਤੇ ਹੈ। ਮੈਨੂੰ ਦੱਸਣਾ ਨਹੀਂ ਪੈਂਦਾ ਕਿ ਮੇਰਾ ਨਾਮ ਦੋਸਤੋਵਸਕੀ ਹੈ।"

1848 ਵਿੱਚ ਦੋਸਤੋਵਸਕੀ ਇਕ ਆਦਰਸ਼ਵਾਦੀ ਗਰੁੱਪ ਦਾ ਮੈਂਬਰ ਬਣ ਗਿਆ। ਇਸ ਗਰੁੱਪ ਦਾ ਮੈਂਬਰ ਬਣਨਾ ਸੁਭਾਵਿਕ ਹੀ ਸੀ ਕਿਉਂਕਿ ਦੋਸਤੋਵਸਕੀ ਦੇ ਵਿਚਾਰ ਹੀ ਕੁਝ ਇਸ ਤਰ੍ਹਾਂ ਦੇ ਸਨ। ਇਹ ਸੰਗਠਨ ਇਨਕਲਾਬੀ ਵਿਚਾਰਾਂ ਦਾ ਧਾਰਨੀ ਸੀ। ਇਸ ਸੰਗਠਨ ਦਾ ਹਰ ਮੈਂਬਰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਦਾ ਸੀ। ਇਸ ਗਰੁੱਪ ਦੇ ਸਾਰੇ ਮੈਂਬਰ ਸਮਾਜ ਵਿੱਚ ਸੁਧਾਰ ਦੀ ਮੰਗ ਕਰ ਰਹੇ ਸਨ। ਹਰ ਕਿਸੇ ਨੂੰ ਬਰਾਬਰਤਾ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਸੰਗਠਨ ਦੇ ਵਿਚਾਰਾਂ ਤੋਂ ਹਕੂਮਤ ਨੂੰ ਡਰ ਲੱਗ ਰਿਹਾ ਸੀ ਕਿ ਕਿਤੇ ਇਹ ਕ੍ਰਾਂਤੀਕਾਰੀ ਵਿਚਾਰ ਘਰ ਘਰ ਤੀਕਰ ਨਾ ਪਹੁੰਚ ਜਾਣ। ਹਕੂਮਤ ਦੇ ਜਸੂਸ ਇਸ ਸੰਗਠਨ 'ਤੇ ਕਰੜੀ ਨਜ਼ਰ ਰੱਖਣ ਲੱਗੇ। ਆਖ਼ਿਰ ਉਹ ਹੀ ਹੋਇਆ, ਜਿਸ ਦਾ ਡਰ ਸੀ। 1849 ਵਿੱਚ ਦੋਸਤੋਵਸਕੀ ਸਮੇਤ 25 ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਰੜੇ ਪ੍ਰਬੰਧਾਂ ਅਧੀਨ ਇਨ੍ਹਾਂ ਨੂੰ ਕੈਦਖਾਨੇ ਵਿਚ ਰੱਖਿਆ ਗਿਆ ਸੀ। ਕੁਝ ਸਮੇਂ ਬਾਅਦ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਦੋਸਤੋਵਸਕੀ ਅਤੇ ਉਸਦੇ ਨੌਜਵਾਨ ਸਾਥੀਆਂ ਨੂੰ ਫਾਂਸੀ ਲਈ ਤਿਆਰ ਕੀਤਾ ਗਿਆ। ਫਾਂਸੀ ਦਾ ਤਖ਼ਤਾ ਇਨ੍ਹਾਂ ਜੁਝਾਰੂ ਨੌਜਵਾਨਾਂ ਦੀ ਗਲਵੱਕੜੀ ਲਈ ਤਰਸ ਰਿਹਾ ਸੀ। ਪਰ ਕੁਝ ਘੰਟੇ ਪਹਿਲਾਂ ਹੀ ਜ਼ਾਰ ਦਾ ਫ਼ੁਰਮਾਨ ਮਿਲਿਆ। ਇਨ੍ਹਾਂ ਦੀ ਫਾਂਸੀ ਨੂੰ ਕੈਦ ਵਿਚ ਬਦਲ ਦਿੱਤਾ ਜਾਵੇ। ਇਸ ਤਰ੍ਹਾਂ ਮੌਤ ਦੀ ਸਜ਼ਾ ਕੈਦ ਵਿਚ ਤਬਦੀਲ ਹੋ ਗਈ। ਇਨ੍ਹਾਂ ਸਾਰੇ ਮੈਂਬਰਾਂ ਨੂੰ ਸਾਇਬੇਰੀਆ ਦੀ ਜੇਲ੍ਹ ਵਿਚ ਸਖ਼ਤ ਪਹਿਰੇ ਹੇਠ ਨਜ਼ਰਬੰਦ ਕੀਤਾ ਗਿਆ। ਦੋਸਤੋਵਸਕੀ ਚਾਰ ਸਾਲ ਉਮਾਸਕ ਦੀ ਜੇਲ੍ਹ ਵਿੱਚ ਰਿਹਾ। ਇਥੇ ਹੀ ਉਸਦਾ ਦਿਮਾਗ਼ੀ ਸੰਤੁਲਨ ਠੀਕ ਨਾ ਰਿਹਾ। ਉਸ ਨੂੰ ਜੇਲ੍ਹ ਵਿਚ ਸਖ਼ਤ ਕੰਮ ਕਰਨਾ ਪੈਂਦਾ। ਇਸ ਸਮੇਂ ਦੌਰਾਨ ਹੀ ਉਸ ਨੂੰ ਕੁਝ ਬਿਮਾਰੀਆਂ ਨੇ ਘੇਰ ਲਿਆ। ਉਹ ਕਾਫ਼ੀ ਬਿਮਾਰ ਰਹਿਣ ਲੱਗਾ। ਪਰ ਇਸ ਜੇਲ੍ਹ ਵਿੱਚ ਕੈਦੀਆਂ ਕੋਲੋਂ ਸਿੱਖਿਆ ਬਹੁਤ ਕੁਝ ਜੋ ਉਸਦੀ ਸਿਰਜਣਾ ਲਈ ਲਾਹੇਵੰਦ ਸਾਬਤ ਹੋਇਆ। ਸਜ਼ਾ ਖ਼ਤਮ ਹੋਣ ਤੋਂ ਬਾਅਦ ਇਹ ਹਦਾਇਤ ਕੀਤੀ ਗਈ ਕਿ ਸਾਰੇ ਦੋਸ਼ੀਆਂ ਨੂੰ ਪੰਜ ਸਾਲ ਤੀਕਰ ਰੂਪੋਸ਼ ਰਹਿਣਾ ਪਵੇਗਾ। ਇਕ ਸੈਨਾ ਦੀ ਟੁਕੜੀ ਵਿੱਚ ਕੰਮ ਕਰਨਾ ਪਵੇਗਾ। ਦੋਸਤੋਵਸਕੀ ਰਿਹਾਅ ਹੋ ਕੇ ਰੂਪੋਸ਼ ਰਹਿਣ ਲੱਗਾ। ਇਸ ਸਮੇਂ ਦੌਰਾਨ ਹੀ ਉਸਨੇ ਇਕ ਵਿਧਵਾ ਨਾਲ ਵਿਆਹ ਕਰਵਾ ਲਿਆ। ਇਸ ਔਰਤ ਦਾ ਨਾਮ ਮਦਾਮ ਇਸਾਬੇਲ ਸੀ। ਉਹ ਔਰਤ ਇਕ ਫ਼ੌਜੀ ਅਫ਼ਸਰ ਦੀ ਵਿਧਵਾ ਸੀ। ਉਸਦਾ ਇਕ ਪੁੱਤਰ ਸੀ। ਇਸ ਦੇਸ਼ ਨਿਕਾਲੇ ਤੋਂ ਹੁਣ ਉਹ ਸੁਰਖ਼ਰੂ ਹੋ ਚੁੱਕਾ ਸੀ। ਉਹ ਆਪਣੀ ਜ਼ਿੰਦਗੀ ਦੀ ਇਕ ਨਵੀਂ ਸ਼ੁਰੂਆਤ ਕਰਨੀ ਚਾਹੁੰਦਾ ਸੀ। ਉਹ ਜ਼ਿੰਦਗੀ ਨੂੰ ਪਿਆਰ ਕਰਨ ਵਾਲਾ ਇਨਸਾਨ ਸੀ। ਉਸ ਵਿੱਚ ਮੁਹੱਬਤ ਕੁੱਟ ਕੁੱਟ ਕੇ ਭਰੀ ਹੋਈ ਸੀ। ਦੋਸਤੋਵਸਕੀ ਅੰਦਰ ਸਿਰਜਣਾ ਅੰਗੜਾਈਆਂ ਲੈ ਰਹੀ ਸੀ। ਉਸਦੇ ਅੰਦਰ ਸਾਹਿਤ ਵਿੱਚ ਕੁਝ ਨਵਾਂ ਕਰਨ ਦਾ ਜਜ਼ਬਾ ਸੀ। ਉਸਦੇ ਪਹਿਲੇ ਨਾਵਲ ਨੇ ਉਸ ਨੂੰ ਜਿਸ ਬੁਲੰਦੀ 'ਤੇ ਖੜ੍ਹਾ ਕਰ ਦਿੱਤਾ ਸੀ, ਉਹ ਹੁਣ ਇਹ ਬੁਲੰਦੀ ਬਰਕਰਾਰ ਰੱਖਣਾ ਚਾਹੁੰਦਾ ਸੀ। ਕੁਝ ਲੋਕ ਰਾਤਾਂ ਨੂੰ ਸੌਣ ਸਮੇਂ ਸੁਪਨੇ ਵੇਖਦੇ ਹਨ, ਦੋਸਤੋਵਸਕੀ ਇਕ ਐਸਾ ਆਦਮੀ ਸੀ ਜੋ ਰਾਤ ਨਹੀਂ, ਦਿਨੇ ਵੀ ਸੁਪਨੇ ਵੇਖਦਾ ਸੀ। ਉਨ੍ਹਾਂ ਨੂੰ ਪੂਰਾ ਕਰਨ ਦੀ ਸਮਰੱਥਾ ਵੀ ਰੱਖਦਾ ਸੀ। ਅਜਿਹੇ ਇਨਸਾਨ ਹੀ ਸਮਾਜ ਦਾ ਸ਼ੀਸ਼ਾ ਬਣਦੇ ਹਨ। ਦਿਲਾਂ 'ਤੇ ਰਾਜ ਕਰਦੇ ਹਨ। ਦੋਸਤੋਵਸਕੀ ਨੇ ਆਪਣੇ ਹਰ ਕਦਮ ਤੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ।



ਫਿਓਦੋਰ ਦੋਸਤੋਵਸਕੀ

ਦੋਸਤੋਵਸਕੀ ਨੇ ਆਪਣੀ ਸਿਰਜਣ ਪ੍ਰਕਿਰਿਆ ਜਾਰੀ ਰੱਖੀ। ਉਸਨੇ ਆਪਣੇ ਬੀਤ ਗਏ ਸਮੇਂ ਦੇ ਅਨੁਭਵ ਇਕੱਠੇ ਕੀਤੇ। ਉਨ੍ਹਾਂ ਨੂੰ ਮਾਲਾ ਦੀ ਤਰ੍ਹਾਂ ਇਕ ਧਾਗੇ ਵਿਚ ਪਰੋਣ ਲੱਗਾ। ਦੋਸਤੋਵਸਕੀ ਦੀ ਇਸ ਘਾਲਣਾ ਨੇ ਇਕ ਹੋਰ ਨਾਵਲ ਨੂੰ ਜਨਮ ਦਿੱਤਾ। ਉਸਦਾ ਉਹ ਨਾਵਲ 'ਦਾ ਹਾਊਸ ਆਫ ਡੈੱਡ'

ਸੀ। ਇਸ ਨਾਵਲ ਦੀ ਸਾਰੀ ਵਿਉਂਤ ਉਸਨੇ ਤਕਰੀਬਨ ਜੇਲ੍ਹ ਵਿੱਚ ਹੀ ਤਿਆਰ ਕਰ ਲਈ ਸੀ ਪਰ ਇਹ ਲਿਖਿਆ ਬਾਅਦ ਵਿੱਚ ਗਿਆ। ਦੋਸਤੋਵਸਕੀ ਨੇ ਆਪਣੀ ਸਾਹਿਤ ਸਿਰਜਣਾ ਵਿੱਚ ਜ਼ਿੰਦਗੀ ਦੇ ਉਨ੍ਹਾਂ ਅਨੁਭਵਾਂ ਨੂੰ ਪੇਸ਼ ਕੀਤਾ ਜੋ ਸਮਾਜ ਦੇ ਕੰਮ ਆ ਸਕੇ। ਉਸ ਨਾਲ ਜੋ ਵਿਵਹਾਰ ਜੇਲ੍ਹ ਵਿੱਚ ਹੋਇਆ, ਉਹ ਉਸਨੇ ਬੜੀ ਬੇਬਾਕੀ ਨਾਲ ਲਿਖਿਆ—ਕਿਵੇਂ ਪਹਿਰੇਦਾਰ ਆਪਣੀ ਗੰਦੀ ਬਿਰਤੀ ਨਾਲ ਪੇਸ਼ ਆਉਂਦੇ ਸਨ। ਇਸ ਨਾਵਲ ਦੇ ਸੰਦੇਸ਼ ਨੇ ਉਸ ਨੂੰ ਹੋਰ ਵੀ ਹਰਮਨ ਪਿਆਰਾ ਬਣਾ ਦਿੱਤਾ ਸੀ। ਦੋਸਤੋਵਸਕੀ ਆਪਣੀ ਲਿਖਤ ਵਿੱਚ ਜ਼ਿਕਰ ਕਰਦਾ ਹੈ ਕਿ ਇਕ ਚੰਗਾ ਮਨੁੱਖ ਬਣਨ ਲਈ ਸਭ ਤੋਂ ਪਹਿਲਾਂ ਉਸ ਨੂੰ ਵਿਅਕਤੀਗਤ ਆਜ਼ਾਦੀ ਦੀ ਲੋੜ ਹੈ। ਚੰਗਾ ਸਮਾਜ, ਚੰਗੀ ਸੂਝ ਬੂਝ ਨਾਲ ਹੀ ਉੱਸਰ ਸਕਦਾ ਹੈ। ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਆਉ ਸਾਰੇ ਰਲ ਕੇ ਇਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗਾ ਸਾਹਿਤ ਸਿਰਜੀਏ। ਜੇਕਰ ਲੋਕ ਆਜ਼ਾਦ ਨਹੀਂ ਤਾਂ ਉਹ ਇਨਸਾਨ ਨਹੀਂ, ਹੈਵਾਨ ਹੀ ਹਨ। ਦੋਸਤੋਵਸਕੀ ਨੇ ਆਪਣੇ ਬੁੱਧਜੀਵੀ ਸਾਥੀਆਂ ਨੂੰ ਕਰੜੇ ਸ਼ਬਦਾਂ ਵਿੱਚ ਕਿਹਾ, "ਤੁਹਾਡੀਆਂ ਕਲਮਾਂ ਵਿੱਚ ਸਿਆਹੀ ਫ਼ਰਜ਼ਾਂ ਅਤੇ ਜ਼ੁੰਮੇਵਾਰੀਆਂ ਦੀ ਹੋਣੀ ਚਾਹੀਦੀ ਐ। ਤਾਂ ਜੋ ਤੁਹਾਨੂੰ ਫ਼ਿਕਰ ਰਹੇ ਤੁਸੀਂ ਕੀ ਲਿਖਣਾ ਹੈ।"

ਦੋਸਤੋਵਸਕੀ ਦਾ ਨਾਵਲ 'ਦਾ ਹਾਊਸ ਆਫ਼ ਡੈੱਡ' ਅਨੇਕਾਂ ਰਸਲਿਆਂ ਵਿਚ ਛਪਿਆ।

ਦੋਸਤੋਵਸਕੀ ਦੀ ਜ਼ਿੰਦਗੀ ਵਿੱਚ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਉਹ ਆਪਣੇ ਆਪ ਨੂੰ ਇਕ ਲਾਸ਼ ਸਮਝਣ ਲੱਗਾ। ਇਹ ਉਸਦੀ ਜ਼ਿੰਦਗੀ ਦਾ ਬਹੁਤ ਹੀ ਭਿਆਨਕ ਵਕਤ ਸੀ। ਦੋਸਤੋਵਸਕੀ ਨੇ ਆਪਣੇ ਭਰਾ ਨਾਲ ਰਲ ਕੇ ਇਕ ਰਸਾਲਾ ਵੀ ਕੱਢਿਆ ਸੀ। ਉਸ ਰਸਾਲੇ ਅਤੇ ਦੋਸਤੋਵਸਕੀ ਦੀ ਬਦਕਿਸਮਤੀ ਇਹ ਹੋਈ ਕਿ ਇਨ੍ਹਾਂ ਨੇ ਰਸਾਲੇ ਵਿੱਚ ਇਕ ਅਜਿਹੀ ਕਹਾਣੀ ਛਾਪ ਦਿੱਤੀ ਜਿਸ ਦਾ ਸੰਬੰਧ ਹਕੂਮਤ ਨੇ ਕਈ ਸੰਗਠਨਾਂ ਨਾਲ ਜੋੜ ਦਿੱਤਾ, ਜਿਸ ਕਰਕੇ ਉਹ ਰਸਾਲਾ ਬੰਦ ਕਰਨਾ ਪਿਆ। ਇਹ ਸਾਲ ਦੋਸਤੋਵਸਕੀ 'ਤੇ ਕਹਿਰ ਬਣ ਕੇ ਟੁੱਟ ਪਏ। ਇਨ੍ਹਾਂ ਸਾਲਾਂ ਵਿੱਚ ਹੀ ਉਸਦੀ ਪਤਨੀ ਦੀ ਮੌਤ ਹੋ ਗਈ। ਕੁਝ ਮਹੀਨਿਆਂ ਬਾਅਦ ਭਰਾ ਦੀ ਵੀ ਮੌਤ ਹੋ ਗਈ। ਭਰਾ ਦੇ ਪਰਿਵਾਰ ਦਾ ਵੀ ਸਾਰਾ ਬੋਝ ਦੋਸਤੋਵਸਕੀ ਉੱਪਰ ਆ ਡਿੱਗਿਆ। ਸਿਆਣੇ ਸੱਚ ਹੀ ਆਖਦੇ ਹਨ—ਢੀਮਾਂ ਉਸ ਬੇਰੀ ਨੂੰ ਹੀ ਵੱਜਦੀਆਂ ਹਨ, ਜਿਸ ਬੇਰੀ ਦੇ ਮਿੱਠੜੇ ਬੇਰ ਹੁੰਦੇ। ਦੋਸਤੋਵਸਕੀ ਇਨ੍ਹਾਂ ਦਿਨਾਂ ਵਿੱਚ ਗਹਿਰੇ ਸੰਕਟ 'ਚੋਂ ਗੁਜ਼ਰਨ ਲੱਗਾ। ਉਸ ਨੂੰ ਹਰ ਪਾਸੇ ਹਨੇਰਾ ਹੀ ਹਨੇਰਾ ਦਿਸ ਰਿਹਾ ਸੀ। ਉਸ ਨੂੰ ਕੋਈ ਵੀ ਐਸਾ ਮਿੱਤਰ ਨਹੀਂ ਮਿਲਿਆ ਜੋ ਉਸ ਨੂੰ ਔਖੇ ਵੇਲੇ ਆਪਣੇ ਸੀਨੇ ਨਾਲ ਲਾਏ ਅਤੇ ਕਹੇ—ਯਾਰ ਤੂੰ ਕਾਹਦੀ ਪਰਵਾਹ ਕਰਦਾਂ, ਮੈਂ ਤੇਰੇ ਨਾਲ ਹਾਂ। ਪਰ ਇੱਦਾਂ ਕੌਣ ਕਹਿੰਦਾ ਹੈ ? ਔਖੇ ਵੇਲੇ ਤਾਂ ਆਪਣਾ ਪਰਛਾਵਾਂ ਵੀ ਸਾਥ ਛੱਡ ਜਾਂਦਾ ਹੈ। ਬੇਵਕਤ ਦੀਆਂ ਮਾਰਾਂ ਨੇ ਦੋਸਤੋਵਸਕੀ ਨੂੰ ਅੰਦਰੋਂ ਪੂਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਤਰ੍ਹਾਂ ਦੇ ਦੌਰ ਵਿੱਚ ਵੀ ਉਸਨੇ ਆਪਣੇ ਅੰਦਰੋਂ ਸਾਹਿਤ ਦੀ ਧੁਖਦੀ ਧੂਣੀ ਨੂੰ ਬੁਝਣ ਨਹੀਂ ਦਿੱਤਾ। ਸਗੋਂ ਇਨ੍ਹਾਂ ਘਟਨਾਵਾਂ ਨੇ ਧੁਖਦੀ ਧੂਣੀ ਨੂੰ ਲਾਟ ਵਾਂਗ ਮਘਣ ਲਾ ਦਿੱਤਾ। ਦੋਸਤੋਵਸਕੀ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਆਪਣੀ ਕਲਮ ਦੇ ਆਸਰੇ ਗ਼ਰੀਬੀ ਦੂਰ ਕਰ ਸਕਦਾ ਹੈ ਪਰ ਕਲਮਾਂ ਦੇ ਆਸਰੇ ਉਹ ਸਕੂਨ ਨਹੀਂ ਮਿਲ ਸਕਦਾ, ਜਿਸ ਦੀ ਉਸ ਨੂੰ ਭਾਲ ਸੀ। ਉਸਦੀ ਇਸ ਭਾਲ ਨੂੰ ਵੀ ਇਕ ਦਿਨ ਬੂਰ ਪੈ ਗਿਆ। ਉਸਦੀ ਜ਼ਿੰਦਗੀ ਵਿੱਚ 4 ਅਕਤੂਬਰ, 1866 ਨੂੰ ਇਕ ਐਨਾ ਨਾਂ ਦੀ ਕੁੜੀ ਨੇ ਪ੍ਰਵੇਸ਼ ਕੀਤਾ। ਉਸਦਾ ਪੂਰਾ ਨਾਮ ਐਨਾ ਸਿਨੀਤਕੀਨਾ ਸੀ। ਉਹ ਇਕ ਬਹੁਤ ਹੀ ਨਿਪੁੰਨ ਸਟੈਨੋਗ੍ਰਾਫ਼ਰ ਸੀ। ਉਸਦੀ ਉਮਰ ਸਿਰਫ਼ ਅਠਾਰਾਂ ਸਾਲ ਦੀ ਸੀ। ਉਹ ਇਸ ਛੋਟੀ ਉਮਰ ਵਿੱਚ ਵੀ ਬਹੁਤ ਸੁੱਘੜ ਸਿਆਣੀ ਕਿਸਮ ਦੀ ਔਰਤ ਸੀ। ਉਸਨੇ ਦੋਸਤੋਵਸਕੀ ਦੇ ਅੰਦਰ ਨੂੰ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਉਸ ਨੂੰ ਅੰਦਰੋਂ ਬਾਹਰੋਂ ਸਮਝਣ ਦਾ ਪ੍ਰਣ ਕੀਤਾ। ਦੋਸਤੋਵਸਕੀ ਦੀ ਉਸ ਵਕਤ ਉਮਰ 45 ਸਾਲ ਦੀ ਅਤੇ

ਉਸਦੀ ਉਮਰ ਅਠਾਰਾਂ ਸਾਲ ਸੀ, ਪਰ ਪਿਆਰ ਤਾਂ ਇਹ ਕਹਿੰਦਾ ਹੈ ਕਿ ਦਿਲ ਹੋਣਾ ਚਾਹੀਦਾ ਜਵਾਨ, ਉਮਰਾਂ 'ਚ ਕੀ ਰੱਖਿਆ। ਆਖ਼ਰ ਇਹ ਹੀ ਹੋਇਆ, ਦੋਵਾਂ ਨੇ ਇਕ ਦੂਜੇ ਦਾ ਹੱਥ ਇਸ ਤਰ੍ਹਾਂ ਫੜਿਆ ਅਤੇ ਵਾਅਦਾ ਕੀਤਾ ਕਿ ਇਹ ਹੱਥ ਕਦੇ ਵੀ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਨੇ ਇਕ ਦੂਜੇ ਦੇ ਦੁੱਖਾਂ ਨੂੰ ਆਪਣਾ ਸਮਝਿਆ। ਦੋਸਤੋਵਸਕੀ ਜੋ ਵੀ ਲਿਖਦਾ, ਐਨਾ ਉਸਦਾ ਹੋਰ ਵੀ ਕਈ ਭਾਸ਼ਾਵਾਂ ਵਿੱਚ ਤਰਜਮਾ ਕਰਦੀ। ਐਨਾ ਨੇ ਰਾਤ ਦਿਨ ਇੱਕ ਕਰਕੇ ਦੋਸਤੋਵਸਕੀ ਦੇ ਸਿਰ ਜੋ ਕਰਜ਼ਾ ਚੜ੍ਹਿਆ ਸੀ, ਸਾਰਾ ਹੀ ਲਾਹ ਦਿੱਤਾ। ਉਸ ਨੂੰ ਸੁਰਖਰੂ ਕਰ ਦਿੱਤਾ। ਹਰ ਪ੍ਰਕਾਸ਼ਕ ਨਾਲ ਐਨਾ ਆਪ ਗੱਲ ਕਰਦੀ, ਜੋ ਵੀ ਲੈਣ-ਦੇਣ ਦਾ ਹਿਸਾਬ ਕਿਤਾਬ ਹੁੰਦਾ। ਉਹ ਐਨਾ ਨੇ ਹੀ ਤੈਅ ਕਰਨਾ ਹੁੰਦਾ ਸੀ। ਦੋਸਤੋਵਸਕੀ ਦਾ ਕੰਮ ਸਿਰਫ਼ ਲਿਖਣਾ ਹੀ ਸੀ। ਇਹ ਦੋਵੇਂ ਜਣੇ ਦੋ ਰੂਹ ਇਕ ਜਾਨ ਸਨ।



**ਗਿਹਰੇ ਚਿੰਤਨ ਦੀ ਮੁਦਰਾ ਵਿੱਚ ਫਿਓਦੋਰ ਦੋਸਤੋਵਸਕੀ**

ਦੋਸਤੋਵਸਕੀ ਨੇ ਆਪਣੇ ਵਿਆਹ ਤੋਂ ਬਾਅਦ ਪੂਰੇ ਯੂਰਪ ਦਾ ਘੁੰਮ ਫਿਰ ਕੇ ਆਨੰਦ ਮਾਣਿਆ। ਉਹ ਦੋਵੇਂ ਤਕਰੀਬਨ ਚਾਰ-ਪੰਜ ਸਾਲ ਵੱਖਰੇ-ਵੱਖਰੇ ਦੇਸ਼ਾਂ ਵਿਚ ਘੁੰਮਦੇ ਰਹੇ। ਪੈਰਿਸ ਵਿਚ ਉਨ੍ਹਾਂ ਦੀ ਮੁਲਾਕਾਤ ਤੁਰਗਨੇਵ ਨਾਲ ਹੋਈ। ਤੁਰਗਨੇਵ ਨੇ ਦੋਸਤੋਵਸਕੀ ਤੇ ਐਨਾ ਦਾ ਭਰਪੂਰ ਸਵਾਗਤ ਕੀਤਾ। ਦੋਸਤੋਵਸਕੀ ਦੀ ਮਦਦ ਵੀ ਕੀਤੀ ਕਿਉਂਕਿ ਦੋਸਤੋਵਸਕੀ ਨੂੰ ਇਕ ਭੈੜੀ ਆਦਤ ਸੀ ਜੂਆ ਖੇਡਣ ਦੀ। ਉਹ ਜੂਏ ਵਿਚ ਆਪਣੀ ਪਤਨੀ ਦੇ ਗਹਿਣੇ ਵੀ ਹਾਰ ਚੁੱਕਾ ਸੀ। ਤੁਰਗਨੇਵ ਨੇ ਖੁੱਲ੍ਹੇ ਦਿਲ ਨਾਲ ਉਨ੍ਹਾਂ ਦਾ ਸਾਥ ਦਿੱਤਾ। ਦੋਸਤੀ ਦੇ ਅਰਥ ਵੀ ਕੋਈ ਕੋਈ ਸਮਝ ਸਕਦਾ ਹੈ। ਯੂਰਪ ਦੇ ਟੂਰ ਸਮੇਂ ਹੀ ਦੋਸਤੋਵਸਕੀ ਨੇ ਕੁਝ ਨਾਵਲਾਂ ਦੀ ਸਿਰਜਣਾ ਕੀਤੀ। ਉਨ੍ਹਾਂ ਵਿਚ 'ਦ ਇਡੀਅਟ', 'ਦਾ ਇੰਟਰਨਲ', 'ਹਸਬੈਂਡ ਐਂਡ ਦਾ ਪੋਜ਼ੈਸਡ' ਆਦਿ। 1871 ਵਿੱਚ ਉਹ ਰੂਸ ਵਾਪਸ ਆ ਗਏ। ਦੋਸਤੋਵਸਕੀ ਦਾ ਪ੍ਰਸਿੱਧ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ' ਜਦੋਂ ਛਪਿਆ ਤਾਂ ਸਾਰੇ ਹੈਰਾਨ ਸਨ। ਇਸ ਨਾਵਲ ਦਾ ਆਧਾਰ ਬਹੁਤ ਵਿਸ਼ਾਲ ਸੀ ਪਰ ਇਕ ਬਿੰਦੂ ਨੂੰ ਵਿਸ਼ਾਲਤਾ ਦਾ ਰੂਪ ਦੇਣਾ ਕੋਈ ਛੋਟੀ ਗੱਲ ਨਹੀਂ ਸੀ। ਇਸ ਨਾਵਲ ਦਾ ਪਾਤਰ ਰਸਕਲੋਨੀਕੋਵ ਨਾਂ ਦਾ ਨੌਜਵਾਨ ਹੈ। ਉਸ ਨੌਜਵਾਨ ਦੇ ਅੰਦਰ ਦੀ ਬਿਰਤੀ ਨੂੰ ਦੋਸਤੋਵਸਕੀ ਨੇ ਕਮਾਲ ਦਾ ਰੂਪ ਦਿੱਤਾ। ਉਹ ਸੋਚਦਾ ਹੈ ਕਿ ਸਾਰੇ ਸਮਾਜ ਨੂੰ ਇਕ ਅਮੀਰ ਧਿਰ ਹੀ ਨਿਗਲ ਰਹੀ ਹੈ। ਇਸ ਦਾ ਹੱਲ, ਇਸ ਦਾ ਨਿਪਟਾਰਾ ਤਾਂ ਹੀ ਹੋ ਸਕਦਾ ਹੈ ਕਿ ਉਸ ਧਿਰ ਨੂੰ ਖ਼ਤਮ ਹੀ


ਕਰ ਦਿੱਤਾ ਜਾਵੇ। ਆਉਣ ਵਾਲੀ ਸਾਡੀ ਅਗਲੀ ਨਸਲ ਤਾਂ ਇਸ ਵਰਤਾਰੇ ਤੋਂ ਛੁਟਕਾਰਾ ਪਾ ਸਕੇ। ਉਹ ਨੌਜਵਾਨ ਉਸ ਔਰਤ ਦਾ ਕਤਲ ਕਰਦਾ ਹੈ, ਜੋ ਸਮਾਜ ਨੂੰ ਲੁੱਟ ਕੇ ਖਾ ਰਹੀ ਹੈ। ਆਖ਼ਿਰ ਵਿੱਚ ਉਹ ਆਪਣਾ ਜ਼ੁਲਮ ਵੀ ਕਬੂਲ ਕਰ ਲੈਂਦਾ ਹੈ। ਜੇਲ੍ਹ ਵਿੱਚ ਉਹ ਇਹ ਮਹਿਸੂਸ ਕਰਦਾ ਹੈ ਕਿ ਕਿਸੇ ਨੂੰ ਮਾਰ ਦੇਣਾ ਵੀ ਕੋਈ ਸੂਰਮਗਤੀ ਨਹੀਂ। ਆਖ਼ਿਰ ਵਿੱਚ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਸਨੇ ਕਾਨੂੰਨ ਤੋੜਿਆ ਹੀ ਨਹੀਂ, ਸਗੋਂ ਕੁਦਰਤ ਦੀ ਮਰਜ਼ੀ ਦੇ ਖ਼ਿਲਾਫ਼ ਕੰਮ ਕੀਤਾ ਹੈ ਜੋ ਉਸ ਨੂੰ ਕਦੇ ਵੀ ਮਾਫ਼ ਨਹੀਂ ਕਰੇਗੀ।

ਇਸ ਤਰ੍ਹਾਂ ਦੋਸਤੋਵਸਕੀ ਨਿਰੰਤਰ ਲਿਖਦਾ ਰਿਹਾ। ਉਸਨੇ ਜਿੰਨੇ ਵੀ ਨਾਵਲ ਲਿਖੇ, ਸਾਰੇ ਚਰਚਾ ਦਾ ਵਿਸ਼ਾ ਬਣੇ। ਦੋਸਤੋਵਸਕੀ ਨੂੰ ਉਸ ਦੀਆਂ ਖਾਮੀਆਂ ਨੇ ਹੀ ਕਾਫ਼ੀ ਕਮਜ਼ੋਰ ਕਰ ਦਿੱਤਾ ਸੀ। ਜੂਏ ਅਤੇ ਸ਼ਰਾਬ ਨੇ ਉਸ ਨੂੰ ਅੰਦਰੋਂ ਹੀ ਨਹੀਂ, ਬਾਹਰੋਂ ਵੀ ਕਮਜ਼ੋਰ ਕਰ ਦਿੱਤਾ ਸੀ। ਇਹ ਐਨਾ ਹੀ ਸੀ ਜਿਸ ਨੇ ਕਦੇ ਉਸ ਨੂੰ ਮਹਿਸੂਸ ਨਹੀਂ ਹੋਣ ਦਿੱਤਾ ਕਿ ਤੂੰ ਕਮਜ਼ੋਰ ਏਂ। ਅਸੀਂ ਜ਼ਿੰਦਗੀ ਨੂੰ ਪਿਆਰ ਤਾਂ ਕਰਦੇ ਹਾਂ ਪਰ ਜ਼ਿੰਦਗੀ ਤੁਹਾਨੂੰ ਤਦੇ ਪਿਆਰ ਕਰਦੀ ਹੈ, ਜੇਕਰ ਤੁਹਾਡੇ ਵਿੱਚੋਂ ਉਸ ਨੂੰ ਮੁਹੱਬਤ ਦੀ ਮਹਿਕ ਮਹਿਸੂਸ ਹੋਵੇ, ਨਹੀਂ ਤਾਂ ਜ਼ਿੰਦਗੀ ਬੇਮੁਖ ਹੋ ਜਾਂਦੀ ਹੈ।

ਦੋਸਤੋਵਸਕੀ ਆਪਣੇ ਨਾਵਲ 'ਦ ਬ੍ਰਦਰਜ਼ ਕਾਰਮਾਜ਼ੋਵ' ਦੀ ਰੂਪਰੇਖਾ ਉਲੀਕਦਾ ਹੈ। ਪਰ ਕਦੇ ਉਸਨੇ ਸੋਚਿਆ ਨਹੀਂ ਸੀ ਕਿ ਇਹ ਉਸਦਾ ਆਖ਼ਰੀ ਨਾਵਲ ਹੋਵੇਗਾ। ਇਸ ਦੌਰਾਨ ਹੀ ਉਸਦੇ ਪੁੱਤਰ ਅਲਓਸ਼ਾ ਦੀ ਮੌਤ ਹੋ ਜਾਂਦੀ ਹੈ। ਉਹ ਉਸ ਸਮੇਂ ਸਿਰਫ਼ ਢਾਈ ਸਾਲਾਂ ਦਾ ਸੀ। ਉਸ ਨੂੰ ਜਨਮ ਤੋਂ ਹੀ ਮਿਰਗੀ ਪੈਂਦੀ ਸੀ। ਮਿਰਗੀ ਦਾ ਦੌਰਾ ਤਾਂ ਦੋਸਤੋਵਸਕੀ ਨੂੰ ਵੀ ਪੈਂਦਾ ਸੀ। ਇਸ ਤਰ੍ਹਾਂ ਇਹ ਸੁਭਾਵਿਕ ਹੀ ਸੀ ਕਿ ਇਸ ਦਾ ਅਸਰ ਉਸਦੇ ਪੁੱਤਰ 'ਤੇ ਹੋਣਾ ਸੀ। ਪੁੱਤਰ ਦੀ ਮੌਤ ਨੇ ਦੋਸਤੋਵਸਕੀ ਨੂੰ ਇਕ ਅਜਿਹੇ ਸਦਮੇ ਵਿੱਚ ਧੱਕ ਦਿੱਤਾ ਕਿ ਉਹ ਬਹੁਤ ਜ਼ਿਆਦਾ ਨਿਰਾਸ਼ ਹੋ ਗਿਆ। ਇਸ ਨਿਰਾਸ਼ ਭਰੇ ਵਕਤ ਵਿੱਚ ਉਸਦੀ ਪਤਨੀ ਨੇ ਫਿਰ ਉਸਦਾ ਸਾਥ ਦਿੱਤਾ। ਉਸ ਉਦਾਸ ਹੋਈ ਕਲਮ ਨੂੰ ਫਿਰ ਫੜਨ ਲਈ ਪ੍ਰੇਰਿਤ ਕੀਤਾ। ਇਸ ਨਾਵਲ ਨੂੰ ਦੋਸਤੋਵਸਕੀ ਨੇ ਤਕਰੀਬਨ ਤਿੰਨ ਚਾਰ ਸਾਲਾਂ ਵਿੱਚ ਪੂਰਾ ਕੀਤਾ। ਇਸ ਨਾਵਲ ਵਿੱਚ ਇਕ ਬੁੱਢੇ ਆਦਮੀ ਦੇ ਤਿੰਨ ਪੁੱਤਰ ਹਨ—ਦਮਿੱਤਰੀ ਸਭ ਤੋਂ ਵੱਡਾ, ਉਸ ਤੋਂ ਛੋਟਾ ਈਵਾਨ ਅਤੇ ਸਭ ਤੋਂ ਛੋਟਾ ਅਲਬੋਸ਼ਾ ਹੈ। ਸਾਰਾ ਨਾਵਲ ਇਨ੍ਹਾਂ ਤਿੰਨਾਂ ਦੁਆਲੇ ਹੀ ਕੇਂਦ੍ਰਿਤ ਹੈ। ਦੋਸਤੋਵਸਕੀ ਨੇ ਇਸ ਨਾਵਲ ਵਿੱਚ ਇਹ ਸਾਬਤ ਕਰ ਦਿੱਤਾ ਸੀ ਕਿ ਜ਼ਿੰਦਗੀ ਦਾ ਸੱਚਾ ਨਿਆਂ ਦੂਜਿਆਂ ਨਾਲ ਕੀਤੇ ਪਿਆਰ ਦੇ ਵਤੀਰੇ ਵਿਚੋਂ ਹੀ ਮਿਲਦਾ ਹੈ। ਲੇਖਕ ਕੋਂਸਟਾਨਟੀਨ ਮੋਜ਼ਲਸਕੀ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਇਹ ਨਾਵਲ ਦੁਨੀਆ ਦੇ ਹਰ ਲੇਖਕ ਅੱਗੇ ਆਪਣੀ ਆਤਮਕਥਾ ਦੇ ਪੰਨੇ ਖੋਲ੍ਹਦਾ ਹੈ। ਦੋਸਤੋਵਸਕੀ ਨੇ ਆਪਣੀ ਹਰ ਰਚਨਾ ਵਿੱਚ ਜ਼ਿੰਦਗੀ ਦੇ ਅਨੁਭਵਾਂ ਤੇ ਅਜਿਹੀ ਪੁੱਠ ਚਾੜ੍ਹੀ ਕਿ ਹਰ ਕੋਈ ਪੜ੍ਹ ਕੇ ਦੰਗ ਰਹਿ ਗਿਆ। ਦੋਸਤੋਵਸਕੀ ਰੂਸ ਦੇ ਸਾਹਿਤ ਦਾ ਥੰਮ੍ਹ ਸੀ। ਉਹ ਹਮੇਸ਼ਾ ਹੀ ਕੁਝ ਕਰਨ ਵਿੱਚ ਉਤੇਜਿਤ ਰਹਿੰਦਾ ਪਰ ਉਸ ਨੂੰ ਕੁਝ ਬਿਮਾਰੀਆਂ ਨੇ ਇਸ ਤਰ੍ਹਾਂ ਘੇਰਿਆ ਹੋਇਆ ਸੀ ਕਿ ਉਸਦੀ ਪੇਸ਼ ਨਾ ਜਾਂਦੀ। ਉਸ ਨੂੰ ਸ਼ਰਾਬ ਨੇ ਅੰਦਰੋਂ ਬੁਰੀ ਤਰ੍ਹਾਂ ਖੋਖਲਾ ਕਰ ਦਿੱਤਾ ਸੀ। ਉਸਨੇ ਜ਼ਿੰਦਗੀ ਦੇ ਹਰ ਦੌਰ ਨੂੰ ਮਾਣਿਆ, ਭਾਵੇਂ ਉਹ ਗਰੀਬੀ ਭਾਵੇਂ ਅਮੀਰੀ ਸੀ। ਮੋਸ਼ਲਸਕੀ ਨੇ ਉਸਦੇ ਜੀਵਨ 'ਤੇ ਇਕ ਪੂਰੀ ਕਿਤਾਬ ਲਿਖੀ ਜਿਸ ਦਾ ਨਾਮ 'ਦੋਸਤੋਵਸਕੀ ਹਿਜ਼ ਲਾਈਫ਼ ਐਂਡ ਵਰਕਸ' ਹੈ।

'ਦ ਬ੍ਰਦਰਜ਼ ਕਾਰਮਾਜ਼ੋਵ' ਦੀ ਆਖ਼ਰੀ ਕਿਸ਼ਤ ਉਸਨੇ ਪ੍ਰਕਾਸ਼ਕ ਨੂੰ ਭੇਜ ਕੇ ਕਿਹਾ ਤੁਸੀਂ ਫ਼ਿਕਰ ਨਾ ਕਰੋ, ਮੈਂ ਅਜੇ ਹੋਰ ਵੀ ਬਹੁਤ ਨਾਵਲ ਲਿਖਣੇ ਹਨ।

'ਦ ਬ੍ਰਦਰਜ਼ ਕਾਰਮਾਜ਼ੋਵ' ਨਾਵਲ ਨੇ ਦੋਸਤੋਵਸਕੀ ਨੂੰ ਬੁਲੰਦੀ ਦੀ ਸਿਖ਼ਰ ਉੱਤੇ ਖੜ੍ਹਾ ਕਰ ਦਿੱਤਾ



**ਇਕ ਚਿੱਤਰਕਾਰ ਦੀ ਦ੍ਰਿਸ਼ਟੀ 'ਚ ਫਿਓਦੋਰ ਦੋਸਤੋਵਸਕੀ ਦੀ ਅੰਤਰ ਯਾਤਰਾ ਸਮੇਂ ਦਾ ਦ੍ਰਿਸ਼**

ਸੀ। ਹੇਨਰੀ ਤਰੋਏਨ ਨੇ ਆਪਣੇ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਬ੍ਰਦਰਜ਼ ਕਾਰਮਾਜ਼ੋਵ ਨਾਵਲ ਨੇ ਦੋਸਤੋਵਸਕੀ ਨੂੰ ਤੁਰਗਨੇਵ, ਟਾਲਸਟਾਏ ਦੇ ਬਰਾਬਰ ਤੋਂ ਇਕ ਕਦਮ ਅੱਗੇ ਖੜ੍ਹਾ ਕੀਤਾ। ਉਸਦੀ ਹਰ ਲਿਖਤ ਆਵਾਮ ਨੂੰ ਇਨ੍ਹਾਂ ਨਾਲੋਂ ਜ਼ਿਆਦਾ ਟੁੰਬਦੀ ਸੀ। ਹੁਣ ਦੋਸਤੋਵਸਕੀ ਰੂਸੀ ਸਾਹਿਤ ਦੇ ਤਾਰਾ ਮੰਡਲ ਵਿਚ ਉਹ ਇਕ ਅਜਿਹਾ ਸਿਤਾਰਾ ਬਣ ਚੁੱਕਾ ਸੀ ਜਿਸ ਦੀ ਚਮਕ ਬਾਕੀਆਂ ਨਾਲੋਂ ਅਨੋਖੀ ਹੀ ਨਹੀਂ, ਤੇਜ਼ ਵੀ ਸੀ। ਸਫ਼ਲਤਾ ਕਈ ਵਾਰ ਕਈਆਂ ਦੇ ਦਿਮਾਗ਼ ਨੂੰ ਚੜ੍ਹ ਜਾਂਦੀ ਹੈ ਪਰ ਦੋਸਤੋਵਸਕੀ ਨੇ ਆਪਣੇ ਪੈਰ ਧਰਤੀ ਨਾਲ ਜੋੜੀ ਰੱਖੇ। ਉਸਦੀ ਸਿਰਜਣਾ ਨੇ ਸੰਸਾਰ ਦੇ ਸਾਹਿਤ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਇਕ ਸਿਰਕੱਢ ਆਲੋਚਕ ਵਿਲੀਅਮ ਫਾਕਨਰ ਨੇ ਆਪਣੇ ਸ਼ਬਦਾਂ ਵਿਚ ਕਿਹਾ, "ਦੋਸਤੋਵਸਕੀ ਦੀ ਕਿਰਤ ਨੇ ਮੇਰੇ 'ਤੇ ਗਹਿਰਾ ਅਸਰ ਛੱਡਿਆ। ਉਸਦੀ ਨਾਵਲਕਾਰੀ ਵਿੱਚੋਂ ਮੈਨੂੰ ਕਲਾਕਾਰੀ ਵੀ ਨਜ਼ਰ ਆਈ, ਜਿਸ ਦਾ ਮੈਂ ਹਰ ਪਲ ਆਨੰਦ ਮਾਣਦਾ ਹਾਂ। ਜਦੋਂ ਦੋਸਤੋਵਸਕੀ ਨੇ 'ਦ ਬ੍ਰਦਰਜ਼ ਕਾਰਮਾਜ਼ੋਵ' ਨਾਵਲ ਨੂੰ ਆਖ਼ਰੀ ਸ਼ੇਡ ਦਿੱਤੇ, ਉਸ ਆਪਣੇ ਨੇੜਲੇ ਮਿੱਤਰ ਨੂੰ ਇਕ ਖ਼ਤ ਲਿਖਿਆ। ਦੋਸਤੋਵਸਕੀ ਖ਼ਤ ਵਿਚ ਲਿਖਦਾ ਹੈ, "ਮੈਂ ਇਹ ਗੱਲ ਦਾਅਵੇ ਨਾਲ ਆਖ ਸਕਦਾ ਹਾਂ ਜਿਨ੍ਹਾਂ ਹਾਲਾਤਾਂ ਵਿੱਚ ਮੈਂ ਇਹ ਨਾਵਲ ਲਿਖਿਆ ਹੈ, ਨਾ ਕੋਈ ਪਹਿਲਾਂ ਇਨ੍ਹਾਂ ਹਾਲਾਤਾਂ ਨਾਲ ਲੜਿਆ ਹੋਵੇਗਾ, ਨਾ ਕੋਈ ਅੱਗੇ ਲੜੇਗਾ। ਇਹ ਜਜ਼ਬਾ ਸਿਰਫ਼ ਦੋਸਤੋਵਸਕੀ ਵਿੱਚ ਹੀ ਹੈ। ਦੂਜੇ ਖ਼ਤ ਵਿਚ ਉਹ ਆਪਣੇ ਮਿੱਤਰ ਨੂੰ ਲਿਖਦਾ ਹੈ ਕਿ ਮੇਰੇ ਇਸ ਨਾਵਲ ਦੀ ਸਿਰਜਣਾ ਮੇਰੇ ਸਿਰ ਚੜ੍ਹ ਕੇ ਨਹੀਂ, ਪਾਤਰਾਂ ਦੇ ਸਿਰ ਚੜ੍ਹ ਕੇ ਬੋਲ ਰਹੀ ਹੈ। ਤੁਰਗਨੇਵ ਤਾਂ ਜ਼ਿੰਦਗੀ ਵਿਚ ਸੋਚ ਵੀ ਨਹੀਂ ਸਕਦਾ। ਉਹ ਆਪਣੇ ਸਮਕਾਲੀਆਂ ਨੂੰ ਆਖਦਾ ਹੈ ਕਿ ਲਿਖਣ ਦਾ ਕੰਮ ਤਾਂ ਸਾਰੇ ਕਰ ਰਹੇ ਹਨ ਪਰ ਤੁਸੀਂ ਕਿਸ ਤਰ੍ਹਾਂ ਦੇ ਹਾਲਾਤਾਂ ਵਿੱਚ ਲਿਖਦੇ ਹੋ, ਸਭ ਤੋਂ ਜ਼ਿਆਦਾ ਗੱਲ ਤਾਂ ਇਹ ਅਹਿਮ ਹੁੰਦੀ ਹੈ। ਦੋ ਵਕਤ ਦੀ ਹੋਈ ਆਸ ਨਹੀਂ ਪਰ ਦੋਸਤੋਵਸਕੀ ਨੇ ਕਲਮ ਨਹੀਂ ਛੱਡੀ, ਉਹ ਆਪਣੇ ਫ਼ਰਜ਼ਾਂ ਤੋਂ ਕਦੇ ਨਹੀਂ ਭੱਜਿਆ। ਦੋਸਤੋਵਸਕੀ ਦੁਨੀਆ ਦਾ ਪਹਿਲਾ

ਅਜਿਹਾ ਨਾਵਲਕਾਰ ਸੀ, ਜਿਸ ਨੇ ਆਪਣੇ ਪਾਤਰਾਂ ਨੂੰ ਮਨੋਵਿਗਿਆਨ ਦੇ ਰੰਗਾਂ ਵਿਚ ਰੰਗਿਆ। ਉਹ ਆਪਣੇ ਪਾਤਰਾਂ ਦੀ ਸਿਰਜਣਾ ਇਸ ਤਰ੍ਹਾਂ ਕਰਦਾ ਸੀ ਕਿ ਪੜ੍ਹਨ ਵਾਲਾ ਖ਼ੁਦ ਆਪਣੇ ਆਪ ਨੂੰ ਭੁਲਾ ਕੇ ਖ਼ੁਦ ਪਾਤਰ ਬਣ ਜਾਂਦਾ ਸੀ। ਜਰਮਨ ਦੇ ਮਹਾਨ ਫ਼ਿਲਾਸਫ਼ਰ ਨੀਤਸ਼ੇ ਨੇ ਦੋਸਤੋਵਸਕੀ ਦੇ ਨਾਵਲਾਂ ਨੂੰ ਪੜ੍ਹ ਕੇ ਕਿਹਾ ਸੀ, "ਦੋਸਤੋਵਸਕੀ ਇਕ ਅਜਿਹਾ ਮਨੋਵਿਗਿਆਨੀ ਹੈ ਜਿਸ ਕੋਲੋਂ ਮੈਂ ਹਮੇਸ਼ਾ ਹੀ ਕੁਝ ਨਾ ਕੁਝ ਸਿਖਦਾ ਹਾਂ। ਉਸ ਨੂੰ ਪੜ੍ਹਨਾ ਮੈਂ ਆਪਣੀ ਇਕ ਪ੍ਰਾਪਤੀ ਹੀ ਸਮਝਦਾ ਹਾਂ।"ਦੋਸਤੋਵਸਕੀ ਦੀ ਅੱਖ ਐਸੀ ਖੁਰਦਬੀਨ ਸੀ ਜੋ ਬਰੀਕ ਤੋਂ ਬਰੀਕ ਚੀਜ਼ ਨੂੰ ਵੇਖ ਸਕਦੀ ਸੀ, ਪੜ੍ਹ ਸਕਦੀ ਸੀ। ਦੋਸਤੋਵਸਕੀ ਨੇ ਆਪਣੇ ਸਮੇਂ ਦੀ ਹੱਦ ਤੋਂ ਅਗਾਹਾਂ ਵੱਲ ਵੇਖਣ ਦਾ ਯਤਨ ਕੀਤਾ। ਉਹ ਆਪਣੀ ਸਿਰਜਣ ਨੂੰ ਅਜਿਹਾ ਰੂਪ ਦੇਣਾ ਚਾਹੁੰਦਾ ਸੀ ਕਿ ਆਉਣ ਵਾਲਾ ਸਮਾਂ ਰੂਸ ਦੀ ਆਮ ਜਨਤਾ ਦੇ ਹੱਥ ਵਿਚ ਹੋਵੇ। ਉਸ ਪ੍ਰਤਿਭਾਵਾਨ ਲੇਖਕ ਨੇ ਆਪਣੇ ਗਰੀਬੀ ਦੇ ਸਮੇਂ ਵਿੱਚ ਵੀ ਇਹ ਸਵਾਲ ਖੜ੍ਹਾ ਕੀਤਾ ਸੀ ਕਿ ਜਦੋਂ ਤੀਕਰ ਜਬਰ ਅਤੇ ਦੌਲਤ ਦੀ ਸੰਸਾਰ 'ਤੇ ਪਕੜ ਹੈ, ਮਨੁੱਖੀ ਮਨ ਅਤੇ ਮਨੁੱਖੀ ਜੋਤ ਨੂੰ ਹਮੇਸ਼ਾ ਹੀ ਕੁਚਲਿਆ ਜਾਂਦਾ ਰਹੇਗਾ। ਇਸ ਰੀਤ ਨੂੰ ਖ਼ਤਮ ਕਰਨਾ ਸਾਡਾ ਫ਼ਰਜ਼ ਹੈ। ਮਨੋਵਿਗਿਆਨ ਦੇ ਧਾਰਨੀ ਫਰਾਇਡ ਨੇ ਆਪਣੇ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਦੋਸਤੋਵਸਕੀ ਜਿਸ ਤਰ੍ਹਾਂ ਪਾਠਕ ਦੇ ਮਨ ਦੀਆਂ ਪਰਤਾਂ ਨੂੰ ਫੜਦਾ ਹੈ, ਬਾਕਮਾਲ ਹੈ। ਉਸ ਵਿਚ ਉਹ ਸਾਰੀਆਂ ਸੰਭਾਵਨਾਵਾਂ ਹਨ ਜੋ ਇਕ ਚੰਗੇ ਲੇਖਕ ਅਤੇ ਚੰਗੇ ਵਿਚਾਰਾਂ ਵਾਲੇ ਇਨਸਾਨ ਵਿਚ ਹੋਣੀਆਂ ਚਾਹੀਦੀਆਂ ਹਨ। ਉਸ ਨੂੰ ਪੜ੍ਹਨਾ ਤਾਂ ਨਿਰਾ ਭੌਤਿਕ ਅਨੁਭਵ ਵਿਚੋਂ ਗੁਜ਼ਰਨਾ ਹੈ। ਮੈਂ ਉਸ ਦੀਆਂ ਲਿਖਤਾਂ ਨੂੰ ਸਲੂਟ ਕਰਦਾ ਹਾਂ।

ਦੋਸਤੋਵਸਕੀ ਨੂੰ ਪਤਾ ਸੀ ਕਿ ਵਕਤ ਕਦੇ ਰੁਕਦਾ ਨਹੀਂ, ਪਰ ਨਬਜ਼ ਰੁਕ ਜਾਂਦੀ ਹੈ। ਦੋਸਤੋਵਸਕੀ ਤਕਰੀਬਨ ਤਿੰਨ ਮਹੀਨੇ ਲਗਾਤਾਰ ਬਿਮਾਰ ਰਿਹਾ। ਉਸ ਨੂੰ ਬਿਮਾਰੀ ਨੇ ਹਿੱਲਣ ਨਹੀਂ ਦਿੱਤਾ। ਦੋਸਤੋਵਸਕੀ ਅਨੇਕਾਂ ਬਿਮਾਰੀਆਂ ਵਿੱਚ ਐਸਾ ਘਿਰਿਆ ਕਿ 25 ਜਨਵਰੀ 1881 ਦੀ ਰਾਤ ਉਸਦੀ ਆਖ਼ਰੀ ਰਾਤ ਸੀ। ਅਗਲੇ ਦਿਨ 26 ਜਨਵਰੀ ਨੂੰ ਉਸ ਨੂੰ ਦਿਲ ਦਾ ਦੌਰਾ ਪਿਆ ਤੇ ਉਸਦਾ ਦੇਹਾਂਤ ਹੋ ਗਿਆ। ਇਕ ਅਜਿਹਾ ਫ਼ਨਕਾਰ ਸਦਾ ਲਈ ਸਾਹਿਤ ਪ੍ਰੇਮੀਆਂ ਨੂੰ ਅਲਵਿਦਾ ਆਖ ਗਿਆ। ਸੂਰਜ ਡੁੱਬ ਚੁੱਕਾ ਸੀ, ਸ਼ਾਮ ਪੈ ਚੁੱਕੀ ਸੀ, ਪਰ ਸਵੇਰ ਹੋਣ ਦੀ ਆਸ ਨਹੀਂ ਸੀ। ਦੁਬਾਰਾ ਸੂਰਜ ਦੇ ਚੜ੍ਹਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਦੋਸਤੋਵਸਕੀ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਦੁਨੀਆ ਦੇ ਹਰ ਲੇਖਕ ਦੀਆਂ ਅੱਖਾਂ 'ਚੋਂ ਨਹੀਂ, ਸਗੋਂ ਦਿਲ 'ਚੋਂ ਵੀ ਨੀਰ ਵਗਿਆ। ਇਹ ਖ਼ਬਰ ਸੁਣਦਿਆਂ ਹੀ ਰੂਸੀ ਸਾਹਿਤ ਦੇ ਕਿੰਗ ਤੁਰਗਨੇਵ ਨੇ ਬਹੁਤ ਹੀ ਅਫ਼ਸੋਸ ਭਰੇ ਸ਼ਬਦਾਂ ਵਿੱਚ ਕਿਹਾ, "ਸਾਡਾ ਪਿਆਰਾ, ਸਾਡਾ ਦੁਲਾਰਾ, ਦੁਨੀਆ ਦਾ ਹਰਮਨ ਪਿਆਰਾ ਲੇਖਕ ਦੋਸਤੋਵਸਕੀ ਨਹੀਂ ਰਿਹਾ। ਹੁਣ ਕੌਣ ਲਿਖੇਗਾ ਗ਼ਰੀਬਾਂ ਦੀ ਵਾਰਤਾ, ਹੁਣ ਕੌਣ ਜ਼ਿਕਰ ਕਰੇਗਾ ਲਿਤਾੜੇ ਲੋਕਾਂ ਦੀਆਂ ਭਾਵਨਾਵਾਂ ਦਾ। ਦੋਸਤੋਵਸਕੀ ਵਰਗੇ ਨਾਵਲਕਾਰ ਹਰ ਵਾਰ ਨਹੀਂ, ਕਦੇ ਕਦੇ ਹੀ ਪੈਦਾ ਹੁੰਦੇ ਹਨ।


**ਫਿਓਦੋਰ ਦੋਸਤੋਵਸਕੀ ਦੇ ਜੀਵਨ ਤੇ ਬਣੀ ਫਿਲਮ ਦਾ ਦ੍ਰਿਸ਼**

ਟਾਲਸਟਾਏ ਇਕ ਵਾਰ ਨਹੀਂ ਬਹੁਤ ਵਾਰ ਜ਼ਿਕਰ ਕਰਦਾ ਹੈ। ਮੈਨੂੰ

ਜ਼ਿੰਦਗੀ ਵਿੱਚ ਸਦਾ ਹੀ ਅਫ਼ਸੋਸ ਰਹੇਗਾ ਕਿ ਮੈਂ ਦੋਸਤੋਵਸਕੀ ਨੂੰ ਕਦੇ ਵੀ ਨਹੀਂ ਮਿਲ ਸਕਿਆ। ਜਦੋਂ ਉਸ ਨੂੰ ਦੋਸਤੋਵਸਕੀ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸਨੇ ਕਿਹਾ, "ਮੈਂ ਕਦੇ ਉਸ ਨੂੰ ਮਿਲਿਆ ਨਹੀਂ, ਪਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਦਿੱਤਾ ਗਿਆ ਹੈ। ਜਿਵੇਂ ਮੈਂ ਅੰਗਹੀਣ ਹੋ ਗਿਆ ਹੋਵਾਂ। ਉਸ ਦੀਆਂ ਲਿਖਤਾਂ ਵਿੱਚੋਂ ਮੈਂ ਜੋ ਕੁਝ ਸਿੱਖਿਆ, ਸ਼ਾਇਦ ਇਹ ਕਮੀ ਹੁਣ ਮੇਰੀ ਕਦੇ ਵੀ ਪੂਰੀ ਨਾ ਹੋ ਸਕੇ।




ਦੋਸਤੋਵਸਕੀ ਦੀ ਮੌਤ ਤੋਂ ਬਾਅਦ ਉਸਦੀ ਪਤਨੀ ਐਨਾ ਨੇ ਵਿਆਹ ਨਹੀਂ ਕਰਾਇਆ। ਦੋਸਤੋਵਸਕੀ ਦੀ ਜਦੋਂ ਮੌਤ ਹੋਈ ਤਾਂ ਐਨਾ ਦੀ ਉਮਰ 35 ਸਾਲ ਦੀ ਸੀ। ਦੋਸਤੋਵਸਕੀ ਦੀ ਮੌਤ ਤੋਂ ਬਾਅਦ ਉਸ ਦੀਆਂ ਜੋ ਵੀ ਯਾਦਾਂ ਸਨ, ਇਕ ਦਸਤਾਵੇਜ਼ ਦੇ ਰੂਪ ਵਿਚ ਇਕੱਠੀਆਂ ਕੀਤੀਆਂ। ਦੋਸਤੋਵਸਕੀ ਲਈ ਅਜਾਇਬ ਘਰ ਵਿੱਚ ਇਕ ਕਮਰਾ ਬਣਾਇਆ, ਜਿਥੇ ਉਸ ਦੀਆਂ ਸਾਰੀਆਂ ਯਾਦਾਂ ਨੂੰ ਸਮਰਪਿਤ ਕੀਤਾ ਗਿਆ।

ਦੋਸਤੋਵਸਕੀ ਇਕ ਅਜਿਹਾ ਲੇਖਕ ਸੀ, ਜਿਸ ਦੀਆਂ ਕਿਰਤਾਂ ਨੇ ਦੁਨੀਆ ਵਿਚ ਲੋਹਾ ਮੰਨਵਾਇਆ। ਦੋਸਤੋਵਸਕੀ ਮਿੱਟੀ ਰੰਗੇ ਲੋਕਾਂ ਦਾ ਲੇਖਕ ਸੀ। ਉਸਦੀ ਕਲਮ ਨੇ ਕਸੀਦੇ ਨਹੀਂ ਲਿਖੇ। ਤਖ਼ਤ ਦੇ ਸੋਹਲੇ ਨਹੀਂ ਗਾਏ ਸਗੋਂ ਆਵਾਮ ਦੀ ਆਵਾਜ਼ ਬਣਿਆ। ਮਹਾਨ ਫ਼ਰਾਂਸੀਸੀ ਨਾਵਲਕਾਰ ਸਤਾਂਧਾਲ ਨੇ ਕਿਹਾ, "ਦੋਸਤੋਵਸਕੀ ਮਨੋਵਿਗਿਆਨ ਯਥਾਰਥਵਾਦ ਦਾ ਮੋਢੀ ਸੀ ਅਤੇ ਹੈ। ਉਸਨੇ ਸਮਾਜ ਦੇ ਆਮ ਵਰਗ ਦੀਆਂ ਤੈਹਾਂ ਨੂੰ ਫਰੋਲਿਆ। ਉਸਨੇ ਸਮਾਜਿਕ ਢਾਂਚੇ ਦੀ ਕਰੂਪਤਾ ਨੂੰ ਸ਼ਬਦਾਂ ਦੀ ਪੁੱਠ ਚਾੜ੍ਹ ਕੇ ਲੋਕਾਂ ਅੱਗੇ ਲਿਆਂਦਾ।

ਦੋਸਤੋਵਸਕੀ ਨੇ ਆਪਣੇ ਆਖ਼ਰੀ ਦਿਨਾਂ ਵਿੱਚ ਕਿਹਾ, "ਭਾਵੇਂ ਅੱਜ ਦੇ ਰੂਸੀ ਲੋਕਾਂ ਲਈ ਮੈਂ ਅਣਜਾਣ ਹਾਂ ਪਰ ਆਉਣ ਵਾਲੇ ਵਕਤ ਵਿੱਚ ਇਹ ਰੂਸੀ ਲੋਕ ਮੈਨੂੰ ਜਾਨਣਗੇ ਅਤੇ ਮੇਰੀ ਹਰ ਲਿਖਤ ਦੇ ਅੱਖਰ-ਅੱਖਰ ਨੂੰ ਪਛਾਨਣਗੇ।

ਸ਼ਾਇਦ ਇਸ ਲਈ ਹੀ ਮੈਕਸਿਮ ਗੋਰਕੀ ਤੇ ਉਸ ਤੋਂ ਬਾਅਦ ਵਾਲੀ ਪੀੜ੍ਹੀ ਦੇ ਮੋਹਰੀ ਸਮਾਜਵਾਦੀ ਲੇਖਕ ਕੋਨਸਤਾਕਿਨ ਫ਼ੇਦਿਨ ਨੇ ਦੋਸਤੋਵਸਕੀ ਨੂੰ ਭਵਿੱਖ ਦਾ ਸਮਕਾਲੀ ਕਿਹਾ ਸੀ।

ਕਾਂਸਟੇਂਸ ਗਾਰਨੇਟ ਨੇ ਦੋਸਤੋਵਸਕੀ ਦੇ ਕਥਾ ਸੰਸਾਰ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਦੋਸਤੋਵਸਕੀ ਦੁਨੀਆ ਦੇ ਹਰ ਖਿੱਤੇ ਵਿਚ ਜਾਣਿਆ ਜਾਣ ਲੱਗਾ।

(**ਸੰਪਰਕ**: +1 (559) 309-2031, **ਅਮਰੀਕਾ**)

**ਕਹਾਣੀ**

# ਵਿਰਾਸਤ

**ਹਰਪ੍ਰੀਤ ਸੇਖਾ**



"ਬੌਸਮੈਨ, ਡੂ ਯੂ ਥਿੰਕ ਸ਼ਿੱਟ ਵਿੱਲ ਹਿੱਟ ਦਾ ਫੈਨ-ਤੈਨੂੰ ਲਗਦਾ ਹੈ ਕਿ ਕੋਈ ਪਟਾਕਾ ਪਵੇਗਾ?" ਮਾਈਕ ਦਾ ਇਹ ਸਵਾਲ ਸੁਣਕੇ ਮੈਂ ਮਸ਼ੀਨ ਰੋਕ ਕੇ ਮੁੜਵਾਂ ਸਵਾਲ ਕਰ ਦਿੱਤਾ, "ਕਿਓਂ ? ਤੈਨੂੰ ਵੀ ਲੱਗਦੇ?"

"ਬਰੂਸ ਨੇ ਮੀਟਿੰਗ ਸੱਦੀ ਐ। ਤੈਨੂੰ ਨੀਂ ਲਗਦਾ ਕਿ ਕੋਈ ਗੰਭੀਰ ਮਸਲਾ ਹੋਵੇਗਾ?" ਆਖ ਕੇ ਮਾਈਕ ਹੱਸ ਪਿਆ। ਮਾਈਕ ਨੇ ਮੇਰੇ ਚੇਹਰੇ ਤੋਂ ਮੇਰੀ ਚਿੰਤਾ ਪੜ੍ਹ ਲਈ ਹੋਵੇਗੀ। ਸਾਡਾ ਵੀਹ ਸਾਲ ਇਕੱਠੇ ਕੰਮ ਕਰਨ ਦਾ ਸਾਥ ਹੈ। ਦੁਪਿਹਰ ਤੋਂ, ਜਦੋਂ ਦਾ ਬਰੂਸ ਨੇ ਕੰਮ ਤੋਂ ਬਾਅਦ ਮਿਲਣ ਲਈ ਕਿਹਾ ਸੀ, ਮੇਰੇ ਅੰਦਰ ਕਈ ਸ਼ੰਕੇ ਉੱਠ ਖਲੋਤੇ ਸਨ। ਕੋਈ ਵੀ ਸੰਭਾਵੀ ਬਦਲਾਅ ਮੇਰੇ ਲਈ ਚਿੰਤਾ ਪੈਦਾ ਕਰ ਦਿੰਦਾ। ਕੰਮ ਮਾਲਕ, ਬਰੂਸ ਦੀ ਗੈਰ-ਹਾਜ਼ਰੀ ਵਿੱਚ ਪਿਛਲਾ ਸਾਰਾ ਮਹੀਨਾ ਮੈਂ ਅਤੇ ਮਾਈਕ ਕਈ ਸੰਭਾਵਨਾਵਾਂ ਬਾਰੇ ਗੱਲਾਂ ਕਰਦੇ ਰਹੇ ਸੀ। ਮਾਈਕ ਨੂੰ ਬਰੂਸ ਤੋਂ ਵੱਡੀ ਆਸ ਸੀ, ਜਿਹੜੀ ਮੈਨੂੰ ਉਸਦੀ ਖੁਸ਼-ਫਹਿਮੀ ਲੱਗਦੀ ਸੀ। ਮੇਰੀਆਂ ਚਿੰਤਾਵਾਂ ਮਾਈਕ ਨੂੰ ਨਿਰਮੂਲ ਲਗਦੀਆਂ ਸਨ। ਇਸੇ ਲਈ ਉਸ ਨੇ ਮੇਰਾ ਚੇਹਰਾ ਪੜ੍ਹ ਕੇ ਮੇਰਾ ਮਜ਼ਾਕ ਉਡਾਉਣ ਲਈ ਇਹ ਪਟਾਕਾ ਪੈਣ ਵਾਲੀ ਗੱਲ ਆਖੀ ਸੀ। ਇਸਦੀ ਮੈਨੂੰ ਬਾਅਦ ਵਿੱਚ ਸਮਝ ਲੱਗੀ ਸੀ।

"ਹਾਂ ਮਸਲਾ ਤਾਂ ਗੰਭੀਰ ਹੀ ਲਗਦਾ ਹੈ। ਹੋ ਸਕਦਾ ਹੈ ਕਿ ਉਹ ਮਸ਼ੀਨਸ਼ਾਪ ਵੇਚਣੀ ਚਾਹੁੰਦਾ ਹੋਵੇ।"

"ਡੌਂਟ ਵਰੀ, ਨਥਿੰਗ ਵਿੱਲ ਹੈਪਨ ਟੂ 'ਆਵਰ ਮਸ਼ੀਨਸ਼ਾਪ'... ਚਿੰਤਾ ਨਾ ਕਰ, ਕਿਧਰੇ ਨਹੀਂ ਜਾਂਦੀ ਸਾਡੀ ਮਸ਼ੀਨਸ਼ਾਪ।" ਆਖਕੇ ਮਾਈਕ ਆਪਣੇ ਕੰਮ ਜਾ ਲੱਗਾ। ਉਸ ਨੇ ਘਰੋੜ ਕੇ 'ਆਵਰ ਮਸ਼ੀਨਸ਼ਾਪ' ਬਹੁਤ ਦੇਰ ਬਾਅਦ ਕਿਹਾ ਸੀ। ਪਹਿਲੀਆਂ ਵਿੱਚ ਉਹ ਇਸ ਤਰ੍ਹਾਂ ਆਖ ਕੇ ਮੇਰਾ ਮਜ਼ਾਕ ਉਡਾਉਂਦਾ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਉਸਦੇ ਮੂੰਹੋਂ ਵੀ ਆਪ ਮੁਹਾਰੇ ਹੀ 'ਆਵਰ ਮਸ਼ੀਨਸ਼ਾਪ' ਨਿਕਲ ਜਾਂਦਾ ਸੀ। ਹੋ ਸਕਦਾ ਹੈ ਕਿ ਹੁਣ ਵੀ ਉਸ ਨੇ ਸਧਾਰਣ ਹੀ ਕਿਹਾ ਹੋਵੇ ਤੇ ਮੈਨੂੰ ਹੀ ਘਰੋੜ ਕੇ ਕਿਹਾ ਲੱਗਾ ਹੋਵੇ।

ਮੈਂ ਮਾਈਕ ਤੋਂ ਚਾਰ ਸਾਲ ਪਹਿਲਾਂ ਇਸ ਮਸ਼ੀਨਸ਼ਾਪ ਵਿੱਚ ਨੌਕਰੀ ਸ਼ੁਰੂ ਕੀਤੀ ਸੀ। ਮੈਨੂੰ ਸਾਰਾ ਦਿਨ ਮਸ਼ੀਨਾਂ ਦੁਆਲੇ ਭੰਬੀਰੀ ਬਣਿਆ ਦੇਖ ਕੇ ਇਸ ਨੇ ਨੌਕਰੀ ਸ਼ੁਰੂ ਕਰਨ ਤੋਂ ਕੁਝ ਦਿਨਾਂ ਬਾਅਦ ਹੀ ਮੈਨੂੰ ਕਿਹਾ ਸੀ, "ਤੂੰ ਕੰਮ 'ਤੇ ਐਨਾ ਕਿਓਂ ਟੁੱਟ-ਟੁੱਟ ਕੇ ਮਰਦੈਂ? ਸਾਰੀ ਊਰਜਾ ਤਾਂ ਤੇਰੀ ਇੱਥੇ ਹੀ ਖਰਚ ਹੋ ਜਾਂਦੀ ਹੈ। ਕੰਮ ਤੋਂ ਬਾਅਦ ਤਾਂ ਤੂੰ ਕੁਝ ਵੀ ਕਰਨ ਜੋਗਾ ਨਹੀਂ ਰਹਿੰਦਾ ਹੋਣਾ।"

"ਇਹ ਸਾਡੀ ਮਸ਼ੀਨਸ਼ਾਪ ਹੈ। ਇੱਥੋਂ ਹੀ ਆਪਾਂ ਰੋਜ਼ੀ ਕਮਾਉਂਦੇ ਹਾਂ। ਸਾਨੂੰ ਇਸ ਪ੍ਰਤੀ ਇਮਾਨਦਾਰ ਹੋਣਾ ਚਾਹੀਦੈ। ਨਹੀਂ?"

"ਹੋਣਾ ਚਾਹੀਦੈ ਇਮਾਨਦਾਰ। ਪਰ ਸਾਨੂੰ ਆਪਣੇ ਆਪ ਦਾ ਵੀ ਖਿਆਲ ਰੱਖਣਾ ਚਾਹੀਦੈ। ਤੇ ਇਹ

ਸਾਡੀ ਮਸ਼ੀਨਸ਼ਾਪ ਨਹੀਂ, ਇਹ ਬਰੂਸ ਦੀ ਹੈ। ਅਸੀਂ ਏਥੇ ਕਾਮੇ ਹਾਂ।''

''ਇਕੋ ਹੀ ਗੱਲ ਹੈ।''

''ਇੱਕ ਗੱਲ ਕਿਵੇਂ ਹੋ ਗਈ?''



ਪਰ ਮੈਨੂੰ ਇਕ ਗੱਲ ਹੀ ਲਗਦੀ ਸੀ। ਮਸਾਂ-ਮਸਾਂ ਤਾਂ ਮੈਨੂੰ ਨੌਕਰੀ ਮਿਲੀ ਸੀ। ਮੇਰੇ ਨਾਲ ਮਸ਼ੀਨਨਿਸਟ ਦਾ ਕੋਰਸ ਕਰਨ ਵਾਲੇ ਸਾਰੇ ਹੀ ਜਮਾਤੀਆਂ ਨੂੰ ਨੌਕਰੀ ਮਿਲ ਗਈ ਸੀ ਤੇ ਮੈਂ ਨੌਕਰੀ ਲਈ ਮਾਰਿਆ ਮਾਰਿਆ ਫਿਰ ਰਿਹਾ ਸੀ। ਕਈ ਥਾਵਾਂ ! ਤੇ ਅਰਜ਼ੀਆਂ ਦੇਣ ਤੇ ਕੁਝ ਥਾਵਾਂ ! ਤੇ ਇੰਟਰਵਿਊ ਦੇਣ ਤੋਂ ਬਾਅਦ ਵੀ ਮੈਨੂੰ ਕੰਮ ਨਹੀਂ ਸੀ ਮਿਲਿਆ। ਫਿਰ ਮੈਨੂੰ ਲੱਗਣ ਲੱਗਾ ਜਿਵੇਂ ਮੇਰੀ ਦਿੱਖ ਕਾਰਣ ਨੌਕਰੀ ਨਹੀਂ ਸੀ ਮਿਲ ਰਹੀ। ਮੈਂ ਆਪਣੇ ਕੇਸ ਕਟਵਾ ਦਿੱਤੇ ਤੇ ਆਪਣੀ ਅਰਜ਼ੀ ਵਿੱਚ ਵੀ ਆਪਣਾ ਨਾਂ ਹਰਦੇਵ ਦੀ ਥਾਂ ਡੇਵ ਲਿਖਣ ਲੱਗ ਪਿਆ ਸੀ। ਤੇ ਜਦ ਮੈਨੂੰ ਬਰੂਸ ਦੇ ਨੌਕਰੀ ਮਿਲੀ, ਮੈਂ ਕੰਮ ! ਤੇ ਅੱਧਾ ਘੰਟਾ ਪਹਿਲਾਂ ਹੀ ਅੱਪੜ ਜਾਂਦਾ। ਸਾਰਾ ਦਿਨ ਮਸ਼ੀਨਾਂ ਦੁਆਲੇ ਊਰੀ ਵਾਂਗ ਘੁੰਮਦਾ ਰਹਿੰਦਾ। ਆਪਣੀ 'ਕੌਫੀ ਬੈਰੇਕ' ਜਾਂ 'ਲੰਚ ਟਾਈਮ' ਦਾ ਵੀ ਪੂਰਾ ਸਮਾਂ ਨਾ ਬੈਠਦਾ। ਖਾਣੇ ਦੇ ਵੱਡੇ-ਵੱਡੇ ਬੁਰਕ ਮਾਰਕੇ ਉਸ ਨੂੰ ਨਬੇੜਣ ਦੀ ਕਰਦਾ ਅਤੇ ਮੁੜ ਕੰਮ ਵਿੱਚ ਜੁਟ ਜਾਂਦਾ। ਕੰਮ ਤੋਂ ਬਾਅਦ ਵੀ ਦਸ-ਪੰਦਰਾਂ ਮਿੰਟ ਰੁਕਿਆ ਰਹਿੰਦਾ। ਮੈਨੂੰ ਇਸ ਤਰ੍ਹਾਂ ਹੀ ਲਗਦਾ ਸੀ, ਜਿਵੇਂ ਇਹ ਮੇਰੀ ਮਸ਼ੀਨਸ਼ਾਪ ਹੋਵੇ। ਜਦੋਂ ਮੈਂ ਨੌਕਰੀ ਸ਼ੁਰੂ ਕੀਤੀ ਸੀ, ਉਦੋਂ ਇਹ ਮਸ਼ੀਨਸ਼ਾਪ ਹੈ ਹੀ ਨਹੀਂ ਸੀ, ਬਰੂਸ ਦੀ ਕਾਬਲੇ ਵੇਚਣ ਦੀ ਵੱਡੀ ਦੁਕਾਨ ਸੀ, ਜਿਸਦੇ ਇਕ ਕੋਨੇ ਵਿੱਚ ਉਸ ਨੇ ਖਰਾਦ ਮਸ਼ੀਨ ਤੇ ਆਰਾ (ਬੈਂਡ ਸਾਅ) ਲਿਆ ਰੱਖੇ ਸਨ। ਚਾਰਾਂ ਸਾਲਾਂ ਬਾਅਦ ਕੰਮ ਵਧਣ ਕਰਕੇ ਬਰੂਸ ਨੇ ਦੋ ਹੋਰ ਮਸ਼ੀਨਾਂ ਲਿਆ ਕੇ ਨਾਲ ਲਗਵੀਂ ਇਮਾਰਤ ਵਿੱਚ ਅਸਲੀ ਮਸ਼ੀਨਸ਼ਾਪ ਸ਼ੁਰੂ ਕੀਤੀ ਸੀ। ਤੇ ਫਿਰ ਸਾਡੀ ਮਸ਼ੀਨਸ਼ਾਪ ਨੂੰ ਇੱਕ ਵੱਡੀ ਤੇਲ ਕੰਪਨੀ ਦਾ ਕਾਬਲੇ ਬਣਾਉਣ ਦਾ ਠੇਕਾ ਮਿਲ ਗਿਆ ਸੀ। ਉਦੋਂ ਹੀ ਮਾਈਕ ਤੇ ਦੋ ਹੋਰ ਕਾਮੇ ਭਰਤੀ ਕੀਤੇ ਸਨ। ਤੇ ਜਦੋਂ ਮੈਂ ਇਸ ਮਸ਼ੀਨਸ਼ਾਪ ਨੂੰ 'ਸਾਡੀ ਮਸ਼ੀਨਸ਼ਾਪ' ਆਖਦਾ, ਮਾਈਕ ਮੈਨੂੰ ਟੋਕ ਦਿੰਦਾ। ਉਸ ਨੂੰ ਤਾਂ ਆਪਣੇ ਬਾਪ ਦੀ ਮਸ਼ੀਨਸ਼ਾਪ ਵੀ ਆਪਣੀ ਨਹੀਂ ਸੀ ਲਗਦੀ। ਇਵੇਂ ਹੀ ਉਸ ਨੇ ਕਿਹਾ ਸੀ, ਜਦੋਂ ਮੈਨੂੰ ਪਤਾ ਲੱਗਾ ਸੀ ਕਿ ਉਸ ਨੇ ਕੁਝ ਸਾਲ ਪਹਿਲਾਂ ਆਪਣੇ ਬਾਪ ਦੀ ਮਸ਼ੀਨਸ਼ਾਪ ਵਿੱਚੋਂ ਨੌਕਰੀ ਛੱਡ ਦਿੱਤੀ ਸੀ। ਮੈਂ ਹੈਰਾਨ ਹੋ ਕੇ ਕਿਹਾ ਸੀ, ''ਤੂੰ ਮੂਰਖ ਸੀ ਕਿ ਆਪਣੀ ਮਸ਼ੀਨਸ਼ਾਪ ਨੂੰ ਛੱਡਕੇ ਕਿਸੇ ਹੋਰ ਦੇ ਕੰਮ ਕਰਨ ਜਾ ਲੱਗਾ।''

''ਉਹ ਮੇਰੇ ਬਾਪ ਦੀ ਮਸ਼ੀਨ ਸ਼ਾਪ ਸੀ, ਮੇਰੀ ਨਹੀਂ।''

''ਇੱਕੋ ਗੱਲ ਹੀ ਸੀ।''

''ਇੱਕੋ ਕਿਵੇਂ ਹੋ ਗਈ? ਮੈਂ ਤਾਂ ਓਥੇ ਕਾਮਾ ਸੀ।''

''ਪਰ ਤੂੰ ਉਥੋਂ ਨੌਕਰੀ ਛੱਡ ਕਿਓਂ ਦਿੱਤੀ?''

''ਹੋਰ ਨੀ ਝੱਲ ਸਕਿਆ ਆਪਣੇ ਬਾਪ ਨੂੰ। ਉਹ ਅੜਬ ਸੁਭਾਅ ਦਾ ਸੀ।''

''ਹੁਣ ਵੀ ਚੱਲਦੀ ਹੈ ਉਹ ਮਸ਼ੀਨਸ਼ਾਪ?''

''ਮਸ਼ੀਨਸ਼ਾਪ ਹੈਗੀ ਆ, ਪਰ ਮੇਰਾ ਪਿਓ ਨਹੀਂ। ਉਸਦਾ ਦਿਲ ਫੇਲ੍ਹ ਹੋ ਗਿਆ। ਉਹ ਅਠਤਾਲੀ ਸਾਲਾਂ ਦੀ ਉਮਰ 'ਚ ਹੀ ਚੱਲ ਵਸਿਆ। ਮਤਰੇਈ ਮਾਂ ਨੇ ਮਸ਼ੀਨਸ਼ਾਪ ਵੇਚ ਦਿੱਤੀ।''

''ਜੇ ਤੂੰ ਉੱਥੇ ਕੰਮ ਕਰਦਾ ਰਹਿੰਦਾ ਤਾਂ ਹੁਣ ਤੂੰ ਉਸਦਾ ਮਾਲਕ ਹੋਣਾ ਸੀ। ਤੈਨੂੰ ਕਦੇ ਪਛਤਾਵਾ ਨਹੀਂ

ਹੋਇਆ?''

''ਪਛਤਾਵਾ ਕਾਹਦਾ? ਮੈਂ ਕਿਹੜਾ ਮਸ਼ੀਨਸ਼ਾਪ ਨੂੰ ਖੜ੍ਹੀ ਕਰਨ ਵਿੱਚ ਕੋਈ ਯੋਗਦਾਨ ਪਾਇਆ ਸੀ। ਉਹ ਮੇਰੇ ਪਿਤਾ ਦੀ ਮਿਹਨਤ ਨਾਲ ਸ਼ੁਰੂ ਹੋਈ ਸੀ। ਮੈਨੂੰ ਤਾਂ ਸਗੋਂ ਇਹ ਕਿੱਤਾ ਸਿੱਖਣ ਵਿੱਚ ਉਸਦੀ ਮੱਦਦ ਹੀ ਮਿਲੀ।'' ਜਦੋਂ ਮਾਈਕ ਨੇ ਇਹ ਕਿਹਾ ਸੀ, ਮੈਂ ਗਹੁ ਨਾਲ ਉਸਦੇ ਚੇਹਰੇ ਵੱਲ ਦੇਖਿਆ ਸੀ। ਮੈਨੂੰ ਉਸ ਤੋਂ ਕੋਈ ਪਛਤਾਵਾ ਨਹੀਂ ਸੀ ਲੱਭਿਆ।

ਮੇਰੇ ਚਿੱਤ 'ਚ ਆਈ ਸੀ ਕਿ ਕਹਾਂ ਕਿੱਥੇ ਤੂੰ ਮਾਲਕ ਹੋਣਾ ਸੀ, ਕਿੱਥੇ ਤੂੰ ਕਿਸੇ ਦੇ ਥੱਲੇ ਕੰਮ ਕਰਦੈਂ। ਪਰ ਉਦੋਂ ਮੈਂ ਕਿਹਾ ਨਹੀਂ ਸੀ।

ਤੇ ਹੁਣ 'ਕਿਸੇ ਹੋਰ ਦੇ ਥੱਲੇ ਲੱਗਕੇ ਹੁਣ ਕੰਮ ਨਹੀਂ ਹੋਣਾ', ਇਹ ਮੇਰੀ ਚਿੰਤਾ ਬਣ ਗਈ ਸੀ। 'ਹੋ ਸਕਦਾ ਹੈ ਕਿ ਬਰੂਸ ਨੇ ਰਿਟਾਇਰ ਹੋਣਾ ਹੋਵੇ ਜਾਂ ਆਪਣਾ ਕੰਮ ਘੱਟ ਕਰਨ ਲਈ ਉਹ ਕੋਈ ਮਨੇਜ਼ਰ ਰੱਖ ਲਵੇ।' ਇਸ ਤਰ੍ਹਾਂ ਦੇ ਕਈ ਵਿਚਾਰ ਮਨ ਵਿੱਚ ਚੱਲ ਰਹੇ ਸਨ। ਕਦੇ ਚਿੱਤ 'ਚ ਆਉਂਦੀ, 'ਹੋ ਸਕਦਾ ਹੈ ਕਿ ਬਰੂਸ ਨੇ ਉਸਦੀ ਗੈਰਹਾਜ਼ਰੀ ਵਿਚ ਇਕ ਮਹੀਨਾ ਕੰਮ ਸੰਭਾਲਣ ਲਈ ਸਾਡਾ ਧੰਨਵਾਦ ਕਰਨ ਖਾਤਿਰ ਹੀ ਮੀਟਿੰਗ ਸੱਦੀ ਹੋਵੇ। ਤੇ ਹੋ ਸਕਦਾ ਹੈ ਕਿ ਇਸ ਬਦਲੇ ਉਹ ਬੋਨਸ ਹੀ ਦੇ ਦੇਵੇ।' ਜਦੋਂ ਮਾਈਕ ਨੇ ਕੋਈ ਪਟਾਕਾ ਪੈਣ ਵਾਲਾ ਸਵਾਲ ਕੀਤਾ, ਮੈਂ ਏਨ੍ਹਾਂ ਸੋਚਾਂ ਵਿੱਚ ਹੀ ਉਲਝਿਆ ਹੋਇਆ ਸੀ, ਮੈਂ ਮਾਈਕ ਦੇ ਚੇਹਰੇ ਵੱਲ ਨਹੀਂ ਸੀ ਦੇਖਿਆ। ਨਹੀਂ ਤਾਂ ਸ਼ਾਇਦ ਮੈਨੂੰ ਪਤਾ ਲੱਗ ਜਾਂਦਾ ਕਿ ਮਾਈਕ ਨੇ ਮੇਰਾ ਮਜ਼ਾਕ ਉਡਾਉਣ ਲਈ ਹੀ ਇਸ ਤਰ੍ਹਾਂ ਕਿਹਾ ਸੀ। ਮੈਂ ਮਾਈਕ ਨਾਲ ਇਸ ਵਿਸੇ 'ਤੇ ਹੋਰ ਗੱਲਾਂ ਕਰਨਾ ਚਾਹੁੰਦਾ ਸੀ ਪਰ ਉਹ ਆਪਣੀ ਮਸ਼ੀਨ ਕੋਲ ਚਲਾ ਗਿਆ ਸੀ ਤੇ ਮੈਂ ਮੁੜ ਆਪਣੀਆਂ ਸੋਚਾਂ ਵਿੱਚ ਉਲਝ ਗਿਆ ਸੀ। ਮੈਂ ਮਾਈਕ ਨੂੰ ਪੁੱਛਣਾ ਚਾਹੁੰਦਾ ਸੀ ਕਿ ਜੇ ਬਰੂਸ ਨੇ ਮਸ਼ੀਨਸ਼ਾਪ ਵੇਚਣ ਬਾਰੇ ਗੱਲ ਕੀਤੀ, ਤਾਂ ਦੋਨੋਂ ਰਲ਼ ਕੇ ਖਰੀਦ ਲਵਾਂਗੇ। ਇੱਕ ਚਿੰਤਾ ਇਹ ਵੀ ਸੀ ਕਿ ਜੇ ਬਰੂਸ ਨੇ ਜਿਆਦਾ ਕੀਮਤ ਮੰਗ ਲਈ ਤੇ ਉਹ ਸਾਡੇ ਵਿੱਤੋਂ ਬਾਹਰੀ ਹੋਈ ਤੇ ਬਾਹਰੋਂ ਕਿਸੇ ਹੋਰ ਤੋਂ ਉਸ ਨੂੰ ਇਹ ਕੀਮਤ ਮਿਲ ਗਈ ਤਾਂ ਨਵੇਂ ਮਾਲਕ ਪਤਾ ਨੀਂ ਕਿਸ ਤਰ੍ਹਾਂ ਦੇ ਹੋਣਗੇ? ਇਕ ਚਿੱਤ ਕਹਿੰਦਾ ਕਿ ਬਰੂਸ ਇਸ ਤਰ੍ਹਾਂ ਨਹੀਂ ਕਰੇਗਾ ਜੇ ਉਸ ਨੇ ਮਸ਼ੀਨਸ਼ਾਪ ਵੇਚਣੀ ਹੀ ਹੋਈ, ਪਹਿਲ ਸਾਨੂੰ ਹੀ ਦੇਵੇਗੇ। ਅਸੀਂ ਸਾਰੀ ਉਮਰ ਲਾਈ ਹੈ ਇਸ ਮਸ਼ੀਨਸ਼ਾਪ ਨੂੰ ਲੀਹਾਂ 'ਤੇ ਪਾਉਣ ਲਈ। ਮੈਂ ਤਾਂ ਬਿਮਾਰੀ ਠਮਾਰੀ ਵੇਲੇ ਵੀ ਕੰਮ ਤੋਂ ਛੁੱਟੀ ਨਹੀਂ ਸੀ ਕਰਦਾ।

ਤੇ ਇੱਕ ਵਾਰ ਤਾਂ ਬਰੂਸ ਨੇ ਮੇਰੀ ਹਾਲਤ ਦੇਖ ਕੇ ਆਪ ਮੈਨੂੰ ਘਰ ਭੇਜਿਆ ਸੀ। ਉਸ ਦਿਨ ਮੇਰਾ ਜੁਕਾਮ ਕਾਰਣ ਬੁਰਾ ਹਾਲ ਸੀ। ਮੈਨੂੰ ਛਿੱਕਾਂ ਆ ਰਹੀਆਂ ਸਨ, ਨੱਕ ਚੱਲ ਰਿਹਾ ਸੀ। ਸਿਰ ਪਾਟਣ ਪਾਟਣ ਕਰਦਾ ਸੀ ਤੇ ਮੈਂ ਦਵਾਈ ਦੀ ਗੋਲੀ ਲੈ ਕੇ ਕੰਮ 'ਤੇ ਪਹੁੰਚ ਗਿਆ ਸੀ। ਉਸ ਦਿਨ ਮਾਈਕ ਨੇ ਕਿਹਾ ਸੀ, ''ਤੈਨੂੰ ਕੀ ਲੱਗਦੈ ਕਿ ਜੇ ਤੂੰ ਕੰਮ 'ਤੇ ਨਾ ਆਉਂਦਾ ਤਾਂ ਕੀ ਹੋ ਜਾਂਦਾ?''

''ਕੰਮ ਦੇਣ ਵਾਲਾ ਪਿਆ, ਯਾਰ।'' ਮੈਂ ਕਿਹਾ ਸੀ। ਮਾਈਕ ਬੋਲਿਆ, ''ਕੋਈ ਪਹਾੜ ਨਹੀਂ ਡਿੱਗਣ ਲੱਗਾ ਜੇ ਕੰਮ ਲੇਟ ਦਿੱਤਾ ਜਾਊ।'' ਪਰ ਮੈਂ ਉਨ੍ਹਾਂ ਚਿਰ ਕੰਮ ਕਰਦਾ ਰਿਹਾ ਸੀ, ਜਿੰਨਾਂ ਚਿਰ ਆਪ ਬਰੂਸ ਨੇ ਘਰ ਜਾਣ ਲਈ ਨਹੀਂ ਸੀ ਕਿਹਾ।

ਘਰ ਜਾਂਦੇ ਨੂੰ ਮਾਈਕ ਨੇ ਕਿਹਾ ਸੀ, ''ਤੂੰ ਨਿਰਾ ਸ਼ੁਦਾਈ ਐਂ।''

ਤੇ ਫਿਰ ਮੈਨੂੰ ਸ਼ੁਦਾਈ ਆਖਦਾ ਮਾਈਕ ਆਪ ਸ਼ੁਦਾਈ ਬਣ ਗਿਆ ਸੀ। ਉਸ ਨੇ ਕੈਂਪਿੰਗ 'ਤੇ ਜਾਣਾ ਸੀ ਤੇ ਇਕ 'ਰਸ਼ ਆਰਡਰ' ਆ ਗਿਆ ਸੀ। ਮਾਈਕ ਨੇ ਦੁਚਿੱਤੀ ਨਹੀਂ ਸੀ ਦਿਖਾਈ। ਉਹ ਬੋਲਿਆ ਸੀ, ''ਜੇ ਸਾਡਾ ਇਹ ਰੈਗੂਲਰ ਗਾਹਕ ਕਿਸੇ ਹੋਰ ਮਸ਼ੀਨਸ਼ਾਪ 'ਚ ਚਲਿਆ ਗਿਆ, ਇਸ ਨੇ ਵਾਪਸ ਨਹੀਂ ਆਉਣਾ। ਮੈਂ ਇਸਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਛੁੱਟੀਆਂ 'ਤੇ ਚਲਾ ਜਾਵਾਂਗਾ।'' ਤੇ

ਮਾਈਕ ਨੇ ਆਪਣੀਆਂ ਛੁੱਟੀਆਂ ਕੈਂਸਲ ਕਰ ਦਿੱਤੀਆਂ ਸਨ। ਤੇ ਇਹ ਸਿਰਫ ਇਕ ਵਾਰ ਹੀ ਨਹੀਂ ਸੀ ਹੋਇਆ।

ਕੰਮ ਦਿਨੋਂ ਦਿਨ ਵਧ ਰਿਹਾ ਸੀ। ਬਰੂਸ ਕੰਪਿਊਟਰ ਨਾਲ ਚੱਲਣ ਵਾਲੀਆਂ ਸੀ ਐਨ ਸੀ ਮਸ਼ੀਨਾਂ ਲੈ ਆਇਆ। ਇਹ ਮਸ਼ੀਨਾਂ ਕੰਮ ਨੂੰ ਨਿਗਲ ਜਾਂਦੀਆਂ। ਇਹ ਕਈ ਬੰਦਿਆਂ ਦਾ ਕੰਮ ਨਬੇੜ ਦਿੰਦੀਆਂ। ਬਰੂਸ ਨੇ ਮਾਈਕ ਦੇ ਨਾਲ ਭਰਤੀ ਕੀਤੇ ਦੋਨੋਂ ਮਸ਼ੀਨਿਸਟਾਂ ਦੀ ਛਾਂਟੀ ਕਰ ਦਿੱਤੀ। ਮਸ਼ੀਨਸ਼ਾਪ ਵਿੱਚੋਂ ਧੜਾਧੜ ਮਾਲ ਨਿਕਲਦਾ ਦੇਖ ਬਰੂਸ ਨੇ ਵੇਅਰ ਹਾਊਸ ਬੰਦ ਕਰ ਦਿੱਤਾ ਅਤੇ ਸਾਰਾ ਧਿਆਨ ਮਸ਼ੀਨਸ਼ਾਪ ਵੱਲ ਲਾ ਦਿੱਤਾ। ਇਹ ਖ਼ਬਰ ਸੁਣ ਕੇ ਮਾਈਕ ਬੋਲਿਆ, "ਕੌਣ ਨਹੀਂ ਇਸ ਤਰ੍ਹਾਂ ਕਰੇਗਾ, ਜਿਸ ਕੋਲ ਦੋ ਸ਼ੁਦਾਈ ਘੋੜੇ ਹੋਣ, ਜਿਹੜੇ ਸਾਰਾ ਦਿਨ ਸਿਰ ਸੁੱਟਕੇ ਕੰਮ ਵਿੱਚ ਜੁਟੇ ਰਹਿੰਦੇ ਹੋਣ। ਤਿੰਨ ਬੰਦਿਆਂ ਜਿੰਨਾ ਕੰਮ ਤੂੰ ਕਰ ਦਿੰਦੈ, ਤੇ ਦੋ ਜਿੰਨਾ ਮੈਂ।"

ਉਹ ਮੁੜ ਬੋਲਿਆ, "ਬੌਸਮੈਨ, ਤੂੰ ਮੈਨੂੰ ਵੀ ਆਪਣੇ ਵਰਗਾ ਸ਼ੁਦਾਈ ਬਣਾ ਲਿਆ।"

"ਇਸ ਕਰਕੇ ਹੀ ਆਪਣੀ ਮਸ਼ੀਨਸ਼ਾਪ ਤਰੱਕੀ ਕਰ ਰਹੀ ਹੈ।" ਮੈਂ ਕਿਹਾ ਸੀ।

"ਤਰੱਕੀ 'ਚੋਂ ਸਾਨੂੰ ਠੁੱਲੂ ਮਿਲਦੈ।" ਮਾਈਕ ਦਾ ਇਹ ਜਵਾਬ ਮੇਰੇ ਅੰਦਰ ਅੜ ਗਿਆ ਸੀ। ਅਗਲੇ ਦਿਨ ਮੈਂ ਮਾਈਕ ਨੂੰ ਕਿਹਾ ਸੀ, "ਤੇਰੀ ਗੱਲ ਠੀਕ ਹੈ ਕਿ ਮਸ਼ੀਨਸ਼ਾਪ ਦੀ ਤਰੱਕੀ ਦਾ ਸਾਨੂੰ ਕੋਈ ਵਾਧੂ ਫਾਇਦਾ ਨਹੀਂ ਮਿਲਦਾ। ਸਾਰੀ ਆਮਦਨ ਬਰੂਸ ਦੀ ਜ਼ੇਬ ਵਿੱਚ ਜਾਂਦੀ ਹੈ। ਚੱਲ, ਆਪਾਂ, ਆਪਣੀ ਮਸ਼ੀਨਸ਼ਾਪ ਖੋਲ੍ਹੀਏ।" ਮੇਰੀ ਇਹ ਗੱਲ ਸੁਣ ਕੇ ਮਾਈਕ ਕੁਝ ਪਲ ਤਾਂ ਅਵਾਕ ਖੜ੍ਹਾ ਰਿਹਾ ਫਿਰ ਹੱਸ ਪਿਆ ਤੇ ਬੋਲਿਆ, "ਹੁਣ ਪਊ ਪਟਾਕਾ।"

"ਮੈਂ ਗੰਭੀਰ ਹਾਂ। ਰਾਤ ਮੈਂ ਇਹੀ ਸੋਚਦਾ ਰਿਹੈਂ।" ਮੈਂ ਕਿਹਾ।

"ਇਹ ਵੀ ਤਾਂ ਆਪਣੀ ਹੀ ਸ਼ਾਪ ਹੈ।"

"ਪਰ ਆਪਣਾ ਭਵਿੱਖ ਕੀ ਹੈ? ਕੋਈ ਪੈਨਸ਼ਨ ਪਲਾਨ ਨਹੀਂ ਕੰਪਨੀ ਦੀ।"

"ਤੂੰ ਬਹੁਤ ਦੂਰ ਬਾਰੇ ਸੋਚਦੈਂ। ਉਦੋਂ ਤੱਕ ਜਿਉਂਦੇ ਹੋਣਾ ਕਿ ਨਹੀਂ। ਹੁਣ ਬਾਰੇ ਸੋਚ। ਕੋਈ ਹਿੜਕ ਝਿੜਕ ਨਹੀਂ। ਇੱਕ ਤਰ੍ਹਾਂ ਨਾਲ ਕੋਈ ਸਿਰਦਰਦੀ ਲਏ ਬਗੈਰ ਆਪਣੇ ਸੁਪਰਵਾਈਜ਼ਰ ਆਪ ਹਾਂ। ਇਸੇ ਕਰਕੇ ਮੈਂ ਇੱਥੇ ਟਿਕਿਆ ਹੋਇਆ ਹਾਂ।" ਸੁਣਕੇ ਮੈਂ ਚੁੱਪ ਕਰ ਗਿਆ। ਕੁਝ ਪਲਾਂ ਬਾਅਦ ਮਾਈਕ ਬੋਲਿਆ, "ਆਪਣੀ ਵਧੀਆ ਟੀਮ ਹੈ। ਬਰੂਸ ਦਫ਼ਤਰੀ ਕੰਮ ਸੰਭਾਲੀ ਜਾਂਦੈ ਤੇ ਆਪਾਂ ਸ਼ਾਪ। ਇਸ ਤੋਂ ਵਧੀਆ ਟੀਮ ਬਨਣੀ ਮੁਸ਼ਕਲ ਹੈ।"

ਮੈਂ ਚੁੱਪ ਕਰ ਗਿਆ। ਇਕੱਲੇ ਦਾ ਆਪਣੀ ਮਸ਼ੀਨਸ਼ਾਪ ਖੋਲ੍ਹਣ ਦਾ ਹੌਂਸਲਾ ਨਾ ਪਿਆ ਤੇ ਮੈਂ 'ਸਾਡੀ' ਇਸੇ ਮਸ਼ੀਨਸ਼ਾਪ ਦੀ ਤਰੱਕੀ ਵਿੱਚ ਉਵੇਂ ਹੀ ਯੋਗਦਾਨ ਪਾਉਂਦਾ ਰਿਹਾ। ਪਰ ਇਸ ਤਰੱਕੀ ਨੂੰ ਉਦੋਂ ਬਰੇਕਾਂ ਲੱਗ ਗਈਆਂ, ਜਦੋਂ ਵੱਡੀ ਕੰਪਨੀ ਦਾ ਠੇਕਾ ਚੀਨ ਚਲਾ ਗਿਆ। ਤੇ ਉੱਤੋਂ ਸਾਲ ਦੋ ਹਜ਼ਾਰ ਅੱਠ ਵਾਲਾ ਮੰਦਵਾੜਾ ਆ ਗਿਆ। ਦੋ-ਤਿੰਨ ਮਸ਼ੀਨਾਂ ਚਲਾਉਣ ਦੀ ਥਾਂ ਅਸੀਂ ਇਕ ਇਕ ਮਸ਼ੀਨ ਦਾ ਢਿੱਡ ਮਸਾਂ ਭਰਦੇ। ਤੇ ਫਿਰ ਇਕ ਦਿਨ ਬਰੂਸ ਨੇ ਮੀਟਿੰਗ ਸੱਦ ਲਈ, ਜਿਸਦੀ ਸਾਨੂੰ ਉਮੀਦ ਸੀ। ਉਸ ਦਿਨ ਬਹੁਤ ਚਿਰਾਂ ਬਾਅਦ ਮਾਈਕ ਨੇ 'ਪਟਾਕਾ ਪੈਣ੍ਹ' ਵਾਲਾ ਆਪਣਾ ਪ੍ਰਸ਼ਨ ਦੁਹਰਾਇਆ ਸੀ। ਮੈਂ ਅੱਗੋਂ ਹੱਸ ਪਿਆ ਸੀ।

ਮੀਟਿੰਗ ਵਿੱਚ ਮੰਦਵਾੜੇ ਦੇ ਛੇਤੀਂ ਨਾ ਮੁੱਕਣ ਦੀ ਸ਼ੱਕ ਜ਼ਾਹਰ ਕਰਨ ਦੀਆਂ ਗੱਲਾਂ ਕਰਨ ਤੋਂ ਬਾਅਦ ਬਰੂਸ ਬੋਲਿਆ, "ਜੇ ਆਪਾਂ ਮਸ਼ੀਨਸ਼ਾਪ ਨੂੰ ਅੱਠ ਘੰਟੇ ਦੀ ਥਾਂ ਛੇ ਘੰਟੇ ਕਰ ਦੇਈਏ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ? ਕੰਪਨੀ ਨੂੰ ਬਚਾਉਣ ਲਈ ਸਾਨੂੰ ਕੋਈ ਸਾਵਧਾਨੀ ਵਾਲਾ ਕਦਮ ਚੁੱਕਣਾ

ਪੈਣਾ।" ਆਖ ਕੇ ਉਸ ਨੇ ਸਾਡੇ ਦੋਨਾਂ ਦੇ ਚੇਹਰੇ ਵੱਲ ਨਿਗ੍ਹਾ ਮਾਰੀ ਤੇ ਮੁੜ ਬੋਲਿਆ, "ਤੁਸੀਂ ਮੇਰੇ ਪਰਿਵਾਰ ਦਾ ਹਿੱਸਾ ਹੋ, ਮੈਂ ਤੁਹਾਨੂੰ ਗਵਾਉਣਾ ਨਹੀਂ ਚਾਹੁੰਦਾ। ਇਹ ਬੱਸ ਕੁਝ ਕੁ ਹਫ਼ਤਿਆਂ ਤੱਕ ਹੀ ਚੱਲੇਗਾ। ਉਦੋਂ ਤੱਕ ਕਿਸੇ ਨਾ ਕਿਸੇ ਨਵੀਂ ਕੰਪਨੀ ਦਾ ਠੇਕਾ ਮਿਲ ਹੀ ਜਾਵੇਗਾ।" ਉਸ ਨੇ ਵਾਰੀ ਵਾਰੀ ਸਾਡੇ ਚੇਹਰਿਆਂ ਵੱਲ ਦੇਖਿਆ ਅਤੇ ਬੋਲਿਆ, "ਕੋਈ ਦਿੱਕਤ ਤਾਂ ਨਹੀਂ?"

"ਮੈਂ ਕੋਈ ਮੌਰਗੇਜ਼ ਨੀਂ ਦੇਣੀ, ਨਾ ਹੀ ਮੇਰੇ ਬੱਚੇ ਹਨ, ਜਿਨ੍ਹਾਂ ਦੀ ਮੈਂ ਦੇਖ-ਭਾਲ ਕਰਨੀ ਹੋਵੇ, ਮੈਂ ਸਾਰ ਲਵਾਂਗਾ। ਡੇਵ ਨੇ ਮੌਰਗੇਜ਼ ਵੀ ਦੇਣੀ ਹੈ ਤੇ ਇਸਦੇ ਬੱਚੇ ਵੀ ਹਨ। ਮੈਨੂੰ ਭਾਵੇਂ ਲੇਅ ਆਫ ਦੇ ਦੇ ਪਰ ਡੇਵ ਨੂੰ ਪੂਰਾ ਸਮਾਂ ਕੰਮ ਕਰਦੇ ਰਹਿਣ ਦੇ।"

"ਨਹੀਂ, ਨਹੀਂ ਮੈਂ ਵੀ ਸਾਰ ਲਵਾਂਗਾ।" ਮੈਂ ਕਿਹਾ।

"ਪੱਕਾ?" ਬਰੂਸ ਬੋਲਿਆ।

"ਹਾਂ, ਬਿਲਕੁਲ।"

"ਬਹੁਤ ਅੱਛੇ। ਇਹ ਹੈ ਮੇਰਾ ਪਰਿਵਾਰ।" ਬਰੂਸ ਬੋਲਿਆ।

ਬਰੂਸ ਦੇ ਦਫ਼ਤਰ ਵਿੱਚੋਂ ਬਾਹਰ ਆ ਕੇ ਮਾਈਕ ਬੋਲਿਆ, "ਤੂੰ ਮੂਰਖ ਹੈਂ। ਆਖ ਦਿੰਦਾ ਕਿ ਨਹੀਂ ਸਰਨਾ। ਐਨੇ ਸਾਲ ਹੱਡ ਭੰਨਵਾਏ ਆ, ਜੇ ਮਹੀਨਾ ਥੋੜ੍ਹਾ ਕੰਮ ਕਰ ਦੇਵੇਂਗਾ, ਬਰੂਸ ਦਾ ਦਵਾਲੀਆ ਨਹੀਂ ਨਿਕਲਣ ਲੱਗਾ।"

"ਪਰ ਮੈਂ ਤੈਨੂੰ ਨਹੀਂ ਗਵਾਉਣਾ ਚਾਹੁੰਦਾ। ਤੇ ਇਹ ਮੁਨਾਸਿਬ ਵੀ ਨਹੀਂ ਕਿ ਮੈਂ ਪੂਰਾ ਸਮਾਂ ਕੰਮ ਕਰਾਂ ਤੇ ਤੂੰ ਘਰ ਬੈਠ ਜਾਵੇਂ।" ਮੈਂ ਕਿਹਾ।

"ਕੰਮ ਆਉਣਾ ਘੱਟ ਹੀ ਹੋਇਆ, ਬੰਦ ਨਹੀਂ ਹੋਇਆ। ਮੈਨੂੰ ਲੇਅਆਫ ਕਰਕੇ ਉਸਦਾ ਗੁਜ਼ਾਰਾ ਹੀ ਨਹੀਂ ਹੋਣਾ।"

ਇਸ ਗੱਲ ਦਾ ਮੈਨੂੰ ਵੀ ਪਤਾ ਸੀ ਕਿ ਸਾਡੇ ਦੋਹਾਂ ਵਿੱਚੋਂ ਇੱਕ ਨੂੰ ਵੀ ਗਵਾਉਣਾ ਬਰੂਸ ਨੂੰ ਵਾਰਾ ਨਹੀਂ ਖਾਵੇਗਾ। ਮੇਰੇ ਅੰਦਰ ਰੰਜ ਪੈਦਾ ਹੋਇਆ ਕਿ ਕੰਪਨੀ ਦੀ ਚੜ੍ਹਤ ਵੇਲੇ ਬਰੂਸ ਨੇ ਕਦੇ ਵੀ ਆਮਦਨੀ ਵਿੱਚੋਂ ਸਾਨੂੰ ਕੋਈ ਹਿੱਸਾ ਨਹੀਂ ਸੀ ਦਿੱਤਾ ਅਤੇ ਹੁਣ ਮੰਦੇ ਵੇਲੇ ਕੰਪਨੀ ਨੂੰ ਬਚਾਉਣ ਦੀ ਦੁਹਾਈ ਦੇ ਕੇ ਸਾਡੀ ਆਮਦਨ ਘਟਾਉਣੀ ਚਾਹੁੰਦਾ ਸੀ। ਇਸੇ ਗਿਲੇ ਵਿੱਚੋਂ ਹੀ ਮੇਰੇ ਅੰਦਰ ਮੁੜ ਆਪਣੀ ਮਸ਼ੀਨਸ਼ਾਪ ਸ਼ੁਰੂ ਕਰਨ ਦਾ ਵਿਚਾਰ ਉੱਸਲਵੱਟੇ ਲੈਣ ਲੱਗਾ। ਪਰ ਇਹ ਉਬਾਲ ਕੁਝ ਦਿਨ ਹੀ ਰਿਹਾ ਸੀ। ਕੰਮ ਦੇ ਮੁੜ ਤੇਜ ਹੋਣ ਨਾਲ ਬੈਠ ਗਿਆ ਸੀ। ਤੇ ਫਿਰ ਅਚਾਨਕ ਹੀ ਪਿਛਲੇ ਸਾਲ ਇਕ ਦਿਨ ਬਰੂਸ ਨੇ ਕੰਮ ਤੋਂ ਬਾਅਦ ਮਿਲਣ ਲਈ ਕਿਹਾ ਸੀ। ਬਰੂਸ ਦੇ ਪਾਸੇ ਹੁੰਦਿਆਂ ਹੀ ਮਾਈਕ ਮੇਰੇ ਕੋਲ ਪਹੁੰਚ ਗਿਆ ਸੀ। ਬੋਲਿਆ, "ਕਿਓਂ, ਪਉ ਪਟਾਕਾ ?"

ਮੈਨੂੰ ਹਾਲੇ ਕਿਸੇ ਕਹਾਣੀ ਦਾ ਲੜ ਸਿਰਾ ਨਹੀਂ ਸੀ ਮਿਲ ਰਿਹਾ ਕਿ ਕਿਓਂ ਬਰੂਸ ਨੇ ਆਵਾਜ਼ ਨੀਵੀਂ ਕਰਕੇ ਕਿਹਾ ਸੀ, "ਇਹ ਸਾਡੇ ਤਿੰਨਾਂ ਵਿਚਾਲੇ ਹੀ ਹੈ।" ਭਾਵੇਂ ਸਾਡੇ ਤਿੰਨਾਂ ਤੋਂ ਇਲਾਵਾ ਕੰਪਨੀ ਵਿੱਚ ਦਫ਼ਤਰੀ ਕੰਮ ਲਈ ਸਿਰਫ ਇੱਕ ਹੋਰ ਕੁੜੀ ਹੀ ਪਾਰਟ ਟਾਈਮ ਕੰਮ ਕਰਦੀ ਸੀ।

ਜਦੋਂ ਮਾਈਕ ਨੇ ਆਪਣਾ ਪ੍ਰਸ਼ਨ ਦਾਗਿਆ, ਮੈਂ ਹੱਸ ਪਿਆ ਫਿਰ ਕਿਹਾ, "ਸਮਝ ਨਹੀਂ ਲੱਗੀ ਕਿ ਕਿਓਂ ਬਰੂਸ ਬੀਅਰ ਪਿਓਣ ਲੈ ਕੇ ਚੱਲਿਐ।"

"ਤੂੰ ਦੇਖ ਲਵੀਂ ਇਹ ਕੋਈ ਵੱਡੀ ਰਿਆਇਤ ਮੰਗੇਗਾ।"

ਮਾਈਕ ਦੀ ਇਹ ਗੱਲ ਮੈਨੂੰ ਜਚ ਗਈ ਸੀ। ਬਰੂਸ ਇਸੇ ਤਰ੍ਹਾਂ ਹੀ ਕੋਈ ਚਾਪਲੂਸੀ ਕਰਦਾ, ਜਦੋਂ ਉਸ ਨੇ ਕੋਈ ਰਿਆਇਤ ਲੈਣੀ ਹੁੰਦੀ। ਮੈਨੂੰ ਇਹ ਵੀ ਪਤਾ ਸੀ ਕਿ ਬਰੂਸ ਨੇ ਕਰਨੀ ਆਪਣੇ ਚਿੱਤ ਆਈ ਹੀ

ਹੁੰਦੀ ਸੀ ਪਰ ਉਹ ਦਿਖਾਵਾ ਇਸ ਤਰ੍ਹਾਂ ਕਰਦਾ ਜਿਵੇਂ ਉਹ ਸਾਡੀ ਰਾਇ ਤੋਂ ਬਿਨਾਂ ਮਸ਼ੀਨਸ਼ਾਪ ਨਾਲ ਸਬੰਧਤ ਕਿਸੇ ਫੈਸਲੇ ਲਈ ਪੈਰ ਵੀ ਨਾ ਪੁਟਦਾ ਹੋਵੇ।

ਬਰੂਸ ਨੇ ਪੱਬ ਵਿੱਚ ਜਾ ਕੇ ਇਕ ਇਕ ਬੀਅਰ ਮੁੱਕਣ ਤੋਂ ਬਾਅਦ ਕਿਹਾ ਸੀ, "ਮੁੰਡਿਓ, ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ਜੇ ਮੈਂ ਆਪਣੇ ਬੇਟੇ ਜਸਟਿਨ ਨੂੰ ਮਸ਼ੀਨਸ਼ਾਪ ਵਿੱਚ ਲੈ ਆਵਾਂ?" ਇਹ ਸੁਣਕੇ ਮੈਂ ਕਨੱਖੀਆਂ ਵਿੱਚੋਂ ਮਾਈਕ ਵੱਲ ਦੇਖਿਆ। ਉਹ ਮੁਸਕਰਾ ਪਿਆ। ਬਰੂਸ ਫਿਰ ਬੋਲਿਆ,"ਜਸਟਿਨ ਤੀਹ ਸਾਲ ਦਾ ਹੋ ਗਿਐ, ਹਾਲੇ ਵੀ ਕਿਸੇ ਕੰਮ 'ਤੇ ਸੈੱਟ ਨਹੀਂ ਹੁੰਦਾ। ਪਿਛਲੇ ਹਫ਼ਤੇ ਫਿਰ ਨੌਕਰੀ ਛੱਡ ਆਇਐ। ਜੇ ਤੁਸੀਂ ਮੇਰੀ ਮੱਦਦ ਕਰੋਂ ਤਾਂ ਆਪਾਂ ਉਸ ਨੂੰ ਮਸ਼ੀਨਸ਼ਾਪ ਵਿੱਚ ਕੰਮ ਦੇ ਕੇ ਦੇਖੀਏ?" ਆਖ ਕੇ ਬਰੂਸ ਨੇ ਮੇਰੇ ਤੇ ਮਾਈਕ ਵੱਲ ਵਾਰੀ ਵਾਰੀ ਦੇਖਿਆ। "ਓਹਦੀ ਦਿਲਚਸਪੀ ਹੈ ਮਸ਼ੀਨਸ਼ਾਪ ਦਾ ਕੰਮ ਸਿੱਖਣ ਵਿੱਚ?" ਮਾਈਕ ਨੇ ਪੁੱਛਿਆ।

"ਸਹਿਮਤ ਹੋ ਗਿਐ।" ਆਖ ਕੇ ਬਰੂਸ ਨੇ ਮੇਰੇ ਵੱਲ ਦੇਖਿਆ ਤੇ ਪੁੱਛਿਆ, "ਤੂੰ ਕੀ ਕਹਿੰਨੈ?"

"ਮੈਂ ਕਿਸੇ ਨੂੰ ਕੰਮ ਸਿਖਾਉਣ ਵਿੱਚ ਬਹੁਤਾ ਮਾਹਰ ਨਹੀਂ, ਪਰ ਲੈ ਆ।"

ਤੇ ਅਗਲੇ ਹਫ਼ਤੇ ਤੋਂ ਜਸਟਿਨ ਕੰਮ 'ਤੇ ਆ ਗਿਆ ਸੀ। ਪਰ ਉਹ ਦੋ ਦਿਨਾਂ 'ਚ ਹੀ ਕੰਮ ਤੋਂ ਇਨਕਾਰੀ ਹੋ ਗਿਆ। ਜਿਵੇਂ ਆਮ ਸਿਖਾਂਦਰੂ ਨੂੰ ਪਹਿਲਾਂ ਪਹਿਲਾਂ ਕੰਮ 'ਤੇ ਲਾਈਦਾ ਹੈ, ਮੈਂ ਉਸੇ ਤਰ੍ਹਾਂ ਹੀ ਜਸਟਿਨ ਨੂੰ ਵੀ ਬੈਂਡਸਾਅ'ਤੇ ਪੀਸ ਕੱਟਣ ਲਾ ਦਿੱਤਾ। ਉਹ ਘੰਟਾ ਕੁ ਕੰਮ ਕਰਦਾ ਰਿਹਾ ਫਿਰ ਮੇਰੇ ਕੋਲ ਆ ਕੇ ਬੋਲਿਆ, "ਮੈਂ ਨੀਂ ਇਹ ਕੰਮ ਕਰ ਸਕਦਾ। ਇਹ ਬਹੁਤ ਉਕਾਊ ਹੈ।"

"ਮਸ਼ੀਨਸ਼ਾਪ 'ਚ ਏਦਾਂ ਦੇ ਹੀ ਕੰਮ ਹੁੰਦੇ ਆ।" ਮੇਰਾ ਇਹ ਜਵਾਬ ਸੁਣ ਕੇ ਜਸਟਿਨ ਮਸ਼ੀਨਸ਼ਾਪ 'ਚੋਂ ਚਲਾ ਗਿਆ। ਅਗਲੇ ਦਿਨ ਮੈਂ ਉਸ ਨੂੰ ਖਰਾਦ ਮਸ਼ੀਨ ਸੈੱਟ ਕਰ ਦਿੱਤੀ। ਉਸ ਮਸ਼ੀਨ 'ਤੇ ਵੀ ਜਸਟਿਨ ਦਾ ਮਨ ਨਾ ਲੱਗਾ। ਉਹ ਘੰਟੇ ਕੁ ਬਾਅਦ ਹੀ ਸੰਦ ਸੁੱਟਕੇ ਚਲਾ ਗਿਆ। ਜਾਂਦਾ ਹੋਇਆ ਬੋਲਿਆ, "ਮੈਂ ਇਹੋ-ਜਿਹੇ ਕੰਮ ਕਰਨ ਵਾਸਤੇ ਨੀਂ ਬਣਿਆ।" ਉਸ ਤੋਂ ਬਾਅਦ ਜਸਟਿਨ ਮਸ਼ੀਨਸ਼ਾਪ ਵਿੱਚ ਨਹੀਂ ਸੀ ਆਇਆ ਤੇ ਮਹੀਨਾ ਪਹਿਲਾਂ ਵੀ ਨਹੀਂ ਸੀ ਆਇਆ, ਜਦੋਂ ਬਰੂਸ ਨੂੰ ਦਿਲ ਦਾ ਦੌਰਾ ਪਿਆ ਸੀ। ਬਰੂਸ ਦੀ ਗੈਰਹਾਜ਼ਰੀ ਵਿੱਚ ਮੈਂ ਤੇ ਮਾਈਕ ਨੇ ਕੰਮ ਸੰਭਾਲ ਲਿਆ ਸੀ। ਕੰਮ ਦਾ ਆਖਰੀ ਘੰਟਾ ਅਤੇ ਇਕ ਘੰਟਾ ਓਵਰਟਾਈਮ ਲਾ ਕੇ ਅਸੀਂ ਦਫ਼ਤਰੀ ਕੰਮ ਨਬੇੜ ਦਿੰਦੇ। ਸਿਹਤਯਾਬ ਹੋ ਕੇ ਬਰੂਸ ਕੰਮ 'ਤੇ ਆਇਆ ਸੀ ਤੇ ਉਸ ਨੇ ਮੀਟਿੰਗ ਸੱਦ ਲਈ ਸੀ।

ਕੁਝ ਦੇਰ ਏਧਰ ਓਧਰ ਦੀਆਂ ਮਾਰ ਕੇ ਬਰੂਸ ਉੱਠਕੇ ਆਪਣੇ ਦਫ਼ਤਰ ਦਾ ਦਰਵਾਜ਼ਾ ਬੰਦ ਕਰਦਾ ਬੋਲਿਆ, "ਕੰਪਨੀ ਦੇ ਬੋਰਡ ਆਫ ਡਾਇਰੈਟਰਜ਼ ਦੀ ਮੀਟਿੰਗ ਕਰੀਏ ਸ਼ੁਰੂ?" ਬਰੂਸ ਨੂੰ ਇਸ ਤਰ੍ਹਾਂ ਕਰਦਾ ਦੇਖਕੇ ਮੈਂ ਮਾਈਕ ਵੱਲ ਦੇਖਿਆ। ਉਹ ਮੁਸਕਰਾ ਪਿਆ। ਆਪਣੀ ਕੁਰਸੀ 'ਤੇ ਵਾਪਸ ਬੈਠਦਾ ਬਰੂਸ ਬੋਲਿਆ, "ਮੇਰੀ ਗੈਰਹਾਜ਼ਰੀ ਵਿੱਚ ਜਿਸ ਤਰ੍ਹਾਂ ਤੁਸੀਂ ਕਾਰੋਬਾਰ ਨੂੰ ਚਲਾਇਆ ਹੈ, ਉਸ ਲਈ ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ। ਮੈਨੂੰ ਤੁਹਾਡਾ ਇਸੇ ਤਰ੍ਹਾਂ ਹੀ ਹੋਰ ਸਹਿਯੋਗ ਚਾਹੀਦੈ।"

"ਅਸੀਂ ਹਮੇਸ਼ਾਂ ਹੀ ਤੇਰੇ ਨਾਲ ਰਹੇ ਹਾਂ।" ਮੈਂ ਕਿਹਾ।

"ਕਿਸ ਤਰ੍ਹਾਂ ਦਾ ਸਹਿਯੋਗ?" ਮਾਈਕ ਨੇ ਪੁੱਛਿਆ।

"ਕਾਰੋਬਾਰ ਚਲਾਉਣ ਵਿੱਚ। ਮੈਂ ਤੁਹਾਡੀ ਤਨਖਾਹ ਵਧਾਕੇ ਜਵਾਂਗਾ।"

"ਤੂੰ ਕਿੱਥੇ ਜਾ ਰਿਹੈਂ?" ਮਾਈਕ ਨੇ ਹੈਰਾਨੀ 'ਚ ਪੁੱਛਿਆ।

"ਮੈਂ ਸੇਵਾ ਮੁਕਤ ਹੋ ਰਿਹੈਂ...।"

"ਤਾਂ ਤੂੰ ਚਾਹੁੰਨੈਂ ਕਿ ਅਸੀਂ ਮਸ਼ੀਨਸ਼ਾਪ ਚਲਾਈਏ?" ਮਾਈਕ ਨੂੰ ਸ਼ਾਇਦ ਆਪਣੀ ਆਸ 'ਤੇ ਬੂਰ

ਪੈਂਦਾ ਦਿਸ ਰਿਹਾ ਸੀ ਇਸ ਕਰਕੇ ਉਸਨੇ ਵਿੱਚੋਂ ਹੀ ਪੁੱਛ ਲਿਆ ਤੇ ਫਿਰ ਬੋਲਿਆ, “ਸਾਨੂੰ ਕੋਈ ਇਤਰਾਜ਼ ਨਹੀਂ। ਠੀਕ ਹੈ ਨਾ, ਡੇਵ?” ਮੈਂ ਹਾਂ ਵਿੱਚ ਸਿਰ ਹਿਲਾਇਆ। ਬਰੂਸ ਬੋਲਿਆ, “ਆਈ ਐਮ ਪਾਸਿੰਗ ਔਨ ਦਾ ਟੌਰਚ ਟੂ ਮਾਈ ਸੰਨ- ਮੈਂ ਮਿਸ਼ਾਲ ਆਪਣੇ ਬੇਟੇ ਦੇ ਹੱਥ ਫੜਾ ਰਿਹਾ ਹਾਂ।” ਇਕ ਪਲ ਲਈ ਕਮਰੇ ਵਿੱਚ ਚੁੱਪੀ ਵਰਤ ਗਈ। ਮਾਈਕ ਨੇ ਮੇਰੇ ਵੱਲ ਦੇਖਿਆ। ਮੇਰੇ ਦੰਦ ਜੁੜ ਗਏ ਸਨ। ਬਰੂਸ ਮੁੜ ਬੋਲਿਆ, “ਜਸਟਿਨ ਕਾਰੋਬਾਰ ਚਲਾਵੇਗਾ। ਤੁਹਾਨੂੰ ਪਤਾ ਹੀ ਹੈ ਕਿ ਉਸ ਲਈ ਇਹ ਸਭ ਨਵਾਂ ਹੈ। ਪਰ ਉਹ ਛੇਤੀਂ ਸਿੱਖ ਲਵੇਗਾ।”

ਮਾਈਕ ਬੋਲਿਆ, “ਏਦਾਂ ਨੀਂ ਹੁੰਦਾ ਕਿ ਜਿਸ ਨੇ ਕਾਰੋਬਾਰ ਸੈੱਟ ਕੀਤਾ ਹੋਵੇ, ਮਿਸ਼ਾਲ ਉਸੇ ਨੂੰ ਫੜਾਈ ਜਾਵੇ?” ਮਾਈਕ ਦਾ ਚੇਹਰਾ ਸੁਰਖੀ ਫੜਣ ਲੱਗਾ। ਬਰੂਸ ਕੁਝ ਪਲ ਨਾ ਬੋਲਿਆ ਜਿਵੇਂ ਉਸ ਨੂੰ ਗੱਲ ਦੀ ਸਮਝ ਨਾ ਲੱਗੀ ਹੋਵੇ। ਫਿਰ ਬੋਲਿਆ, “ਮੈਂ ਇਹ ਕਾਰੋਬਾਰ ਸੈੱਟ ਕੀਤਾ ਹੈ ਤੇ ਹੁਣ ਆਪਣੇ ਬੇਟੇ ਨੂੰ ਦੇ ਰਿਹਾ ਹਾਂ। ਏਹਦੇ ’ਚ ਕੀ ਗਲਤ ਹੈ?”

“ਨਹੀਂ, ਤੂੰ ਇਕੱਲੇ ਨੇ ਨਹੀਂ। ਅਸੀਂ ਰਲ਼ ਕੇ ਇਹ ਮਸ਼ੀਨਸ਼ਾਪ ਨੂੰ ਪੈਰਾਂ ਸਿਰ ਕੀਤੈ। ਖਾਸ ਕਰਕੇ ਇਸ ਬੰਦੇ ਨੇ।” ਮਾਈਕ ਨੇ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ। ਮਾਈਕ ਮੁੜ ਬੋਲਿਆ, “ਅਸੀਂ ਤੇਰੇ ਕਾਰੋਬਾਰ ਦੇ ਪਰਿਵਾਰ ਦਾ ਹਿੱਸਾ ਹਾਂ, ਜਿਵੇਂ ਤੂੰ ਆਮ ਹੀ ਕਹਿੰਦਾ ਹੁੰਨੈ। ਹੁਣੇ ਹੀ ਤੂੰ ਆਖਕੇ ਹਟਿਆ ਹੈਂ ਕਿ ਬੋਰਡ ਆਫ ਡਾਇਰੈਟਰਜ਼ ਦੀ ਮੀਟਿੰਗ ਹੈ। ਕੀ ਉਹ ਸਾਨੂੰ ਫੋਕੀ ਫੂਕ ਛਕਾਉਣ ਲਈ ਆਖਦਾ ਹੁੰਨੈ?”

“ਤੂੰ ਕੀ ਚਾਹੁੰਨੈ?” ਬਰੂਸ ਬੋਲਿਆ।

“ਸਾਨੂੰ ਚਲਾਉਣ ਦੇ। ਆਪਾਂ ਰਲ਼ ਮਿਲਕੇ ਕੋਈ ਹੱਲ ਕੱਢ ਲਵਾਂਗੇ ਤੇ ਤੈਨੂੰ ਹਰ ਮਹੀਨੇ ਤੇਰਾ ਬਣਦਾ ਹਿੱਸਾ ਪਹੁੰਚਦਾ ਕਰਦਿਆ ਕਰਾਂਗੇ, ਕਿਉਂ ਡੇਵ?” ਮਾਈਕ ਦੀ ਇਹ ਗੱਲ ਸੁਣਕੇ ਮੈਂ ਬਰੂਸ ਦੇ ਹਾਵ ਭਾਵ ਜਾਨਣ ਲਈ ਉਸਦੇ ਚੇਹਰੇ ਵੱਲ ਦੇਖਿਆ। ਉਸਦਾ ਚੇਹਰਾ ਤਪ ਰਿਹਾ ਸੀ। ਇਸਦੀ ਪਰਵਾਹ ਕੀਤੇ ਬਿਨਾਂ ਮੈਂ ਆਖਿਆ, “ਬਿਲਕੁਲ।”

“ਇਨਮੇਟਸ ਡੌਂਟ ਰਨ ਦਾ ਅਸਾਏਲਮ- ਪਨਾਹਗੀਰ ਪਨਾਹਗਾਹ ਦਾ ਪ੍ਰਬੰਧ ਨਹੀਂ ਚਲਾਉਂਦੇ ਹੁੰਦੇ।” ਬਰੂਸ ਬੋਲਿਆ। ਬਰੂਸ ਦੀ ਇਹ ਗੱਲ ਸੁਣਕੇ ਮੇਰਾ ਅੰਦਰਲਾ ਮਨ ਬੋਲਿਆ, “ਇਹ ਚਲਾਉਣ ਲਈ ਸਹਿਯੋਗ ਲੈਣ ਲਈ ਹੀ ਤੂੰ ਸਾਡੀ ਮੱਦਦ ਮੰਗ ਰਿਹੈ। ਤੇ ਹਾਂ ਪਿਛਲੇ ਪੱਚੀ ਸਾਲਾਂ ਤੋਂ ਇਹ ਪਨਾਹਗੀਰ ਹੀ ਮਸ਼ੀਨਸ਼ਾਪ ਚਲਾ ਰਹੇ ਆ।”

“ਇਹ ਨਾ ਭੁੱਲੋ ਕਿ ਮੈਂ ਤੁਹਾਨੂੰ ਏਨੇ ਸਾਲ ਨੌਕਰੀ ਦਿੱਤੀ ਹੈ।”

“ਨੌਕਰੀ ਦੀ ਕੋਈ ਗੱਲ ਨਹੀਂ ਸੀ ਇਹ ਅਸੀਂ ਕਿਤੇ ਵੀ ਕਰ ਸਕਦੇ ਸੀ ਇਸਦਾ ਤੈਨੂੰ ਵੀ ਪਤਾ ਹੈ।” ਮਾਈਕ ਬੋਲਿਆ।

“ਮੈਂ ਹਮੇਸ਼ਾਂ ਇਸ ਮਸ਼ੀਨਸ਼ਾਪ ਨੂੰ ਆਪਣਾ ਸਮਝਕੇ ਕੰਮ ਕੀਤੈ।” ਮੈਂ ਆਖਿਆ।

“ਤਾਂ ਮੈਂ ਸਮਝਾਂ ਕਿ ਤੁਸੀਂ ਸਹਿਯੋਗ ਨਹੀਂ ਦਿਓਗੇ?” ਬਰੂਸ ਦੀ ਸੁਰ ਨੀਵੀਂ ਹੋ ਗਈ।

“ਅਸੀਂ ਇੱਥੇ ਤੇਰੇ ਨਲਾਇਕ ਪੁੱਤ ਲਈ ਕੰਮ ਕਰਨ ਦੀ ਬਜਾਏ ਆਪਣੀ ਮਸ਼ੀਨਸ਼ਾਪ ਨਾ ਖੋਲ੍ਹਾਂਗੇ।” ਆਖ ਕੇ ਮੈਂ ਖੜ੍ਹਾ ਹੋਣ ਲਈ ਕੁਰਸੀ ਦੇ ਹੱਥਿਆਂ ’ਤੇ ਜ਼ੋਰ ਪਾਇਆ ਅਤੇ ਮਾਈਕ ਵੱਲ ਦੇਖਿਆ। ਸਾਡੀਆਂ ਅੱਖਾਂ ਮਿਲੀਆਂ।

“ਤੇ ਜੇ ਤੇਰੇ ਪੁੱਤ ਨੇ ਕੰਮ ਸਿੱਖਣਾ ਹੋਇਆ ਤਾਂ ਸਾਡੀ ਮਸ਼ੀਨਸ਼ਾਪ ’ਚ ਭੇਜ ਦੇਵੀਂ, ਅਸੀਂ ਸਿਖਾਅ ਦਿਆਂਗੇ।” ਆਖ ਕੇ ਮਾਈਕ ਉੱਠ ਖਲੋਤਾ ਅਤੇ ਅਸੀਂ ਦਫ਼ਤਰ ਵਿੱਚੋਂ ਬਾਹਰ ਹੋ ਗਏ।

(**ਸੰਪਰਕ** +1 (778) 231-1189, **ਕੈਨੇਡਾ**)

ਕਹਾਣੀ

# ਆਫ਼ਟਰ ਫੌਰਟੀ

ਸਰਘੀ



## ਕਹੇ ਰੌਸ਼ਨੀ

ਆਫ਼ਟਰ ਫੌਰਟੀ ਮੈਨ ਹੀ ਨੌਟੀ ਨਹੀਂ ਹੁੰਦਾ, ਵੁਮੈਨ ਵੀ ਨੌਟੀ ਹੋ ਜਾਂਦੀ ਹੈ। ਇਹ ਗੱਲ ਮੈਨੂੰ ਕਿਸੇ ਹੋਰ ਨੇ ਨਹੀਂ ਦੱਸੀ, ਮੇਰੇ ਅੰਦਰ ਬੈਠੀ ਔਰਤ ਨੇ ਮੈਨੂੰ ਦੱਸੀ ਹੈ। ਸ਼ਰਾਰਤੀ ਤਾਂ ਪਹਿਲਾਂ ਵੀ ਬਥੇਰੀ ਸੀ, ਪਰ ਜਦ ਦਾ ਫੌਰਟੀ ਕਰਾਸ ਕੀਤਾ, ਹੋਰ ਵੀ ਨੌਟੀ ਹੋ ਗਈ ਹਾਂ। ਹੁਣ ਮੇਰੇ ਸਿਰਫ਼ ਨੈਣ ਹੀ ਸ਼ਰਾਰਤਾਂ ਨਹੀਂ ਕਰਦੇ, ਬਾਕੀ ਨਕਸ਼ ਵੀ ਸ਼ਰਾਰਤੀ ਹੋ ਗਏ ਹਨ। ਚੱਲ ਛੱਡ ਰੌਸ਼ਨੀ...ਤੂੰ ਸ਼ਰਾਰਤਾਂ ਹੀ ਕਰਦੀ ਹੈਂ...ਸਾਜ਼ਿਸ਼ਾਂ ਤਾਂ ਨਹੀਂ।

ਉਫ਼ ਇਹ ਸਾਜ਼ਿਸ਼ੀ ਲੋਕ...। ਉਹ ਵੀ ਤਾਂ ਸਾਜ਼ਿਸ਼ ਹੀ ਸੀ ਜਦ ਮੇਰੀ ਸੱਸ ਆਪਣੇ ਪੁੱਤ 'ਤੇ ਪਰਦੇ ਪਾਉਣ ਲਈ ਮੇਰੇ ਡੈਡ ਨੂੰ ਜਾ ਕੇ ਕਹਿ ਆਈ ਸੀ, "ਭਾਈ ਸਾਹਿਬ ! ਤੁਹਾਡੀ ਧੀ ਨੂੰ ਇਹ ਵੀ ਅਕਲ ਨਹੀਂ...ਬੰਦਾ ਕਿਵੇਂ ਖ਼ੁਸ਼ ਰੱਖਣਾ ਹੈ।" ਉਂਜ ਹੁਣ ਮੇਰੇ ਤੋਂ ਪਤਾ ਨਹੀਂ ਕਿੰਨੇ ਕੁ ਖ਼ੁਸ਼ ਹਨ, ਇਹਦਾ ਲੇਖਾ-ਜੋਖਾ ਮੈਂ ਨਹੀਂ ਕਰਦੀ। ਕਦੇ-ਕਦੇ ਮੇਰਾ ਦਿਲ ਕਰਦਾ...ਜੋ ਕਦੇ ਮੇਰੀ ਸੱਸ ਸੀ...ਉਹਨੂੰ ਇਹ ਗੱਲ ਜਾ ਕੇ ਦੱਸਾਂ।

ਮੈਂ ਸੀ. ਡੀ. ਪੀ. ਉ ਹਾਂ। ਚੰਗੀ ਭਲੀ ਸ਼ਕਲ ਤੇ ਚੰਗੀ ਅਕਲ ਵਾਲੀ ਮੈਂ, ਸੱਸ ਦੀਆਂ ਨਜ਼ਰਾਂ 'ਚ ਬੇਅਕਲੀ ਬਣ ਗਈ ਸੀ। ਆਪਣੇ ਪੁੱਤਰ ਦੀ ਤਰੀਫ਼ ਕਰਦਿਆਂ ਅਕਸਰ ਕਹਿੰਦੀ, "ਪੁੱਤ ਜੰਮਣ ਖ਼ਤਰਾਣੀਆਂ ਕੋਈ ਵਿਰਲੀ ਜੱਟੀ।" ਪੁੱਤ ਦੇ ਸੋਹਿਲੇ ਗਾਉਂਦਿਆਂ ਉਹ ਭੁੱਲ ਜਾਂਦੀ ਸੀ ਕਿ ਮੈਂ ਵੀ ਖੱਤਰੀਆਂ ਦੀ ਧੀ ਹਾਂ।

ਮਹਿੰਦੀ ਰੱਤਾ ਹੱਥ ਮੇਰੇ ਵੱਲ ਕੋਈ ਕਾਗ਼ਜ਼ ਸਰਕਾ ਜਾਂਦਾ ਹੈ ਤੇ ਮੈਂ ਉਥੇ ਪਹੁੰਚ ਜਾਂਦੀ ਹਾਂ, ਜਦ ਮੇਰੇ ਹੱਥਾਂ 'ਤੇ ਵੀ ਮਹਿੰਦੀ ਦਾ ਰੰਗ ਗੂੜ੍ਹਾ ਸੀ। ਮਹਿੰਦੀ ਰੱਤੇ ਹੱਥਾਂ 'ਚ ਉਹਦਾ ਨਾਂ ਵੀ ਸੀ...ਬੜੇ ਚਾਅ ਨਾਲ ਮਹਿੰਦੀ ਵਾਲੇ ਹੱਥ ਉਹਦੇ ਅੱਗੇ ਰੱਖ ਦਿੱਤੇ ਸੀ। ਪਤਾ ਨਹੀਂ ਕਿਉਂ ਉਸ ਆਪਣੇ ਨਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਪਰ ਉਹਦੀ ਤੇਹ ਮੈਨੂੰ ਵੀ ਪਿਆਸ ਲਗਾ ਗਈ ਸੀ। ਉਹਦੇ ਸੇਕ ਨਾਲ ਮੈਂ ਵੀ ਪਿਘਲ ਗਈ ਸੀ। ਉਹਦੀ ਤੇਹ ਛੇਤੀ ਹੀ ਬੁਝ ਗਈ ਸੀ। ਉਹ ਉਬਾਸੀ ਲੈ ਪਿੱਠ ਕਰਕੇ ਸੌਂ ਗਿਆ ਸੀ। ਪਰ ਮੈਂ ਤਾਂ ਅਜੇ ਵੀ ਪਿਆਸੀ ਸੀ।

ਸੇਜ਼ 'ਤੇ ਵਿਛੇ ਸੂਹੇ ਗੁਲਾਬਾਂ ਨੂੰ ਬੜੇ ਚਾਅ ਨਾਲ ਮੈਂ ਆਪਣੇ ਹੱਥੀਂ ਚੁੱਕਿਆ ਸੀ। ਕੋਨੇ 'ਚ ਪਏ ਫੁੱਲਦਾਨ 'ਚ ਉਨ੍ਹਾਂ ਫੁੱਲਾਂ ਨੂੰ ਟਿਕਾਅ ਦਿੱਤਾ ਸੀ, ਪਰ ਉਨ੍ਹਾਂ ਫੁੱਲਾਂ 'ਚੋਂ ਮੈਨੂੰ ਖ਼ੁਸ਼ਬੂ ਨਹੀਂ ਆ ਰਹੀ ਸੀ। ਮਹਿਕ ਤਾਂ ਮੈਨੂੰ ਆਪਣੇ ਰਿਸ਼ਤੇ ਤੋਂ ਵੀ ਨਹੀਂ ਆ ਰਹੀ ਸੀ। ਪਰ ਫਿਰ ਵੀ ਉਹ ਹਰ ਰਾਤ ਨੂੰ ਅੱਥਰੀ ਛੱਲ ਵਾਂਗ ਮੇਰੇ ਵੱਲ ਆਉਂਦਾ ਤੇ ਮੈਂ ਉਹਦੇ ਸ਼ੂਕਦੇ ਪਾਣੀਆਂ 'ਚ ਰੁੜ੍ਹ ਜਾਂਦੀ।

ਆਪਣੇ ਜਿਸਮ 'ਚ ਮੈਂ ਕੁਝ ਤਬਦੀਲੀ ਜਿਹੀ ਮਹਿਸੂਸ ਕੀਤੀ। ਭਾਵੇਂ ਸੱਸ ਦੇ ਕਹਿਣ ਮੁਤਾਬਿਕ

ਉਹ ਮੇਰੇ ਤੋਂ ਖ਼ੁਸ਼ ਨਹੀਂ ਸੀ। ਪਰ ਫਿਰ ਵੀ ਡਾਕਟਰ ਨੇ ਖ਼ੁਸ਼ਖ਼ਬਰੀ ਸੁਣਾ ਦਿੱਤੀ ਸੀ। ਖ਼ੁਸ਼ਖ਼ਬਰੀ ਸੁਣ ਅਨੰਦ ਤ੍ਰਬਕਿਆ ਸੀ। ਉਸ ਸ਼ਾਮ ਉਹ ਮੇਰੇ ਮੋਢੇ 'ਤੇ ਸਿਰ ਰੱਖ ਰੋ ਪਿਆ ਸੀ। ਉਹਦੀ ਮੁਹੱਬਤੀ ਗਾਥਾ ਸੁਣ ਮੈਨੂੰ ਤਰਸ ਆਇਆ ਸੀ ਤੇ ਉਸ ਪਲ ਮੈਂ ਇਹ ਜਾਣਿਆ ਸੀ ਕਿ ਇਸ ਦੇਸ਼ ਅੰਦਰ ਔਰਤ ਹੀ ਮਜ਼ਬੂਰ ਨਹੀਂ ਹੁੰਦੀ...ਮਰਦ ਵੀ ਮਜ਼ਬੂਰ ਹੁੰਦਾ...। ਪਰ ਫਿਰ ਵੀ ਉਹ ਮੇਰਾ ਗੁਨਾਹਗਾਰ ਸੀ...। ਸ਼ਾਇਦ ਇਸੇ ਲਈ ਮੈਂ ਉਹਦੇ ਅੱਥਰੂ ਵਗਦੇ ਹੀ ਰਹਿਣ ਦਿੱਤੇ ਸੀ।

ਤੇ ਉਸ ਸ਼ਾਮ ਮੈਂ ਆਪਣੇ ਪਤੀ 'ਅਨੰਦ ਭੰਡਾਰੀ' ਦੇ ਸਾਹਮਣੇ ਹੀ ਮੰਗਲਸੂਤਰ ਤੋੜ ਦਿੱਤਾ ਸੀ ਤੇ ਉਸ ਖ਼ੁਦ ਆਪਣੇ ਹੀ ਹੱਥਾਂ ਨਾਲ ਇਸ ਮੰਗਲਸੂਤਰ ਨੂੰ 'ਜਲ ਪ੍ਰਵਾਹ' ਕਰ ਦਿੱਤਾ ਸੀ। ਉਸ ਪਲ ਉਹ ਖ਼ੁਸ਼ ਹੋ ਗਿਆ ਸੀ ਤੇ ਉਸ ਪਲ ਮੈਂ 'ਪਾਰੇ' ਤੋਂ 'ਪੱਥਰ' ਹੋ ਗਈ ਸੀ।

ਅੱਗ ਦੀ ਗਵਾਹੀ 'ਚ ਉਹਨੇ ਮੇਰੇ ਨਾਲ ਸੱਤ ਫੇਰੇ ਲਏ ਸੀ। ਉਹਨੇ ਆਪਣੇ ਫੇਰਿਆਂ ਦਾ ਸਫ਼ਰ ਬਹੁਤ ਛੇਤੀ ਮੁਕਾ ਲਿਆ ਸੀ ਤੇ ਮੈਂ ਵੀ ਚੌਥੇ ਤੋਂ ਸੱਤਵੇਂ ਫੇਰੇ ਦੀ ਘੁੰਮਣਘੇਰੀ 'ਚ ਸੁਣੇ ਮੰਤਰਾਂ 'ਚ ਬਹੁਤਾ ਉਲਝੀ ਨਹੀਂ ਸੀ। ਉਹਦੇ ਸਾਹਮਣੇ ਹੀ ਹੱਥੀਂ ਪਾਇਆ ਚੂੜ੍ਹਾ ਲਾਹ ਦਿੱਤਾ ਸੀ। ਇਸ ਸਭ ਕਾਸੇ ਨੂੰ ਵੇਖ ਉਹਦੀ ਮਾਂ ਬੌਂਦਲ ਗਈ ਸੀ ਪਰ ਉਹ ਸੁਰਖ਼ਰੂ ਹੋ ਗਿਆ ਸੀ। ਉਸ ਵੇਲੇ ਮੇਰੇ ਨਾਲ ਅੱਖ ਮਿਲਾਏ ਬਗ਼ੈਰ ਉਸ ਮੈਨੂੰ ਕਿਹਾ ਸੀ, "ਰੌਸ਼ਨੀ ਇਸ ਸਭ ਕਾਸੇ ਨੂੰ ਖ਼ਤਮ ਕਰ ਦੇ...ਨਵੇਂ ਸਿਰਿਉਂ ਆਪਣੀ ਜ਼ਿੰਦਗੀ ਜੀਅ...।"

ਤੇ ਮੈਂ ਉਹਦੀ ਅੱਖ 'ਚ ਅੱਖ ਪਾ ਕੇ ਕਿਹਾ ਸੀ, "ਹਾਂ...ਅਨੰਦ ਮੈਂ ਨਵਿਉਂ ਸਿਰਿਉਂ ਜ਼ਿੰਦਗੀ ਜੀਣੀ ਹੈ...ਪਰ ਇਸ ਸਭ ਕਾਸੇ ਨੂੰ ਖ਼ਤਮ ਕੀਤੇ ਬਗ਼ੈਰ।" ਮੇਰੀ ਮਾਂ ਨੇ ਵੀ ਇਹੀ ਕਿਹਾ ਸੀ, "ਇਸ ਤੁਖ਼ਮ ਦੇ ਬੀਅ ਨੂੰ ਹੁਣੇ ਖ਼ਤਮ ਕਰ ਦੇ।" ਉਸ ਵੇਲੇ ਮੈਂ ਅੱਖ ਦੇ ਅੱਥਰੂ ਨੂੰ ਅੰਦਰੇ ਹੀ ਕਿੱਧਰੇ ਸੁੱਟ ਲਿਆ ਸੀ ਤੇ ਮਾਂ ਨੂੰ ਕਿਹਾ ਸੀ, "ਮਾਂ, ਗੱਲ 'ਕੱਲੇ ਬੀਅ ਦੀ ਨਹੀਂ ਹੁੰਦੀ...ਮੇਰੇ ਅੰਦਰ ਮੇਰਾ ਹੀ ਹਿੱਸਾ ਪੁੰਗਰ ਰਿਹਾ ਹੈ ਤੇ ਮੈਂ ਉਹਨੂੰ ਸਿੰਝ ਰਹੀ ਹਾਂ... ਆਪਣੀ ਆਂਦਰ ਨਾਲ, ਆਪਣੇ ਖ਼ੂਨ ਨਾਲ...।"

ਇੱਕ ਕੁਤਕੁਤਾਰੀ ਮੇਰੀ ਕੁੱਖ 'ਚ ਹੋਈ...ਫ਼ੁੱਲਦਾਨ 'ਚ ਪਏ ਗੁਲਾਬ ਦੇ ਫੁੱਲਾਂ 'ਚੋਂ ਹਮਕ ਜਿਹੀ ਆਈ। ਮੈਂ ਸਾਰੇ ਫੁੱਲ ਵਗਾਹ ਮਾਰੇ ਸਨ ਤੇ ਮੈਂ ਆਪਣੇ ਹੀ ਅੰਦਰੋਂ ਆਉਂਦੀ ਮਹਿਕ ਨਾਲ ਪਰਚ ਗਈ ਸੀ। ਫਿਰ ਮੇਰੀ ਧੀ ਖ਼ੁਸ਼ੀ, ਮੇਰੇ ਸੁੰਨੇ ਵਿਹੜੇ ਦੀ ਰੌਣਕ ਬਣ ਗਈ।

ਪੀਅਨ ਫਾਈਲਾਂ ਦੇ ਢੇਰ ਮੇਰੇ ਸਾਹਮਣੇ ਲਿਆ ਧਰਦਾ ਹੈ। ਦਿਮਾਗ਼ 'ਚ ਚੱਲ ਰਹੀ ਫ਼ਿਲਮ 'ਤੇ ਪਾਜ਼ ਲੱਗ ਜਾਂਦਾ ਹੈ। ਔਰਤਾਂ ਦੇ ਕੇਸਾਂ ਦੀਆਂ ਫਾਈਲਾਂ, ਫਾਈਲਾਂ 'ਚ 'ਡੋਮੈਸਟਿਕ ਵਾਇਲੈਂਸ' ਦੇ ਕਿੱਸੇ...ਕੁਝ ਝੂਠੇ, ਕੁਝ ਸੱਚੇ...। ਉਹ ਔਰਤਾਂ ਸਾਰਾ ਤਰਸ ਆਪਣੇ ਚਿਹਰੇ 'ਤੇ ਲਿਆ, ਅਬਲਾ ਜਿਹੀਆਂ ਬਣ ਆਪਣੀ ਹੋਈ-ਬੀਤੀ ਸੁਣਾਉਂਦੀਆਂ। ਮੇਰਾ ਦਿਲ ਕਰਦਾ ਇਨ੍ਹਾਂ ਦੇ ਚਿਹਰਿਆਂ ਤੋਂ ਤਰਸ ਨੂੰ ਪੂੰਝ ਦੇਵਾਂ ਤੇ ਇਨ੍ਹਾਂ ਨੂੰ ਸਮਝਾ ਦੇਵਾਂ...ਔਰਤ ਅਬਲਾ ਨਹੀਂ ਹੁੰਦੀ...ਇਹ ਬਲਾ ਵੀ ਹੁੰਦੀ ਹੈ। ਨਹੀਂ ਯਕੀਨ ਤਾਂ ਮੇਰੇ ਪਤੀ ਨੂੰ ਪੁੱਛੋ ਜਾ ਕੇ...ਉਨ੍ਹਾਂ ਨੂੰ ਮੈਂ ਕਿਵੇਂ ਬਲਾ ਬਣ ਟੱਕਰੀ ਸੀ। ਉਂਜ ਮੈਨੂੰ ਇਹ ਪਤਾ ਇਨ੍ਹਾਂ 'ਚੋਂ ਵੀ ਬਹੁਤੀਆਂ ਬਲਾਵਾਂ ਹੀ ਹਨ। ਵਟਸਐੱਪ 'ਤੇ ਕਿਰਨ ਦਾ ਮੈਸੇਜ ਹੈ-

ਹੇ ਨੌਟੀ...ਹੌਅਜ਼ ਯੂਅਰ ਫੌਰਟੀ
ਵੈਸੇ ਕਮਸਿਨ ਹਸੀਨਾ
ਬਤਾ ਆਜ ਕਿਤਨੋਂ ਕੋ ਆਇਆ
ਤੁਮ੍ਹੇਂ ਦੇਖ ਕਰ ਪਸੀਨਾ

ਉਹਦੇ ਇਹੋ ਜਿਹੇ ਮੈਸੇਜ਼ ਮੈਨੂੰ ਹੋਰ ਝਮਲਾ ਦੇਂਦੇ ਨੇ...ਤੇ ਮੈਂ ਚਾਂਭਲੀ ਜਿਹੀ ਹੋਈ ਲਿਖਦੀ ਹਾਂ-

ਕਲ੍ਹ ਜਿਮ ਪੇ ਕੋਈ ਨਹੀਂ ਦਿਖਾ ਕਮੀਨਾ
ਆਜ ਅਗਰ ਕੋਈ ਦਿਖਾ ਤੋ
ਬਤਾਊਂਗੀ ਕਿ ਕਿਸ ਕਿਸ ਕੋ ਆਇਆ ਪਸੀਨਾ।

ਸ਼ਰਾਰਤਾਂ ਕਰਨ ਲਈ ਹੀ ਤਾਂ ਯੂਨੀਸੈਕਸ ਜਿੰਮ 'ਤੇ ਜਾਂਦੀ ਹਾਂ। ਜਿੰਮ ਦੇ ਕਿਹੜੇ ਕੋਨੇ 'ਤੇ ਖੜ੍ਹ ਕੇ ਕੌਣ ਫੁੜਕ ਸਕਦਾ ਹੈ...ਸਭ ਜਾਣਦੀ ਹਾਂ। ਜਿੰਮ 'ਚ ਬੜੀਆਂ ਹੀ ਨਜ਼ਰਾਂ...ਕੱਪੜ ਛਾਣ ਕਰਦੀਆਂ ਨਜ਼ਰਾਂ...ਤਿੱਖੇ ਕਿੱਲ ਖੋਭ ਰਹੀਆਂ ਨਜ਼ਰਾਂ...ਤੇ ਮਾਸੂਮੀਅਤ ਨਾਲ ਵੇਖ ਰਹੀਆਂ ਨਜ਼ਰਾਂ...।

ਅੱਜ ਕੱਲ੍ਹ ਬੀ. ਡੀ. ਪੀ. ਉ. ਵੀ ਉਸੇ ਜਿਮ 'ਚ ਆਉਂਦਾ ਹੈ। ਮੇਰੇ ਨਾਲ ਜ਼ਿੱਦ ਕੇ ਡੰਬਲ ਲਾਉਂਦਾ ਹੈ। ਪਰ ਹਾਰ ਜਾਂਦਾ ਹੈ। ਉਹਨੂੰ ਹਰਾ ਕੇ ਮੈਨੂੰ ਮਜ਼ਾ ਆਉਂਦਾ ਹੈ। ਬਾਹਰ ਨਿਕਲੀ ਤਾਂ ਉਹ ਵੀ ਮੇਰੇ ਪਿੱਛੇ ਤੁਰ ਪਿਆ ਸੀ। ਪਿੱਛੋਂ ਹੀ ਉਹਦੀ ਆਵਾਜ਼ ਆਉਂਦੀ ਹੈ। ਕਾਫ਼ੀ ਸਟੈਮਨਾ ਹੈ ਤੁਹਾਡਾ...ਮੇਰੀ ਤਾਂ ਬਸ-ਬਸ ਹੋ ਗਈ। ਮੈਂ ਹਲਕਾ ਜਿਹਾ ਮੁਸਕਰਾਈ ਹਾਂ ਤੇ ਅੱਖਾਂ 'ਚ ਸ਼ਰਾਰਤ ਭਰ ਕਹਿੰਦੀ ਹਾਂ, "ਸਰ, ਚੰਗਾ ਨਹੀਂ, ਕਾਫ਼ੀ ਚੰਗਾ ਹੈ ਮੇਰਾ ਸਟੈਮਨਾ...ਮੇਰੀ ਬਸ-ਬਸ ਛੇਤੀ ਨਹੀਂ ਹੁੰਦੀ।"

ਇੰਜ ਗੱਲੀਂ-ਬਾਤੀਂ ਬੰਦਿਆਂ ਨੂੰ 'ਕੱਚਾ ਭੁੰਨਾ' ਜਿਹਾ ਕਰ, ਇਕ ਪਾਸੇ ਰੱਖ ਦੇਣਾ... ਇਹ ਵੀ ਤਾਂ ਮੇਰੀ ਸ਼ਰਾਰਤ ਦਾ ਹਿੱਸਾ ਹੈ; ਤੇ ਫਿਰ 'ਕੱਚੇ-ਭੁੰਨੇ' ਜਿਹੇ ਹੋਏ ਮਰਦ, ਮੇਰੀਆਂ ਗੱਲਾਂ ਨੂੰ ਮਸਾਲੇ ਲਾ ਕੇ ਫੈਲਾਉਂਦੇ...ਮੈਂ ਉਨ੍ਹਾਂ ਮਸਾਲਿਆਂ ਨਾਲ ਹੋਰ ਹੁਸੀਨ ਤੇ ਨਮਕੀਨ ਹੋ ਜਾਂਦੀ, ਪਰ ਪ੍ਰੇਸ਼ਾਨ ਬਿਲਕੁਲ ਨਾ ਹੁੰਦੀ।

ਕਾਰ 'ਚ ਬੈਠਦਿਆਂ ਅਚਾਨਕ ਮੇਰਾ ਧਿਆਨ ਵੱਡੇ ਬੋਰਡ 'ਤੇ ਪੈਂਦਾ ਹੈ, ਜਿਸ 'ਤੇ ਲਿਖਿਆ ਹੋਇਆ ਸੀ, "ਛੁਟਕਾਰੇ ਦੀ ਸਭਾ"। ਮੇਰੇ ਬੁੱਲ੍ਹਾਂ 'ਤੇ ਮੁਸਕਰਾਹਟ ਫੈਲ ਜਾਂਦੀ ਹੈ। ਜੀਅ 'ਚ ਆਈ ਆਪਣੇ 'ਕਾਗ਼ਜ਼ੀ ਪਤੀ' ਅਨੰਦ ਭੰਡਾਰੀ ਨੂੰ ਆਖਾਂ ਤੂੰ ਵੀ ਇਸ ਸਭਾ 'ਚ ਜਾਇਆ ਕਰ...ਤੈਨੂੰ ਛੁਟਕਾਰਾ ਮਿਲ ਜੂ। ਪਰ ਉਹ ਤਾਂ ਛੁਟਕਾਰਾ ਮੇਰੇ ਤੋਂ ਚਾਹੁੰਦਾ ਸੀ। ਡਾਇਵੋਰਸ ਲੈਣ ਲਈ ਝੂਠੀਆਂ-ਸੱਚੀਆਂ ਤੁਹਮਤਾਂ ਮੇਰੇ 'ਤੇ ਮੜ੍ਹਦਾ ਤੇ ਵਕੀਲਾਂ ਦੇ ਸਿਖਾਏ ਹਰ ਦਾਅ-ਪੇਚ ਵਰਤਦਾ...ਇਹੋ ਜਿਹੇ ਵੇਲੇ ਮੈਂ ਵੀ ਉਹਨੂੰ ਬਰਾਬਰ ਦੀ ਭਾਜੀ ਮੋੜਦੀ ਤੇ ਫਿਰ ਕਦੇ-ਕਦਾਈਂ ਲੜਖੜਾਏ ਕਦਮਾਂ ਨਾਲ ਮੇਰੇ ਮਕਾਨ 'ਚ ਆਉਂਦਾ। ਬਾਪ ਹੋਣ ਦੇ ਫ਼ਰਜ਼ ਨਿਭਾਉਂਦਾ...ਮੇਰੀ ਧੀ ਦਾ ਸਿਰ ਪਲੋਸਦਾ...ਤੇ ਉਹਦੇ ਮੂਹ 'ਚੋਂ ਸਿਰਫ਼ ਇਹੀ ਨਿਕਲਦਾ, ਮੈਨੂੰ ਡਾਇਵੋਰਸ ਦੇ ਦੇ...ਰੱਬ ਦੇ ਵਾਸਤੇ ਮੈਨੂੰ ਛੁਟਕਾਰਾ ਦੇਦੇ। ਕਿਉਂ ਮੇਰਾ ਤੇ ਆਪਣਾ ਟਾਈਮ ਖਰਾਬ ਕਰ ਰਹੀ ਹੈਂ।

ਜਦ ਉਹ ਤਰਲੇ ਲੈਂਦਾ ਤਾਂ ਮੈਨੂੰ ਸ਼ਾਂਤੀ ਜਿਹੀ ਮਿਲਦੀ। ਵੈਸੇ ਟਾਈਮ ਤਾਂ ਉਹਦਾ ਖ਼ਰਾਬ ਹੋ ਰਿਹਾ ਸੀ। ਉਹਨੂੰ ਕਾਹਲ ਸੀ...ਆਪਣੀ ਮੁਹੱਬਤ ਨਾਲ ਨਵਾਂ ਘਰ ਵਸਾਉਣ ਦੀ। ਪਰ ਮੈਨੂੰ ਤਾਂ ਇਹੋ ਜਿਹੀ ਕੋਈ ਕਾਹਲ ਨਹੀਂ ਸੀ। ਉਂਜ ਉਹਦੀ ਮੁਹੱਬਤ ਦਾ ਪੱਲੜਾ ਭਾਰੀ ਸੀ। ਵੇਲੇ-ਕੁਵੇਲੇ ਆਪਣੀ ਮੁਹੱਬਤ ਨੂੰ ਕੋਸੇ ਸਾਹਾਂ ਦੀ ਟਕੋਰ ਕਰ ਆਉਂਦਾ ਸੀ। ਉਹਦੀ ਮੁਹੱਬਤ ਨੇ ਉਹਨੂੰ ਅਵਾਰਗੀ ਦੇ ਦਿੱਤੀ ਸੀ। ਮੈਂ ਕਿਸੇ ਤਲਾਸ਼ ਵਿਚ ਨਹੀਂ ਸੀ ਪਰ ਮੈਂ ਵੀ ਉਹਦੇ ਵਾਂਗਰਾਂ ਅੱਧੀ ਰਾਤ ਤੱਕ ਸੜਕਾਂ ਨਾਪਦੀ ਰਹਿੰਦੀ ਤੇ ਲੋਕ ਮੇਰੇ ਬਾਰੇ ਅਫ਼ਸਾਨੇ ਘੜਦੇ ਰਹਿੰਦੇ।

ਮੇਰੇ ਦਫ਼ਤਰ ਤੋਂ ਲੈ ਕੇ ਡੀ. ਸੀ. ਦੇ ਦਫ਼ਤਰ ਤੱਕ ਮੇਰੇ ਸੱਚੇ-ਝੂਠੇ ਅਫ਼ਸਾਨਿਆਂ ਦਾ ਜ਼ਿਕਰ ਅਕਸਰ ਹੁੰਦਾ ਹੀ ਰਹਿੰਦਾ ਹੈ। ਸ਼ਾਇਦ ਇਸੇ ਲਈ ਹਰ ਜ਼ਰੂਰੀ ਤੇ ਗ਼ੈਰ-ਜ਼ਰੂਰੀ ਮੀਟਿੰਗ 'ਚ ਮੇਰਾ ਨਾਂ ਬਾਕੀਆਂ ਨਾਲੋਂ ਵੱਧ ਬੋਲਦਾ। ਉਸ ਰਾਤ ਗ਼ੈਰ-ਜ਼ਰੂਰੀ ਮੀਟਿੰਗ ਕੁਝ ਜ਼ਿਆਦਾ ਹੀ ਲੰਬੀ ਹੋ ਗਈ ਸੀ। ਉਸ ਮੀਟਿੰਗ 'ਚ ਰਾਜਨੀਤੀ ਦੇ ਦੋਗਲੇ ਕਿਰਦਾਰ ਦੀ ਗੱਲ ਸੀ, ਧਾਰਮਿਕ ਦੰਭ ਦੀ ਗੱਲ ਸੀ ਤੇ

ਸਮਾਜਿਕ ਨਾ-ਬਰਾਬਰੀ ਦੀ ਗੱਲ ਸੀ। ਇਨ੍ਹਾਂ ਮੁੱਦਿਆਂ ਤੋਂ ਹਟ ਪਤਾ ਨਹੀਂ ਕਿਹੜੇ ਵੇਲੇ ਗੱਲ ਔਰਤ, ਮਰਦ ਦੇ ਸੁਭਾਵਾਂ ਦੁਆਲੇ ਘੁੰਮਣ ਲੱਗ ਪਈ। ਉਹ ਏ. ਡੀ. ਸੀ. ਜਿਹੜਾ ਹਮੇਸ਼ਾ ਗੱਲ ਕਰਦਿਆਂ ਕਹਿੰਦਾ ਹੈ...ਜਦ ਕੋਈ ਪੀ. ਸੀ. ਐੱਸ. ਅਫ਼ਸਰ ਬੋਲੇ ਸਮਝੋ 'ਪੰਜਾਬ ਸਰਕਾਰ' ਬੋਲ ਰਹੀ ਹੈ ਤੇ ਉਸ ਵੇਲੇ ਪਤਾ ਨਹੀਂ ਕਿਹੜੇ ਗ਼ਰੂਰ 'ਚ ਪੰਜਾਬ ਸਰਕਾਰ ਬੋਲੀ, "ਕਹਿੰਦੇ ਆ ਘੋੜਾ ਤੇ ਬੰਦਾ ਕਦੇ ਬੁੱਢੇ ਨਹੀਂ ਹੁੰਦੇ...ਤੁਹਾਡਾ ਤਜ਼ਰਬਾ ਕੀ ਕਹਿੰਦਾ ਹੈ ਰੌਸ਼ਨੀ ਮੈਡਮ।" ਉਸ ਵੇਲੇ ਮੇਰੇ ਅੰਦਰਲੀ ਔਰਤ ਨੂੰ ਸੱਟ ਜਿਹੀ ਵੱਜੀ ਤੇ ਮੈਂ ਪਲਟਵਾਰ ਕਰਦਿਆਂ ਕਿਹਾ ਸੀ, "ਸਰ, ਵੈਸੇ ਇਹ ਮੇਰਾ ਤਜ਼ਰਬਾ ਨਹੀਂ...ਪਰ ਸ਼ਹਿਰ ਦੀਆਂ ਕੰਧਾਂ 'ਤੇ ਲੱਗੇ 'ਮਰਦਾਨਾ ਤਾਕਤ' ਹਾਸਿਲ ਕਰੋ ਦੀ ਦੁਹਾਈ ਪਾਉਂਦੇ ਪੋਸਟਰ ਇਹੀ ਦੱਸ ਰਹੇ ਹਨ ਕਿ ਬੰਦਾ ਤੇ ਘੋੜਾ ਵੀ ਬੁੱਢੇ ਹੁੰਦੇ। ਵੈਸੇ ਸਰ, ਤੁਸੀਂ ਵੀ ਬ੍ਰਹਮ-ਬੂਟੀ ਰਗੜ ਕੇ ਪੀਆ ਕਰੋ...ਚੇਤਾ ਭੈੜਾ ਹੁੰਦਾ ਜਾ ਰਿਹਾ ਤੁਹਾਡਾ।"

'ਪੰਜਾਬ ਸਰਕਾਰ' ਨੂੰ ਸ਼ਾਇਦ ਮੇਰੇ ਕੋਲੋਂ ਇਸ ਤਰ੍ਹਾਂ ਦੇ ਜਵਾਬ ਦੀ ਆਸ ਨਹੀਂ ਸੀ। ਉਂਜ ਭਾਵੇਂ ਮਹਿਫ਼ਲ ਹੋਰ ਚੱਲਦੀ ਰਹਿੰਦੀ...ਸ਼ਾਇਦ ਮੇਰੀ ਇਸ ਗੱਲ ਕਰਕੇ ਹੀ ਜਲਦੀ ਮੁਲਤਵੀ ਹੋ ਗਈ ਸੀ। ਆਪਣੀਆਂ ਇਹੋ ਜਿਹੀਆਂ ਗੱਲਾਂ ਕਰਕੇ ਹੀ ਮੈਂ ਕਈਆਂ ਨੂੰ ਝਟਕਾਉਂਦੀ, ਕਈਆਂ ਨੂੰ ਹਲਾਲ ਕਰਦੀ ਤੇ ਕਈਆਂ ਨੂੰ ਨਿਹਾਲ ਕਰਦੀ ਹਾਂ। ਪਰ ਆਹ ਸੌਣ ਵਾਲੀ ਗੱਲ 'ਚ ਬਹੁਤੀ ਸੱਚਾਈ ਨਹੀਂ। ਜਿਨ੍ਹਾਂ ਨੂੰ ਮੈਂ ਕਦੇ ਵੇਖਿਆ ਤੱਕ ਵੀ ਨਹੀਂ ਸੀ...ਲੋਕਾਂ ਨੇ ਉਨ੍ਹਾਂ ਨੂੰ ਵੀ ਮੇਰੇ ਨਾਲ ਸੁਆ ਛੱਡਿਆ ਸੀ...ਤੇ ਜਿਨ੍ਹਾਂ ਨਾਲ ਸੁੱਤੀ ਸੀ...ਉਨ੍ਹਾਂ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ...। ਇਨ੍ਹਾਂ ਲੋਕਾਂ ਨੂੰ ਤਾਂ ਇਹ ਵੀ ਨਹੀਂ ਪਤਾ ਮੇਰੇ ਹੋਂਠ ਤਾਂ ਅਜੇ ਵੀ ਖੁਸ਼ਕ ਸਨ...ਅਜੇ ਵੀ ਸੁੱਚੇ ਸਨ।

ਹਾਂ ਸੱਚ...ਸੌਣ ਦੀ ਗੱਲ ਤੋਂ ਮੈਨੂੰ ਦਿੱਲੀ ਦੀ ਟ੍ਰੇਨਿੰਗ ਚੇਤੇ ਆ ਗਈ। ਉਹ ਮੈਨੂੰ ਉਥੇ ਹੀ ਮਿਲਿਆ ਸੀ...ਉਹਦੇ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ...ਉਹਦੇ ਨਾਲ ਦੇਰ ਰਾਤ ਤੱਕ ਹਮਕਦਮ ਬਣ ਕੇ ਤੁਰਨਾ ਚੰਗਾ ਲੱਗਦਾ...। ਉਹਦੀਆਂ ਅੱਖਾਂ 'ਚ ਇਕ ਰਜੇਵਾਂ ਸੀ...ਜੋ ਮੇਰੇ ਅੰਦਰ ਬੈਠੀ ਮਜ਼ਬੂਤ ਔਰਤ ਨੂੰ ਚੈਲੰਜ ਕਰਦਾ।

ਤੇ ਫਿਰ ਇਕ ਰਾਤ ਚਾਹ ਪੀਂਦਿਆਂ-ਪੀਂਦਿਆਂ ਸਾਨੂੰ ਦੋਹਾਂ ਨੂੰ ਇਕ-ਦੂਜੇ ਦੀ ਚਾਹਤ ਹੋਈ ਸੀ ਤੇ ਅਸੀਂ ਦੋਵਾਂ ਨੇ ਇਕ-ਦੂਜੇ ਨੂੰ 'ਸੁਆਦ ਚਾਹ' ਵਾਂਗ ਘੁੱਟ-ਘੁੱਟ ਕਰਕੇ ਪੀ ਲਿਆ ਸੀ। ਟ੍ਰੇਨਿੰਗ ਦਾ ਆਖ਼ਰੀ ਦਿਨ ਸੀ ਤੇ ਉਸ ਰਾਤ ਉਹ ਉਦਾਸੀ ਜਿਹੀ 'ਚ ਬੋਲਿਆ, "ਤੇਰੀ-ਮੇਰੀ ਮੁਹੱਬਤ ਦੀ ਆਖ਼ਰੀ ਰਾਤ ਹੈ ਅੱਜ...।"

"ਵੇਖ, ਉਹ ਆਪਣੀ ਦੋਹਾਂ ਦੀ ਲੋੜ ਸੀ ਤੇ ਲੋੜ ਮੁਹੱਬਤ ਨਹੀਂ ਹੁੰਦੀ।"

ਮੇਰੀ ਗੱਲ ਸੁਣ ਉਹ ਚੁੱਪ ਹੋ ਗਿਆ ਸੀ ਤੇ ਆਪਣੀ ਹੀ ਚੁੱਪ ਤੋੜਦਿਆਂ ਉਸ ਕਿਹਾ ਸੀ, "ਅਜੀਬ ਔਰਤ ਹੈਂ ਤੂੰ...ਤੈਨੂੰ ਕੁਝ ਵੀ ਮਹਿਸੂਸ ਨਹੀਂ ਹੁੰਦਾ।"

"ਸਭ ਕੁਝ ਮਹਿਸੂਸ ਹੁੰਦਾ ਹੈ ਮੈਨੂੰ...। ਆਪਾਂ ਦੋਹਾਂ ਨੇ ਇਕ ਦੂਜੇ ਦੇ ਪਲਾਂ ਨੂੰ ਖ਼ੁਸ਼ਗਵਾਰ ਬਣਾਇਆ...ਜਦ ਫਿਰ ਮਿਲੇ...ਤੇ ਫਿਰ ਕਦੇ ਚਾਹ ਪੀਣ ਨੂੰ ਦਿਲ ਕਰ ਆਇਆ...ਤਾਂ ਇਸ ਚਾਹ ਨੂੰ 'ਘੁੱਟ-ਘੁੱਟ' ਕਰਕੇ ਪੀ ਲਵਾਂਗੇ।"

"ਮੇਰਾ ਤਾਂ ਹੁਣ ਵੀ ਚਾਹ ਪੀਣ ਨੂੰ ਦਿਲ ਹੈ।"

"ਹੁਣ ਤੇਰਾ ਦਿਲ ਰੱਖਣ ਲਈ ਤਾਂ ਮੈਂ ਚਾਹ ਨਹੀਂ ਪੀ ਸਕਦੀ...ਇਹੋ ਜਿਹੀ ਪੀਤੀ ਚਾਹ ਪ੍ਰੇਸ਼ਾਨ ਕਰੂਗੀ ਮੈਨੂੰ...।"

"ਫਿਰ ਮੈਂ ਆਪਣੀ ਚਾਹ ਦਾ ਕੀ ਕਰਾਂ ?"

ਤੇ ਮੈਂ ਬੱਸ ਉਸ ਵਕਤ ਇਹੀ ਕਿਹਾ ਸੀ, "ਇਸ ਚਾਹ ਕੋ ਚਾਹ ਮੇਂ ਡਾਲ ਦੋ...ਇਸ ਚਾਹ ਦੀ ਅਬ ਚਾਹ ਨਹੀਂ।"

ਉਸ ਪਲ ਮੇਰਾ ਜੀਅ ਕੀਤਾ ਇਹਨੂੰ ਸਮਝਾਵਾਂ ਮੁਹੱਬਤ ਤਾਂ ਮਹਿਕ ਵਰਗੀ ਹੁੰਦੀ ਹੈ...ਤੇ ਉਸ ਮਹਿਕ ਨੂੰ ਤਾਂ ਦੂਰੋਂ ਮਹਿਸੂਸ ਕੀਤਾ ਜਾ ਸਕਦਾ ਹੈ...ਕਿਸੇ ਨੂੰ ਦੱਸੇ ਬਗ਼ੈਰ...। ਪਰ ਉਸ ਪਲ ਤਾਂ ਉਹਦੇ ਕੋਲੋਨ ਦੀ ਖ਼ੁਸ਼ਬੂ ਹੀ ਮੇਰੇ ਤੱਕ ਪਹੁੰਚੀ ਸੀ।

ਤੇ ਉਹ ਜੋ ਬਹੁਤ ਦੂਰ ਬੈਠੀਆਂ ਸੀ...ਮੇਰੀਆਂ ਸਹੇਲੀਆਂ ਦੀਪ ਤੇ ਕਿਰਨ...ਉਨ੍ਹਾਂ ਦੀ ਮਹਿਕ ਮੇਰੇ ਤੱਕ ਪਹੁੰਚ ਰਹੀ ਹੈ...। ਇਕ ਕੋਲ 'ਪਾਲਤੂ ਪਤੀ' ਹੈ ਤੇ ਦੂਜੀ ਕੋਲ 'ਫਾਲਤੂ ਪਤੀ'। ਦੀਪ ਨੇ ਕਿੰਨਾ ਕੁਝ ਸਹਿ ਲਿਆ ਸੀ...ਫਾਲਤੂ ਪਤੀ ਨਾਲ ਰਹਿ ਕੇ...ਪਰ ਫਿਰ ਵੀ ਉਹ ਟੁੱਟੀ ਨਹੀਂ। ਕਈ ਵਾਰ ਮੈਨੂੰ ਖਿਝ ਜਿਹੀ ਚੜ੍ਹਦੀ ਹੈ ਤੇ ਕਈ ਵਾਰ ਉਹਨੂੰ ਸੈਲੂਟ ਕਰਨ ਨੂੰ ਜੀਅ ਜਿਹਾ ਕਰਦਾ ਹੈ। ਸਾਡੇ ਤਿੰਨਾਂ 'ਚ ਬੜਾ ਕੁਝ ਵੱਖਰਾ ਹੈ...ਪਰ ਇਕ ਸਾਂਝ ਵੀ ਹੈ...ਅਸੀਂ ਤਿੰਨੇ ਮਿਊਜ਼ਿਕ ਲਵਰ ਵੀ ਹਾਂ ਤੇ ਸ਼ਾਇਰੋ ਸ਼ਾਇਰੀ ਕਰਨ ਦੀਆਂ ਸ਼ੌਕੀਨ ਵੀ...।

ਦੀਪ ਕਈ ਵਾਰ ਮੈਨੂੰ ਸਮਝਾਉਂਦਿਆਂ ਕਹਿੰਦੀ ਹੈ, "ਰੌਸ਼ਨੀ ਦੇਣੇ ਵਾਲੇ ਕੋ ਭੀ ਕਮ ਸੇ ਕਮ ਏਕ ਦੀਆ ਚਾਹੀਏ...ਆਪਣੇ ਘਰ ਕੇ ਲੀਏ।"

ਉਸ ਵੇਲੇ ਮੈਂ ਵੀ ਉਹਨੂੰ, ਉਹਦੇ ਵਰਗਾ ਹੀ ਜਵਾਬ ਦੇਂਦੀ ਹਾਂ, "ਦੀਪਾ ! ਸ਼ਾਇਦ ਤਪਦੀ ਰੂਹ ਨੂੰ ਆਰਾਮ ਦੇਣ ਵਾਲਾ ਹਬੀਬ ਹੋਊਗਾ ਤਾਂ ਜ਼ਰੂਰ...ਪਰ ਅਜੇ ਤੱਕ ਮੇਰੀ ਉਹਦੇ ਤੱਕ ਪਹੁੰਚ ਨਹੀਂ ਹੋਈ।"

"ਰੌਸ਼ਨੀ, ਮੁਹੱਬਤ ਨੂੰ ਤਲਾਸ਼ ਕਰਨਾ ਪੈਂਦਾ ਹੈ...ਹਾਸਿਲ ਕਰਨ ਲਈ ਤਪ ਕਰਨਾ ਪੈਂਦਾ ਹੈ।" ਹੁਣ ਦੀਪ ਦਾ 'ਆਸਥਾ ਚੈਨਲ' ਲੋੜੋਂ ਵੱਧ ਉਪਦੇਸ਼ ਦੇਣ ਲੱਗ ਪਿਆ ਸੀ ਤੇ ਉਹਨੂੰ ਚੁੱਪ ਕਰਾਉਣ ਲਈ ਕਹਿੰਦੀ ਹਾਂ, "ਟੂ ਹੈੱਲ ਵਿਦ ਦਿਸ ਟਾਈਪ ਤਪ ਐਂਡ ਤਲਾਸ਼...ਮੈਨੂੰ ਇਨਸਟੈਂਟ ਮੁਹੱਬਤ ਚਾਹੀਦੀ ਹੈ...ਇਨਸਟੈਂਟ ਕਾਫ਼ੀ ਵਾਂਗ।"

ਕਈ ਵਾਰ ਸਿਆਣੀ ਜਿਹੀ ਬਣ ਆਪੇ ਹੀ ਉਨ੍ਹਾਂ ਨੂੰ ਕਹਿ ਦੇਂਦੀ ਹਾਂ–ਲੱਭੋ ਕੋਈ ਸੋਹਣਾ–ਸੁਨੱਖਾ ਗੱਭਰੂ ਤੇ ਕਈ ਵਾਰ ਆਪਣੀ ਕੀਮਤ ਜਾਣਨ ਲਈ ਵਿਆਹ ਬਾਜ਼ਾਰ 'ਚ ਮੈਟਰੀਮੋਨੀਅਲ ਦੇ ਦੇਂਦੀ ਹਾਂ...। ਢੇਰਾਂ ਦੇ ਢੇਰ ਰਿਸਪੌਂਸ ਵੇਖ ਮਨ ਨੂੰ ਤਸੱਲੀ ਜਿਹੀ ਹੁੰਦੀ ਹੈ। ਮੈਟਰੀਮੋਨੀਅਲ ਤੋਂ ਮਾਂ ਵੀ ਖ਼ੁਸ਼ ਹੋ ਜਾਂਦੀ ਹੈ। ਫਿਰ ਮੇਰੀ ਮਾਂ ਤੇ ਮੇਰੀਆਂ ਸਹੇਲੀਆਂ ਇਕੱਠੀਆਂ ਹੋ ਕੇ ਮੇਰੇ ਲਈ ਗੱਭਰੂ ਛਾਂਟਦੀਆਂ...ਪਰ ਮੈਨੂੰ ਕੋਈ ਪਸੰਦ ਨਹੀਂ ਆਉਂਦਾ। ਮਾਂ ਫ਼ਿਕਰਮੰਦ ਹੋ ਜਾਂਦੀ ਹੈ ਤੇ ਇਸ ਫ਼ਿਕਰ 'ਚੋਂ ਹੀ ਮੈਨੂੰ ਕਹਿੰਦੀ ਹੈ, "ਧੀਏ ਕੀ ਕਰੇਂਗੀ... ਬੜੀ ਲੰਬੀ ਵਾਟ ਆ...ਆਪਣਾ ਘਰ ਵਸਾ ਲੈ...।"

ਮਾਂ ਨੂੰ ਕਲਾਵੇ 'ਚ ਲੈਂਦੀ ਹਾਂ ਤੇ ਕਹਿੰਦੀ ਹਾਂ, "ਤੇਰੀ ਧੀ ਰੌਸ਼ਨੀ ਹੈ ਮਾਂ...ਤੇ ਰੌਸ਼ਨੀ ਕਿਸੇ ਨ੍ਹੇਰ ਨੂੰ ਨਹੀਂ ਜ਼ਰ ਸਕਦੀ...ਪਰ ਨ੍ਹੇਰਿਆਂ ਨੂੰ ਚੀਰ ਤਾਂ ਸਕਦੀ ਹੈ।" ਮਾਂ ਚੁੱਪ ਹੋ ਜਾਂਦੀ ਹੈ। ਮਾਂ ਵੱਲ ਵੇਖ ਸੋਚਦੀ ਹਾਂ...ਮਾਵਾਂ ਕਿੱਡੀਆਂ ਭੋਲੀਆਂ ਹੁੰਦੀਆਂ ਨੇ...ਉਹਨੂੰ ਅਜੇ ਵੀ ਇਹ ਪਤਾ ਨਹੀਂ...ਉਹਦੀ ਧੀ ਤਾਂ ਕਦ ਦਾ ਇਹ ਫ਼ੈਸਲਾ ਲੈ ਚੁੱਕੀ ਸੀ ਕਿ ਉਸ ਇਹ ਜ਼ਿੰਦਗੀ 'ਕੱਲਿਆ ਜੀਣੀ ਹੈ...ਹਰ ਝੂਠ–ਮੂਠ ਦੇ ਰਿਸ਼ਤੇ ਤੋਂ ਮੁਕਤ ਹੋ ਕੇ।

ਆਪਣੀ ਧੀ ਵੱਲ ਵੇਖ ਆਪਣਾ ਆਪ ਸੱਚਾ–ਸੁੱਚਾ ਜਿਹਾ ਲੱਗਦਾ। ਹੁਣ ਮੇਰੀ ਧੀ, ਮੇਰਾ ਹਾਣ ਬਣ ਤੁਰਦੀ ਹੈ। ਮੈਂ ਉਹਨੂੰ ਪਿਆਰ ਕਰ, ਆਪਣੇ ਆਪ ਨੂੰ ਹੀ ਪਿਆਰ ਕਰ ਰਹੀ ਹੁੰਦੀ। ਮੈਂ ਉਹਦੀ ਦੋਸਤ ਬਣ, ਆਪਣੇ ਹੀ ਸੱਚ ਨੂੰ ਲੱਭ ਰਹੀ ਹੁੰਦੀ। ਆਪਣੇ ਸੱਚ ਨੂੰ ਭਾਲਦਿਆਂ ਆਪਣੇ ਬੀਤੇ ਬਾਰੇ ਸੋਚਣ ਲੱਗਦੀ ਹਾਂ ਤਾਂ ਸਮਝ ਆਉਂਦੀ ਹੈ...ਮੈਂ ਅਨੰਦ ਨੂੰ ਕਦ ਛੱਡਿਆ...ਮੇਰੇ ਮਨ ਨੂੰ ਉਹ ਮੇਰੇ ਤੋਂ ਦੂਰ ਰਹਿ

ਕੇ ਵੀ ਕੰਟਰੋਲ ਕਰਦਾ ਰਿਹਾ ਤੇ ਪਤਾ ਨਹੀਂ ਕਦ ਸ਼ਰਾਰਤਾਂ ਕਰਦੀ-ਕਰਦੀ ਮੈਂ, ਉਹਦੇ ਵਾਂਗਰਾਂ ਹੀ ਸਾਜ਼ਿਸ਼ਾਂ ਕਰਨ 'ਤੇ ਉਤਰ ਆਈ। ਕਲੱਬ 'ਚ ਦੇਰ ਤੱਕ ਬੰਦਿਆਂ ਨਾਲ ਬੈਠਣਾ, ਸਿਰਫ਼ ਉਹਨੂੰ ਦੁੱਖ ਦੇਣ ਲਈ। ਉਹਦੀ ਆਵਾਰਾਗਰਦੀ ਵੇਖ ਆਪ ਵੀ ਆਪਹੁਦਰੇ ਰਾਹਾਂ 'ਤੇ ਅਵਾਰਗੀ ਕਰਦੀ, ਜਿਵੇਂ ਅਵਾਰਾਗਰਦੀ ਦੇ ਸਰਟੀਫ਼ਿਕੇਟ ਲੈਣੇ ਹੋਣ। ਹੁਣ ਸੋਚਦੀ ਹਾਂ, ਅਨੰਦ ਵਰਗੀ ਬਣ... ਉਹਦੀਆਂ ਰੀਸਾਂ ਕਰ ਮੈਂ ਕੀ ਖੱਟਿਆ। ਜਿਵੇਂ ਦਾ ਜੀਣਾ ਚਾਹੁੰਦੀ ਸੀ, ਜੀਅ ਰਹੀ ਸਾਂ...ਪਰ ਫਿਰ ਵੀ ਭਟਕਣਾ ਸੀ...ਮੈਨੂੰ ਆਪਣਾ ਆਪ ਗੁਆਚਾ ਜਿਹਾ ਲੱਗਦਾ।

ਤੇ ਅੱਜ ਕੱਲ੍ਹ ਰੋਜ਼, ਅੱਖਾਂ ਬੰਦ ਕਰ ਮੈਂ ਆਪਣਾ ਆਪ ਲੱਭਦੀ ਹਾਂ...ਤੇ ਫਿਰ ਕਿੰਨੇ ਹੀ ਦਿਨਾਂ ਬਾਅਦ...ਬੰਦ ਅੱਖਾਂ ਨੂੰ ਦਿਲ 'ਤੇ ਜੰਮਿਆ ਪੱਥਰ ਦਿਖਾਈ ਦੇਂਦਾ ਹੈ। ਫਿਰ ਉਹ ਪੱਥਰ, ਪਾਰਾ ਬਣ ਪਿਘਲ ਤੁਰਦਾ ਹੈ। ਬੰਦ ਅੱਖਾਂ ਦੇ ਕੋਇਆਂ 'ਚੋਂ ਪਾਣੀ ਵਹਿਣ ਲੱਗਦਾ ਹੈ...ਤੇ ਮੇਰਾ ਅੰਦਰ ਸ਼ਾਂਤ-ਚਿੱਤ ਹੋ ਜਾਂਦਾ ਹੈ। ਬੰਦ ਅੱਖਾਂ ਨੂੰ ਨਵੀਆਂ ਕਰੂੰਬਲਾਂ ਫੁੱਟ ਰਹੀਆਂ ਦਿਖਾਈ ਦੇਂਦੀਆਂ ਤੇ ਮੈਂ ਚੁੱਪ ਚਾਪ ਡਾਇਵੋਰਸ ਪੇਪਰ 'ਤੇ ਸਾਈਨ ਕਰ ਦੇਂਦੀ ਹਾਂ। ਡਾਇਵੋਰਸ ਪੇਪਰ 'ਤੇ ਸਾਈਨ ਕਰ, ਮੈਂ ਹੌਲੀ-ਫੁੱਲ ਹੋ ਜਾਂਦੀ ਹਾਂ। 'ਅਨੰਦ ਭੰਡਾਰੀ' ਨੂੰ ਡਾਇਵੋਰਸ ਪੇਪਰ ਫੜਾ ਦਿੱਤਾ ਸੀ। ਮੇਰੀ ਧੀ ਦਾ ਸਿਰ ਪਲੋਸਦਿਆਂ ਉਸ ਬੱਸ ਏਨਾ ਹੀ ਕਿਹਾ ਸੀ, "ਮੈਂ ਤੈਨੂੰ ਬਹੁਤ ਦੁੱਖ ਦਿੱਤਾ...।" ਮੈਂ ਬੱਸ ਮੁਸਕਰਾਉਂਦੀ ਹਾਂ ਤੇ ਸੋਚਦੀ ਹਾਂ...ਦੁੱਖ ਤਾਂ ਮੈਂ ਵੀ ਉਹਨੂੰ ਬਥੇਰਾ ਦਿੱਤਾ ਸੀ। ਪਰ ਬੰਦਾ ਭੋਲਾ ਹੁੰਦਾ, ਉਹ ਸੱਟ ਦੇ ਕੇ ਨਿਸ਼ਾਨ ਛੱਡ ਜਾਂਦਾ, ਪਰ ਔਰਤ ਸੱਟ ਵੀ ਮਾਰਦੀ ਹੈ ਤੇ ਨਿਸ਼ਾਨ ਵੀ ਨਹੀਂ ਛੱਡਦੀ।

ਘਰ ਵਾਪਸ ਆਉਂਦੀ ਹਾਂ...ਘਰ ਦੀ ਨੇਮ ਪਲੇਟ 'ਤੇ 'ਖ਼ੁਸ਼ੀ ਹੋਮ' 'ਰੌਸ਼ਨੀ ਹੋਮ' ਲਿਖਵਾ ਦਿੱਤਾ ਹੈ। ਸ਼ੀਸ਼ੇ 'ਚ ਆਪਣਾ-ਆਪ ਤੱਕਦੀ ਹਾਂ। ਆਪਣੇ-ਆਪ 'ਤੇ ਮੋਹ ਜਿਹਾ ਆਉਂਦਾ ਹੈ। ਅੱਜ ਮੇਰੇ ਅੰਦਰੋਂ ਮੇਰੇ ਹੀ ਵਰਗਾ ਕੁਝ ਖਿੜ ਰਿਹਾ ਹੈ। ਮੇਰੇ ਮਨ ਦੇ ਮੌਸਮ 'ਤੇ ਸਤਰੰਗੀ ਪੈ ਰਹੀ ਹੈ...ਤੇ ਉਹ ਸੱਤੇ ਰੰਗ ਤਿਤਲੀ ਦੇ ਪਰਾਂ 'ਤੇ ਵਿਛ ਗਏ ਹਨ। ਮੇਰਾ ਮਨ ਸ਼ਰਾਰਤੀ ਜਿਹਾ ਹੋਣ ਲੱਗਦਾ ਹੈ। ਮੋਬਾਇਲ 'ਤੇ ਗਾਣਾ ਵੱਜਣ ਲੱਗਦਾ ਹੈ-ਸ਼ਰਾਰਤ ਕਰਨੇ ਕੋ ਲਲਚਾਏ ਹੈ...ਮੇਰਾ ਮਨ...ਮੇਰਾ ਮਨ...ਮੇਰਾ ਮਨ।"

## ਕਹੇ ਕਿਰਨ

ਅੱਜ-ਕੱਲ੍ਹ ਉਦਾਸੀ ਦੇ ਗੋਤਿਆਂ 'ਚ ਘਿਰੀ ਰਹਿੰਦੀ ਹਾਂ...ਉਦਾਸੀ ਦੇ ਦੌਰੇ ਪੈਂਦੇ ਮੈਂ ਤਰਸ ਜਾਂਦੀ ਹਾਂ...ਕਿਸੇ ਨਾਲ ਆਪਣੀ ਗੱਲ ਕਰਾਂ। ਪਰ ਕੌਣ ਹੈ, ਜੋ ਮੇਰੇ ਮਨ ਦੀ ਉੱਥਲ-ਪੁੱਥਲ ਨੂੰ ਸਮਝ ਲਵੇ। ਰੌਸ਼ਨੀ ਹੈ...ਦੀਪ ਹੈ...ਉਨ੍ਹਾਂ ਕੋਲ ਜਾਂਦੀ ਹਾਂ...ਫ਼ੋਨ 'ਤੇ ਘੰਟਾ-ਘੰਟਾ ਸਿਰ ਖਾਂਦੀ ਹਾਂ। ਕੁਝ ਉਨ੍ਹਾਂ ਨੂੰ ਦੱਸਦੀ ਹਾਂ...ਕੁਝ ਉਨ੍ਹਾਂ ਤੋਂ ਲੁਕਾ ਲੈਂਦੀ ਹਾਂ। ਸ਼ਾਇਦ ਇਸੇ ਲਈ ਮੈਨੂੰ ਕੋਈ ਹੱਲ ਨਹੀਂ ਲੱਭਦਾ। ਚੰਗਾ ਘਰ ਹੈ...ਸੋਹਣੀ ਔਲਾਦ ਹੈ ਤੇ ਰੌਸ਼ਨੀ ਦੇ ਕਹਿਣ ਮੁਤਾਬਿਕ 'ਪਾਲਤੂ ਪਤੀ' ਹੈ ਮੇਰਾ, ਮੇਰਾ ਧਿਆਨ ਰੱਖਣ ਵਾਲਾ, ਪਰ ਉਦਾਸੀ ਮੇਰਾ ਪਿੱਛਾ ਨਹੀਂ ਛੱਡਦੀ। ਉਮਰ ਦੇ ਇਨ੍ਹਾਂ ਵਰ੍ਹਿਆਂ 'ਚ ਮੈਂ ਕੀ ਚਾਹੁੰਦੀ ਹਾਂ...ਕੁਝ ਵੀ ਪਤਾ ਨਹੀਂ ਲੱਗਦਾ।

ਮੈਂ ਆਪਣੀ ਚੜ੍ਹਦੀ ਜਵਾਨੀ ਨੂੰ ਯਾਦ ਕਰਦੀ ਹਾਂ। ਉਂਜ ਮੈਂ ਆਪਣੀਆਂ ਹਾਣਨਾਂ 'ਚੋਂ ਅੱਜ ਵੀ ਸੋਹਣੀ ਹਾਂ। ਉਮਰ ਲੁਕਾਉਂਦੀ ਹਾਂ...ਚਿਹਰੇ 'ਤੇ ਕੋਈ ਫਾਈਨ ਲਾਈਨ ਨਹੀਂ। ਆਪਣੇ ਆਪ ਨੂੰ ਫਿੱਟ ਰੱਖਣ ਦਾ ਹਰ ਢੰਗ ਵਰਤਦੀ ਹਾਂ। ਪਰ ਕਈ ਵਾਰ ਉਮਰ ਬੀਤਣ ਦਾ ਅਹਿਸਾਸ ਤਿੱਖੀ ਛੁਰੀ ਵਾਂਗ ਵੱਜਦਾ ਹੈ। ਮੈਂ ਬੀਤੇ ਵਕਤ ਨੂੰ ਮੁੱਠੀ 'ਚ ਘੁੱਟ ਲੈਣਾ ਚਾਹੁੰਦੀ ਹਾਂ। ਵਕਤ ਤਾਂ ਛਲਾਵਾ ਹੈ, ਛਲ ਕਰਕੇ ਤੁਰਦਾ ਬਣਿਆ ਸੀ। ਪਰ ਕੋਈ ਆਵਾਜ਼ ਮੇਰੇ ਕੰਨੀਂ ਪੈ ਰਹੀ ਹੈ। "ਗੱਲ ਸੁਣ, ਮੈਂ ਹਾਂ ਜੱਟ 'ਖਹਿਰਾ'...ਤੇਰਾ

ਛੱਡਣਾ ਨਹੀਂ ਖਹਿੜਾ।" ਮੈਨੂੰ ਹਾਸਾ ਜਿਹਾ ਆਉਂਦਾ ਹੈ ਤੇ ਮੈਂ ਉਥੇ ਪਹੁੰਚ ਜਾਂਦੀ ਹਾਂ, ਜਿਥੇ ਮੈਨੂੰ ਸਿਰੇ ਦੀ ਰਕਾਨ, ਅੱਤ, ਪਟੋਲਾ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਟਾਈਟਲ ਮਿਲਦੇ ਸੀ। ਬਹੁਤ ਸੀ ਜੋ ਮੇਰੇ ਸੁਪਨੇ ਲੈਂਦੇ ਸੀ, ਬਹੁਤ ਸੀ ਜੋ ਮੈਨੂੰ ਨਿਹਾਰਦੇ ਸੀ...ਬਹੁਤ ਸੀ ਜੋ ਬੱਸ ਵੇਖਦੇ ਹੀ ਰਹਿੰਦੇ ਸੀ...ਪਰ ਕੁਝ ਨਹੀਂ ਕਹਿੰਦੇ ਸੀ। ਹੁਣ ਕੌਣ ਹਿਸਾਬ ਰੱਖੇ...ਉਨ੍ਹਾਂ ਦਾ। ਸਾਡੇ ਪੰਜਾਬੀ ਦੇ ਟੀਚਰ ਨੇ ਇਕ ਵਾਰ ਕਿਹਾ ਸੀ, "ਕਈ ਵਾਰ ਮੇਲੇ ਜਾਈਦਾ ਤੇ ਪਹਿਲੀ ਦੁਕਾਨ 'ਚ ਰੱਖੇ ਭਾਲੂ 'ਤੇ ਹੀ ਡੁੱਲ੍ਹ ਜਾਈਦਾ, ਸੋ ਕੁੜੀਉ...ਮੇਲਾ ਤੁਰ ਫਿਰ ਕੇ ਵੇਖੋ...ਹਰ ਰੰਗ ਮਾਣੋ...ਪਰ ਐਵੇਂ ਕਿਸੇ ਭਾਲੂ ਜਿਹੇ 'ਤੇ ਹੀ ਨਾ ਡੁੱਲ੍ਹ ਜਾਇਓ।" ਇਹ ਖਹਿਰਾ, ਜੀਹਨੇ ਮੇਰਾ ਵਾਕਿਆ ਹੀ ਖਹਿੜਾ ਨਹੀਂ ਛੱਡਿਆ ਸੀ। ਉਹ ਸ਼ਾਇਦ ਪਹਿਲਾ ਭਾਲੂ ਹੀ ਸੀ। ਇਸ ਨਾਲ ਹੀ ਮੇਰੀ 'ਲਵ ਮੈਰਿਜ' ਹੋਈ ਸੀ ਪਰ ਹੁਣ ਉਹ ਪਿਆਰ ਕਿਤੇ ਪਿੱਛੇ ਗੁਆਚ ਗਿਆ ਹੈ। ਬੜਾ ਲੱਭਣ ਦੀ ਕੋਸ਼ਿਸ਼ ਕਰਦੀ ਹਾਂ...ਪਰ ਲੱਭਦਾ ਨਹੀਂ। ਸ਼ਾਇਦ ਪਿਆਰ ਦੀ ਤੰਦ ਲੱਭਣ ਲਈ ਹੀ ਮੈਂ ਖਹਿਰਾ ਸਾਹਿਬ ਨੂੰ ਪੁੱਛਿਆ ਸੀ, "ਹੁਣ ਉਹ ਪਿਆਰ ਕਿੱਥੇ ਗਿਆ...ਮੈਨੂੰ ਫਿਰ ਉਹੋ ਜਿਹਾ ਪਿਆਰ ਚਾਹੀਦਾ।"

"ਵੇਖ, ਮੈਂ ਸਿਰੇ ਦੀ ਪੈਲੀ, ਸਿਰੇ ਦੀ ਦੁਕਾਨ ਤੇ ਸਿਰੇ ਦੀ ਰਕਾਨ ਕਦੇ ਨਹੀਂ ਛੱਡਦਾ...ਤੂੰ ਸਿਰੇ ਦੀ ਰਕਾਨ ਸੀ ਤੇ ਮਿੱਤਰਾਂ ਦੀ 'ਮੁੱਛ ਦਾ ਸਵਾਲ' ਸੀ।" ਉਹਦੀ ਗੱਲ ਸੁਣ ਮੇਰੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਾ, ਜਿਸ ਨੂੰ ਮੈਂ ਪਿਆਰ ਸਮਝਦੀ ਸੀ...ਉਹ ਸਿਰਫ਼ 'ਮੁੱਛ ਦਾ ਸਵਾਲ' ਸੀ।

ਇਸ ਘਰ ਵਿਆਹੀ ਆਈ ਸਾਂ...ਪਰ ਸਾਰੀ ਉਮਰ ਇਸ ਘਰ ਲਈ 'ਭਾਪਿਆਂ ਦੀ ਕੁੜੀ' ਹੀ ਬਣੀ ਰਹੀ। ਮੇਰੀ ਮਾਂ ਜਿਸ ਦੀ ਮੈਂ ਢਿੱਡ ਦੀ ਆਂਦਰ ਸੀ...ਉਸ ਵੀ ਮੈਨੂੰ 'ਸਰਦਾਰਾਂ ਦੀ ਨੂੰਹ' ਕਹਿ ਬਿਗਾਨੀ ਕਰ ਦਿੱਤਾ ਸੀ। ਜਦ ਤੱਕ ਮਾਂ ਜਿਊਂਦੀ ਰਹੀ, ਮੈਂ ਤਰਸ ਗਈ ਸੀ, ਕਦੇ ਤਾਂ ਮਾਂ ਮੈਨੂੰ 'ਕਿਰਨੀ' ਕਹਿ ਕੇ ਬੁਲਾਵੇ। ਪਰ ਮਾਂ ਮੈਨੂੰ ਹੱਥੀਂ ਤੋਰ ਕੇ ਵੀ ਸਾਰੀ ਉਮਰ ਮੇਰੇ ਤੋਂ ਵਿੱਥ 'ਤੇ ਖਲੋਤੀ ਰਹੀ ਸੀ।

ਵਿਆਹ ਵੇਲੇ ਸਾਰਾ ਦਿਨ ਡੀ.ਜੇ. 'ਤੇ 'ਨੀ ਤੂੰ ਜੱਟ ਦੀ ਪਸੰਦ, ਜੱਟ ਨੇ ਵਿਆਹੁਣੀ ਆ'...ਗਾਣਾ ਵੱਜਦਾ ਰਿਹਾ ਸੀ। ਮੇਰੇ ਭਰਾਵਾਂ ਦੇ ਮੱਥਿਆਂ 'ਤੇ ਤਿਊੜੀਆਂ ਸੀ...ਤੇ ਮੈਨੂੰ ਲੱਗਾ, ਜਿਵੇਂ ਇਹ ਗਾਣਾ ਮੇਰੇ ਭਰਾਵਾਂ ਦਾ ਮੂੰਹ ਚਿੜ੍ਹਾਅ ਰਿਹਾ ਹੋਵੇ। ਚਾਹੁੰਦੀ ਸੀ...ਆਪਣੇ ਹੱਥੀਂ ਇਹ ਗਾਣਾ ਬੰਦ ਕਰ ਦੇਵਾਂ...ਪਰ ਕਰ ਨਾ ਸਕੀ। ਮੇਰੀ ਮਾਂ, ਮੇਰਾ ਭਰਾ ਮੈਨੂੰ ਮੱਤਾਂ ਦੇਂਦੇ ਰਹੇ ਸੀ, "ਕਿਰਨ...ਏਨ੍ਹਾਂ ਜੱਟਾਂ-ਬੂਟਾਂ ਨਾਲ ਰਾਸ ਰਲਾਉਣੀ ਸੌਖੀ ਨਹੀਂ।" ਪਰ ਇਹ ਉਹ ਵੇਲਾ ਸੀ ਜਦ ਕੰਨ ਕਿਸੇ ਦੀ ਗੱਲ ਸੁਣਨੇ ਬੰਦ ਕਰ ਦੇਂਦੇ ਹਨ...ਸਿਰਫ਼ ਦਿਲ ਦੀ ਧੜਕਣ ਸੁਣਾਈ ਦੇਂਦੀ ਹੈ ਤੇ ਉਸ ਧੜਕਣ ਵਿਚ ਸਿਰਫ਼ ਤੇ ਸਿਰਫ਼ 'ਜੰਗਜੀਤ ਖਹਿਰਾ' ਸੀ।

ਉਹਦਾ ਪੱਲਾ ਫੜ ਮੈਂ ਇਸ ਘਰ ਆ ਗਈ ਸੀ। ਇਸ ਘਰ ਦੇ ਰੰਗ-ਢੰਗ ਮੈਨੂੰ ਦਿਲੋਂ ਸਵੀਕਾਰ ਨਹੀਂ ਹੋਏ ਸੀ। ਪਰ ਫਿਰ ਵੀ ਹਰ ਰੰਗ 'ਚ ਰੰਗੇ ਜਾਣ ਦਾ ਧੋਖਾ ਦੇਣਾ ਜਾਣ ਗਈ ਸੀ ਤੇ ਇਸ ਧੋਖੇ 'ਚ ਕਿਸੇ ਦਾ ਕੁਝ ਨਹੀਂ ਗਿਆ ਸੀ। ਬੱਸ ਮੈਂ ਹੀ ਆਪਣੇ ਹਿੱਸੇ ਦੇ ਰੰਗ ਗੁਆ ਲਏ ਸੀ।

ਮੇਰੀ ਸਾਸੂ ਮਾਂ ਕਹਿੰਦੀ ਹੁੰਦੀ ਸੀ, "ਧੀਏ ! ਔਰਤ, ਧਰਤ ਵਰਗੀ ਹੁੰਦੀ...ਬੜਾ ਕੁਝ ਆਪਣੇ ਅੰਦਰ ਜ਼ੀਰ ਲੈਂਦੀ।" ਮੈਂ ਵੀ ਤਾਂ ਕਿੰਨਾ ਹੀ ਕੁਝ ਆਪਣੇ ਅੰਦਰ ਜੀਰ ਗਈ ਸੀ।

ਪਰ ਅੱਜ ਕੱਲ੍ਹ ਉਮਰ ਬੀਤਣ ਦਾ ਅਹਿਸਾਸ ਤਿੱਖੀ ਛੁਰੀ ਵਾਂਗ ਵੱਜਦਾ ਰਹਿੰਦਾ ਹੈ... ਸ਼ਾਇਦ ਇਸੇ ਲਈ ਮਾਲੀ ਨੂੰ ਪੁੱਛ ਬੈਠੀ ਸੀ, "ਮਾਲੀ ਬਈਆ ! ਕਿਆ ਕਭੀ ਧਰਤੀ ਭੀ ਬੜੀ ਹੋਤੀ ਹੈ।"

"ਪਤੇ ਕੀ ਬਾਤ ਯਹ ਹੈ ਬੀਬੀ ਜੀ...ਯੇਹ ਸਭ ਮਾਲੀ ਕੇ ਊਪਰ ਹੋਤਾ ਹੈ...ਅਬ ਦੇਖੇ ਤੋ ਆਪ ਕਾ ਬਗੀਚਾ ਆਸ ਪੜੋਸ ਮੇਂ ਸਭਸੇ ਸੁੰਦਰ ਹੈ...ਕਿਉਂਕਿ ਮੈਂ ਇਸ ਧਰਤੀ ਸੇ ਵਾਕਿਫ਼ ਹੂੰ...ਕਿ ਇਸ ਕੋ ਕਭ

ਕਿਆ ਚਾਹੀਏ।" ਇਸ ਤੋਂ ਬਾਅਦ ਉਹ ਚੁੱਪ ਹੋ ਗਿਆ ਸੀ ਤੇ ਮੈਂ ਫਿਰ ਉਸ ਨੂੰ ਪੁੱਛਿਆ ਸੀ, "ਮਾਲੀ ਬਈਆ ਔਰ ਕੋਈ ਪਤੇ ਕੀ ਬਾਤ।"

"ਔਰ ਪਤੇ ਕੀ ਬਾਤ ਯੇਹ ਹੈ ਬੀਬੀ ਜੀ...ਅੱਛੀ ਸਾਂਭ ਸੰਭਾਲ ਹੋ ਤੋ ਧਰਤੀ ਮਹਿਕਤੀ ਹੈ, ਟਹਿਕਤੀ ਹੈ ਔਰ ਚਹਿਕਤੀ ਭੀ ਰਹਿਤੀ ਹੈ।"

ਉਹਦੀ ਗੱਲ ਮੈਨੂੰ ਸੋਚੀ ਪਾ ਗਈ ਸੀ। ਵੈਸੇ ਤਾਂ ਬੜੀ ਕਲਾਕਾਰ ਹਾਂ ਮੈਂ, ਮੇਰੇ ਚਿਹਰੇ 'ਤੇ ਹਮੇਸ਼ਾ ਮੁਸਕਰਾਹਟ ਨੱਚਦੀ ਰਹਿੰਦੀ ਹੈ ਪਰ ਮੇਰਾ ਟਹਿਕਣਾ, ਮਹਿਕਣਾ, ਚਹਿਕਣਾ ਕਿਤੇ ਦੂਰ ਚਲਾ ਗਿਆ ਹੈ। ਮੇਰਾ ਮਾਲੀ ਇਸ ਗੱਲ ਤੋਂ ਅਣਜਾਣ ਹੈ। ਕੱਲ੍ਹ ਜਦੋਂ ਉਹ ਟੂਰ 'ਤੇ ਗਿਆ ਸੀ...ਬਹੁਤ ਟਹਿਕ-ਮਹਿਕ ਰਿਹਾ ਸੀ ਤੇ ਘਰ ਤੋਂ ਦੂਰ ਜਾ ਕੇ ਹੁਣ ਤੱਕ ਬਹਿਕ ਵੀ ਗਿਆ ਹੋਣਾ।

"ਕਾਲੀਆਂ ਰਾਤਾਂ ਝਾਕ ਕੇ ਵੇ ਅਸਾਂ ਤੱਕੀਆਂ ਤੇਰੀਆਂ ਚੋਰੀਆਂ...।" ਜਦ ਕਦੇ ਵੀ ਇਹ ਗਾਣਾ ਸੁਣਦੀ ਹਾਂ ਤਾਂ ਹਾਸਾ ਆ ਜਾਂਦਾ। ਮੈਨੂੰ ਤਾਂ ਕਦੇ ਇਸ ਤਰ੍ਹਾਂ ਦੀ ਨੌਬਤ ਨਹੀਂ ਆਈ...ਬਾਹਰ ਜਾ ਕੇ ਉਹਨੇ ਕਿੰਨੀਆਂ ਚੋਰੀਆਂ ਕੀਤੀਆਂ ਫੜੱਕ-ਫੜੱਕ ਉਹਦੇ ਮੂੰਹੋਂ ਨਿਕਲਣ ਲੱਗਦੀਆਂ। ਕਦੇ ਵੇਲਾ ਸੀ, ਜਦ ਜੰਗਜੀਤ ਕਿਸੇ ਵੱਲ ਵੇਖਦਾ ਵੀ ਸੀ ਤਾਂ ਲੜਾਈ ਕਰ ਲੈਂਦੀ ਸੀ। ਇਹੋ ਜਿਹੇ ਵੇਲੇ ਹੀ ਸੱਸ ਨੇ ਆਪਣੇ ਤਜ਼ਰਬੇ 'ਚੋਂ ਸਮਝਾਇਆ ਸੀ, "ਧੀਏ ! ਬੰਦੇ ਦੀ ਰਾਖੀ, ਕੋਈ ਕਰ ਸਕਦਾ ਭਲਾ।"

ਸ਼ਾਇਦ ਇਸੇ ਲਈ ਹੁਣ ਮੈਂ ਬੜੇ ਆਰਾਮ ਨਾਲ ਸੁਣਦੀ ਹਾਂ...ਉਹਦੀ ਦਿਲਲਗੀ ਦੇ ਕਿੱਸੇ...ਤੇ ਫਿਰ ਉਹ ਪਤਾ ਨਹੀਂ ਕਿਹੜੀ ਖੁਮਾਰੀ 'ਚ ਮੈਨੂੰ ਬਾਹਾਂ 'ਚ ਲੈ ਆਖਦਾ ਹੈ, "ਪਰ ਤੂੰ ਸੱਚਮੁੱਚ ਹੁਣ ਵੀ ਸਿਰੇ ਦੀ ਰਕਾਨ ਹੈਂ।"...ਤੇ ਮੈਂ ਇਸ ਗੱਲ ਨਾਲ ਹੀ ਪੈਂਪਰ ਹੋ ਜਾਂਦੀ ਹਾਂ।

ਕਲੱਬ 'ਚ ਬੈਠੀ ਨੂੰ ਮੇਰੀਆਂ ਸਾਥਣਾਂ ਅਕਸਰ ਇਹ ਪੁੱਛਦੀਆਂ ਨੇ, "ਤੈਨੂੰ ਆਪਣੇ ਹਬੀ ਦੀਆਂ ਇਹੋ ਜਿਹੀਆਂ ਗੱਲਾਂ ਤੋਂ ਖਿਝ ਨਹੀਂ ਆਉਂਦੀ।"

ਤਾਂ ਮੈਂ ਅਕਸਰ ਕਹਿ ਦੇਂਦੀ ਹਾਂ, "ਯੂ ਨੋਅ...ਖਿਝਣ ਨਾਲ ਫਾਈਨ ਲਾਈਨ ਆ ਜਾਂਦੀਆਂ...। ਯੂ ਨੋਅ ਚਿਹਰੇ ਦੀ ਸੁੰਦਰਤਾ ਨਾਲ ਕੋਈ ਸਮਝੌਤਾ ਨਹੀਂ।" ਤੇ ਫਿਰ ਮੈਂ ਉਨ੍ਹਾਂ ਨੂੰ ਸਫ਼ਲ 'ਸ਼ਾਦੀ ਸ਼ੁਦਾ' ਜ਼ਿੰਦਗੀ ਦੇ ਗੁਰ ਦੱਸਦੀ ਹੋਈ ਕਹਿੰਦੀ ਹਾਂ, "ਖ਼ੁਦ ਜੀਓ ਔਰੋਂ ਕੋ ਭੀ ਜੀਨੇ ਦੋ।" ਮੇਰੀ ਗੱਲ ਤੋਂ ਮਿਸਿਜ਼ ਸਕਸੈਨਾ ਦੇ ਮੱਥੇ 'ਤੇ ਸ਼ਿਕਨ ਜਿਹੀ ਉਭਰਦੀ ਹੈ। ਉਸਦਾ ਪਤੀ ਵੀ ਲੰਬੇ ਟੂਰ 'ਤੇ ਗਿਆ ਹੈ। ਮੇਰੀਆਂ ਗੱਲਾਂ ਤੋਂ ਘਬਰਾ ਉਹ ਆਪਣੇ ਪਤੀ ਨੂੰ ਵੀਡੀਓ ਕਾਲ ਕਰਨ ਲੱਗਦੀ ਹੈ। ਉਹਦੇ ਚਿਹਰੇ ਦੀ ਸ਼ਿਕਨ ਦੱਸ ਰਹੀ ਹੈ ਕਿ ਸਕਸੈਨਾ ਸਾਹਿਬ ਨੇ ਫ਼ੋਨ ਨਹੀਂ ਚੁੱਕਿਆ। ਮਿਸਿਜ਼ ਸਕਸੈਨਾ ਆ ਕੇ ਕਹਿੰਦੀ ਹੈ, "ਮੈਂ ਮਿਸਟਰ ਸਕਸੈਨਾ ਨੂੰ ਪੁੱਛਣਾ ਚਾਹੁੰਦੀ ਸੀ...ਹੋਅ ਆਈ ਡਰੈੱਸਡ ਅੱਪ।" ਉਹਦੀ ਗੱਲ ਸੁਣ ਸਭ ਨਿੰਮਾ-ਨਿੰਮਾ ਮੁਸਕਰਾਉਂਦੀਆਂ ਹਨ।

ਕਲੱਬ 'ਚ ਬੈਠੀ ਨੂੰ ਰੌਸ਼ਨੀ ਤੇ ਦੀਪ ਯਾਦ ਆਉਂਦੀਆਂ ਹਨ ਤਾਂ ਮੈਨੂੰ ਲੱਗਦਾ ਹੈ...ਉਨ੍ਹਾਂ ਕੋਲ ਰਿਸ਼ਤਿਆਂ ਦਾ ਸੱਚ ਹੈ। ਪਰ ਸਾਡੇ ਵਰਗੀਆਂ ਔਰਤਾਂ ਕੋਲ ਝੂਠ ਹੈ। ਇਹ ਝੂਠ ਬਿਲਕੁਲ ਝੂਠੇ ਗਹਿਣਿਆਂ ਵਰਗਾ ਹੈ ਤੇ ਕਈ ਵਾਰ ਝੂਠੇ ਗਹਿਣਿਆਂ ਦੀ ਚਮਕ, ਸੋਨੇ ਨੂੰ ਵੀ ਮਾਤ ਪਾ ਰਹੀ ਹੁੰਦੀ।

ਮੇਰਾ ਹਸੂੰ ਹਸੂੰ ਕਰਦਾ ਚਿਹਰਾ ਵੀ ਤਾਂ ਹਰ ਉਦਾਸੀ ਨੂੰ ਮਾਤ ਪਾ ਰਿਹਾ ਹੁੰਦਾ। ਹਰ ਔਰਤ ਦਾ ਕੱਪੜਛਾਣ ਕਰਨ ਵਾਲਾ ਮੇਰਾ ਪਤੀ ਵੀ ਇਸ ਗੱਲ ਤੋਂ ਅਣਜਾਣ ਹੈ ਕਿ ਮੈਂ ਉਦਾਸ ਹਾਂ। ਖਹਿਰਾ ਸਾਹਿਬ ਮੈਨੂੰ ਕੁਝ ਵੀ ਨਹੀਂ ਕਹਿੰਦੇ, ਪਰ ਫਿਰ ਵੀ ਇੰਜ ਲੱਗਦਾ ਹੈ ਜਿਵੇਂ ਮੈਂ ਚੱਤੋ ਪਹਿਰ ਸੀ.ਸੀ.ਟੀ.ਵੀ. ਕੈਮਰੇ ਦੀ ਨਿਗਰਾਨੀ ਹੇਠ ਹੋਵਾਂ।

ਕਈ ਵਾਰ ਮੇਰਾ ਵੀ ਦਿਲ ਕਰਦਾ ਹੈ ਕਿ ਮੈਂ ਵੀ ਆਪਣੇ ਪਤੀ ਵਾਂਗ ਸੂਟਕੇਸ ਜਿਹਾ ਤਿਆਰ

ਕਰਕੇ ਲੰਬੇ ਟੂਰ 'ਤੇ ਨਿਕਲ ਜਾਵਾਂ। ਇਕ ਵਾਰ ਰੌਸ਼ਨੀ ਤੇ ਦੀਪ ਨਾਲ ਮਿਲ ਕੇ ਪ੍ਰੋਗਰਾਮ ਵੀ ਬਣਾਇਆ ਸੀ। ਥੋੜ੍ਹੇ ਜਿਹੇ ਪਲਾਂ ਨੂੰ ਥੋੜ੍ਹੇ ਜਿਹੇ ਦਿਨਾਂ ਨੂੰ, ਆਪਣੀ ਮਰਜ਼ੀ ਨਾਲ ਜਿਊਣਾ ਚਾਹੁੰਦੀ ਸੀ। ਪਰ ਖਹਿਰਾ ਸਾਹਿਬ ਨੇ ਹਾਂ ਨਹੀਂ ਕੀਤੀ ਸੀ ਤੇ ਮੈਂ ਚੁੱਪਚਾਪ ਟਿਕਟਾਂ ਪਾੜ ਕੇ ਡਸਟਬਿਨ 'ਚ ਸੁੱਟ ਦਿੱਤੀਆਂ ਸੀ। ਉਸ ਦਿਨ ਆਪਣੇ ਔਰਤ ਹੋਣ 'ਤੇ ਖਿਝ ਆਈ ਸੀ ਤੇ ਫਿਰ ਉਦਾਸੀ ਦਾ ਦੌਰਾ ਪੈ ਗਿਆ ਸੀ ਮੈਨੂੰ।

ਘਰ ਦੇ ਬਾਹਰ ਨੇਮ ਪਲੇਟ 'ਤੇ ਮੇਰਾ ਨਾਂ ਹੈ ਪਰ ਘਰ 'ਚ ਆਪਣੀ ਮਰਜ਼ੀ ਦੀਆਂ ਮਹਿਫ਼ਲਾਂ ਮਿਸਟਰ ਖਹਿਰਾ ਹੀ ਸਜਾ ਸਕਦਾ। ਜੇ ਕਿਧਰੇ ਜਾਣਾ ਵੀ ਹੋਵੇ ਤਾਂ ਵੀ ਉਹਦੀ ਮਰਜ਼ੀ ਮੁਤਾਬਿਕ...ਤੇ ਹੁਣ ਕਦੇ ਕਦਾਈਂ ਮੇਰੀ ਮਰਜ਼ੀ ਵੀ ਪੁੱਗ ਜਾਂਦੀ ਹੈ। ਅੱਜ ਕੱਲ੍ਹ ਖਹਿਰਾ ਸਾਹਿਬ ਮੇਰੇ ਨਾਲ ਮੇਰੇ ਪੇਕੇ ਜਾਣ ਲੱਗ ਪਏ ਨੇ...ਪਰ ਉਸ ਵੇਲੇ ਖਹਿਰਾ ਸਾਹਿਬ ਦਾ ਮੂੰਹ ਇੰਜ ਬਣਿਆ ਹੁੰਦਾ ਜਿਵੇਂ ਪਤਾ ਨਹੀਂ ਕਿਹੜੀ ਸਜ਼ਾ ਮਿਲ ਗਈ ਹੋਵੇ।...ਤੇ ਉਨ੍ਹਾਂ ਦੋ-ਤਿੰਨ ਘੰਟਿਆਂ 'ਚ ਮੇਰੀ ਜਾਨ ਕੁੜਿੱਕੀ 'ਚ ਫਸੀ ਰਹਿੰਦੀ ਹੈ। ਐਵੇਂ ਡਰ ਲੱਗਾ ਰਹੂ ਮੇਰੇ ਭਰਾ ਜਾਂ ਮੇਰੀ ਮਾਂ ਖਰ੍ਹਵੀ ਗੱਲ ਨਾ ਕਹਿ ਦੇਣ-ਖਹਿਰਾ ਸਾਹਿਬ ਨੂੰ।

ਕਦੇ ਲੱਗੂ ਖਹਿਰਾ ਸਾਹਿਬ, ਪੈੱਗ ਲਾ ਕੇ ਭਾਪਿਆਂ ਦੇ ਬਾਰੇ ਰੰਗ-ਬਰੰਗੇ ਚੁਟਕਲੇ ਨਾ ਸੁਣਾਉਣ ਲੱਗ ਪੈਣ। ਮੈਂ ਤਾਂ ਆਦੀ ਹੋ ਗਈ ਆਂ, ਇਹੋ ਜਿਹੀਆਂ ਗੱਲਾਂ ਸੁਣਨ ਦੀ।...ਦੁੱਖ ਲੱਗਦਾ ਹੈ, ਪਰ ਕਹਿ ਨਹੀਂ ਹੁੰਦਾ। ਇਕ ਤਾਂ ਆਹ ਪੰਜਾਬੀ ਫ਼ਿਲਮਾਂ 'ਚ 'ਸ਼ੈਂਟੀ ਦੀ ਡੱਡੀ' ਤੇ ਹੋਰ ਪਤਾ ਨਹੀਂ ਕੀ ਕੀ ਬਕਵਾਸ ਆਉਂਦੀ ਰਹਿੰਦੀ ਆ। ਜਦ ਕਦੇ ਇਹੋ ਜਿਹੀ ਫ਼ਿਲਮ ਲੱਗੀ ਹੋਊ ਮੇਰਾ ਸਹੁਰਾ ਕਹੂ, "ਜੰਗਜੀਤ ਤੇਰੇ ਸਹੁਰਿਆਂ ਦੀ ਫਿਲਮ ਲੱਗੀ ਊ।" ਤੇ ਜੰਗਜੀਤ ਵੀ ਭੈੜੇ ਡਾਇਲਾਗ ਬੋਲੀ ਜਾਊ, "ਅਸਾਂ ਦਾ ਖਾਨਾ, ਤੁਸਾਂ ਦੇ ਘਰ, ਤੁਸਾਂ ਦਾ ਖਾਨਾ, ਅਸਾਂ ਦੇ ਘਰ।" ਇਹੋ ਜਿਹੇ ਵੇਲੇ ਦਿਲ 'ਚ ਆਉਂਦਾ, ਇਨ੍ਹਾਂ ਦੀਆਂ ਕਰਤੂਤਾਂ ਦੇ ਲੰਬੇ-ਚੌੜੇ ਚਿੱਠੇ ਸੁਣਾਵਾਂ ਤੇ ਜੱਟਗਿਰੀ ਦੀ ਫੂਕ ਕੱਢ ਦੇਵਾਂ। ਇਨ੍ਹਾਂ ਨੂੰ ਇਹ ਵੀ ਦੱਸ ਦੇਵਾਂ ਮੈਂ 'ਸੋਢੀ ਪਾਤਸ਼ਾਹ' ਦੀ ਵੰਸ਼ ਵਿਚੋਂ ਹਾਂ...। ਪਰ ਮੇਰੇ ਤੋਂ ਇੰਜ ਦਾ ਕੁਝ ਨਹੀਂ ਹੁੰਦਾ। ਸੋਚਦੀ ਹਾਂ, ਜੇ ਮੈਂ ਜੰਗਜੀਤ ਨੂੰ ਉਹਦੀਆਂ ਹਰ ਊਣਤਾਈਆਂ ਸਮੇਤ ਸਵੀਕਾਰ ਕਰ ਲਿਆ ਸੀ ਤਾਂ ਉਹ ਵੀ ਮੈਨੂੰ ਉਂਜ ਹੀ ਸਵੀਕਾਰ ਕਰੇ...। ਫਿਰ ਵੀ ਮੈਂ ਪਿਆਰ ਕੀਤਾ ਸੀ...ਉਸ ਨੂੰ। ਇਹੋ ਜਿਹੀਆਂ ਸੋਚਾਂ ਸੋਚ-ਸੋਚ ਕੇ ਹੀ ਮੈਂ ਉਦਾਸ ਹੋ ਜਾਂਦੀ ਹਾਂ।

ਇਨ੍ਹੀਂ ਦਿਨੀਂ ਖਹਿਰਾ ਸਾਹਿਬ ਲੰਬੇ ਟੂਰ 'ਤੇ ਹਨ। ਇਨ੍ਹਾਂ ਦਿਨਾਂ 'ਚ ਮੈਂ ਆਪਣੀ ਮਰਜ਼ੀ ਦਾ ਜੀਅ ਲੈਂਦੀ ਹਾਂ। ਬਾਹਰ ਮਾਲੀ ਤੇ ਬਸੰਤੀ ਆਪਸ ਵਿਚ ਖਹਿਬੜ ਰਹੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਮੈਨੂੰ ਚੰਗੀਆਂ ਲੱਗਦੀਆਂ ਹਨ।

"ਬਾਤ ਸੁਣ ਲੇ ਮੇਰੀ, ਅਭੀ ਥਾਂ ਸਾਫ਼ ਕੀਆ...ਔਰ ਤੂਨੇ ਗੰਦਾ ਕਰ ਦੀਆ...ਇਸ ਪਾਣੀ ਕੀ ਪਾਈਪ ਕੋ ਤੇਰੇ ਗਲੇ ਮੇਂ ਡਾਲਕਰ...ਅੱਛੇ ਸੇ ਘੁੱਟਕਰ ਪਾਰ ਬੁਲਾ ਦੂੰਗੀ ਤੁਝਕੋ।"

"ਅਰੇ ਝਮੇਲੇ ਕਰਨੇ ਕੀ ਲੋੜ ਨਹੀਂ, ਮੈਂ ਤੋ ਪਹਿਲੇ ਸੇ ਹੀ ਮਰਾ ਬੈਠਾ ਹੂੰ ਤੇਰੇ ਪੇ... ਬਸੰਤੀ।"

"ਬਿਹਾਰੀ ਤੂੰ ਆਪਣੀ ਔਰਤ ਸੇ ਤੋ ਹਾਰ ਨਹੀਂ ਮਾਨਤਾ...ਇਸ ਕੇ ਆਗੇ ਬੜੀ ਜਲਦੀ ਹਾਰ ਮਾਨ ਲੀ।"

"ਬੀਬੀ ਜੀ, ਪਰਾਈ ਔਰਤ ਕੇ ਆਗੇ ਬੰਦਾ ਹਲਕਾ ਪੜ ਜਾਤਾ ਹੈ।"

ਮਾਲੀ ਦੀ ਕਹੀ ਗੱਲ ਮੈਨੂੰ ਬੇਚੈਨੀ ਜਿਹੀ ਦੇ ਗਈ ਸੀ ਤੇ ਫਿਰ ਇਸ ਬੇਚੈਨੀ ਜਿਹੀ 'ਚ ਹੀ ਮੈਂ ਉਹਨੂੰ ਪਤਾ ਨਹੀਂ ਕੀ ਕੀ ਹਦਾਇਤਾਂ ਦੇਣ ਲੱਗਦੀ ਹਾਂ। ਅੱਜ ਕੱਲ੍ਹ ਪੂਰਾ ਘਰ ਮੇਰੀਆਂ ਹਦਾਇਤਾਂ 'ਤੇ ਨੱਚ ਰਿਹਾ ਹੈ। ਲੰਮੇ-ਲੰਮੇ ਫੋਨ ਕਰਦੀ ਹਾਂ। ਖਹਿਰਾ ਸਾਹਿਬ ਵਾਂਗੂੰ ਮਹਿਫ਼ਲਾਂ ਸਜਾਉਂਦੀ ਹਾਂ। ਰੌਸ਼ਨੀ, ਦੀਪ ਨੂੰ ਘਰ ਬੁਲਾਉਂਦੀ ਹਾਂ। ਅਸੀਂ ਸ਼ਾਇਰੋ- ਸ਼ਾਇਰੀ ਕਰਦੀਆਂ ਹਾਂ। ਉੱਚੀ ਆਵਾਜ਼ 'ਚ ਗਾਣੇ ਲਗਾ

ਨੱਚਦੀਆਂ ਹਾਂ। ਉਨ੍ਹਾਂ ਦੇ ਆਉਣ ਨਾਲ ਅੰਦਰੋਂ-ਬਾਹਰੋਂ ਖਿੜ ਜਾਂਦੀ ਹਾਂ ਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਫਿਰ ਉਦਾਸੀ ਮੈਨੂੰ ਚੰਬੜ ਜਾਂਦੀ ਹੈ।

ਤੇ ਇਕ ਦਿਨ ਉਦਾਸੀ ਦੇ ਆਲਮ 'ਚ ਹੀ ਮੈਂ ਆਪਣੀ ਡਾਕਟਰ ਕੋਲ ਪਹੁੰਚ ਗਈ ਸੀ। ਮੇਰੀਆਂ ਗੱਲਾਂ ਸੁਣਨ ਤੋਂ ਬਾਅਦ ਉਹ ਕਹਿਣ ਲੱਗੀ, "ਪ੍ਰੀ-ਮੀਨੋਪਾਜ਼ ਚੱਲ ਰਿਹਾ ਹੈ ਤੁਹਾਡਾ। ਗੱਲ ਸੁਣ ਮੈਂ ਤਿੱਖੀ ਪੀੜ ਨਾਲ ਭਰ ਗਈ। 'ਤੌਕੜ ਮੱਝ' ਵਾਲੀ ਗੱਲ ਮੇਰੇ ਸਿਰ 'ਚ ਹਥੌੜੇ ਵਾਂਗ ਵੱਜਣ ਲੱਗੀ। ਆਪਣੇ ਦੋਸਤ ਨੂੰ ਫੋਨ 'ਤੇ ਸਮਝਾਉਂਦਿਆਂ ਜੰਗਜੀਤ ਇਹੀ ਤਾਂ ਕਹਿ ਰਿਹਾ ਸੀ, "ਇਸ ਉਮਰ 'ਚ ਜ਼ਨਾਨੀ ਦਾ ਹਿਸਾਬ-ਕਿਤਾਬ 'ਤੌਕੜ ਮੱਝ' ਵਾਲਾ ਹੋ ਜਾਂਦਾ।"

'ਹੋਅਜ਼ ਯੂਅਰ ਫਿਜ਼ੀਕੈਲਟੀ।" ਡਾਕਟਰ ਦੀ ਆਵਾਜ਼ ਨਾਲ ਮੈਂ ਸੋਚਾਂ ਦੀ ਘੁੰਮਣਘੇਰੀ ਵਿੱਚੋਂ ਬਾਹਰ ਨਿਕਲ ਆਈ।

"ਫਿਜ਼ੀਕੈਲਟੀ ਦੇ ਤਾਂ ਭਾਵੇਂ ਟਰੱਕ ਭਰ ਲਵੋ...ਪਰ ਮੇਰੇ ਹਸਬੈਂਡ ਦੀ ਬੌਡੀ 'ਚ ਇੱਕ ਵੀ ਹੱਡੀ ਰੁਮਾਂਸ ਦੀ ਨਹੀਂ।"

ਡਾਕਟਰ ਮੁਸਕਰਾਉਂਦੀ ਹੋਈ ਬੱਸ ਐਨਾ ਹੀ ਪੁੱਛਦੀ ਹੈ, "ਤੁਸੀਂ ਕੀ ਚਾਹੁੰਦੇ ਹੋ।"

"ਬੱਸ ਮੇਰੇ ਜੀਅ 'ਚ ਆਉਂਦਾ ਹੈ ਮੇਰਾ ਹਬੀ, ਮੈਨੂੰ ਜੀਅ ਭਰ ਕੇ ਪਿਆਰ ਕਰੇ... ਜੇ ਮੈਂ ਉਹਦੇ ਸੱਚ ਨੂੰ ਜਾਣਦੀ ਹਾਂ...ਉਹ ਵੀ ਮੇਰੇ ਸੱਚ ਨੂੰ ਜਾਣੇ...ਜੇ ਉਹ ਮੇਰੇ ਤੋਂ ਅੱਕ ਗਿਆ ਹੈ ਤਾਂ ਹੋ ਸਕਦਾ ਹੈ...ਮੈਂ ਵੀ ਇਸ ਰਿਸ਼ਤੇ 'ਚੋਂ ਪਿਆਰ ਲੱਭਦੀ ਲੱਭਦੀ ਥੱਕ ਗਈ ਹੋਵਾਂ।"

"ਮਿਸਿਜ਼ ਖਹਿਰਾ...ਹੋ ਸਕਦਾ...ਤੁਸੀਂ ਵੀ ਇਸ ਰਿਸ਼ਤੇ 'ਚੋਂ ਅੱਕ ਗਏ ਹੋਵੋ।"

"ਨੋ ਡਾਕਟਰ...ਮੈਂ ਥੱਕੀ ਜ਼ਰੂਰ ਹਾਂ...ਪਰ ਅੱਕੀ ਨਹੀਂ।"

"ਯੂ ਨੋਅ ਮਿਸਿਜ਼ ਖਹਿਰਾ ਆਲ ਇੰਡੀਅਨ ਵੂਮੈਨ ਥੱਕਦੀਆਂ ਹਨ ਤੇ ਬੰਦੇ ਅੱਕਦੇ ਹਨ...ਪਰ ਗੱਲ ਇਕ ਹੀ ਹੁੰਦੀ ਹੈ।"

"ਅੱਕਣ ਤੋਂ ਯਾਦ ਆਇਆ, ਖਹਿਰਾ ਸਾਹਿਬ ਮੇਰੀਆਂ ਬਣਾਈਆਂ ਸਬਜ਼ੀਆਂ ਤੋਂ ਵੀ ਅੱਕ ਗਏ ਹਨ, ਇਕ ਦਿਨ ਕਹਿਣ ਲੱਗੇ-'ਭਿੰਡੀ ਭਿੰਡੀ' ਮੈਂ ਰੋਜ਼ ਰੋਜ਼ ਦੀ ਤੇਰੀ ਭਿੰਡੀ ਤੋਂ ਅੱਕ ਗਿਆ ਹਾਂ...ਅੱਜ ਮੈਂ ਭੜਥਾ ਬਣਾ ਕੇ ਖੁਆਉਣਾ ਤੈਨੂੰ...ਵਾਕਿਆ ਹੀ ਭੜਥਾ ਬਹੁਤ ਸੁਆਦ ਸੀ, ਫਿਰ ਵੀ ਮੈਂ ਕਹਿ ਦਿੱਤਾ ਸੀ-ਇਹ ਭੜਥਾ ਵੀ ਬੇਸੁਆਦਾ ਜਿਹਾ ਹੋ ਗਿਆ...ਹੁਣ।"

ਮੇਰੀ ਗੱਲ ਸੁਣਨ ਤੋਂ ਬਾਅਦ ਡਾਕਟਰ ਖਿੜਖਿੜਾ ਕੇ ਹੱਸ ਪਈ ਤੇ ਫਿਰ ਉਹ ਮੈਨੂੰ ਉਦਾਸੀ 'ਚੋਂ ਨਿਕਲਣ ਦੇ ਢੰਗ ਤਰੀਕੇ ਦੱਸਣ ਲੱਗ ਪਈ।

ਡਾਕਟਰ ਦੇ ਦੱਸੇ ਢੰਗ-ਤਰੀਕਿਆਂ ਮੁਤਾਬਿਕ ਮੈਂ ਉਨ੍ਹਾਂ ਪਲਾਂ ਨੂੰ ਜੀਣ ਲੱਗਦੀ ਹਾਂ, ਜਿਹੜੇ ਪਲ ਮੈਨੂੰ ਖ਼ੁਸ਼ੀ ਦੇਂਦੇ ਸੀ। ਕਾਲਜ ਦਾ ਚੇਤਾ ਆਉਂਦਿਆਂ ਹੀ ਵੱਟਸਐਪ 'ਤੇ ਬਣਿਆ "ਬੈਚ 1998" ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਸਭ ਦੀਆਂ ਪ੍ਰੋਫਾਈਲ ਪਿੱਕ ਵੇਖਦੀ ਹਾਂ...ਕੁਝ ਚਿਹਰੇ ਪਛਾਣੇ ਜਾਂਦੇ ਹਨ ਤੇ ਕੁਝ ਬੇਪਛਾਣੇ ਹੀ ਰਹਿ ਜਾਂਦੇ ਹਨ। ਪਰ ਇਕ ਚਿਹਰੇ 'ਤੇ ਆ ਨਜ਼ਰ ਠਹਿਰ ਜਾਂਦੀ ਹੈ। ਜ਼ੂਮ ਕਰਕੇ ਪ੍ਰੋਫਾਈਲ ਪਿਕਚਰ ਵੇਖਦੀ ਹਾਂ ਤਾਂ ਯਾਦ ਆਉਂਦਾ ਹੈ ਕਿ ਇਹ ਤਾਂ ਰਵੀ ਹੈ। ਮੈਂ ਤੇ ਇਹ ਦੋਵੇਂ ਕਾਲਜ ਮੈਗ਼ਜ਼ੀਨ ਦੇ ਸੰਪਾਦਕ ਸੀ। ਰਵੀ ਕਵਿਤਾਵਾਂ ਲਿਖਦਾ ਹੁੰਦਾ ਸੀ, ਸਾਰੀ ਕਲਾਸ ਨੂੰ ਸੁਣਾਉਂਦਾ ਵੀ ਹੁੰਦਾ ਸੀ ਤੇ ਅਕਸਰ ਮੈਨੂੰ ਪੁੱਛਦਾ ਹੁੰਦਾ ਸੀ-"ਤੂੰ ਮੇਰੀ ਕਵਿਤਾ ਸੁਣੀ।" ਮੈਂ ਭਾਵੇਂ ਉਹਦੀ ਕਵਿਤਾ ਕਦੇ ਵੀ ਨਹੀਂ ਸੁਣਦੀ ਸੀ, ਪਰ ਫਿਰ ਵੀ ਦਿਲ ਰੱਖਣ ਲਈ ਕਹਿ ਦੇਂਦੀ ਹੁੰਦੀ ਸੀ, "ਹਾਂ, ਸੁਣ ਲਈ ਸੀ।"

ਮੈਂ ਫਿਰ ਸਾਰਿਆਂ ਦੀਆਂ ਫਿਰ ਡੀ.ਪੀ. ਵੇਖਦੀ ਹਾਂ। ਪਰ ਬਾਰ-ਬਾਰ ਨਜ਼ਰ ਰਵੀ ਦੀ ਫੋਟੋ 'ਤੇ ਆ ਟਿਕਦੀ ਹੈ। ਇੰਜ ਲੱਗਦਾ ਹੈ ਜਿਵੇਂ ਉਹਦੇ ਅੱਧ-ਮੀਟੇ ਜਿਹੇ ਬੁੱਲ੍ਹ ਕੁਝ ਕਹਿਣ ਲੱਗੇ ਹੋਣ...। ਫਿਰ ਉਹਦਾ ਸਟੇਟਸ ਪੜ੍ਹਨ ਲੱਗਦੀ ਹਾਂ।

ਅਣਚਾਹਿਆ ਹੀ ਮਿਲਿਆ ਸਭ ਕੁਝ
ਮਨ ਚਾਹਿਆ ਨਾ ਪਾਇਆ
ਸੀਨੇ ਲੱਗ ਵਿਲਕਦੀਆਂ ਰਹੀਆਂ ਰੀਝਾਂ, ਸੱਧਰਾਂ, ਚਾਵਾਂ।

ਮੈਂ ਤਾਂ ਮਨਚਾਹਿਆ ਹੀ ਸਭ ਕੁਝ ਪਾਇਆ ਸੀ। ਫਿਰ ਮੇਰੇ ਸੀਨੇ ਨਾਲ ਉਦਾਸੀ ਕਿਉਂ ਚੰਬੜ ਗਈ ਸੀ। ਵਟਸਟਐਪ ਗਰੁੱਪ 'ਚ ਰਵੀ ਨੇ ਕੋਈ ਲਿੰਕ ਭੇਜਿਆ ਸੀ ਤੇ ਮੈਂ ਝੱਟ ਉਸ ਲਿੰਕ ਨੂੰ ਖੋਲ੍ਹ ਲਿਆ ਸੀ। ਪੂਰੇ ਕਮਰੇ 'ਚ ਗ਼ਜ਼ਲ ਗੂੰਜਣ ਲੱਗ ਪਈ ਸੀ, "ਸ਼ਾਮ ਸੇ ਆਖ ਮੇਂ ਨਮੀ ਸੀ ਹੈ...ਆਜ ਫਿਰ ਆਪ ਕੀ ਕਮੀ ਸੀ ਹੈ।" ਮੈਂ ਅੱਖਾਂ ਬੰਦ ਕਰ ਪਤਾ ਨਹੀਂ ਕਿੰਨੀ ਵਾਰ ਉਸ ਗ਼ਜ਼ਲ ਨੂੰ ਸੁਣ ਲਿਆ ਸੀ...ਤੇ ਮੇਰੀਆਂ ਅੱਖਾਂ ਵਿਚਲੀ ਨਮੀ ਬਾਹਰ ਵਹਿ ਤੁਰੀ ਸੀ। ਇਕ ਉਮਰ ਸੀ...ਜਦ ਕੋਈ ਗੀਤ ਸੁਣਨਾ ਤਾਂ ਇੰਜ ਲੱਗਦਾ ਜਿਵੇਂ ਜੰਗਜੀਤ ਹੀ ਮੈਨੂੰ ਕਹਿ ਰਿਹਾ ਹੋਵੇ।...ਤੇ ਫਿਰ ਉਹ ਪਲ ਆਏ ਜਦ ਗੀਤ ਤਾਂ ਮੇਰੇ ਕੋਲ ਸੀ ਪਰ ਚਿਹਰਾ ਕਿਧਰੇ ਗੁੰਮ-ਗੁਆਚ ਗਿਆ। ਪਰ ਅੱਜ ਦਾ ਕਿੱਸਾ ਅਜੀਬ ਸੀ। ਬੰਦ ਅੱਖਾਂ ਨੂੰ ਫਿਰ ਕਿਸੇ ਦਾ ਚਿਹਰਾ ਦਿਸਣ ਲੱਗ ਪਿਆ ਸੀ।

ਪਤਾ ਨਹੀਂ ਕੀ ਸ਼ੁਦਾਅ ਹੋ ਗਿਆ ਸੀ, ਮੈਨੂੰ। ਮੈਂ ਰੋਜ਼ ਰਵੀ ਦੀ ਡੀ.ਪੀ. ਵੇਖਦੀ ਹਾਂ। ਬੇਧਿਆਨੀ ਜਿਹੀ 'ਚ ਰਵੀ ਨੂੰ ਕਾਲ ਹੋ ਜਾਂਦੀ ਹੈ। ਕਾਲ ਜਾ ਰਹੀ ਹੈ...ਮੇਰਾ ਦਿਲ ਧੜਕ ਰਿਹਾ ਹੈ..ਤੇ ਫਿਰ ਮੈਂ ਦਵਾ-ਦਵ ਫੋਨ ਬੰਦ ਕਰ ਦੇਂਦੀ ਹਾਂ...ਤੇ ਵਟਸਐਪ 'ਤੇ ਮੈਸੇਜ਼ ਛੱਡ ਦੇਂਦੀ ਹਾਂ...ਸੌਰੀ ਕਾਲ ਬਾਏ ਮਿਸਟੇਕ। ਫਿਰ ਝੱਲੀ ਹੋਈ ਆਪਣੇ ਹੀ ਲਿਖੇ ਮੈਸੇਜ਼ ਨੂੰ ਵੇਖੀ ਜਾਂਦੀ ਹਾਂ। ਜਦ ਬਲੂ ਟਿੱਕ ਹੋ ਜਾਂਦੀ ਹੈ ਤਾਂ ਫਿਰ ਦਿਲ ਜ਼ੋਰ ਜ਼ੋਰ ਦੀ ਧੜਕਦਾ ਹੈ ਤੇ ਫਿਰ ਸਵੇਰੇ ਸਵੇਰੇ ਰਵੀ ਦਾ ਮੈਸੇਜ਼ ਆਉਂਦਾ ਹੈ, "ਇਹੋ ਜਿਹੀਆਂ ਹੁਸੀਨ ਗ਼ਲਤੀਆਂ ਬਾਰ ਬਾਰ ਕਰਿਆ ਕਰੋ।" ਉਹਦਾ ਮੈਸੇਜ਼ ਮੈਨੂੰ ਧੁਰ ਅੰਦਰ ਤੱਕ ਸਕੂਨ ਦੇ ਗਿਆ ਸੀ। ਉਂਗਲਾਂ ਕੁਝ ਟਾਈਪ ਕਰਨ ਦੀ ਕਾਹਲ 'ਚ ਹਨ, ਪਰ ਮਨ ਕੁਝ ਸਮਝਾਉਣ ਲੱਗਦਾ ਹੈ। ਤੇ ਫਿਰ ਕਿੰਨੇ ਹੀ ਦਿਨ ਮੈਸੇਜ਼ਾਂ ਦੀ ਲੁਕਣਮੀਟੀ ਚੱਲਦੀ ਰਹੀ ਤੇ ਫਿਰ ਕਿੰਨੇ ਹੀ ਦਿਨਾਂ ਬਾਅਦ ਅਸੀਂ ਇਕ ਦੂਜੇ ਨੂੰ ਲੱਭ ਲਿਆ ਸੀ ਤੇ ਗੱਲਾਂ-ਬਾਤਾਂ ਦਾ ਸਿਲਸਿਲਾ ਚੱਲ ਪਿਆ ਸੀ। ਇਕ ਦਿਨ ਮੈਂ ਉਸ ਨੂੰ ਕਿਹਾ ਸੀ, "ਰਵੀ, ਤੇਰੀ ਸ਼ਾਇਰੀ ਪੜ੍ਹ ਇੰਜ ਲੱਗਦਾ, ਜਿਵੇਂ ਮੈਂ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੋਵਾਂ।"

"ਕਿਰਨ, ਉਹ ਤੂੰ ਹੀ ਤਾਂ ਸੀ...ਜਿਸ ਇਹ ਅੱਖਰ ਪੁਆ ਦਿੱਤੇ।"

ਪਤਾ ਨਹੀਂ ਉਸ ਸੱਚ ਕਿਹਾ ਸੀ ਜਾਂ ਝੂਠ ਪਰ ਉਹਦੀ ਇਹ ਗੱਲ ਸੁਣ ਮੈਂ ਪੈਂਪਰ ਹੋ ਗਈ ਸੀ।

"ਰਵੀ, ਤੂੰ ਕਹਿੰਦਾ ਹੈਂ ਪਿਆਰ ਖ਼ੁਸ਼ਬੂ ਵਰਗਾ ਹੁੰਦਾ...ਤੂੰ ਮੇਰੇ ਕੋਲ ਸੀ, ਫਿਰ ਮੈਂ ਇਹ ਖ਼ੁਸ਼ਬੋਈ ਮਹਿਸੂਸ ਕਿਉਂ ਨਾ ਕਰ ਸਕੀ।"

"ਕੁੜੀਏ ! ਮਹਿਸੂਸ ਕਰਨ ਵਾਲੀ ਤੇਰੀ ਇੰਦਰੀ ਉਸ ਵੇਲੇ ਜੰਗਜੀਤ ਦੇ ਲਏ ਨਵੇਂ ਐਨਫੀਲਡ ਦੇ ਰੌਲੇ-ਰੱਪੇ ਵਿਚ ਉਲਝੀ ਸੀ।" ਉਹਦੀ ਗੱਲ ਸੁਣ ਮੈਂ ਖਿੜਖਿੜਾ ਕੇ ਹੱਸਦੀ ਹਾਂ।

ਮੇਰੇ ਹਾਸੇ ਨੂੰ ਬੋਚਦਿਆਂ ਉਹ ਕਹਿੰਦਾ ਹੈ, "ਜਦ ਤੇਰੀ ਮੰਗਣੀ ਹੋਈ ਸੀ, ਮੈਨੂੰ ਆਪਣੀ ਗਰੀਬੀ 'ਤੇ ਖਿਝ ਆਈ ਸੀ ਤੇ ਮੈਂ ਉਸ ਖਿਝ 'ਚ ਬਲੈਕ ਬੋਰਡ 'ਤੇ ਲਿਖ ਦਿੱਤਾ ਸੀ-

ਮਧਾਣੀਆਂ, ਹਾਇ ਉਇ ਮੇਰੇ ਡਾਢਿਆ ਰੱਬਾ
ਕਿਨ੍ਹਾਂ ਮੱਲੀਆਂ, ਕਿਨ੍ਹਾਂ ਨੇ ਲੈ ਜਾਣੀਆਂ।"

"ਹਾਇ...ਉਹ ਤੂੰ ਲਿਖਿਆ ਸੀ...ਤੂੰ ਸੱਚਮੁੱਚ ਮੈਨੂੰ ਮੱਲਿਆ ਸੀ।"

"ਹਾਂ...ਕਿਰਨ, ਕਦੇ ਫੋਟੋਆਂ ਵੇਖੀਆਂ ਪੁਰਾਣੀਆਂ...ਤੇਰੇ ਨਾਲ ਖੜ੍ਹਨ ਦੀ ਹਿੰਮਤ ਨਹੀਂ ਹੁੰਦੀ ਸੀ...ਪਰ ਜਿਥੇ ਤੂੰ ਖਲੋਤੀ ਹੁੰਦੀ...ਉਥੇ ਮੈਂ ਪਿੱਛੇ ਖਲੋ ਜਾਂਦਾ ਸੀ।"

ਉਹਦੀਆਂ ਇਹੋ ਜਿਹੀਆਂ ਗੱਲਾਂ ਮੈਨੂੰ ਧਰਵਾਸਾ ਦੇ ਜਾਂਦੀਆਂ, ਮੈਨੂੰ ਫਿਰ ਤੋਂ ਆਪਣੇ ਆਪ 'ਤੇ ਇਤਬਾਰ ਹੋਣ ਲੱਗ ਪਿਆ ਸੀ। ਉਦਾਸੀ ਕਿਧਰੇ ਖੰਭ ਲਾ ਕੇ ਉੱਡ ਗਈ ਜਾਪਦੀ।

ਰਵੀ ਨਾਲ ਉਹ ਗੱਲਾਂ ਕਰਦੀ ਹਾਂ, ਜੋ ਮੈਂ ਅੱਜ ਤੱਕ ਕਿਸੇ ਨਾਲ ਵੀ ਨਹੀਂ ਕਰ ਸਕੀ। ਉਹ ਮੇਰੀ ਉਦਾਸੀ ਦੀ ਨਬਜ਼ ਫੜਦਾ ਹੈ ਤੇ ਮੈਨੂੰ ਸਮਝਾਉਂਦਿਆਂ ਕਹਿੰਦਾ ਹੈ, "ਵੇਖ, ਜੰਗਜੀਤ ਦਾ ਕੋਈ ਕਸੂਰ ਨਹੀਂ।"

"ਫਿਰ ਮੇਰਾ ਕਸੂਰ ਹੈ ?" ਮੈਂ ਤੜਫ਼ ਕੇ ਪੁੱਛਦੀ ਹਾਂ।

"ਨਹੀਂ...ਤੇਰਾ ਵੀ ਨਹੀਂ।" ਉਹ ਸਹਿਜਤਾ ਨਾਲ ਜਵਾਬ ਦੇਂਦਾ ਹੈ।

"ਫਿਰ...।"

"ਗੱਲ...ਅਸਲ 'ਚ ਇਹ ਹੈ ਕਿਰਨ...ਬਿਊਟੀ ਨੂੰ ਦੌਲਤ, ਸ਼ੋਹਰਤ ਦੀ ਪਾਵਰ ਆਪਣੇ ਨਾਲ ਤੋਰ ਲੈਂਦੀ ਹੈ। ਬਿਊਟੀ ਦਾ ਆਪਣਾ ਜਲਵਾ ਹੈ, ਪਾਵਰ ਦਾ ਆਪਣਾ ਮਸਲਾ ਹੈ।"

"ਰਵੀ...ਇਸ ਹਿਸਾਬ ਨਾਲ ਤਾਂ ਤੈਨੂੰ ਵੀ ਕੈਨੇਡਾ ਦੀ ਪਾਵਰ ਆਪਣੇ ਨਾਲ ਲੈ ਕੇ ਉੱਡ ਗਈ।"

"ਬਿਲਕੁਲ, ਸਾਡੇ ਦੇਸ਼ 'ਚ ਵਿਆਹ ਇੰਜ ਹੀ ਤਾਂ ਹੁੰਦੇ...ਜੰਗਜੀਤ ਕੋਲ ਜ਼ਮੀਨ ਦੀ ਪਾਵਰ ਸੀ...ਤੂੰ ਉਹਦੇ ਨਾਲ ਤੁਰ ਪਈ...ਮੇਰੀ ਘਰਵਾਲੀ ਕੋਲ ਕੈਨੇਡਾ ਦੀ ਪੀ.ਆਰ. ਸੀ...ਉਸ ਮੈਨੂੰ ਆਪਣੇ ਨਾਲ ਤੋਰ ਲਿਆ।"

"ਨਹੀਂ ਰਵੀ...ਮੈਂ ਤਾਂ ਉਹਨੂੰ ਪਿਆਰ ਕੀਤਾ ਸੀ।"

"ਕਿਰਨ...ਅਸੀਂ ਤੋਲ-ਮੋਲ ਕੇ ਬਣਾਏ ਰਿਸ਼ਤਿਆਂ ਨੂੰ ਪਿਆਰ ਸਮਝ ਲੈਂਦੇ ਹਾਂ...ਪਰ ਪਿਆਰ ਦੇ ਮਾਇਨੇ ਕੁਝ ਹੋਰ ਨੇ...।"

"ਫਿਰ ਤੂੰ ਹੀ ਮੈਨੂੰ ਪਿਆਰ ਦੇ ਮਾਇਨੇ ਸਮਝਾ ਜਾਂਦਾ...।"

"ਗੱਲ ਸੁਣ ਕੁੜੀਏ...ਉਹ ਫ਼ਿਲਮਾਂ 'ਚ ਹੀ ਹੁੰਦਾ। ਰਿਤਿਕ ਰੌਸ਼ਨ ਦੇ ਟੁੱਟੇ ਜਿਹੇ ਸਾਈਕਲ 'ਚ ਪਿੱਛੇ ਕਰੀਨਾ ਕਪੂਰ ਆ ਕੇ ਬਹਿ ਜਾਂਦੀ ਆ...ਹਕੀਕਤ 'ਚ ਕੁੜੀ ਤੇਰੇ ਵਾਂਗੂੰ ਵੱਡੀਆਂ-ਵੱਡੀਆਂ ਗੱਡੀਆਂ ਦੇ ਹੀ ਝੂਟੇ ਲੈਂਦੀ ਆ...। ਤੇ ਫਿਰ ਮੈਂ ਕਿੰਜ ਤੈਨੂੰ ਪਿਆਰ ਦੇ ਮਾਇਨੇ ਸਮਝਾ ਜਾਂਦਾ।"

ਰਵੀ ਦੀ ਕਹੀ ਗੱਲ ਮੈਨੂੰ ਮਿਹਣੇ ਵਰਗੀ ਲੱਗੀ। ਪਰ ਉਹ ਮੈਨੂੰ ਰਿਸ਼ਤਿਆਂ ਦਾ ਝੂਠ-ਸੱਚ ਸਮਝਾ ਗਿਆ ਸੀ। ਵਾਕਿਆ ਹੀ ਹਰ ਕੁੜੀ ਦੇ ਸੁਪਨਿਆਂ ਅੰਦਰ 'ਬਾਤਾਂ ਵਾਲਾ ਰਾਜਕੁਮਾਰ' ਹੀ ਤਾਂ ਹੁੰਦਾ...। ਬਸੰਤੀ ਦੀ ਆਵਾਜ਼ ਮੇਰੇ ਖ਼ਿਆਲਾਂ ਦੀ ਤੰਦ ਤੋੜਦੀ ਹੈ। ਉਹਦੇ ਚਿਹਰੇ 'ਤੇ ਸੱਟਾਂ ਦੇ ਨਿਸ਼ਾਨ ਹਨ। "ਫਿਰ ਪੀਟਾ ਤੇਰੇ ਘਰਵਾਲੇ ਨੇ ਤੁਮ੍ਹੇਂ।"

"ਬੀਬੀ ਜੀ, ਕੋਈ ਮਾਰ ਲੇਤਾ ਹੈ, ਕੋਈ ਹਾਲ ਪੂਛ ਲੇਤਾ ਹੈ, ਇਸੀ ਮੇਂ ਹਿਸਾਬ ਬਰਾਬਰ ਹੋ ਜਾਤਾ ਹੈ।" ਉਹਦੀ ਗੱਲ ਮੈਨੂੰ ਸੋਚੀਂ ਪਾ ਗਈ ਸੀ। ਮੈਨੂੰ ਲੱਗਾ ਜਿਵੇਂ ਮੈਂ ਵੀ ਆਪਣੇ ਹਿਸਾਬ-ਕਿਤਾਬ ਪੂਰੇ ਕਰ ਰਹੀ ਹੋਵਾਂ। ਰਵੀ ਨਾਲ ਗੱਲਾਂ ਕਰਕੇ ਮੈਂ ਆਪਣੇ ਕਿਸੇ ਊਣੇ ਕੋਨੇ ਨੂੰ ਭਰ ਰਹੀ ਹੋਵਾਂ। ਪਰ ਕਈ ਵਾਰ ਤਨ, ਮਨ, ਰੂਹ ਦੀ ਬਾਤ ਪਾਉਂਦੀ ਉਹਦੀ ਕਵਿਤਾ ਉਲਝਾ ਦਿੰਦੀ ਹੈ ਤੇ ਫਿਰ ਉਹ ਮੇਰੀ ਉਲਝਣ ਨੂੰ ਸੁਲਝਾਉਂਦਿਆਂ ਕਹਿਣ ਲੱਗਾ, "ਤੈਨੂੰ ਪਤਾ, ਪੱਛਮ 'ਚ ਵਿਆਹ ਦਾ ਆਧਾਰ ਮਨ ਹੈ, ਮਨ ਹਰਾਮੀ ਹੈ, ਹੁੱਜਤਾਂ ਢੇਰ ਕਰਦਾ... ਮਨ ਬਦਲਾਵ ਚਾਹੁੰਦਾ ਹੈ...ਇਸੇ ਲਈ ਉਹ ਆਪਣੇ ਪਾਰਟਨਰ ਬਦਲਦੇ ਰਹਿੰਦੇ

ਹਨ।"

"ਤੇ ਸਾਡੇ ਮੁਲਕ 'ਚ।"

"ਸਾਡੇ ਮੁਲਕ 'ਚ ਵਿਆਹ ਤਨ 'ਤੇ ਟਿਕਿਆ, ਤੀਵੀਂ ਬੰਦਾ ਲੜਦੇ ਹਨ, ਇਕ ਦੂਜੇ ਦੀ ਸ਼ਕਲ ਵੇਖਣਾ ਪਸੰਦ ਨਹੀਂ ਕਰਦੇ, ਪਰ ਰਾਤ ਨੂੰ ਇਕੱਠੇ ਹੋ ਜਾਂਦੇ।"

"ਪਰ, ਰਵੀ ਤਨ ਨੇ ਵੀ ਤਾਂ ਇਕ ਦਿਨ ਢਲ ਜਾਣਾ ਹੁੰਦਾ।"

"ਕਿਰਨ, ਤਨ ਬਹੁਤ ਹੌਲੀ ਹੌਲੀ ਢਲਦਾ।"

"ਤੇ ਫਿਰ ਰਵੀ...ਰੂਹ ਦਾ ਕੀ ਮਸਲਾ ਹੈ।"

"ਰੂਹ ਨਾ ਤਨ ਵਾਂਗ ਢਲਦੀ ਹੈ ਤੇ ਨਾ ਹੀ ਮਨ ਵਾਂਗ ਹਰਾਮਪੁਣਾ ਕਰਦੀ ਹੈ। ਤੇ ਜਦ ਕਦੇ ਰੂਹ ਨੂੰ ਰੂਹ ਮਿਲ ਜਾਵੇ ਤਾਂ ਸੌ ਜਨਮਾਂ ਦਾ ਹੱਜ ਹੋ ਜਾਂਦਾ।"

ਤੇ ਉਸ ਵੇਲੇ ਪਤਾ ਨਹੀਂ ਕਿਵੇਂ ਮੈਥੋਂ ਕਹਿ ਹੋ ਗਿਆ ਸੀ, "ਤੂੰ ਮੇਰੀ ਰੂਹ ਦਾ ਸਾਥੀ ਹੈਂ।"

ਤੇ ਉਸ ਪਲ ਉਸ ਹੱਸਦਿਆਂ ਕਿਹਾ, "ਨਾ ਨਾ ਕੁੜੀਏ...ਸਾਨੂੰ ਤਾਂ ਫੁੱਲ ਪੈਕੇਜ ਚਾਹੀਦਾ...ਤਨ, ਮਨ ਤੇ ਰੂਹ ਸਮੇਤ।"

ਉਹਦੀ ਗੱਲ ਮੈਂ ਸਮਝ ਗਈ ਸੀ, ਫਿਰ ਵੀ ਅਣਜਾਣ ਜਿਹੀ ਬਣ ਕਿਹਾ, "ਕੀ ਮਤਲਬ ?"

"ਮਤਲਬ ਇਹ ਕਿ ਜਦ ਵੀ ਕੋਈ ਕਿਸੇ ਕੋਲ ਜਾਵੇ...ਤਨ ਮਨ ਰੂਹ ਦੇ ਫੁੱਲ ਪੈਕਜ਼ ਸਮੇਤ ਜਾਏ।" ਮੈਂ ਚੁੱਪ ਸੀ ਤੇ ਉਹ ਮੇਰੀ ਚੁੱਪ ਨੂੰ ਹੀ ਅਰਥ ਦੇਂਦਿਆਂ ਬੋਲਿਆ। ਇਸੇ ਲਈ ਹੀ ਤਾਂ ਸਾਡੇ ਰਿਸ਼ਤਿਆਂ ਦਾ ਇਹ ਹਾਲ ਹੈ, ਤਨ ਕਿਤੇ ਪਿਆ, ਮਨ ਕਿਤੇ ਹਾਮੀ ਭਰ ਰਿਹਾ ਹੈ ਤੇ ਰੂਹ ਕਿਤੇ ਹੋਰ ਭਟਕ ਰਹੀ ਹੈ।"

"ਰਵੀ, ਤੂੰ ਕਦੇ ਤਨ, ਮਨ ਰੂਹ ਦੇ ਸਮੇਤ ਆਪਣੀ ਬੀਵੀ ਕੋਲ ਗਿਆ।"

"ਕਿਰਨ, ਸਾਡੀ ਐਸੋਸੀਏਸ਼ਨ ਚੰਗੀ ਹੈ...ਪਰ ਇਹ ਵੀ ਸੱਚ ਹੈ...ਮੈਂ ਬਹੁਤੀ ਵਾਰ ਨਹੀਂ ਜਾ ਸਕਿਆ...ਆਪਣੀ ਬੀਵੀ ਕੋਲ ਫੁੱਲ ਪੈਕਜ਼ ਸਮੇਤ...।"

"ਰਵੀ, ਸ਼ਾਇਦ ਇਸੇ ਲਈ ਸਾਡੇ ਰਿਸ਼ਤੇ ਅਧੂਰੇ ਹਨ।"

"ਕੁੜੀਏ, ਇਸੇ ਲਈ ਤਾਂ ਮੈਂ ਕਹਿ ਰਿਹਾ, ਮਿੱਤਰਾਂ ਨੂੰ ਫੁੱਲ ਪੈਕਜ਼ ਚਾਹੀਦਾ...ਤਨ, ਮਨ ਤੇ ਰੂਹ ਸਮੇਤ...।"

ਮੈਂ ਉਹਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ ਸੀ ਤੇ ਹੱਸਦੀ ਹੱਸਦੀ ਨੇ ਫ਼ੋਨ ਬੰਦ ਕਰ ਦਿੱਤਾ ਸੀ।

ਰਵੀ ਦੀ ਆਮਦ ਨਾਲ ਮੈਨੂੰ ਆਪਣਾ ਆਪ ਚੰਗਾ ਲੱਗਣ ਲੱਗ ਪਿਆ ਸੀ। ਉਹ ਵੀ ਤਾਂ ਮੈਨੂੰ ਕਹਿੰਦਾ ਹੁੰਦਾ ਸੀ, ਤੇਰੇ ਨਾਲ ਗੱਲਾਂ ਕਰ ਰੂਹ ਨੂੰ ਰੱਜ ਆ ਜਾਂਦਾ-ਤੇਰਾ ਹਾਸਾ ਮੈਨੂੰ ਊਰਜਾ ਨਾਲ ਭਰ ਦੇਂਦਾ। ਕਈ ਵਾਰ ਸੋਚਦੀ ਹਾਂ, ਕੋਈ ਜ਼ਿੰਦਗੀ ਵਿਚ ਇੰਜ ਵੀ ਆ ਸਕਦਾ ਹੈ। ਫਿਰ ਰਵੀ ਦੇ ਬੋਲ ਚੇਤੇ ਆਉਂਦੇ ਹਨ। ਉਹ ਆਖਦਾ ਹੁੰਦਾ, "ਇਹ ਮੇਰੀ ਵਰ੍ਹਿਆਂ ਦੀ ਤਪੱਸਿਆ ਹੈ, ਜੋ ਤੇਰੇ ਤੱਕ ਅੱਜ ਪਹੁੰਚੀ।" ਤੇ ਇਹੋ ਜਿਹੇ ਵੇਲੇ ਉਹ ਸੱਚਮੁੱਚ ਹੀ ਕੋਈ ਤਪੱਸਵੀ ਲੱਗਦਾ ਹੈ।

ਬਹੁਤ ਦੂਰ ਸਾਂ ਅਸੀਂ, ਪਰ ਫਿਰ ਵੀ ਦੋਵੇਂ ਇਕ-ਦੂਜੇ ਦੇ ਮਰਜ਼ ਦੀ ਦਵਾ ਬਣ ਬੈਠੇ ਸੀ। ਉਹ ਮੇਰੇ ਨਿੱਕੇ ਨਿੱਕੇ ਚਾਅ ਕਰਦਾ ਸੀ। ਮੇਰੇ ਕੋਲ ਇਕ ਦਿਨ ਗੱਲਾਂ ਹੀ ਗੱਲਾਂ ਵਿਚ ਕਹਿ ਹੋ ਗਿਆ ਸੀ, "ਤੂੰ ਜਦ ਕਦੇ ਵੀ ਦੇਸ਼ ਆਇਆ, ਮੈਂ ਤੈਨੂੰ ਮਿਲਣਾ ਹੈ। ਉਸ ਡੂੰਘਾ ਸਾਹ ਲੈਂਦਿਆਂ ਕਿਹਾ ਸੀ, "ਹਾਂ ਮਿਲਾਂਗੇ ਪਰ ਮੇਰੇ ਲਈ ਤੈਨੂੰ ਅਲਵਿਦਾ ਕਹਿਣਾ ਬਹੁਤ ਔਖਾ ਹੋਊ।" ਪਤਾ ਨਹੀਂ ਉਸ ਕਿਵੇਂ ਕਿਹਾ ਸੀ। ਮੇਰੀਆਂ ਅੱਖਾਂ ਨਮ ਹੋ ਗਈਆਂ ਸੀ। ਫਿਰ ਦੋਵੇਂ ਪਾਸਿਉਂ ਚੁੱਪ ਸੀ। ਅਸੀਂ ਇਕ ਦੂਜੇ ਦੀ ਚੁੱਪ ਸੁਣ ਰਹੇ ਸੀ। ਉਸ

ਚੁੱਪ ’ਚ ਸਮਾਧੀ ਵਰਗਾ ਅਹਿਸਾਸ ਸੀ। ਉਸ ਸੁੰਨ ਸਮਾਧੀ ’ਚੋਂ ਬੋਲ ਉਭਰੇ ਸੀ।

“ਰਵੀ, ਤੈਨੂੰ ਪਤਾ ਬਾਹਰ ਪੁਰੇ ਦੀ ਹਵਾ ਵਗ ਰਹੀ ਹੈ...।”

“ਕਿਰਨ...ਜਾਣੇ ਕਿਸ ਕੋ ਕਿਸ ਕੀ ਯਾਦ ਆਈ ਕਿ ਚੱਲੀ ਪੁਰਵਾਈ।”

“ਰਵੀ...ਬਾਹਰ ਮੀਂਹ ਪੈ ਰਿਹਾ ਹੈ।”

“ਕਿਰਨ...ਜਾਨੇ ਕਿਸ ਬਿਰਹਣ ਦਾ ਮਨ ਤਰਸਾ...ਯੇਹ ਪਾਣੀ ਬਰਸਾ।”

“ਰਵੀ, ਮੇਰਾ ਤਨ, ਮਨ ਤੇ ਰੂਹ...।” ਫਿਰ ਮੇਰੇ ਕੋਲੋਂ ਕੁਝ ਵੀ ਬੋਲ ਨਾ ਹੋਇਆ ਤੇ ਮੈਂ ਬਾਹਰ ਆ ਕਣੀਆਂ ’ਚ ਭਿੱਜਣ ਲੱਗ ਪਈ ਸੀ। ਮੈਨੂੰ ਕਣੀਆਂ ’ਚੋਂ ਰਵੀ ਦਿਸ ਰਿਹਾ ਸੀ। ਬਾਰਿਸ਼ ਤੋਂ ਬਾਅਦ ਧਰਤੀ ’ਤੇ ਮੈਂ ਦੋਵੇਂ ਚਹਿਕ, ਮਹਿਕ ਤੇ ਟਹਿਕ ਰਹੀਆਂ ਸੀ।

ਮਨ ਸ਼ਾਂਤ ਹੈ...ਕਿਤੇ ਕੋਈ ਉਦਾਸੀ ਨਹੀਂ। ਰਵੀ ਨੇ ਮੇਰੇ ਦਰ ’ਤੇ ਪਿਆਰ ਦੀ ਅਲਖ ਜਗਾ ਦਿੱਤੀ ਸੀ ਤੇ ਉਹ ਪਿਆਰ ਹਰ ਰਿਸ਼ਤੇ ਤੱਕ ਫੈਲ ਗਿਆ ਸੀ। ਇਨ੍ਹੀਂ ਦਿਨੀਂ ਇਕ ਸਪੇਸ ਮੈਨੂੰ ਮਿਲੀ ਸੀ ਤੇ ਮੈਂ ‘ਨਵੀਂ ਨਕੋਰ’ ਹੋ ਗਈ ਸੀ। ਪੂਰੇ ਮਹੀਨੇ ਬਾਅਦ ਖਹਿਰਾ ਸਾਹਿਬ ਟੂਰ ਤੋਂ ਮੁੜੇ ਸਨ। ਬਹੁਤ ਖ਼ੁਸ਼ ਹਨ। ਮੇਰੀਆਂ ਅੱਖਾਂ ’ਚ ਝਾਕਦਿਆਂ ਕਹਿੰਦੇ, “ਮੈਨੂੰ ਨਾ ਤੇਰੇ ਨਾਲ ਫਿਰ ਤੋਂ ਇਸ਼ਕ ਜਿਹਾ ਹੋ ਗਿਆ ਲੱਗਦਾ।” ਮੈਂ ਵੀ ਉਹਦੀ ਅੱਖ ਨਾਲ ਅੱਖ ਮਿਲਾਉਂਦੀ ਕਹਿੰਦੀ ਹਾਂ, “ਮੈਨੂੰ ਵੀ...।” ਦੂਰ ਕੋਈ ਤਪੱਸਵੀ ਜਿਹਾ ਮੁਸਕਰਾ ਰਿਹਾ ਸੀ।

## ਕਹੇ ਦੀਪ

ਰੌਸ਼ਨੀ ਬਹੁਤ ਵਾਰ ਕਹਿੰਦੀ ਹੈ, “ਛੱਡ ਦੇ ਆਪਣੇ ‘ਫਾਲਤੂ ਪਤੀ’ ਨੂੰ...ਕੀ ਫਾਲਤੂ ਜਿਹੇ ਰਿਸ਼ਤੇ ਨੂੰ ਢੋਈ ਜਾਂਦੀ ਹੈ।” ਉਮਰ ਦੇ ਤਰਤਾਲੀਵੇਂ ਵਰ੍ਹੇ ’ਚ ਮੈਂ ਵਾਕਿਆ ਹੀ ਸੋਚਦੀ ਹਾਂ, ਇਸ ਫਾਲਤੂ ਜਿਹੇ ਰਿਸ਼ਤੇ ਨੂੰ ਐਨੇ ਸਾਲਾਂ ਦੇ ਸਾਲ ਕਿਵੇਂ ਝੱਲ ਲਿਆ। ਮੇਰੀ ਮਾਂ ਨੇ ਵੀ ਇਹੀ ਕਿਹਾ ਸੀ, “ਇਹ ਬੰਦਾ ਗ੍ਰਹਿਸਥੀ ਦਾ ਭਾਰ ਝੱਲਣ ਜੋਗਾ ਨਹੀਂ...ਛੱਡ ਦੇ ਇਹਨੂੰ।” ਪਰ ਮੈਂ ਟੱਸ ਤੋਂ ਮੱਸ ਨਾ ਹੋਈ। ਆਪੇ ਹੀ ਉਹਦੇ ਤੇ ਉਹਦੇ ਟੱਬਰ ਦੀਆਂ ਵਧੀਕੀਆਂ ਦੇ ਖੁਲਾਸੇ ਮਾਂ ਕੋਲ ਕਰਦੀ ਤੇ ਆਪੇ ਹੀ ਉਹਦੀਆਂ ਗ਼ਲਤੀਆਂ ’ਤੇ ਪੋਚੇ ਮਾਰਨ ਬਹਿ ਜਾਂਦੀ। ਇਹੋ ਜਿਹੇ ਵੇਲੇ ਮੇਰੀ ਮਾਂ ਖਿਝ ’ਚ ਆਈ ਕਹਿੰਦੀ, “ਉਹ ਮਜਨੂੰ ਜਿਹਾ ਬਣ ਵੇਖਦਾ ਤੇ ਤੈਨੂੰ ਸੁੱਧ-ਬੁੱਧ ਨਹੀਂ ਰਹਿੰਦੀ।” ਮਾਂ ਦੀ ਗੱਲ ਠੀਕ ਸੀ, ਵਿਆਹ ਦੇ ਪਹਿਲੇ ਦੋ-ਤਿੰਨ ਮਹੀਨਿਆਂ ’ਚ ਜਿਸਮ ਦੇ ਖਰੂਦ ਨੇ ਮੇਰੀ ਸੁੱਧ-ਬੁੱਧ ਭੁਲਾ ਦਿੱਤੀ ਸੀ ਤੇ ਮੈਂ ਉਸ ਖਰੂਦ ਨੂੰ ਹੀ ਪਿਆਰ ਸਮਝ ਲਿਆ ਸੀ।

ਮੇਰੇ ਘਰਦਿਆਂ ਉਹਦੀ ਫ਼ੈਕਟਰੀ ਵੇਖੀ ਸੀ ਤੇ ਉਹਦੇ ਘਰਦਿਆਂ ਮੇਰੀਆਂ ਡਿਗਰੀਆਂ ਵੇਖੀਆਂ ਸਨ ਤੇ ਸਾਡਾ ਵਿਆਹ ਹੋ ਗਿਆ ਸੀ। ਹੁਣ ਇਹ ਵਿਆਹ ਮੈਨੂੰ ‘ਸੋਸ਼ਲ ਐਗਰੀਮੈਂਟ’ ਤੋਂ ਵੱਧ ਕੁਝ ਨਹੀਂ ਲੱਗਦਾ ਤੇ ਇਸ ਸਮਝੌਤੇ ’ਚੋਂ ਦੋਵੇਂ ਧਿਰਾਂ ਆਪਣੇ ਜ਼ਿੰਮੇ ਲੱਗੇ ਕਾਰ-ਵਿਹਾਰ ਨਿਭਾਈ ਜਾਂਦੀਆਂ ਹਨ। ਪਰ ਸਾਡਾ ਕਿੱਸਾ ਅਲੋਕਾਰ ਸੀ। ਮੇਰਿਆਂ ਚੇਤਿਆਂ ’ਚ ਬਚਪਨ ਉੱਗ ਖਲੋਤਾ ਸੀ...ਇੱਕ ਨਿੱਕੀ ਜਿਹੀ ਕੁੜੀ ਗੀਤ ਛੋਹ ਕੇ ਬੈਠ ਗਈ ਸੀ ਤੇ ਉਹ ਗੀਤ ਮੇਰੇ ਆਲੇ-ਦੁਆਲੇ ਗੂੰਜਣ ਲੱਗ ਪਿਆ ਸੀ।

ਬਾਵਾ ਕਣਕ ਲਿਆਵੇਗਾ, ਬਾਵੀ ਬਹਿ ਕੇ ਛੱਟੂਗੀ
ਬਾਵੀ ਮੰਡ ਪਕਾਊਗੀ, ਬਾਵਾ ਬਹਿ ਕੇ ਖਾਊਗਾ

ਪਰ ਮੇਰੇ ਸਮਝੌਤੇ ’ਚ ਤਾਂ ਬਾਵਾ ਕੁਝ ਵੀ ਨਹੀਂ ਕਰਦਾ ਸੀ। ਬਾਵੀ ਹੀ ਸਾਰੇ ਕੰਮ ਕਰੀ ਜਾ ਰਹੀ ਸੀ ਤੇ ਬਾਵੇ ਨਾਲ ਨਿਭੀ ਜਾ ਰਹੀ ਸੀ। ਸ਼ਾਇਦ ਉਹਨੇ ਮੈਨੂੰ ਤੇ ਮੇਰੇ ਪੁੱਤ ਨੂੰ ਘਰ ਦਿੱਤਾ ਸੀ।

ਫ਼ੈਕਟਰੀ ਮੇਰੇ ਵਿਆਹ ਤੋਂ ਥੋੜ੍ਹੇ ਚਿਰਾਂ ਬਾਅਦ ਬੰਦ ਹੋ ਗਈ ਸੀ। ਹੁਣ ਤਾਂ ਕਈ ਵਾਰ ਲੱਗੂ ਫ਼ੈਕਟਰੀ ਵੀ ਇਕ ਡਰਾਮਾ ਸੀ। ਨਿਖੱਟੂ ਮੁੰਡੇ ਨੂੰ ਪੜ੍ਹੀ ਲਿਖੀ ਕੁੜੀ ਦੇ ਗਲ ਮੜ੍ਹਣ ਦਾ ਇਕ ਜ਼ਰੀਆ ਸੀ।

ਸ਼ਤਰੰਜ ਦੀ ਫ਼ੈਕਟਰੀ ਸੀ ਰਜਿੰਦਰ ਸਿੰਘ ਭੋਗਲ ਦੀ...ਸ਼ਤਰੰਜ ਵੇਚਣ ਦੀ ਭਾਵੇਂ ਉਹਨੂੰ ਕਦੇ ਜਾਂਚ ਨਹੀਂ ਆਈ ਸੀ ਪਰ ਸ਼ਤਰੰਜ ਦੇ ਕਿਹੜੇ ਮੋਹਰੇ ਨੂੰ ਕਦ ਵਰਤਣਾ...ਉਹ ਸਭ ਜਾਣਦਾ ਸੀ। ਉਹਦੀਆਂ ਸ਼ਤਰੰਜੀ ਚਾਲਾਂ ਅਕਸਰ 'ਰਾਣੀ' ਨੂੰ ਬੇਹਾਲ ਕਰਨ ਵਾਲੀਆਂ ਹੁੰਦੀਆਂ। ਕਦੇ-ਕਦੇ ਲੱਗਦਾ ਜਿਵੇਂ ਮੈਂ ਵੀ ਉਹਦੀਆਂ ਸ਼ਤਰੰਜੀ ਚਾਲਾਂ 'ਚ ਘਿਰ ਗਈ ਰਾਣੀ ਹੋਵਾਂ।

ਮੈਂ ਇਕਨਾਮਿਕਸ ਦੀ ਐਡਹਾਕ ਅਸਿਸਟੈਂਟ ਪ੍ਰੋਫ਼ੈਸਰ...ਮੇਰੀ ਬੇਰੁਜ਼ਗਾਰੀ ਦੇ ਦਿਨਾਂ 'ਚ ਉਸ ਸਭ ਦੇ ਸਾਹਮਣੇ, ਮੇਰਾ ਪਰਸ ਲਹਿਰਾਉਂਦਿਆਂ ਕਿਹਾ ਸੀ, "ਬੇਰੁਜ਼ਗਾਰ ਦਾ ਪਰਸ ਵੇਖ ਲਉ...।" ਉਸ ਵੇਲੇ ਮੇਰੀ ਸੱਸ ਤੇ ਨਨਾਣ ਉਹਦੀ ਇਸ ਹਰਕਤ ਤੋਂ ਖ਼ੁਸ਼ ਹੋ ਗਈਆਂ ਸੀ।...ਤੇ ਅੱਜ ਉਹ ਫਿਰ ਆਪਣੀ 'ਸ਼ਤਰੰਜੀ ਚਾਲ' ਬੜੀ ਹੁਸ਼ਿਆਰੀ ਨਾਲ ਚੱਲ ਗਿਆ ਸੀ। ਉਹਦੀ ਸ਼ਤਰੰਜੀ ਚਾਲ 'ਰਾਣੀ' ਨੂੰ ਹਾਲੋਂ ਬੇਹਾਲ ਕਰ ਗਈ ਸੀ ਤੇ ਉਹਦੀਆਂ ਚਾਲਾਂ 'ਚ ਘਿਰੀ ਰਾਣੀ ਨੂੰ ਆਪਣੀਆਂ ਤਾਕਤਾਂ ਦੀ ਸੁੱਧ-ਬੁੱਧ ਨਾ ਰਹੀ। ਮੇਰੇ ਢਿੱਡ 'ਚ ਕੁਝ ਰਿੜਕਿਆ ਜਾ ਰਿਹਾ ਸੀ। ਉੱਚੀ-ਉੱਚੀ ਉਹ ਫਿਰ ਬੋਲਿਆ-"ਬੇਰੁਜ਼ਗਾਰ ਦਾ ਪਰਸ...ਫਾਲਤੂ ਪਰਸ...।" ਮੈਂ ਹੌਲੀ ਜਿਹੀ ਉਹਨੂੰ ਪੁੱਛਿਆ, "ਜੇ ਮੇਰਾ ਪਰਸ ਫਾਲਤੂ ਹੈ ਤਾਂ ਫਿਰ ਮੈਂ ਵੀ ਫਾਲਤੂ ਹੋਈ ਤੇਰੇ ਲਈ...।"

"ਹਾਂ, ਤੂੰ ਵੀ ਫਾਲਤੂ ਹੈਂ ਮੇਰੇ ਲਈ।"

ਗੱਲ ਸੁਣ ਮੈਂ ਬੇਵਜ੍ਹਾ ਹੀ ਹੱਸੀ ਸੀ ਤੇ ਸੋਚ ਰਹੀ ਸੀ-ਅਸੀਂ ਦੋਵੇਂ ਇੱਕ ਦੂਜੇ ਲਈ ਫਾਲਤੂ ਸੀ...ਤੇ ਸਾਡਾ ਇਹ ਰਿਸ਼ਤਾ ਵੀ ਕਿੰਨਾ ਫਾਲਤੂ ਸੀ। ਫਿਰ ਵੀ ਮੈਂ ਉਹਨੂੰ ਕਦੇ ਵੀ ਫਾਲਤੂ ਹੋਣ ਦਾ ਅਹਿਸਾਸ ਨਹੀਂ ਕਰਵਾਇਆ ਸੀ। ਪਰ ਫਾਲਤੂ ਹੋਣ ਦਾ ਅਹਿਸਾਸ ਉਸ ਮੈਨੂੰ ਬਹੁਤ ਵਾਰ ਕਰਵਾਇਆ ਸੀ। ਜਦ ਵੀ ਕਾਲਜ ਤੋਂ ਵਾਪਸ ਆਉਂਦੀ ਤਾਂ ਘਰ ਦਾ ਦਰਵਾਜ਼ਾ ਕਿੰਨਾ-ਕਿੰਨਾ ਚਿਰ ਨਾ ਖੁੱਲ੍ਹਦਾ। ਘਰ ਨੂੰ ਵਾਪਸ ਆਉਂਦਿਆਂ ਇਕ ਡਰ ਵੀ ਨਾਲ ਹੁੰਦਾ...ਪਤਾ ਨਹੀਂ ਅੱਜ ਦਰਵਾਜ਼ਾ ਖੁੱਲ੍ਹਣਾ ਕਿ ਨਹੀਂ ਖੁੱਲ੍ਹਣਾ ਤੇ ਇਕ ਦਿਨ ਡੋਰ ਬੈੱਲ ਮਾਰ-ਮਾਰ ਹੰਭ ਗਈ ਸੀ...ਪਰ ਦਰਵਾਜ਼ਾ ਨਹੀਂ ਖੁੱਲ੍ਹਾ ਸੀ...ਤੇ ਉਸ ਦਿਨ ਕਿਸੇ ਨੂੰ ਦੱਸੇ ਬਗ਼ੈਰ ਪੇਕੇ ਘਰ ਚਲੀ ਗਈ ਸੀ...। ਚਾਰ ਪੰਜ ਦਿਨ ਲੰਘ ਗਏ...ਪਰ ਉਸ ਮੇਰਾ ਅਤਾ-ਪਤਾ ਨਹੀਂ ਪੁੱਛਿਆ ਸੀ, ਨਾ ਪੇਕਿਉਂ ਕੋਈ ਛੱਡਣ ਆਇਆ ਸੀ ਤੇ ਨਾ ਹੀ ਸਹੁਰਿਉਂ ਕੋਈ ਲੈਣ ਆਇਆ ਸੀ। ਪਰਤਣ ਨੂੰ ਦਿਲ ਨਹੀਂ ਕਰਦਾ ਸੀ, ਪਰ ਫਿਰ ਵੀ ਪੁੱਤ ਕਰਕੇ ਮੁੜ ਆਈ ਸੀ। ਉਸ ਦਿਨ ਘਰ ਦੇ ਸਾਰੇ ਜੀਅ ਇਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਪਾ ਮੁਸਕਰਾਏ ਸੀ ਤੇ ਉਸ ਦਿਨ ਆਪਣੇ ਫਾਲਤੂ ਹੋਣ ਦਾ ਅਹਿਸਾਸ ਹੋਰ ਗਹਿਰਾ ਹੋ ਗਿਆ ਸੀ। ਇਹੋ ਜਿਹੇ ਵੇਲੇ ਮੈਂ ਇਨਸੁਕਾਇਰ ਹੋ ਜਾਂਦੀ ਤੇ ਇਹੋ ਜਿਹੇ ਵੇਲੇ ਹੀ ਉਹਨੂੰ ਮੈਂ ਆਖਦੀ "ਮੈਨੂੰ ਛੱਡੀਂ ਨਾ...।" ਮੇਰੀ ਇਹੋ ਜਿਹੀ ਇਨਸੁਕਾਰਿਟੀ 'ਫਾਲਤੂ ਪਤੀ' ਨੂੰ 'ਪਤੀ ਪਰਮੇਸ਼ਵਰ' ਬਣਾ ਦਿੰਦੀ ਤੇ ਪਰਮੇਸ਼ਵਰ ਬਣ ਉਹ ਆਪਣੀ ਤਰ੍ਹਾਂ ਦੇ ਹੁਕਮ ਦਾਗਣ ਲੱਗ ਪੈਂਦਾ।

ਫਿਰ ਬਹੁਤੀ ਦੇਰ ਮੇਰਾ ਪਰਸ ਫਾਲਤੂ ਨਹੀਂ ਰਿਹਾ। ਰੈਗੂਲਰ ਹੋ ਗਈ ਸੀ ਤੇ ਸਭ ਦਾ ਮੂੰਹ ਮਿੱਠਾ ਕਰਵਾਇਆ ਸੀ। ਸੱਸ ਨੇ ਲੱਡੂ ਮੂੰਹ 'ਚ ਪਾਉਂਦਿਆਂ ਜ਼ਹਿਰ ਉਗਲੀ ਸੀ ਤੇ ਕਹਿਣ ਲੱਗੀ, "ਚੇਤੇ ਰੱਖੀਂ ਕੁੜੀਏ, ਕੁੱਕੜ ਦੇ ਬਾਂਗ ਦਿੱਤਿਆਂ ਹੀ ਦਿਨ ਚੜ੍ਹਦਾ।" ਮੈਂ ਉਸੇ ਵੇਲੇ ਜਵਾਬ ਦੇਂਦਿਆਂ ਕਿਹਾ ਸੀ, "ਪਰ ਮਾਤਾ ਜੀ...ਕੁਝ ਕੁੱਕੜ ਬਾਂਗਾਂ ਨਹੀਂ ਦੇਂਦੇ... ਆਪਣੇ ਸਿਰ 'ਤੇ ਲੱਗੀ ਕਲਗੀ ਦੇ ਆਸਰੇ ਹੀ ਦਿਨ ਕੱਟ

ਲੈਂਦੇ।" ਮੇਰੀ ਗੱਲ ਸੁਣ ਰਜਿੰਦਰ ਸਿੰਘ ਭੋਗਲ ਔਖਾ ਤਾਂ ਜ਼ਰੂਰ ਹੋਇਆ ਸੀ...ਪਰ ਉਸ ਜਵਾਬ ਕੋਈ ਨਹੀਂ ਦਿੱਤਾ ਸੀ।

ਸਭ ਕੁਝ ਭੁੱਲ-ਭੁੱਲਾ ਮੈਂ ਉਹਦੇ ਘਰ ਨੂੰ ਰੀਝਾਂ ਨਾਲ ਸਜਾਉਣ ਲੱਗ ਪਈ ਸੀ। ਘਰ ਦੀਆਂ ਕੰਧਾਂ 'ਤੇ ਮੇਰੀ ਮਰਜ਼ੀ ਦੇ ਰੰਗ ਵਿਛ ਗਏ ਸੀ। ਫਿਰ ਦਿਨ-ਦਿਹਾੜੇ ਸੱਸ ਨੇ ਘਰ ਦੀ ਵਸੀਅਤ ਪੜ੍ਹ ਦਿੱਤੀ ਸੀ। ਉਸ ਵਸੀਅਤ 'ਚ ਨਨਾਣਾਂ ਦਾ ਨਾਂ ਸੀ...ਪਤੀ ਦਾ ਨਾਂ ਸੀ...ਪਰ ਮੇਰਾ ਨਾਂ ਕਿਧਰੇ ਵੀ ਨਹੀਂ ਸੀ। ਸਭ ਨੇ ਆਪੋ-ਆਪਣੇ ਹਿੱਸੇ ਮੱਲ ਲਏ ਸੀ, ਪਰ ਮੇਰੇ ਕੋਲੋਂ ਕੁਝ ਵੀ ਨਾ ਮੱਲ ਹੋਇਆ। ਅੱਖਾਂ 'ਚ ਆਏ ਹੰਝੂਆਂ ਨੂੰ ਆਪਣੇ ਹੀ ਪੋਟਿਆਂ ਨਾਲ ਪੂੰਝਿਆ ਸੀ ਤੇ ਬੜੇ ਠਰ੍ਹੰਮੇ ਨਾਲ ਆਪਣੇ ਪਤੀ ਨੂੰ ਪੁੱਛਿਆ ਸੀ, "ਮੇਰਾ ਘਰ ਕਿੱਥੇ ਹੈ ?" ਉਹ ਕੁਝ ਨਹੀਂ ਬੋਲਿਆ ਸੀ...ਪਰ ਇਕ ਚਪੇੜ ਮੇਰੇ ਮੂੰਹ 'ਤੇ ਕੱਢ ਮਾਰੀ ਸੀ। ਉਸ ਵੇਲੇ ਮੈਂ ਇਹ ਜਾਣਿਆ ਸੀ ਕਿ ਜਿਹੜਾ ਬੰਦਾ ਕਿਸੇ ਨਾਲ ਨਹੀਂ ਲੜ ਸਕਦਾ, ਉਹ ਸਿਰਫ਼ ਆਪਣੀ ਘਰਵਾਲੀ ਨਾਲ ਗਾਲੀ ਗਲੋਚ ਕਰ ਸਕਦਾ, ਮੌਕਾ ਮਿਲਣ 'ਤੇ ਉਹਨੂੰ ਕੁੱਟ ਸਕਦਾ ਤੇ ਲੋੜ ਪੈਣ 'ਤੇ ਉਹਦੇ ਪੈਰਾਂ 'ਚ ਸਿਰ ਰੱਖ ਕੇ ਰੋ ਸਕਦਾ ਸੀ।

ਜਦ ਇਹ ਘਰ ਸਿਰਫ਼ ਇੱਕ ਕਮਰੇ ਤੱਕ ਹੀ ਸਿਮਟ ਕੇ ਰਹਿ ਗਿਆ ਤਾਂ ਮੈਨੂੰ ਵੀ ਇਸ ਘਰ ਦੀ ਲਿਲਕ ਨਹੀਂ ਰਹੀ ਸੀ। ਉਸ ਘਰ ਵੱਲ ਵਾਪਸ ਆਉਂਦਿਆਂ ਮੇਰੇ ਪੈਰਾਂ ਨਾਲ ਪੱਥਰ ਬੱਝ ਜਾਂਦੇ। ਇਕ ਤੱਤੀ-ਠੰਡੀ ਜੰਗ ਮੇਰੇ ਅੰਦਰ ਚੱਲਦੀ ਰਹਿੰਦੀ। ਪਰ ਪਤਾ ਨਹੀਂ ਮੇਰੇ ਪੈਰਾਂ ਨੂੰ ਕਿਹੜੇ ਸੰਗਲ ਬੱਝੇ ਸੀ...ਜਿਹੜੇ ਮੇਰੇ ਕੋਲੋਂ ਟੁੱਟਦੇ ਨਹੀਂ ਸੀ। ਪਰ ਹੁਣ ਥੋੜ੍ਹਾ ਜ਼ੇਰਾ ਜਿਹਾ ਕਰ ਉਨ੍ਹਾਂ ਸੰਗਲਾਂ ਨੂੰ ਢਿੱਲਾ ਕਰ ਲਿਆ ਸੀ। ਹੁਣ ਮੈਂ ਮਨ ਆਈਆਂ ਕਰਨ ਲੱਗ ਪਈ ਸੀ। ਪਤੀ ਥੋੜ੍ਹਾ ਹੈਰਾਨ ਵੀ ਹੋਇਆ ਸੀ ਤੇ ਪ੍ਰੇਸ਼ਾਨ ਵੀ। ਪੁੱਤ ਨੂੰ ਲੈ ਕੇ ਮੈਂ ਅਕਸਰ ਬਾਹਰ ਘੁੰਮਣ-ਫਿਰਨ ਨਿਕਲ ਜਾਂਦੀ। ਉਸ ਦਿਨ ਘਰ ਜਾਣ-ਬੁੱਝ ਕੇ ਦੇਰ ਨਾਲ ਆਈ ਸੀ ਤੇ ਉਸ ਦਿਨ ਘਰ ਦਾ ਦਰਵਾਜ਼ਾ ਇਕ ਵਾਰ ਫਿਰ ਮੇਰੇ ਲਈ ਬੰਦ ਹੋ ਗਿਆ ਸੀ। ਕਾਲ ਬੈੱਲ ਮਾਰ-ਮਾਰ ਹੰਭ ਗਈ ਸੀ, ਪਰ ਦਰਵਾਜ਼ਾ ਨਹੀਂ ਖੁੱਲ੍ਹਾ ਸੀ।

ਤੇ ਉਸ ਦਿਨ ਮੈਂ ਆਪਣੇ ਪੈਰਾਂ 'ਚ ਪਏ ਸੰਗਲਾਂ ਨੂੰ ਬੜੀ ਜੁਅੱਰਤ ਨਾਲ ਆਪੇ ਤੋੜ ਦਿੱਤਾ ਸੀ...ਪੁੱਤ ਦੇ ਹੱਥਾਂ ਨੂੰ ਆਪਣੇ ਹੱਥ 'ਚ ਫੜ ਲਿਆ ਸੀ। ਬੜੀ ਤਸੱਲੀ ਨਾਲ ਜਵਾਨ ਹੋ ਰਹੇ ਪੁੱਤ ਨੂੰ ਆਖਿਆ ਸੀ, "ਪੁੱਤ ਚੱਲ ਕੋਈ ਨਵਾਂ ਟਿਕਾਣਾ ਲੱਭੀਏ...ਇੱਥੇ ਕੁਝ ਵੀ ਆਪਣਾ ਨਹੀਂ ਰਿਹਾ।" ਮੈਂ ਤੇ ਮੇਰੇ ਪੁੱਤ ਨੇ ਘਰ ਛੱਡ ਦਿੱਤਾ ਸੀ।

ਹੁਣ ਸੋਚਦੀ ਹਾਂ...ਸਾਲਾਂ ਦੇ ਸਾਲ ਬੀਤ ਗਏ...ਮੈਂ ਜ਼ਿੰਦਗੀ ਕੱਟੀ ਸੀ...ਜੀਵੀ ਨਹੀਂ ਸੀ। ਸਮਾਂ ਕਦ ਰੁਕਦਾ ਹੈ...ਪਰ ਮੈਂ ਰੁਕੀ ਹੋਈ ਸੀ...ਠਹਿਰੀ ਹੋਈ ਸੀ...ਤੇ ਹੁਣ ਮੈਂ ਇਸ ਸਮੇਂ ਨੂੰ ਜੀਅ ਭਰ ਕੇ ਜੀਅ ਲੈਣਾ ਚਾਹੁੰਦੀ ਸੀ। ਰੌਸ਼ਨੀ ਤੇ ਕਿਰਨ ਆਈਆਂ ਸੀ ਮੇਰੇ ਵੱਲ...। ਮੇਰੇ ਲਈ ਬਹੁਤ ਖ਼ੁਸ਼ ਸੀ। ਰੌਸ਼ਨੀ ਕਹਿੰਦੀ, "ਕਿੰਨੀ ਸਫ਼ਾਈ ਹੈ ਤੇਰੇ ਘਰ...ਕੁਝ ਵੀ ਫਾਲਤੂ ਨਹੀਂ...।"

"ਹਾਂ ਰੌਸ਼ਨੀ, ਹੁਣ ਕੁਝ ਵੀ ਫਾਲਤੂ ਨਹੀਂ...।"

"ਦੀਪ, ਜਿਹੜੇ ਅੰਗ ਨੂੰ ਕੈਂਸਰ ਹੋ ਜਾਵੇ...ਉਹਨੂੰ ਲੋੜ ਪੈਣ 'ਤੇ ਕੱਟ ਹੀ ਦੇਣਾ ਚਾਹੀਦਾ...।"

"ਬਿਲਕੁਲ ਕਿਰਨ...ਮੈਂ ਹੁਣ ਆਪਣੇ ਵਰਗਾ ਜੀਣਾ ਹੈ...ਆਪਣੇ ਆਪ ਨੂੰ ਖੰਭ ਲਾ ਅਸਮਾਨ 'ਤੇ ਉੱਡਣਾ ਹੈ। ਸੁਪਨੇ ਹਰ ਉਮਰ 'ਚ ਲਏ ਜਾ ਸਕਦੇ ਹਨ...ਸੁਪਨੇ ਹਰ ਉਮਰ 'ਚ ਪੂਰੇ ਕੀਤੇ ਜਾ ਸਕਦੇ ਹਨ।"

"ਆਮੀਨ !" ਉਨ੍ਹਾਂ ਦੋਵਾਂ 'ਕੱਠੀਆਂ ਨੇ ਮੇਰੀਆਂ ਗੱਲਾਂ ਦਾ ਹੁੰਗਾਰਾ ਭਰਿਆ ਸੀ।

ਪੁੱਤ ਕਹਿੰਦਾ ਹੈ ਕਿ, "ਮੰਮ, ਤੁਸੀਂ ਇਸ ਘਰ ਜਦੋਂ ਦੇ ਆਏ ਹੋ, ਬਹੁਤ ਗੂੜ੍ਹੀ ਨੀਂਦ ਸੌਂਦੇ ਹੋ।"

ਉਹਨੂੰ ਮੈਂ ਕਿੰਜ ਸਮਝਾਵਾਂ...ਪਤਾ ਨਹੀਂ ਕਿੰਨੇ ਵਰ੍ਹਿਆਂ ਦੀ ਥਕਾਵਟ ਤੇ ਕਿੰਨਿਆਂ ਵਰ੍ਹਿਆਂ ਦਾ ਉਨੀਂਦਰਾ ਹੈ ਇਨ੍ਹਾਂ ਅੱਖਾਂ ਵਿਚ...।ਮੇਰੇ ਚਿਹਰੇ 'ਤੇ ਪਈਆਂ 'ਫਾਈਨ ਲਾਈਨ' ਮੈਨੂੰ ਚਿੜਾਉਂਦੀਆਂ ਹਨ।ਪਰ ਕੋਈ ਨੂਰ ਹੈ ਜੋ ਮੇਰੇ ਅੰਦਰੋਂ ਫੁਟ ਰਿਹਾ ਹੈ...ਇਸ ਨੂਰ ਨੂੰ ਹੁਣ ਮੈਂ ਖ਼ਤਮ ਨਹੀਂ ਹੋਣ ਦੇਣਾ...।"

ਮੈਨੂੰ ਰੌਸ਼ਨੀ ਸਮਝਾਉਂਦਿਆਂ ਕਹਿੰਦੀ ਹੈ, "ਹਰ ਵੇਲੇ ਆਪਣਾ 'ਆਸਥਾ ਚੈਨਲ' ਨਾ ਖੋਲ੍ਹ ਛੱਡਿਆ ਕਰ...ਕਦੇ-ਕਦਾਈਂ ਦਿਲ ਲਗੀ ਕਰਨ 'ਚ ਵੀ ਕੋਈ ਹਰਜ਼ ਨਹੀਂ।"

ਕਿਰਨ ਵੀ ਮੱਤਾਂ ਦੇਂਦੀ ਹੈ ਤੇ ਕਦੇ ਕਦਾਈਂ ਵਟਸਐਪ 'ਤੇ ਸ਼ੇਅਰ ਭੇਜਦੀ ਹੈ-

ਖ਼ੁਦ ਕੋ ਇਤਨਾ ਭੀ ਨਾ ਬਚਾਇਆ ਕਰੋ

ਬਾਰਿਸ਼ ਆਏ ਤੋ ਭੀਗ ਜਾਇਆ ਕਰੋ

ਉਨ੍ਹਾਂ ਦੋਵਾਂ ਦੀਆਂ ਗੱਲਾਂ ਮੈਨੂੰ ਅਜੀਤ ਦੀ ਯਾਦ ਦਵਾ ਜਾਂਦੀਆਂ ਹਨ।ਉਸ ਨਾਲ ਮੈਂ ਦੋ ਵਾਰ ਕੌਫ਼ੀ ਪੀਣ ਗਈ ਸੀ।ਪਹਿਲੀ ਵਾਰ ਉਸ ਕਿਹਾ, "ਤੇਰੇ ਹੱਥ ਬੜੇ ਸੋਹਣੇ ਨੇ...ਪਰ ਤੇਰਾ ਚਿਹਰਾ ਥੱਕਿਆ ਹੋਇਆ ਹੈ।"

"ਹਾਂ ਅਜੀਤ...ਇਹ ਵਰ੍ਹਿਆਂ ਦੀ ਥਕਾਵਟ ਹੈ।"

"ਮੈਂ ਤੇਰੇ ਲਈ ਕੀ ਕਰ ਸਕਦਾ ਹਾਂ।"

"ਕੋਈ ਕਿਸੇ ਲਈ ਕੁਝ ਨਹੀਂ ਕਰ ਸਕਦਾ ਅਜੀਤ...ਜਦ ਮੈਂ ਬੇਘਰ ਹੋਈ ਸੀ... ਮੇਰਾ ਦਿਲ ਕਰੇ ਮੈਂ ਉੱਚੀ-ਉੱਚੀ ਗਾਣਾ ਗਾਵਾਂ...'ਮੈਂ ਤੋਂ ਬੇਘਰ ਹੂੰ...ਆਪਣੇ ਘਰ ਲੈ ਚਲੋ'...।" ਇਹ ਦੱਸਦਿਆਂ ਮੇਰਾ ਗਚ ਭਰ ਆਇਆ ਸੀ।ਉਸ ਹੌਲੇ ਜਿਹੇ ਮੇਰਾ ਹੱਥ ਫੜਿਆ ਸੀ ਤੇ ਮੈਂ ਉਹਦੇ ਮੋਢੇ 'ਤੇ ਸਿਰ ਰੱਖ ਰੋ ਪਈ ਸੀ।ਆਪਣੇ ਹੀ ਪੋਟਿਆਂ ਨਾਲ ਅੱਥਰੂ ਸਾਫ਼ ਕਰ ਮੈਂ ਉਸ ਨੂੰ ਕਿਹਾ ਸੀ, "ਕੌਫ਼ੀ ਬਹੁਤ ਸਵਾਦ ਸੀ।"

ਦੂਜੀ ਵਾਰ ਉਸ ਸਿਆਣਾ ਜਿਹਾ ਬਣਦਿਆਂ ਕਿਹਾ ਸੀ, "ਦੀਪ ! ਜ਼ਿੰਦਗੀ ਜਿਊਣ ਲਈ ਕੋਈ ਆਸਰਾ ਤਾਂ ਚਾਹੀਦਾ ਹੁੰਦਾ ਹੈ।"

"ਅਜੀਤ ! ਜਦ ਆਸਰੇ ਤੁਹਾਨੂੰ ਬੇਆਸਰਾ ਕਰਕੇ ਸੁੱਟ ਜਾਂਦੇ ਹਨ ਤਾਂ ਫਿਰ ਕਿਸੇ ਆਸਰੇ ਦੀ ਭਾਲ ਨਹੀਂ ਰਹਿੰਦੀ।"

"ਐਨੀ ਮਾਯੂਸੀ ਕਿਉਂ ਦੀਪ ?"

"ਉਸ ਰਿਸ਼ਤੇ ਨੇ ਮੈਨੂੰ ਖ਼ਾਲੀ ਕਰ ਦਿੱਤਾ ਅਜੀਤ; ਹੁਣ ਹਰ ਸ਼ੈਅ ਬੇਮਤਲਬੀ ਲੱਗਦੀ ਹੈ।"

"ਦੀਪ...ਕੀ ਪਤਾ ਕੋਈ ਖ਼ਾਲੀਪਣ ਨੂੰ ਭਰ ਰਿਹਾ ਹੋਵੇ...ਤੈਨੂੰ ਦਿਸ ਨਾ ਰਿਹਾ ਹੋਵੇ।"

"ਤੈਨੂੰ ਪਤਾ ਅਜੀਤ !ਔਰਤ ਧੋਖਾ ਉਦੋਂ ਖਾਂਦੀ, ਜਦੋਂ ਉਹ ਧੋਖਾ ਖਾਣਾ ਚਾਹੁੰਦੀ ਹੋਵੇ ਤੇ ਮੈਂ ਹੁਣ ਕੋਈ ਧੋਖਾ ਖਾਣਾ ਨਹੀਂ ਚਾਹੁੰਦੀ, ਤੇ ਹੁਣ ਇਸ ਖ਼ਾਲੀਪਣ ਨੂੰ ਮੈਂ ਆਪ ਹੀ ਭਰਨਾ ਹੈ।"

ਉਸ ਕੋਈ ਜਵਾਬ ਨਹੀਂ ਦਿੱਤਾ ਸੀ...ਪਰ ਉਹਦੇ ਚਿਹਰੇ ਤੋਂ ਲੱਗ ਰਿਹਾ ਸੀ...ਉਹ ਮੇਰੀਆਂ ਗੱਲਾਂ ਤੋਂ ਬੋਰ ਹੋ ਰਿਹਾ ਸੀ।ਕੌਫ਼ੀ ਦਾ ਅਜੇ ਅੱਧਾ ਕੱਪ ਹੀ ਮੁੱਕਾ ਸੀ ਤੇ ਆਪਣੀ ਬੋਰੀਅਤ ਨੂੰ ਦੂਰ ਕਰਨ ਲਈ ਉਸ ਕਿਹਾ ਸੀ, "ਕੈਫ਼ੇ ਉੱਪਰ ਇਕ ਕਮਰਾ ਹੈ...ਆ ਕਮਰੇ 'ਚ ਬੈਠੀਏ...ਥੋੜ੍ਹਾ ਚਿਰ।"

ਉਹ ਪੌੜੀਆਂ ਚੜ੍ਹ ਰਿਹਾ ਸੀ ਤੇ ਮੈਂ ਵੀ ਉਹਦੇ ਪਿੱਛੇ ਪੌੜੀਆਂ ਚੜ੍ਹਨ ਲੱਗੀ।ਪਰ ਪਤਾ ਨਹੀਂ ਅੱਧੀਆਂ ਕੁ ਪੌੜੀਆਂ ਚੜ੍ਹ ਫਿਰ ਹੇਠਾਂ ਉੱਤਰ ਆਈ।

"ਕੀ ਗੱਲ ਹੋ ਗਈ।" ਉਸ ਪੁੱਛਿਆ।

"ਕੋਈ ਨਹੀਂ।" ਮੈਂ ਸਰਸਰੀ ਜਿਹਾ ਜਵਾਬ ਦੇ ਦਿੱਤਾ।

ਥੋੜ੍ਹਾ ਚਿਰ ਪਹਿਲਾਂ ਉਹ ਜੋ ਸਾਊ ਜਿਹਾ ਦਿਸ ਰਿਹਾ ਸੀ, ਇਕਦਮ ਮੈਨੂੰ ਸ਼ੈਤਾਨ ਜਿਹਾ ਲੱਗਣ

ਲੱਗ ਪਿਆ।

"ਅਜੀਤ, ਕਮਰਾ ਹੀ ਤਾਂ ਮਿਲਿਆ ਅੱਜ ਤੱਕ...ਘਰ ਨਹੀਂ ਮਿਲਿਆ...ਤੇ ਅਜੀਤ ਹੁਣ ਮੈਨੂੰ ਕਮਰੇ ਦੀ ਕੋਈ ਤਲਬ ਨਹੀਂ ਰਹੀ।"

ਉਸ ਓਪਰੀ ਜਿਹੀ ਨਜ਼ਰ ਨਾਲ ਮੇਰੇ ਵੱਲ ਵੇਖਿਆ...ਕਿੰਨਾ ਚਿਰ ਅਸੀਂ ਖ਼ਾਮੋਸ਼ ਬੈਠੇ ਰਹੇ ਤੇ ਫਿਰ ਉਸ ਖ਼ਾਮੋਸ਼ੀ ਨੂੰ ਆਵਾਜ਼ ਦਿੱਤੀ, "ਕੌਫ਼ੀ ਕਿਵੇਂ ਦੀ ਲੱਗੀ ?"

"ਬਿਲਕੁਲ ਤੇਰੇ ਵਰਗੀ ਲੱਗੀ...ਮੀਸਣੀ ਜਿਹੀ।"

ਮੇਰੀ ਗੱਲ ਸੁਣ ਉਸ ਹੱਸਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਕੋਲੋਂ ਹੱਸਿਆ ਨਾ ਗਿਆ।

ਉਸ ਦਿਨ ਤੋਂ ਬਾਅਦ ਅਜੀਤ ਨੇ ਮੇਰੇ ਨਾਲ ਕੋਈ ਰਾਬਤਾ ਨਹੀਂ ਰੱਖਿਆ ਸੀ। ਰੌਸ਼ਨੀ ਨੂੰ ਮੈਂ ਇਹ ਗੱਲ ਦੱਸੀ ਤਾਂ ਉਹ ਬਹੁਤ ਹੱਸੀ। ਮੈਨੂੰ ਸਮਝਾਉਂਦਿਆਂ ਕਹਿਣ ਲੱਗੀ, "ਤੂੰ ਫਿਰ 'ਆਸਥਾ ਚੈਨਲ' ਖੋਲ੍ਹ ਲਿਆ ਹੋਣਾ...ਵੇਖ ਉਹ ਵਪਾਰੀ ਬੰਦਾ, ਜਿਥੋਂ ਕੁਝ ਹਾਸਿਲ ਨਹੀਂ ਹੋਣਾ, ਉਥੇ ਉਹ ਆਪਣੇ ਟਾਈਮ ਦੀ ਬੇਮਤਲਬੀ ਇਨਵੈਸਟਮੈਂਟ ਕਿਉਂ ਕਰੇ ?" ਉਹਦੀ ਗੱਲ ਮੈਨੂੰ ਸੋਚਾਂ ਵਿਚ ਪਾ ਗਈ ਸੀ।

ਹਿਸਾਬੀ-ਕਿਤਾਬੀ ਤਾਂ ਮੇਰਾ ਘਰਵਾਲਾ ਵੀ ਬੜਾ ਸੀ। ਉਹਦੇ ਤੋਂ ਦੂਰ ਹੋ ਗਈ ਸਾਂ...ਫਿਰ ਵੀ ਉਹਦੀ ਕਰਜ਼ਦਾਰ ਹਾਂ। ਫ਼ੈਕਟਰੀ ਦਾ ਮਾਲਿਕ ਉਹ ਹੈ...ਲੋਨ ਵੀ ਉਹਨੇ ਲਿਆ ਹੈ...ਪਰ ਲੋਨ ਤੇ ਸਾਈਨ ਮੇਰੇ ਹਨ। ਉਹ ਆਉਂਦਾ ਹੈ...ਮੈਂ ਚੁੱਪਚਾਪ ਸੂਦ ਸਮੇਤ ਕਿਸ਼ਤ ਉਹਦੇ ਹੱਥ 'ਤੇ ਰੱਖ ਦੇਂਦੀ ਹਾਂ। ਕਦੇ-ਕਦੇ ਇਹ ਜ਼ਿੰਦਗੀ ਬੇਨੀਤੇ ਸ਼ਾਹ ਦੇ ਕਰਜ਼ ਵਰਗੀ ਲੱਗਦੀ। ਪਤਾ ਨਹੀਂ ਮੇਰੇ ਵੱਲ ਉਹਦਾ ਕਿੰਨਾ ਕੁ ਬਕਾਇਆ ਬਾਕੀ ਸੀ। ਅੱਜ ਵੀ ਆਉਂਦਾ ਹੈ...ਪੂਰੇ ਹੱਕ ਨਾਲ...। ਰੋਟੀ ਵੀ ਖਾ ਜਾਂਦਾ ਹੈ ਤੇ ਆਪਣਾ 'ਜ਼ਰੂਰੀ ਕੰਮ' ਵੀ ਮੇਰੇ ਕੋਲੋਂ ਕਰਵਾ ਜਾਂਦਾ ਹੈ। ਚਾਦਰ 'ਤੇ ਪਏ ਵੱਟ ਉਹਦੇ ਮੱਥੇ ਨੂੰ ਹੌਲਾ ਕਰ ਦੇਂਦੇ ਹਨ, ਪਰ ਮੇਰੇ ਮੱਥੇ ਨੂੰ ਵੱਟਾਂ ਨਾਲ ਭਰ ਜਾਂਦੇ ਹਨ। ਬੰਦਿਆਂ ਦੇ ਹਿਸਾਬ-ਕਿਤਾਬ ਕਿੰਨੇ ਪੱਕੇ ਸੀ। ਮੈਥ ਤੇ ਇਕਨਾਮਿਕਸ ਦੀ ਚੰਗੀ ਸਟੂਡੈਂਟ ਸੀ...ਪਰ ਹਿਸਾਬ-ਕਿਤਾਬ ਦੀ ਕਿੰਨੀ ਕੱਚੀ ਸੀ। ਜਮ੍ਹਾਂ, ਜ਼ਰਬ, ਜ਼ਰੀਬ ਦੇ ਸਾਰੇ ਸੂਤਰ ਜਾਣਦੀ ਸੀ, ਪਰ ਜ਼ਿੰਦਗੀ ਦੇ ਹੱਲ ਮੈਥੋਂ ਕਦੇ ਵੀ ਕੱਢ ਨਾ ਹੋਏ।

ਪਰ ਮੇਰਾ ਪੁੱਤ ਸਾਨੂੰ 'ਕੱਠਿਆਂ ਕਰਨ ਲਈ ਕੋਈ ਨਾ ਕੋਈ ਹੱਲ ਕੱਢਦਾ ਰਹਿੰਦਾ ਹੈ। ਸ਼ਾਇਦ ਇਸ ਲਈ ਹੀ ਉਹ ਮੈਨੂੰ ਤੇ ਆਪਣੇ ਪਿਉ ਨੂੰ ਇਕੱਠਿਆਂ ਕਾਰ 'ਚ ਬਿਠਾ "ਲੌਂਗ ਡਰਾਈਵ' 'ਤੇ ਲੈ ਕੇ ਜਾਣਾ ਚਾਹੁੰਦਾ ਸੀ। ਮੈਂ ਜਾਣਾ ਨਹੀਂ ਚਾਹੁੰਦੀ ਪਰ ਪੁੱਤ ਦੀ ਖ਼ੁਸ਼ੀ ਲਈ ਅਣਮੰਨੇ ਜਿਹੇ ਮਨ ਨਾਲ ਉਹਦੀ ਕਾਰ 'ਚ ਬੈਠ ਜਾਂਦੀ ਹਾਂ। ਉਸ ਕਾਰ 'ਚ ਪਤੀ ਦਾ ਹੋਣਾ ਮੈਨੂੰ ਤੰਗ ਕਰ ਰਿਹਾ ਸੀ। ਅਜੀਬ ਜਿਹੀ ਚੁੱਪ ਸੀ ਤੇ ਉਸ ਚੁੱਪ 'ਚ ਮੈਂ ਰਿੱਝ ਰਹੀ ਸੀ ਤੇ ਹੋ ਸਕਦਾ ਸੀ ਮੇਰਾ ਪਤੀ ਵੀ ਰਿੱਝ ਰਿਹਾ ਹੋਵੇ। ਪਟਰੋਲ ਪੰਪ 'ਤੇ ਕਾਰ ਰੁਕਦੀ ਹੈ। ਪਤੀ ਦੇਵ ਦੀ ਆਵਾਜ਼ ਆਉਂਦੀ ਹੈ, "ਮੈਡਮ ਜੀ...ਪਰਸ ਖੋਲ੍ਹੋ, ਤੇਲ ਪੁਆਉਣਾ।" ਮੈਂ ਚੁੱਪਚਾਪ ਪੈਸੇ ਦੇ ਦੇਂਦੀ ਹਾਂ। ਉਹ ਫਿਰ ਚਿਚੜੀ ਜਿਹੀ ਛੇੜਦਾ ਕਹਿੰਦਾ ਹੈ, "ਤੈਨੂੰ ਪਤਾ ਨਾ...ਮੈਂ ਹਿਸਾਬ-ਕਿਤਾਬ ਦਾ ਬੜਾ ਪੱਕਾ...ਕਾਰ ਮੇਰੀ ਤੇ ਪਟਰੋਲ ਤੇਰਾ...।"

ਉਹਦਾ ਹਿਸਾਬ-ਕਿਤਾਬ ਮੈਨੂੰ ਸਾਰੇ ਪਿਛਲੇ ਹਿਸਾਬ-ਕਿਤਾਬ ਚੇਤੇ ਕਰਾ ਗਿਆ ਤੇ ਪਤਾ ਨਹੀਂ ਕਿੰਨੇ ਵਰ੍ਹਿਆਂ ਦੀ ਰਿੱਝ-ਪੱਕ ਨੂੰ ਚਿੰਗਾਰੀ ਲੱਗ ਗਈ ਸੀ ਤੇ ਫਿਰ ਇਕ ਭਾਂਬੜ ਕਾਰ 'ਚ ਈ ਮੱਚ ਗਿਆ ਸੀ। ਮੈਨੂੰ ਨਹੀਂ ਪਤਾ ਸੀ ਮੈਂ ਕੀ ਬਕਵਾਸ ਕੀਤੀ ਸੀ...ਪਰ ਉਹ ਚੁੱਪ ਰਿਹਾ ਸੀ। ਪਰ ਮੈਂ ਆਪਣੀ ਵੱਲੋਂ ਆਖ਼ਰੀ ਹਿਸਾਬ-ਕਿਤਾਬ ਮੁਕਾਉਂਦਿਆਂ ਕਿਹਾ ਸੀ, "ਗੱਲ ਸੁਣ ਮੇਰੀ...ਜੇ ਤੇਰਾ ਹਿਸਾਬ-ਕਿਤਾਬ ਪੱਕਾ ਤੇ ਅੱਜ ਤੋਂ ਮੇਰਾ ਵੀ ਬੜਾ ਪੱਕਾ। ਹਰ ਮਹੀਨੇ ਜਿਹੜੀ ਲੋਨ ਦੀ ਕਿਸ਼ਤ ਮੇਰੇ ਕੋਲੋ ਲੈਣ ਆਉਂਦਾ...ਉਹਦੇ ਨਾਲ ਆਪਣੇ 'ਜ਼ਰੂਰੀ ਕੰਮ' ਲਈ ਵੀ ਮੇਰੇ ਕੋਲੋਂ ਪੈਸੇ ਲੈ ਜਾਇਆ ਕਰ, ਤੇ ਅੱਜ ਤੋਂ

'ਰਾਤ– ਬਰਾਤੇ' ਵਾਲੇ ਹਿਸਾਬ–ਕਿਤਾਬ ਵੀ ਖ਼ਤਮ...।"

ਉਹ ਮਰਦ ਸੀ, ਸੱਸ ਦੇ ਕਹਿਣ ਮੁਤਾਬਕ ਬਾਂਗ ਦੇਣ ਵਾਲਾ ਕੁੱਕੜ ਸੀ ਤੇ ਉਸ ਵੇਲੇ ਉਹਦੇ ਸਿਰ 'ਤੇ ਲੱਗੀ ਕਲਗੀ ਲਹੂ ਲੁਹਾਣ ਹੋ ਗਈ ਸੀ। ਉਸ ਪੁੱਤ ਨੂੰ ਉੱਚੀ ਆਵਾਜ਼ 'ਚ ਕਿਹਾ, "ਕਾਰ ਰੋਕ ਹੁਣੇ ਈ...।" ਪੁੱਤ ਨੇ ਕਾਰ ਰੋਕ ਦਿੱਤੀ ਸੀ। ਉਹ ਉੱਚੀ ਆਵਾਜ਼ 'ਚ ਚੀਕਦਿਆਂ ਮੈਨੂੰ ਕਹਿਣ ਲੱਗਾ, "ਨਿਕਲ ਕਾਰ 'ਚੋਂ ਬਾਹਰ ਹੁਣੇ ਹੀ।" ਕਾਰ 'ਚੋਂ ਬਾਹਰ ਨਿਕਲ ਮੈਂ ਪੁੱਤ ਵੱਲ ਵੇਖਿਆ...ਪੁੱਤ ਨੇ ਨਜ਼ਰਾਂ ਫੇਰੀਆਂ ਨਹੀਂ ਸੀ, ਪਰ ਨੀਵੀਆਂ ਕਰ ਲਈਆਂ ਸੀ।

ਤੇ ਉਸ ਦਿਨ ਮੇਰੇ ਅੰਦਰਲੀ ਮਾਂ ਮਰੀ ਭਾਵੇਂ ਨਹੀਂ ਸੀ ਪਰ ਟੁੱਟ ਗਈ ਸੀ। ਫਿਰ ਅਗਲੀ ਸ਼ਾਮ ਮੇਰਾ ਪੁੱਤ ਮੇਰੇ ਘਰ ਆ ਗਿਆ ਸੀ। ਮੈਂ ਉਹਦੇ ਵੱਲ ਵੇਖ ਹੱਸੀ ਸੀ ਤੇ ਅਗਲੇ ਹੀ ਪਲ ਰੋ ਪਈ ਸੀ। ਪੁੱਤ ਦਾ ਮੂਡ ਵੇਖ ਮੈਂ ਹੀ ਉਸ ਨਾਲ ਗੱਲ ਛੇੜੀ ਸੀ।

"ਅਗਮ, ਮੈਂ ਤੇਰੇ ਪਿਉ ਕੋਲੋਂ ਡਾਇਵੋਰਸ ਲੈਣਾ ਚਾਹੁੰਦੀ ਹਾਂ।"

"ਨਹੀਂ...ਮੰਮ, ਤੁਸੀਂ ਮੈਨੂੰ ਦੋਵੇਂ ਚਾਹੀਦੇ ਹੋ।"

"ਪੁੱਤ ਮੈਂ ਚਾਹੁੰਦੀ ਹਾਂ ਤੂੰ ਫਰੇਬ ਨਾ ਜੀਵੇਂ...ਸੱਚ ਨੂੰ ਜੀਵੇਂ...ਮੇਰਾ ਤੇ ਤੇਰੇ ਪਿਉ ਦਾ ਰਿਸ਼ਤਾ ਫਰੇਬ ਤੋਂ ਵੱਧ ਕੁਝ ਨਹੀਂ।"

"ਮੰਮ, ਲੁਕ ਟੀ.ਵੀ. 'ਚ ਸਰਫ਼ ਦੀ ਐਡ ਕਹਿ ਰਹੀ ਹੈ 'ਦਾਗ ਅੱਛੇ ਹੈਂ' ਉਂਜ ਹੀ 'ਫ਼ਰੇਬ ਵੀ ਅੱਛੇ' ਹੈਂ।"

ਉਹਦੇ ਵੱਲ ਵੇਖਦੀ ਹਾਂ...ਉਸ ਪਲ ਉਹ ਬਿਲਕੁਲ ਆਪਣੇ ਪਿਉ ਵਰਗਾ ਲੱਗ ਰਿਹਾ ਸੀ...ਬੜਾ ਕੁਝ ਸਮਝਾਉਣਾ ਚਾਹੁੰਦੀ ਸੀ ਉਹਨੂੰ...ਪਰ ਮੇਰੇ ਕੋਲੋਂ ਕੁਝ ਵੀ ਕਹਿ ਨਾ ਹੋਇਆ।

ਵਾਹਵਾ ਦਿਨ ਲੰਘ ਗਏ ਸੀ...। ਉਹ ਨਹੀਂ ਆਇਆ ਸੀ..ਬੜਾ ਚੈਨ ਸੀ ਮੈਨੂੰ...ਬੜਾ ਸਕੂਨ ਸੀ। ਅਗਮ ਦੋ ਕੁ ਦਿਨਾਂ ਤੋਂ ਢਿੱਲਾ ਮੱਠਾ ਸੀ। ਮਨ ਹੋਰ ਥਾਂ ਪਾਉਣ ਲਈ ਉਸ ਸ਼ਤਰੰਜ ਖੇਡਣੀ ਸ਼ੁਰੂ ਕਰ ਦਿੱਤੀ ਸੀ। ਉਂਜ ਮੈਨੂੰ ਸ਼ਤਰੰਜ ਖੇਡਣੀ ਕਦੀ ਵੀ ਚੰਗੀ ਨਹੀਂ ਲੱਗਦੀ ਸੀ, ਪਰ ਅਗਮ ਦੇ ਕਹਿਣ 'ਤੇ ਉਹਦੇ ਨਾਲ ਸ਼ਤਰੰਜ ਖੇਡਣ ਲੱਗ ਪਈ ਸੀ। ਦਰਵਾਜ਼ੇ 'ਤੇ ਦਸਤਕ ਹੁੰਦੀ ਹੈ। ਬਰੂਹਾਂ 'ਤੇ ਅਗਮ ਦਾ ਬਾਪ ਸੀ। ਹੈਰਾਨੀ ਹੁੰਦੀ ਹੈ...ਅੱਜ ਤੋਂ ਪਹਿਲਾਂ ਉਸ ਕਦੇ ਦਸਤਕ ਨਹੀਂ ਦਿੱਤੀ ਸੀ...ਬੜੇ ਆਰਾਮ ਨਾਲ ਅੰਦਰ ਆ ਜਾਂਦਾ ਸੀ।

"ਅਗਮ ਦਾ ਫ਼ੋਨ ਆਇਆ ਸੀ...ਮੈਂ ਇਸ ਲਈ ਆਇਆਂ।"

ਮੈਂ ਚੁੱਪ ਸੀ ਪਰ ਪੁੱਤ ਦਾ ਚਿਹਰਾ ਖਿੜ ਗਿਆ ਸੀ। ਮੈਂ ਸ਼ਤਰੰਜ ਦੀ ਬਾਜੀ ਸ਼ੁਰੂ ਕਰ ਦਿੱਤੀ ਸੀ...ਪਤਾ ਨਾ ਲੱਗਾ, ਕਿਹੜੇ ਵੇਲੇ ਦੋਵੇਂ ਪਿਉ–ਪੁੱਤ ਇਕ ਪਾਸੇ ਹੋ ਗਏ...ਪਿਉ ਡਾਇਰੈਕਸ਼ਨ ਦੇਣ ਲੱਗ ਪਿਆ...ਪੁੱਤ ਬਾਜ਼ੀ ਲਾਉਣ ਲੱਗ ਪਿਆ।

ਅੱਗੇ ਹਮੇਸ਼ਾ ਪਤੀ ਕੋਲੋਂ ਹਾਰਦੀ ਰਹੀ ਸੀ...ਮੈਨੂੰ ਲੱਗਾ ਅੱਜ ਫਿਰ ਦੋਵੇਂ ਮੈਨੂੰ ਹਰਾ ਦੇਣਗੇ...ਪਰ ਮੈਂ ਹੁਣ ਨਹੀਂ ਹਾਰਨਾ।...ਮੈਂ ਰਾਣੀ ਨਾਲ ਐਸੀ ਚਾਲ ਚੱਲੀ ਕਿ ਹਾਰਦੀ ਹਾਰਦੀ ਜਿੱਤ ਗਈ। ਉਨ੍ਹਾਂ ਦੋਵਾਂ ਦੇ ਹਾਰੇ ਜਿਹੇ ਚਿਹਰੇ ਮੈਨੂੰ ਬੜੇ ਚੰਗੇ ਲੱਗੇ।

"ਦੀਪ ! ਮੈਂ ਵੇਖ ਰਿਹਾ ਹਾਂ, ਤੂੰ ਬੜੀ ਕੋਂਫੀਡੈਂਟ ਹੋ ਗਈ ਹੈਂ...ਹਰ ਚਾਲ ਬੜੀ ਹੁਸ਼ਿਆਰੀ ਨਾਲ ਚੱਲ ਗਈ...।"

"ਯੈੱਸ ਮਿਸਟਰ ਰਜਿੰਦਰ ਸਿੰਘ ਭੋਗਲ, ਇਸ ਉਮਰ 'ਚ ਆ ਔਰਤ ਕੋਂਫੀਡੈਂਟ ਹੋ ਜਾਂਦੀ ਹੈ...ਮੇਰੇ ਵਾਂਗਰਾਂ ...ਤੇ ਬੰਦਾ ਇਨਸੁਕਾਇਰ ਹੋ ਜਾਂਦਾ ਹੈ ਤੇਰੇ ਵਾਂਗਰਾਂ।" (**ਸੰਪਰਕ 99888-54454**)

ਕਹਾਣੀ

# ਜਗਮੀਤ ਉਦਾਸ ਨਹੀਂ ਹੁੰਦੇ ?

ਡਾ ਸ਼ਿਆਮ ਸੁੰਦਰ ਦੀਪਤੀ



ਫੋਨ ਦੀ ਘੰਟੀ ਵੱਜੀ। ਫੋਨ ਚੁੱਕਿਆਂ ਤਾਂ ਆਵਾਜ਼ ਆਈ, "ਗੁੱਡ ਮਾਰਨਿੰਗ ਸਰ!"

ਆਵਾਜ਼ ਕੁਝ ਜਾਣੀ-ਪਛਾਣੀ ਲੱਗੀ, ਪਰ ਕੁਝ ਸੋਚਣ-ਕਰਨ ਤੋਂ ਪਹਿਲਾਂ ਹੀ ਮੂੰਹੋਂ ਨਿਕਲਿਆ, "ਹੈਲੋ !ਕੌਣ ?"

ਉਧਰੋਂ ਜਵਾਬ ਆਇਆ, "ਸਰ ਜਗਮੀਤ, ਤੁਹਾਡਾ ਜਗਮੀਤ।"

ਓ, ਕਮਾਲ ਹੈਂ! ਬੜੇ ਲੰਮੇਂ ਸਮੇਂ ਬਾਅਦ ਯਾਦ ਆਇਆ। ਕਿੱਥੇ ਹੁੰਦੈਂ ਅੱਜ ਕੱਲ੍ਹ। ਮੈਂ ਇਕੋਦਮ ਹੈਰਾਨੀ ਜਿਹੀ ਪ੍ਰਗਟਾਈ।

"ਠੀਕ ਹਾਂ ਸਰ !ਕੱਲ੍ਹ ਤੁਸੀਂ ਇੱਥੇ ਹੀ ਹੋ। ਮੈਂ ਆ ਰਿਹਾ ਸੀ। ਤੁਹਾਨੂੰ ਮਿਲਣਾ ਸੀ।"

"ਹਾਂ! ਹਾਂ! ਇੱਥੇ ਹੀ ਹਾਂ !ਹੋਰ ਕੀ ਕਰ ਰਿਹੈਂ ਅੱਜ ਕੱਲ੍ਹ।" ਮੈਂ ਪੁੱਛਿਆ

"ਕੱਲ੍ਹ, ਆ ਕੇ ਦਸਦਾਂ ਸਭ ਕੁਝ।"

ਜਗਮੀਤ, ਮੇਰਾ ਵਿਦਿਆਰਥੀ। ਤਿੰਨ ਸਾਲ ਹੋ ਗਏ ਮੇਰੇ ਕੋਲੋਂ ਐਮ. ਡੀ. ਕਰਕੇ ਗਏ ਨੂੰ। ਇਸ ਨਾਲ ਸਿਰਫ਼ ਐਮ. ਡੀ. ਦੇ ਵਿਦਿਆਰਥੀ ਵਾਲਾ ਸਬੰਧ ਹੀ ਨਹੀਂ ਹੈ। ਇਸ ਨਾਲ ਮਿਲਣ ਦੀ ਤਾਰ, ਇਸ ਦੇ ਐਮ. ਡੀ. ਵਿਚ ਦਾਖਲੇ ਤੋਂ ਵੀ ਪਹਿਲਾਂ ਜੁੜਦੀ ਹੈ, ਇਸ ਦੇ ਪਿਤਾ ਕੁਲਦੀਪ ਦੇ ਨਾਲ ਜੋ ਕਿ ਤਰਕਸ਼ੀਲ ਸੁਸਾਇਟੀ ਦਾ ਮੈਂਬਰ ਹੈ ਤੇ ਨਾਟਕ ਵੀ ਕਰਦਾ ਹੈ। ਜਗਮੀਤ ਆਪ ਵੀ ਨਾਟਕ ਖੇਡਦਾ ਹੈ। ਇਹ ਚੇਟਕ ਉਸ ਦੇ ਪਿਤਾ ਨੇ ਲਾਈ ਹੈ। ਉਹ ਜਗਮੀਤ ਨੂੰ ਬਾਲ ਕਲਾਕਾਰ ਤੇ ਫਿਰ ਨੌਜਵਾਨ ਕਲਾਕਾਰ ਵਜੋਂ ਆਪਣੀ ਨਾਟਕ ਮੰਡਲੀ ਵਿਚ ਨਾਟਕ ਕਰਨ ਲਈ ਲੈ ਜਾਂਦਾ ਰਿਹਾ ਹੈ।

ਜਗਮੀਤ ਪਿਛਲੇ ਤਿੰਨ ਸਾਲ ਤੋਂ ਮੇਰੇ ਲਈ ਗਾਇਬ ਹੀ ਸੀ। ਉਸ ਦੇ ਪਿਤਾ ਨਾਲ ਗਾਹੇ-ਬਗਾਹੇ ਮੁਲਾਕਾਤ ਹੁੰਦੀ, ਪਰ ਉਸ ਨੂੰ ਵੀ ਇਸ ਬਾਰੇ ਪਤਾ ਨਹੀਂ ਸੀ, "ਸੁਣਿਐ ਪਤਾ ਨ੍ਹੀਂ ਮਰਜ਼ੀ ਉਸ ਦੀ।" ਵਰਗੀ ਪ੍ਰਤੀਕ੍ਰਿਆ ਹੁੰਦੀ।

ਪਰ ਆਪਣੇ ਪਿਆਰਿਆਂ-ਨਜ਼ਦੀਕੀਆਂ ਬਾਰੇ ਜਾਣਨ ਦੀ ਇੱਛਾ ਤਾਂ ਰਹਿੰਦੀ ਹੀ ਹੈ। ਮੈਨੂੰ ਯਾਦ ਹੈ ਜਦੋਂ ਮੈਂ ਪੜ੍ਹਦਾ ਸੀ। ਮਾਂ ਨਾਲ ਮੇਲ ਹੋਇਆਂ ਛੇ-ਛੇ ਮਹੀਨੇ ਟੱਪ ਜਾਂਦੇ। ਫੋਨ-ਫੂਨ ਕਿੱਥੇ ਸੀ। ਮਾਂ ਕਹਿੰਦੀ, "ਖ਼ਤ ਪਾ ਦਿਆ ਕਰ, ਭਾਵੇਂ ਰਾਜ਼ੀ-ਖੁਸ਼ੀ ਦੀ ਇਕ ਲੈਣ ਹੀ, ਤਸੱਲੀ ਹੋ ਜਾਂਦੀ ਹੈ।" ਮੈਂ ਅੱਗੋਂ ਕਹਿੰਦਾ, "ਮਾਂ, ਮੈਂ ਆਪਣੇ ਠੀਕ ਹੋਣ ਬਾਰੇ ਹੀ ਲਿਖੂੰਗਾ ਨਾ, ਤੂੰ ਆਪ ਹੀ ਸੋਚ ਲਿਆ ਕਰ, ਠੀਕ ਹੈ।" ਮਾਂ ਮੇਰੀ ਗੱਲ ਸੁਣ ਜ਼ਰੂਰ ਲੈਂਦੀ, ਪਰ ਉਸ ਦੇ ਚਿਹਰੇ ਤੇ ਤਸੱਲੀ ਨਹੀਂ ਸੀ ਨਜ਼ਰ ਆਉਂਦੀ।

ਜਗਮੀਤ! ਉਹ ਵੀ ਕਿਸੇ ਪਾਸੇ ਰੁੱਝਿਆ ਹੋਵੇਗਾ। ਕਿਸੇ ਸੰਘਰਸ਼ ਵਿਚ। ਮੈਂ ਘੜੀ ਵੱਲ ਨਜ਼ਰ ਮਾਰੀ। ਸਾਢੇ ਨੌਂ ਵਜੇ ਸੀ। ਮੈਂ ਕੱਲ੍ਹ ਦੀ ਕਲਾਸ ਦੀ ਤਿਆਰੀ ਲਈ ਜੇ ਈ. ਦੀ ਟੈਕਸਟ ਬੁੱਕ ਦੇਖ ਰਿਹਾ ਸੀ, ਉਸੇ ਵੇਲੇ ਬਲਦੇਵ ਚਾਹ ਦਾ ਕੱਪ ਲੈ ਆਇਆ। ਮੈਂ ਆਪਣੀ ਨਜ਼ਰ ਵਾਲੀ ਐਨਕ ਲਾਹੀ ਤੇ ਚਾਹ

ਪੀ ਕੇ ਪੜ੍ਹਨ ਦੀ ਸੋਚੀ।

ਜਗਮੀਤ ! ਕੀ ਕਿਹਾ ਸੀ ਉਸ ਨੇ ਫੋਨ ਤੇ ? ਮੈਂ ਮੁਸਕਰਾਇਆ ਤੇ ਮੂੰਹ ਵਿਚ ਦੁਹਰਾਇਆ, 'ਤੁਹਾਡਾ ਜਗਮੀਤ।'



ਦਰਅਸਲ ਉਸ ਦਾ ਨਾਂ ਮਨਮੀਤ ਹੈ। ਜਦੋਂ ਮੈਨੂੰ ਕਦੇ ਕਦਾਈ ਮਿਲਦਾ, ਆਪਣੀ ਐਮ. ਡੀ. ਦੀ ਪੜ੍ਹਾਈ ਦੌਰਾਨ ਤਾਂ ਮੈਂ ਉਸ ਨੂੰ ਜਗਮੀਤ ਕਹਿ ਕੇ ਬੁਲਾਉਂਦਾ। ਪਤਾ ਨਹੀਂ ਕਿਉਂ ਮੇਰੇ ਮਨ ਵਿਚ ਮਨਮੀਤ ਸ਼ਬਦ ਅਟਕਿਆ ਹੀ ਨਹੀਂ। ਇਸ ਦੇ ਲਈ ਹੀ ਨਹੀਂ, ਵੈਸੇ ਹੀ। ਉਸ ਨੇ ਸ਼ੁਰੂ-ਸ਼ੁਰੂ ਵਿਚ, ਕਈ ਵਾਰ ਸੋਧ ਕੀਤੀ, ਕਈ ਵਾਰੀ ਹਲਕਾ ਜਿਹਾ ਟੋਕਿਆ "ਸਰ ! ਮੇਰਾ ਨਾਂ ਮਨਮੀਤ ਹੈ, ਜਗਮੀਤ ਨਹੀਂ।" ਫਿਰ ਮੈਂ ਆਖਰ ਉਸ ਨੂੰ ਕਹਿ ਦਿੱਤਾ, ਮੈਨੂੰ ਪਤਾ ਹੈ, ਪਰ ਤੂੰ ਮੇਰੇ ਲਈ ਜਗਮੀਤ ਹੈ, ਠੀਕ। ਤੇ ਜਦੋਂ ਉਹ ਮੇਰੇ ਕੋਲ ਐਮ. ਡੀ. ਦਾ ਵਿਦਿਆਰਥੀ ਬਣ ਕੇ ਆਇਆ ਤਾਂ ਉਦੋਂ ਤੱਕ ਉਹ ਇਸ ਨਾਂ ਨੂੰ ਮੇਰੇ ਵੱਲੋਂ ਪ੍ਰਵਾਨ ਕਰ ਚੁੱਕਾ ਸੀ।

ਉਸ ਦੇ ਸਵੇਰੇ ਆਉਣ ਦੀ ਖ਼ਬਰ ਨਾਲ, ਮੈਂ ਉਸ ਦੇ ਚਿਹਰੇ ਬਾਰੇ ਸੋਚਣ ਲੱਗਿਆ। ਹੁਣ ਉਸ ਨੇ ਕਿਹੋ ਜਿਹਾ ਚਿਹਰਾ ਬਣਾਇਆ ਹੋਵੇਗਾ। ਦਾੜ੍ਹੀ, ਕਲੀਨ ਸ਼ੇਵ, ਫਰੈਂਚ ਕੱਟ, ਵੱਡੇ ਵਾਲ। ਉਹ ਇਸ ਤਰ੍ਹਾਂ ਦਾ ਹੀ ਰਿਹਾ ਹੈ। ਨਾਟਕਾਂ ਕਰਕੇ ਜਾਂ ਆਪਣੀ ਪਰਸਨੈਲਿਟੀ ਕਾਰਨ।

ਐਮ. ਡੀ. ਉਸ ਨੇ ਇੱਥੋਂ ਸਾਡੇ ਕੋਲੋਂ ਅੰਮ੍ਰਿਤਸਰ ਤੋਂ ਹੀ ਕੀਤੀ ਸੀ। ਐਮ. ਡੀ. ਵਿਚ ਡੇਢ ਸੌ ਵਿਦਿਆਰਥੀ ਦਾਖਲ ਹੁੰਦਾ। ਵੀਹ ਤੋਂ ਵੱਧ ਵਿਸ਼ੇ। ਹਰ ਵਿਸ਼ੇ ਨੂੰ ਪੜ੍ਹਾਉਣ ਵਾਲੇ ਪੰਜ-ਸੱਤ ਡਾਕਟਰ। ਵਿਦਿਆਰਥੀਆਂ ਨਾਲ ਬਹੁਤ ਹੀ ਘੱਟ ਨੇੜਤਾ ਬਣਦੀ ਹੈ। ਕਦੇ ਜਗਮੀਤ ਦੇ ਪਿਤਾ ਨੇ ਚੇਤਾ ਕਰਵਾ ਦੇਣਾ ਕਿ ਕਾਕਾ ਤੁਹਾਡੇ ਕੋਲ ਹੈ, ਖਿਆਲ ਰੱਖਣਾ ਤੇ ਜਦੋਂ ਕਦੇ ਇਹਨੇ ਦਿਸ ਪੈਣਾ ਤਾਂ ਇਸ ਨੂੰ ਮੈਂ ਕਹਿਣਾ, "ਲੰਘਦਾ-ਵੜਦਾ ਮਿਲ ਜਾਇਆ ਕਰ।"

ਜਗਮੀਤ ਨੂੰ ਮੇਰੇ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਹੋਣ ਦਾ ਤੇ ਅਖ਼ਬਾਰਾਂ ਵਿਚ ਲਿਖਣ ਬਾਰੇ ਪਤਾ ਸੀ। ਪਰ ਮੈਡੀਕਲ ਕਾਲਜ ਦਾ ਮਾਹੌਲ ਹੀ ਅਜਿਹਾ ਹੈ ਕਿ ਸਟੂਡੈਂਟ-ਟੀਚਰ ਰਿਲੇਸ਼ਨਸ਼ਿਪ ਨਾ ਦੇ ਬਰਾਬਰ ਹੈ। ਬੱਚਿਆਂ ਨੂੰ ਕੰਮ ਹੋਵੇ ਤਾਂ ਵੀ ਮਿਲਣ ਤੋਂ ਡਰਦੇ ਨੇ ਤੇ ਬੇਸਬਰੀ ਮਿਲਣ ਦਾ ਚਲਣ ਤਾਂ, ਹੈ ਹੀ ਨਹੀਂ।

ਮੈਨੂੰ ਯਾਦ ਹੈ, ਜਗਮੀਤ ਆਪਣੀ ਐਮ. ਡੀ. ਦੀ ਪੜ੍ਹਾਈ ਦੌਰਾਨ, ਐਮ. ਡੀ. ਦੇ ਵਿਦਿਆਰਥੀ ਓਂਕਾਰ ਨਾਲ ਮੈਨੂੰ ਮਿਲਣ ਆਇਆ ਸੀ। ਉਹ ਦੋਹੇਂ, ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਲੈ ਕੇ ਕਾਲਜ ਵਿਚ ਪ੍ਰੋਗਰਾਮ ਕਰਨ ਬਾਰੇ ਸਹਿਯੋਗ ਚਾਹੁੰਦੇ ਸੀ। ਪ੍ਰੋਗਰਾਮ ਦੀ ਰੂਪ ਰੇਖਾ ਓਂਕਾਰ ਦੀ ਸੀ। ਜਗਮੀਤ ਨੇ ਉਸ ਨਾਟਕ ਵਿੱਚ ਕਿਸੇ ਪਾਤਰ ਦਾ ਰੋਲ ਕਰਨਾ ਸੀ। ਪ੍ਰਿੰਸੀਪਲ ਨੇ ਪ੍ਰੋਗਰਾਮ ਕਰਨ ਦੀ ਇਜਾਜ਼ਤ ਤਾਂ ਦੇ ਦਿੱਤੀ ਸੀ, ਪਰ ਸਰਪਰਸਤੀ ਨਹੀਂ। ਸਟਾਫ਼ ਦੇ ਸਿਰਫ਼ ਦੋ-ਤਿੰਨ ਮੈਂਬਰ ਹੀ ਸਨ, ਪ੍ਰੋਗਰਾਮ ਵਿਚ।

ਪਹਿਲੀ ਵਾਰੀ ਜਗਮੀਤ ਉਦੋਂ ਘਰੇ ਆਇਆ ਜਦੋਂ ਉਹ ਐਮ. ਡੀ. ਦੇ ਦਾਖਲੇ ਦੀ ਤਿਆਰੀ ਕਰਨ ਦਿੱਲੀ ਗਿਆ ਹੋਇਆ ਸੀ ਤੇ ਉਥੋਂ ਵੇਰਕੇ ਆਪਣੇ ਘਰ ਆਇਆ ਤਾਂ ਮੈਨੂੰ ਮਿਲਣ ਆ ਗਿਆ।

ਦਾੜ੍ਹੀ ਵੱਧੀ ਹੋਈ, ਪਰ ਇਕ ਨੌਜਵਾਨ ਡਾਕਟਰ ਮੁੰਡੇ ਵਾਂਗ, ਉਸ ਨੂੰ ਸਲੀਕੇ ਨਾਲ ਕੱਟਿਆ ਵੀ

ਨਹੀਂ ਸੀ ਹੋਇਆ।

ਮੇਰੇ ਸਾਹਮਣੇ ਉਹ ਸਿਰ ਸੁੱਟੀ ਬੈਠਾ ਸੀ। ਚੁੱਪ। ਬਹੁਤਾ ਚਿਹਰਾ ਤਾਂ ਦਾੜ੍ਹੀ ਨਾਲ ਲੁਕਿਆ ਹੋਇਆ ਸੀ, ਪਰ ਬਾਕੀ ਬਚੇ ਚਿਹਰੇ ਅਤੇ ਅੱਖਾਂ ਤੋਂ ਵੀ ਉਹ ਚਮਕ ਨਹੀਂ ਸੀ ਦਿਸ ਰਹੀ, ਜਿਸ ਦੀ ਇਸ ਉਮਰ ਵਿਚ ਉਮੀਦ ਕੀਤੀ ਜਾਂਦੀ ਹੈ।

"ਹੋਰ ਕੀ ਕਰਦਾ ਹੈਂ ਅੱਜ ਕੱਲ੍ਹ।" ਮੈਂ ਗੱਲ ਸ਼ੁਰੂ ਕੀਤੀ।

ਉਹ ਉਸੇ ਤਰ੍ਹਾਂ ਹੀ ਬੈਠਾ ਰਿਹਾ। ਇਕੋ ਦਮ ਜਵਾਬ ਨਾ ਦਿੱਤਾ। ਫਿਰ ਧੀਮੀ ਜਿਹੀ ਆਵਾਜ਼ ਵਿਚ ਇਕ ਹੀ ਸ਼ਬਦ ਬੋਲਿਆ, "ਤਿਆਰੀ।"

ਮੈਨੂੰ ਉਸ ਦੇ ਐਮ. ਡੀ. ਦੇ ਆਖਰੀ ਸਾਲ ਦੌਰਾਨ ਮਾਨਸਿਕ ਪਰੇਸ਼ਾਨੀ ਵਿਚੋਂ ਲੰਘ ਰਹੇ ਹੋਣ ਦਾ ਪਤਾ ਸੀ। ਇਕ ਵਾਰੀ ਕੁਲਦੀਪ ਨੇ ਸਾਈਕੈਟਰਿਸਟ ਕੋਲੋਂ ਦਵਾਈ ਲੈਣ ਬਾਰੇ ਵੀ ਦੱਸਿਆ ਸੀ। ਮੈਨੂੰ ਅੱਜ ਵੀ ਲੱਗਿਆ, ਜਿਵੇਂ ਉਹ ਠੀਕ ਨਹੀਂ ਹੈ।

"ਪੜ੍ਹਾਈ ਕਿਸ ਤਰ੍ਹਾਂ ਚਲ ਰਹੀ ਹੈ।" ਮੈਂ ਗੱਲ ਨੂੰ ਅੱਗੇ ਤੋਰਨ ਦੇ ਲਹਿਜੇ ਨਾਲ ਕਿਹਾ, ਉਹ ਆਪ ਮੈਨੂੰ ਕੁਝ ਦਸੱਣ-ਬੋਲਣ ਦੇ ਰੋਅ ਵਿਚ ਨਹੀਂ ਸੀ ਜਾਪਿਆ।

ਹੁਣ ਫਿਰ ਉਸ ਨੇ ਉਸੇ ਧੀਮੇ ਸੁਰ ਵਿਚ, ਰੁਕ-ਰੁਕ ਕੇ ਜਵਾਬ ਦਿੱਤਾ, " ਉਸੇ ਲਈ ਹੀ ਆਇਆ ਹਾਂ ਸਰ।"

"ਦੱਸ ਮੈਂ ਕੀ ਹੈਲਪ ਕਰਾਂ।" ਮੈਂ ਆਪਣੀ ਨਜ਼ਰ ਉਸ ਦੇ ਚਿਹਰੇ 'ਤੇ ਟਿਕਾਈ ਹੋਈ ਸੀ।

"ਸਰ ਪੜ੍ਹਨ ਦਾ ਬਿਲਕੁਲ ਜੀਅ ਨਹੀਂ ਕਰਦਾ। ਸਾਰਾ ਦਿਨ ਸੁੱਤਾ ਰਹਿਣਾ। ਹੁਣ ਵੀ ਬਹੁਤ ਮੁਸ਼ਕਿਲ ਨਾਲ...।" ਉਸ ਨੇ ਗੱਲ ਵਿੱਚੇ ਹੀ ਛੱਡ ਦਿੱਤੀ। ਵੈਸੇ ਉਸ ਦੀ ਇਹ ਹਾਲਤ ਉਸ ਦੇ ਬੈਠਣ-ਬੋਲਣ ਦੇ ਅੰਦਾਜ਼ ਤੋਂ ਪਹਿਲਾਂ ਹੀ ਜ਼ਾਹਿਰ ਹੋ ਗਈ ਸੀ।

"ਤੂੰ ਦਿੱਲੀ ਨਹੀਂ ਸੀ ਗਿਆ ਹੋਇਆ?" ਮੈਂ ਉਸ ਦੀ ਇਸ ਹਾਲਤ ਬਾਰੇ ਕੁਝ ਹੋਰ ਵੇਰਵੇ ਜਾਣਨ ਲਈ ਪੁੱਛਿਆ।

"ਹਾਂ ਸਰ ! ਉੱਥੋਂ ਹੀ ਆਇਆਂ। ਤਕਰੀਬਨ ਡੇਢ ਸਾਲ ਹੋ ਗਿਆ, ਉੱਥੇ ਤਿਆਰੀ ਨੂੰ ...।" ਏਨੀ ਗੱਲ ਕਰ ਉਹ ਫਿਰ ਚੁੱਪ ਕਰ ਗਿਆ।

ਗੱਲ ਦਾ ਕੋਈ ਸਿਰਾ ਲੱਭੇ ਤਾਂ ਗੱਲ ਕੀਤੀ ਜਾਵੇ।

"ਤਿਆਰੀ" ਤੋਂ ਵੱਧ ਮੈਂ ਉਸ ਦੀ ਇਸ ਮਾਨਸਿਕ ਹਾਲਤ, ਇਸ ਚੁੱਪ-ਉਦਾਸੀ ਵਿਚ ਖੁੱਭ ਗਿਆ। ਇਹ ਹਾਲਤ ਤਾਂ ਸੱਚੀਓਂ ਪੜ੍ਹਾਈ ਲਈ ਬਹੁਤ ਵੱਡੀ ਦਿੱਕਤ ਹੈ। ਤਿਆਰੀ ਤੋਂ ਪਹਿਲਾਂ ਇਸ ਹਾਲਤ ਵਿਚੋਂ ਨਿਕਲਣਾ ਜ਼ਰੂਰੀ ਹੈ।

"ਤੇਰੀ ਇਹ ਹਾਲਤ ਕਦੋਂ ਤੋਂ ਹੈ।" ਮੈਂ ਇਕ ਸਵਾਲ ਹੋਰ ਕੀਤਾ, ਤਾਂ ਕਿ ਕਿਸੇ ਢੰਗ ਨਾਲ ਗੱਲ ਦਾ ਸਿਰਾ ਲੱਭੇ।

ਅਕਸਰ ਇਸ ਤਰ੍ਹਾਂ ਦੀ ਹਾਲਤ ਵਾਲੇ ਲੋਕ ਮੇਰੇ ਕੋਲ ਸਲਾਹ ਲਈ ਜਾਂ ਕਾਉਸਲਿੰਗ ਲਈ ਆਉਂਦੇ ਰਹਿੰਦੇ ਨੇ, ਮੇਰੀਆਂ ਲਿਖਤਾਂ ਤੋਂ ਕਈਆਂ ਨੂੰ ਇਹ ਪ੍ਰਭਾਵ ਜਾਂਦਾ ਹੈ ਕਿ ਮੈਂ ਮਨੋਵਿਗਿਆਨ ਦਾ ਮਾਹਿਰ ਹਾਂ। ਭਾਵੇਂ ਮੇਰਾ ਇਹ ਵਿਧੀਵਤ ਵਿਸ਼ਾ ਤਾਂ ਨਹੀਂ, ਪਰ ਇਸ ਪਾਸੇ ਮੇਰੀ ਰੁਚੀ ਜ਼ਰੂਰ ਹੈ। ਇੱਥੇ ਉਲੱਝਣ ਇਹ ਵੀ ਸੀ ਕਿ ਇਹ ਆਇਆ ਵੀ ਇਕੱਲਾ ਸੀ।

ਜਗਮੀਤ ਨੇ ਜਵਾਬ ਦਿੱਤਾ, "ਵੈਸੇ ਤਾਂ ਜਦੋਂ ਮੈਂ ਫਾਈਨਲ ਵਿਚ ਸੀ, ਉਦੋਂ ਤੋਂ ਹੀ ਹੈ। ਇੰਟਰਨਸ਼ਿਪ ਵਿਚ ਕੁਝ ਠੀਕ ਹੋ ਗਈ ਸੀ ਤੇ ਬਾਅਦ ਵਿਚ ਫਿਰ।"

"ਤੂੰ ਪਿੱਛਲੇ ਸਾਲ ਵੀ ਐਮ. ਡੀ. ਦੇ ਦਾਖਲੇ ਲਈ ਪੇਪਰ ਦਿੱਤੇ ਸੀ?" ਮੈਂ ਪੁੱਛਿਆ।

ਇਸ ਵਾਰੀ ਉਸ ਨੇ ਮੂੰਹ ਉੱਪਰ ਕਰਕੇ ਕਿਹਾ "ਤਿਆਰੀ ਕੀਤੀ ਸੀ, ਸਰ!" ਕਹਿ ਕੇ ਫਿਰ ਨੀਵੀਂ ਪਾ ਲਈ ਤੇ ਹੌਲੀ-ਹੌਲੀ ਬੋਲਿਆ, "ਮੈਂ ਨਾ ਉਸ ਸਾਲ ਪੜ੍ਹਿਆ ਤੇ ਨਾ ਕੁਝ ਸਿਖਿਆ ਹੀ। ਹਾਲਤ ਜ਼ਿਆਦਾ ਖ਼ਰਾਬ ਹੋਗੀ ਸੀ। ਟ੍ਰੀਟਮੈਂਟ ਲਈ ਤਾਂ ਪੇਪਰ ਦੇਣ ਦੇ ਕਾਬਲ ਨਹੀਂ ਰਿਹਾ।" ਜਗਮੀਤ ਕੁਝ-ਕੁਝ ਬੋਲਣ ਲੱਗਿਆ, ਪਰ ਅੱਖਾਂ ਮੇਰੇ ਨਾਲ ਘੱਟ ਹੀ ਮਿਲਾ ਰਿਹਾ ਸੀ।

"ਟ੍ਰੀਟਮੈਂਟ ਨਾਲ ਤਾਂ ਸਗੋਂ।" ਮੈਂ ਸ਼ੰਕਾ ਜਤਾਈ।

"ਕੁਝ ਤਾਂ ਹਾਲਤ ਠੀਕ ਨਹੀਂ ਸੀ। ਡਿਪਰੈਸ਼ਨ ਬਹੁਤ ਸੀ। ਟ੍ਰੀਟਮੈਂਟ ਨਾਲ ਤਾਂ ਸਗੋਂ ਸੁਸਤੀ ਹੋਰ ਵੱਧ ਹੋ ਗਈ ਸੀ। ਜਿਵੇਂ ਅੱਜ ਕੱਲ੍ਹ ਹੋ ਰਿਹਾ ਹੈ।" ਜਗਮੀਤ ਨੇ ਪਾਣੀ ਦਾ ਘੁੱਟ ਭਰਿਆ, ਜੋ ਕਿ ਮਿਸੇਜ ਕੁਝ ਸਮਾਂ ਪਹਿਲਾਂ ਰੱਖ ਗਈ ਸੀ।

"ਟ੍ਰੀਟਮੈਂਟ ਹੀ ਲੇਟ ਸ਼ੁਰੂ ਕੀਤੀ ਹੋਣੀ ਹੈ, ਖੈਰ ! ਹੁਣ ਕੀ ਲੈ ਰਿਹਾ ਹੈਂ ?"

" ਉਹੀ ਤੁਹਾਡੇ ਨਾਲ ਸਲਾਹ ਕਰਨ ਆਇਆਂ।"

" ਦੇਖ ! ਜਿਸ ਤਰ੍ਹਾਂ ਦੀ ਤੇਰੀ ਹਾਲਤ ਹੈ, ਏਸ ਵੇਲੇ ਟ੍ਰੀਟਮੈਂਟ ਤਾਂ ਹੋਣੀ ਚਾਹੀਦੀ ਹੈ।" ਫਿਰ ਕੁਝ ਰੁਕ ਕੇ ਕਿਹਾ, "ਇਕ ਚੀਜ਼ ਤੂੰ ਨੋਟ ਕੀਤੀ। ਫਾਈਨਲ ਵਿਚ ਹਾਲਤ ਖ਼ਰਾਬ, ਇੰਟਰਨਸ਼ਿਪ ਵਿਚ ਠੀਕ ਤੇ ਪਿਛਲੇ ਸਾਲ ਟੈਸਟ ਦੇ ਟੈਮ 'ਤੇ ਹੁਣ ਫਿਰ-ਫਿਰ।" ਮੈਂ ਰੁਕ ਗਿਆ। ਵੈਸੇ ਮੇਰੇ ਮੂੰਹੋਂ ਨਿਕਲਣ ਲੱਗਿਆ ਸੀ, "ਸਟਰੈਸ ਵੀ ਇੱਕ ਫੈਕਟਰ ਹੈ।"

ਉਹ ਮੇਰੀ ਗੱਲ ਸੁਣ ਕੇ ਚੁੱਪ ਰਿਹਾ। ਉਸ ਨੇ ਕੋਈ ਪ੍ਰਤੀਕ੍ਰਿਆ ਨਾ ਦਿਖਾਈ।

ਮੈਂ ਗੱਲ ਨੂੰ ਸਮੇਟਣ ਦੇ ਰੋਅ ਵਿਚ ਸੀ ਤੇ ਪੁੱਛਿਆ, "ਹੁਣ ਇਹ ਹਾਲਤ ਕਦੋਂ ਤੋਂ ਹੈ ਤੇ ਦਵਾਈ ਕਦੋਂ ਤੋਂ ਨਹੀਂ ਲੈ ਰਿਹਾ।"

"ਦੋ ਕੁ ਮਹੀਨੇ ਤੋਂ ਇਹ ਹਾਲਤ ਹੈ, ਹੁਣ ਕੁਝ ਜ਼ਿਆਦਾ ਵੱਧ ਗਈ ਤਾਂ ਘਰੇ ਆ ਗਿਆ।"

"ਦੇਖ ਜਗਮੀਤ। ਦਵਾਈ ਲੈ ਤੇ ਨਾਲ ਪੜ੍ਹ। ਘਰੇ ਨਹੀਂ ਜੇ ਪੜ੍ਹਿਆ ਜਾਂਦਾ, ਕਾਲਜ ਦੀ ਲਾਈਬਰੇਰੀ ਵਿਚ ਆ ਕੇ ਪੜ੍ਹ। ਇਥੇ ਮਾਹੌਲ ਵੀ ਹੈ ਤੇ ਸਾਰੇ ਹੀ ਤੇਰੇ ਵਰਗੇ, ਤਿਆਰੀ ਵਿਚ ਲੱਗੇ ਹੋਏ ਨੇ।"

ਉਹ ਚਲਾ ਗਿਆ। ਪਰ ਉਸ ਦੀ ਇਸ ਹਾਲਤ ਨਾਲ, ਉਸ ਦਾ ਭਗਤ ਸਿੰਘ ਦੀ ਵਿਚਾਰਧਾਰਾ ਵਾਲਾ ਨਾਟਕ ਕਰਨਾ, ਉਸ ਦੇ ਪਿਤਾ ਦਾ ਤਰਕਸ਼ੀਲ ਹੋਣਾ, ਮੈਨੂੰ ਕਿਸੇ ਸਿੱਟੇ ਤੇ ਨਹੀਂ ਪਹੁੰਚਾ ਰਹੇ ਸਨ। ਆਪਸ ਵਿਚ ਕੁਝ ਜੁੜ ਨਹੀਂ ਸੀ ਰਿਹਾ।

ਇਸ ਮੁਲਾਕਾਤ ਤੋਂ ਦੋ ਕੁ ਦਿਨ ਬਾਅਦ ਤਰਕਸ਼ੀਲ ਸੁਸਾਇਟੀ ਦੀ ਜ਼ੋਨ ਪੱਧਰ ਦੀ ਮੀਟਿੰਗ ਸੀ। ਇਨ੍ਹਾਂ ਮੀਟਿੰਗਾਂ ਵਿਚ ਮੈਂ ਕਦੇ-ਕਦੇ ਚਲਾ ਜਾਂਦਾ ਹਾਂ, ਖ਼ਾਸ ਕਰ ਜੇ ਮੀਟਿੰਗ ਨਾਲ ਕੋਈ ਚਰਚਾ ਰੱਖੀ ਹੋਵੇ। ਵਿਰਸਾ ਵਿਹਾਰ ਦੀ ਦੂਸਰੀ ਮੰਜ਼ਿਲ ਦੇ ਹਾਲ ਵਿਚ ਮੀਟਿੰਗ ਸੀ। ਮੈਂ ਕਾਰ ਖੜ੍ਹੀ ਕਰਕੇ ਬਾਹਰ ਨਿਕਲਿਆ ਤਾਂ ਮੈਨੂੰ ਜਗਮੀਤ ਦਾ ਡੈਡੀ ਮਿਲ ਪਿਆ।

ਹੱਥ ਮਿਲਾਉਣ ਪਿੱਛੋਂ ਮੈਂ ਪੁੱਛਿਆ, "ਜਗਮੀਤ ਨੂੰ ਪਿਛਲੇ ਦੋ ਤਿੰਨ ਸਾਲ ਤੋਂ ਸਮੱਸਿਆ ਹੈ, ਤੁਸੀਂ ਕਦੇ ਜਿਕਰ ਨ੍ਹੀਂ ਕੀਤਾ।"

"ਸਮੱਸਿਆ ਕੀ ਹੈ ! ਕੀ ਦੱਸੀਏ। ਸੁਣਦਾ ਹੀ ਨੀਂ ਕਿਸੇ ਦੀ। ਦਿੱਲੀ ਭੇਜਿਆ ਐਮ. ਡੀ. ਦੀ ਤਿਆਰੀ ਲਈ ਤੇ ਇਹ ਦੋ ਦਿਨ ਉੱਥੇ ਤੇ ਚਾਰ ਦਿਨ ਲੁਧਿਆਣੇ। ਘਰੇ ਕਦੇ ਨੀਂ ਵੜਦਾ। ਜਿਵੇਂ ਇਸ ਦਾ ਇੱਥੇ ਕੋਈ ਹੁੰਦਾ ਹੀ ਨਹੀਂ। ਜਦੋਂ ਕਦੇ ਘਰੇ ਆਉ, ਉਦੋਂ ਹੀ ਹਰ ਵਾਰੀ ਨਵੀਂ ਤੋਂ ਨਵੀਂ ਗੱਲ। ਬੈਗ 'ਚ ਇਕ ਸਿਲੇਬਸ ਦੀ ਕਿਤਾਬ ਹੋਊ, ਦੂਸਰੀਆਂ ਕਿਤਾਬਾਂ ਹੀ ਠੂਸੀਆਂ ਹੁੰਦੀਆਂ। ਕੱਲ੍ਹ ਹੀ ਇਕ ਕਿਤਾਬ

ਦੇਖੀ। ਕੀ ਨਾਂ ਸੀ ਪੁੱਠਾ ਜਿਹਾ, ਹਾਂ...'ਦਿੱਲੀ ਦੀਆਂ ਵੇਸਵਾਵਾਂ' ਇਸ ਤਰ੍ਹਾਂ ਥੋੜ੍ਹਾ ਕਲੀਅਰ ਹੁੰਦੇ ਨੇ ਟੈਸਟ। ਕਿੰਨਾਂ ਕੰਪੀਟੀਸ਼ਨ ਹੈ। ਫਾਈਨਲ ਵਿਚ ਦੋ ਸਾਲ ਬੈਠਾ ਰਿਹਾ...।" ਮਿੰਟੋ-ਮਿੰਟੀ ਕਈ ਕੁਝ ਕਹਿ ਦਿੱਤਾ। ਜਿਵੇਂ ਭਰੇ-ਪੀਤੇ ਬੰਦੇ ਨੂੰ ਕਿਸੇ ਦੀ ਉਡੀਕ ਹੋਵੇ, ਮਨ ਹਲਕਾ ਕਰਨ ਦੀ।

ਫਿਰ ਮੇਰੇ ਵੱਲ ਮੁਖ਼ਾਤਬ ਹੋਇਆ, "ਹਾਂ ਸੱਚ ! ਕੱਲ੍ਹ ਤੁਹਾਡੇ ਕੋਲ ਆਇਆ ਸੀ, ਤੁਸੀਂ ਕੋਈ ਰਾਹ ਪਾਉ।"

" ਹਾਂ ! ਆਇਆ ਸੀ ਮੇਰੇ ਕੋਲ, ਪਰ ਅਜਿਹਾ ਕੁਝ ਮੇਰੇ ਨਾਲ ਡਿਸਕਸ ਨਹੀਂ ਕੀਤਾ। ਤੁਹਾਨੂੰ ਨਾਲ ਆਉਣਾ ਚਾਹੀਦਾ ਸੀ। ਇਹ ਗੱਲਾਂ ਪਤਾ ਚਲਦੀਆਂ। ਕਿਉਂ ਨਹੀਂ ਆਏ ?"

"ਉਹੀ ਗੱਲ। ਅਸੀਂ ਕੋਈ ਦੁਸ਼ਮਣ ਹਾਂ, ਸਾਡੀ ਸੁਣੇ ਵੀ।" ਕੁਲਦੀਪ ਫਿਰ ਉਸੇ ਤਲਖ਼ੀ ਵਿਚ ਬੋਲਿਆ।

ਥੱਲੇ ਖੜ੍ਹੇ ਦੋ-ਚਾਰ ਲੋਕਾਂ ਤੋਂ ਮੈਂ ਅੰਦਾਜ਼ਾ ਲਗਾਇਆ ਕਿ ਅਜੇ ਮੀਟਿੰਗ ਸ਼ੁਰੂ ਹੋਣ ਵਿਚ ਵਕਤ ਲੱਗੇਗਾ। ਮੈਂ ਕੁਲਦੀਪ ਮਾਸਟਰ ਨੂੰ ਲੈ ਕੇ ਕੰਟੀਨ ਵੱਲ ਹੋ ਗਿਆ।

"ਤੁਸੀਂ ਕਹਿ ਰਹੇ ਹੋ ਕਿ ਟ੍ਰੀਟਮੈਂਟ ਤੇ ਹੈ, ਕਿਤਾਬਾਂ ਹੋਰ ਪੜ੍ਹਦਾ ਹੈ, ਲੁਧਿਆਣੇ ਤੁਰਿਆ ਫਿਰਦਾ ਹੈ, ਲੁਧਿਆਣੇ ਦਾ ਕੀ ਚੱਕਰ ਹੈ।" ਮੈਂ ਕੁਲਦੀਪ ਤੋਂ ਕੁਝ ਹੋਰ ਜਾਣਨਾ ਚਾਹਿਆ।

"ਪਿਛਲੇ ਦੋ ਤਿੰਨ ਸਾਲ ਤੋਂ ਕੁਝ ਕੁ ਮੁੰਡਿਆਂ ਨੇ ਇਸ ਦਾ ਦਿਮਾਗ਼ ਖਰਾਬ ਕੀਤੈ। ਉੱਥੇ ਝੌਂਪੜ-ਪੱਟੀਆਂ ਵਿਚ ਕੰਮ ਕਰਦੇ ਨੇ ਤੇ ਉਹ ਇਸ ਨੂੰ ਵੀ ਬਹਿਕਾ ਕੇ ਨਾਲ ਲੈ ਗਏ ਨੇ।"

"ਤੁਹਾਡੇ ਨਾਲ ਕੁਝ ਤਾਂ ਡਿਸਕਸ ਕਰਦਾ ਹੋਵੇਗਾ। ਤੁਹਾਡੀ ਲਾਈ ਹੋਈ ਪਨੀਰੀ ਹੈ।" ਮੈਂ ਕੁਲਦੀਪ ਦੇ ਵਿਵਹਾਰ ਤੋਂ ਕੁਝ ਅਜ਼ੀਬ-ਅਜ਼ੀਬ ਮਹਿਸੂਸ ਕਰ ਰਿਹਾ ਸੀ।

"ਉਹ ਤਾਂ ਠੀਕ ਹੈ, ਪਰ ਹੁਣ ਵੱਡਾ ਹੋ ਗਿਐ। ਕੁਝ ਨੀਂ ਦਸਦਾ ਤੇ ਨਾ ਹੀ ਸੁਣਦੈ।" ਕੁਲਦੀਪ ਕੋਲ ਤਾਂ ਉਹੀ ਖਿੱਝ ਹੀ ਸੀ।

ਚਾਹ ਪੀ ਰਹੇ ਨੂੰ, ਦੂਰੋਂ ਇੱਕ ਸਾਥੀ ਦਾ ਇਸ਼ਾਰਾ ਹੋਇਆ ਕਿ ਆ ਜਾਉ ਮੀਟਿੰਗ ਸ਼ੁਰੂ ਕਰੀਏ।

ਮੀਟਿੰਗ ਹਾਲ ਵੱਲ ਜਾਂਦਿਆਂ, ਪੌੜੀਆਂ ਚੜ੍ਹਦਿਆਂ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕੁਲਦੀਪ ਤਰਕਸ਼ੀਲ ਸੁਸਾਇਟੀ ਦਾ ਇਕ ਸੀਨੀਅਰ ਆਗੂ ਮੈਂਬਰ ਹੈ। ਨਾਟਕ ਕਰਕੇ, ਲੋਕਾਂ ਵਿਚ ਜਾਣਾ, ਕਿਤਾਬਾਂ ਵੇਚਣੀਆਂ ਤੇ ਜੇਕਰ ਜਗਮੀਤ ਅਜਿਹਾ ਕਰ ਰਿਹਾ ਹੈ ਤਾਂ ਖਿੱਝ ਕਿਉਂ ਹੈ ? ਨਾਲੇ ਵੱਡੀ ਗੱਲ ਇਸਦੇ ਨਾਟਕਾਂ ਵਿਚ ਉਹ ਸ਼ੁਰੂ ਤੋਂ ਹੀ ਬਾਲ ਕਲਾਕਾਰ ਵਜੋਂ, ਲਗਾਤਾਰ ਕੰਮ ਕਰਦਾ ਆ ਰਿਹਾ ਹੈ।

ਮੀਟਿੰਗ ਵਿਚ ਬੈਠਣ ਤੋਂ ਪਹਿਲਾਂ, ਮੈਂ ਕੁਲਦੀਪ ਨੂੰ ਕਿਹਾ ਕਿ ਮੈਂ ਜਗਮੀਤ ਨੂੰ ਲਾਈਬਰੇਰੀ ਆ ਕੇ ਪੜ੍ਹਨ ਲਈ ਕਿਹਾ ਹੈ, ਕੁਝ ਤੁਸੀਂ ਪ੍ਰੇਰਣਾ, ਉਸ ਨੂੰ ਕੱਲ੍ਹ ਸੁਨੇਹਾ ਦੇਣਾ ਕਿ ਪਹਿਲਾਂ ਮੈਨੂੰ ਮਿਲੇ, ਲਾਈਬਰੇਰੀ ਜਾਣ ਤੋਂ ਪਹਿਲਾਂ।

ਮੀਟਿੰਗ ਵਿਚ ਵੀ ਮੈਨੂੰ ਕੁਲਦੀਪ ਦੀ ਖਿੱਝ ਅਤੇ ਗੁੱਸੇ ਦੀ ਸਮਝ ਨਹੀਂ ਆ ਰਹੀ ਸੀ। ਮੈਨੂੰ ਉਸ ਦੀ ਤਰਕਸ਼ੀਲ ਸੋਚ ਹੀ ਜਿਵੇਂ, ਤਿੜਕੀ-ਤਿੜਕੀ ਜਿਹੀ ਲੱਗੀ। ਬੱਚੇ ਦਾ ਸੈੱਟ ਨਾ ਹੋਣਾ ਮਾਂ-ਪਿਉ ਦੀ ਪਰੇਸ਼ਾਨੀ ਹੈ, ਮੰਨਦੇ ਹਾਂ। ਮੁੰਡੇ ਨੇ ਐਮ. ਡੀ. ਕਰ ਲਈ ਹੈ। ਇਹ ਆਪਣੇ ਆਪ ਵਿਚ ਇਕ ਬਹੁਤ ਵੱਡਾ ਪੜਾਅ ਹੈ। ਜੇ ਬੱਚਾ ਪਰੇਸ਼ਾਨ ਹੈ ਜਾਂ ਕੋਈ ਵਿਸ਼ੇਸ਼ ਝੁਕਾਅ ਦਿਖਾ ਰਿਹਾ ਹੈ ਤਾਂ ਇਸ ਨੂੰ ਸਮਝਣਾ ਬਣਦਾ ਹੈ। ਇਹ ਰੱਵਈਆ ਕੀ ਹੋਇਆ- ਆਪਣੀ ਕਰਦੈ, ਸਾਡੀ ਸੁਣਦਾ ਨਹੀਂ, ਮੰਨਦਾ ਨਹੀਂ, ਦਸਦਾ ਨਹੀਂ, ਅਜ਼ੀਬ ਹੈ। ਪਿਉ ਨੂੰ ਖ਼ਾਸ ਕਰ ਕੁਲਦੀਪ ਵਰਗੇ ਤਰਕਸ਼ੀਲ ਵਿਅਕਤੀ ਨੂੰ ਤਾਂ ਬੱਚੇ ਦੀ ਚੁੱਪ ਦਾ ਵੀ ਪਤਾ ਹੋਣਾ ਚਾਹੀਦੈ। ਬਾਕੀ, ਦੱਸਣਾ ਕੀ ਸਿਰਫ਼ ਬੋਲ ਕੇ ਹੀ ਹੁੰਦੈ। ਪਰ ਇੱਥੇ ਤਾਂ ਜਗਮੀਤ ਦਾ ਸਾਰਾ ਵਿਵਹਾਰ

ਬੋਲ ਰਿਹੈ ਕਿ ਅਜਿਹੀਆਂ ਹਰਕਤਾਂ ਨਾਲ ਉਹ ਕੀ ਕਰ ਰਿਹਾ ਹੈ ਤੇ ਕੀ ਕਰਨਾ ਚਾਹੁੰਦਾ ਹੈ।

ਅਗਲੇ ਦਿਨ ਜਗਮੀਤ ਮੇਰੇ ਵਿਭਾਗ ਦੇ ਕਮਰੇ ਵਿਚ ਆਇਆ। "ਡੈਡੀ ਨੇ ਸੁਨੇਹਾ ਦਿੱਤਾ।" ਆਉਂਦੇ ਹੀ ਉਸੇ ਧੀਮੇ, ਉਦਾਸ, ਨਿਰਾਸ਼ ਅੰਦਾਜ ਵਿਚ ਬੋਲਿਆ।

" ਵਰਨਾ ਨਹੀਂ ਸੀ ਆਉਣਾ " ਮੈਂ ਹਲਕਾ ਜਿਹਾ ਮੁਸਕਰਾਉਂਦਿਆਂ ਪੁੱਛਿਆ।

ਉਹ ਚੁੱਪ ਰਿਹਾ।

"ਬੈਠ।" ਤੇ ਨਾਲ ਹੀ ਕਮਰੇ ਵਿਚ ਆਏ ਆਪਣੇ ਚਪੜਾਸੀ ਨੂੰ ਕਿਹਾ, "ਬਲਦੇਵ, ਜਗਮੀਤ ਨੂੰ ਪਾਣੀ ਪਿਆ ਤੇ ਦੇਖ ਜੇ ਦੁੱਧ ਆ ਗਿਆ ਹੋਵੇ ਤਾਂ ਚਾਹ ਵੀ ਲਿਆ, ਅੱਧਾ-ਅੱਧਾ ਕੱਪ।"

"ਨਹੀਂ ਸਰ। ਮੈਂ ਹੁਣੇ ਹੀ ਪੀ ਕੇ ਆਇਐਂ।"

"ਕੋਈ ਨੀਂ, ਤੂੰ ਬੈਠ ਤਾਂ ਸਹੀ, ਉਹ ਅਜੇ ਤੱਕ ਖੜ੍ਹਾ ਹੀ ਸੀ, ਮੈਂ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ, ਮੈਂ ਤਾਂ ਪੀਣੀ ਹੀ ਹੈ, ਮੇਰਾ ਤਾਂ ਟਾਇਮ ਹੈ। ਬੈਠ ! ਨਾਲੇ, ਤੇਰੇ ਨਾਲ ਦੋ ਕੁ ਗੱਲਾਂ ਵੀ ਕਰਨੀਆਂ ਨੇ।"

ਉਹ ਸੁੰਗੜ ਕੇ ਬੈਠ ਗਿਆ

"ਫਿਰ ਕੀ ਕੀਤਾ ਕੱਲ੍ਹ।" ਮੈਂ ਗੱਲ ਸ਼ੁਰੂ ਕੀਤੀ।

ਉਸ ਨੇ ਕੋਈ ਜਵਾਬ ਨਾ ਦਿੱਤਾ।

"ਬੋਲਦਾ ਨੀਂ, ਦੱਸ। ਕੁਝ ਤਾਂ ਕੀਤਾ ਹੀ ਹੋਵੇਗਾ।" ਮੈਂ ਆਪਣਾ ਸਵਾਲ ਫਿਰ ਤੋਂ ਦੁਹਰਾਇਆ।

"ਕੁਝ ਨੀਂ ਸਰ। ਪਿਆ ਰਿਹਾ। ਉੱਠਿਆ ਹੀ ਨਹੀਂ ਗਿਆ।" ਫਿਰ ਰੁਕ ਕੇ ਹੌਲੀ ਜਿਹੇ ਬੋਲਿਆ, "ਕੋਸ਼ਿਸ਼ ਕੀਤੀ ਵੀ।" ਉਹ ਥੱਲੇ ਹੀ ਦੇਖੀ ਜਾ ਰਿਹਾ ਸੀ ਤੇ ਬੋਲ ਰਿਹਾ ਸੀ।

"ਦੇਖ ! ਤੂੰ ਹੁਣ ਵੀ ਉੱਠ ਕੇ ਆਇਐਂ ਕਿ ਨਹੀਂ। ਭਾਵੇਂ ਤੂੰ ਮੇਰਾ ਸੁਨੇਹਾ ਨਹੀਂ ਟਾਲਿਆ। ਪਰ ਤਿਆਰ ਹੋ ਕੇ, ਸੱਤ-ਅੱਠ ਕਿਲੋਮੀਟਰ ਸਾਇਕਲ ਚਲਾ ਕੇ, ਇੱਥੇ ਪਹੁੰਚਿਐਂ। ਸਵਾਲ ਤਾਂ ਦਿਮਾਗ਼ ਵਿਚ ਇਕ ਏਮ, ਮੋਟਿਵ ਤੈਅ ਕਰਨ ਦਾ ਹੈ, ਬਸ। ਜਿਵੇਂ ਅੱਜ ਤੈਨੂੰ ਇਥੇ ਆਉਣ ਦਾ ਇਕ ਮੋਟਿਵ ਮਿਲ ਗਿਆ।"

ਤੇ ਫਿਰ ਥੋੜ੍ਹਾ ਜਿਹਾ ਰੁਕ ਕੇ, ਉਸ ਦੇ ਵੱਲੋਂ ਕਿਸੇ ਤਰ੍ਹਾਂ ਦੀ ਪ੍ਰਤੀਕ੍ਰਿਆ ਉਡੀਕਣ ਲੱਗਿਆ, ਜੋ ਕਿ ਨਾ ਦੇ ਬਰਾਬਰ ਸੀ।

ਇਸ ਵਿਚ ਕੋਈ ਸ਼ੱਕ ਨਹੀਂ, ਉਹ ਇਸ ਵੇਲੇ ਘੋਰ ਉਦਾਸੀ ਵਿਚ ਸੀ। ਉਸ ਵੇਲੇ ਦਿਮਾਗ਼ ਸੁੰਨ ਹੋ ਜਾਂਦਾ ਹੈ, ਇੱਕ ਧੁੰਦ ਜਿਹੀ ਛਾ ਜਾਂਦੀ ਹੈ। ਨਾ ਕੁਝ ਸੁਣਦਾ ਹੈ, ਨਾ ਕੁੱਝ ਸੁਝਦਾ ਹੈ।

ਉਸ ਨੂੰ ਮੈਂ ਫਿਰ ਕਿਹਾ, "ਹਾਂ ਸੱਚ ! ਤੇਰੇ ਡੈਡੀ ਕੱਲ੍ਹ ਕਹਿ ਰਹੇ ਸੀ, ਤੂੰ ਦੋ ਦਿਨ ਲੁਧਿਆਣੇ ਦੋ ਦਿਨ ਦਿੱਲੀ। ਇਹ ਕੀ ਚੱਕਰ ਹੈ।"

ਉਸ ਨੇ ਹੁਣ ਮੇਰੇ ਵੱਲ ਦੇਖਿਆ। ਤੇ ਬੋਲਣਾ ਸ਼ੁਰੂ ਕੀਤਾ, "ਉਹ ਸਰ ਛੇ ਮਹੀਨੇ ਦਾ ਕਰੈਸ਼-ਕੋਰਸ ਸੀ, ਉਹ ਪੂਰਾ ਕਰ ਲਿਆ ਤਾਂ ਮੈਂ ਫਿਰ ਲੁਧਿਆਣੇ ਆ ਗਿਆ। ਉੱਥੇ ਸਰ, ਤੁਹਾਨੂੰ ਯਾਦ ਹੋਣੈ ਕਿ ਇਕ ਨੌਜਵਾਨ ਮਿਲਾਇਆ ਸੀ ਭਗਤ ਸਿੰਘ ਦੇ ਪ੍ਰੋਗਰਾਮ ਵੇਲੇ, ਸੁਰਿੰਦਰ ਮੋਹਨ, ਉਹ ਪ੍ਰੋਗਰਾਮ ਦਾ ਮੁੱਖ ਬਲਾਰਾ, ਜੋ ਲੁਧਿਆਣੇ ਤੋਂ ਆਇਆ ਸੀ।"

"ਹਾਂ, ਹਾਂ ! ਫਿਰ। ਪਰ ਡੈਡੀ ਤੇਰੇ ਤਾਂ ਬੜੇ ਪਰੇਸ਼ਾਨ ਸੀ।" ਮੈਂ ਆਪਣੀ ਜਿਗਿਆਸਾ ਲਈ ਪੁੱਛਿਆ।

"ਉਹ ਲੁਧਿਆਣੇ ਸਲਮਜ ਵਿਚ ਰਹਿੰਦੇ, ਵਰਕਰਾਂ ਵਿਚ ਕੰਮ ਕਰਦੈ। ਮੈਂ ਵੀ ਫ੍ਰੀ ਹੋਣ ਤੇ ਉੱਥੇ ਚੱਲਾ ਜਾਂਦਾ ਸਾਂ।"

"ਤੂੰ ਕੀ ਕਰਦੈ ਉੱਥੇ ?" ਮੈਂ ਜਾਣਨਾ ਚਾਹਿਆ।

"ਡਿਸਪੈਂਸਰੀ ਚਲਾਈਦੀ ਹੈ ਤੇ ਨਾਟਕ ਸਰ !" ਉਸ ਦਾ ਸੰਖੇਪ ਜਿਹਾ ਜਵਾਬ ਸੀ।

" ਕਦੋਂ ਤੋਂ ਲੁਧਿਆਣੇ ਆ ਜਾ ਰਿਹੈਂ? ਮੇਰਾ ਮਤਲਬ ਇਨ੍ਹਾਂ ਦਾ ਗਰੁੱਪ ਜਵਾਇਨ ਕੀਤੈ?" ਮੈਂ ਪੁਛਿਆ।

" ਸਰ ! ਇਕ ਵਾਰੀ ਓਂਕਾਰ ਲੈ ਗਿਆ ਸੀ, ਜਦੋਂ ਭਗਤ ਸਿੰਘ ਦਾ ਪ੍ਰੋਗਰਾਮ ਕੀਤਾ। ਮੈਨੂੰ ਉਨ੍ਹਾਂ ਦੀ ਵਿਚਾਰ ਧਾਰਾ ਬਹੁਤ ਚੰਗੀ ਲੱਗੀ। ਮੇਰਾ ਨਾਟਕ ਦੇਖ ਕੇ ਉਨ੍ਹਾਂ ਮੈਨੂੰ ਲੁਧਿਆਣੇ ਨਾਟਕ ਕਰਨ ਲਈ ਬੁਲਾਇਆ ਤੇ ਫਿਰ...।"

ਫਿਰ ਕੁਝ ਚਿਰ, ਚੁੱਪ ਰਿਹਾ ਤੇ ਆਪ ਹੀ ਬੋਲਣ ਲੱਗਿਆ, " ਵੈਸੇ ਸਰ, ਲੋਕਾਂ ਦਾ ਬਹੁਤ ਬੁਰਾ ਹਾਲ ਹੈ ਸਰ। ਨਿੱਕੇ-ਨਿੱਕੇ ਕਮਰੇ। ਖੁੱਡਾਂ ਵਰਗੇ। ਇੱਕ-ਇੱਕ ਕਮਰੇ ਵਿਚ ਅੱਠ-ਅੱਠ, ਦਸ-ਦਸ ਬੰਦੇ ਰਹਿੰਦੇ ਨੇ। ਚਾਰ ਜਾਂਦੇ ਨੇ, ਇਕ ਸ਼ਿਫ਼ਟ ਖਤਮ ਹੁੰਦੀ ਹੈ, ਚਾਰ ਆ ਜਾਂਦੇ ਨੇ। ਉਨ੍ਹਾਂ ਗਲੀਆਂ ਵਿਚੋਂ ਲੰਘਣਾ ਵੀ ਔਖਾ ਹੈ, ਉਹ ਉੱਥੇ ਰਹਿ ਰਹੇ ਨੇ। ਇੱਕ ਇਨਕਲਾਬ ਦੀ ਲੋੜ ਹੈ। "

ਉਸ ਦੀ ਆਵਾਜ਼ ਵਿਚ ਆਈ ਤਾਕਤ ਨਾਲ, ਮੈਨੂੰ ਕੁਝ ਚੰਗਾ ਲੱਗਿਆ। ਪਰ ਉਸ ਦੇ ਚਿਹਰੇ ਤੇ ਫੈਲੀ ਨਿਰਾਸ਼ਾ, ਉਦਾਸੀ ਨਾਲ ਇਸ ਤਾਕਤ ਦਾ ਮੇਲ ਇਕੋਦਮ ਸਮਝ ਨਾ ਆਉਣ ਵਾਲਾ ਤੇ ਹੈਰਾਨੀ ਵਾਲਾ ਸੀ। ਮੈਨੂੰ ਕੁਝ-ਕੁਝ ਸਮਝ ਆ ਰਹੀ ਸੀ ਕਿ ਇਸ ਤਰ੍ਹਾਂ ਦੇ ਉਸ ਪ੍ਰਗਟਾਵੇ ਨੂੰ ਉਸ ਦੀ ਉਦਾਸੀ ਦਾ ਕਾਰਨ ਸਮਝਾਂ ਜਾਂ ਉਸ ਦੇ ਇਸ ਕੰਮ ਵਿਚ ਝੁਕਾਅ ਨੂੰ ਉਸ ਦੀ ਤਾਕਤ। ਪਰ ਫਿਲਹਾਲ, ਉਸ ਨੂੰ ਇਸ ਘੋਰ ਉਦਾਸੀ ਵਿਚੋਂ ਕਢੱਣਾ ਜ਼ਰੂਰੀ ਸੀ।

ਮੈਂ ਉਸ ਦੀ ਅਤੇ ਕੁਲਦੀਪ ਵਾਲੀ ਖਿੱਝ ਦੀ ਤੰਦ ਜੋੜਨਾ ਚਾਹੁੰਦਾ ਸੀ, ਪਰ ਉਸ ਨੂੰ ਦਵਾਈ ਸ਼ੁਰੂ ਕਰਵਾ ਕੇ, ਦੋ ਚਾਰ ਦਿਨਾਂ ਬਾਅਦ। ਹੁਣ ਉਸ ਨਾਲ ਹੋਰ ਗੱਲ ਕਰਨ ਦਾ ਮੁੱਢ ਜ਼ਰੂਰ ਬਣ ਗਿਆ ਸੀ। ਮੈਂ ਕਿਹਾ, "ਜਗਮੀਤ ! ਇਹ ਸਭ ਠੀਕ ਹੈ। ਤੂੰ ਦਵਾਈ ਲੈ ਤੇ ਨਾਲੇ ਪੜ੍ਹਾਈ ਕਰ। ਰੋਜ਼ ਆਇਆ ਕਰ ਲਾਈਬਰੇਰੀ। "

"ਵੈਸੇ ਐਮ. ਡੀ. ਕਰਨ ਦਾ ਕੀ ਫਾਇਦੈ ?" ਜਗਮੀਤ ਆਪਣੇ ਉਸ ਰੋਅ ਵਿਚ ਅਜੇ ਕਾਇਮ ਸੀ,

"ਸਰ ਇਹ ਤਾਂ ਨਿੱਜੀ ਵਿਕਾਸ ਦਾ ਰਸਤਾ ਹੈ। ਲੋਕਾਂ ਨਾਲ ਇਸ ਦਾ ਕੋਈ ਮਤਲਬ ਨਹੀਂ।" ਫਿਰ ਰੁਕ ਕੇ ਗੱਲ ਜਾਰੀ ਰਖਦਿਆਂ ਕਿਹਾ, "ਰਾਤੀਂ ਮੇਰੀ, ਸਰ, ਸੁਰਿੰਦਰ ਮੋਹਨ ਨਾਲ ਗੱਲ ਹੋਈ ਹੈ, ਮੈਂ ਸੋਚ ਰਿਹਾਂ, ਐਮ. ਡੀ. ਕਰਨੀ ਹੀ ਨਹੀਂ।"

ਮੈਂ ਵੈਸੇ ਹੁਣ ਹੋਰ ਵਿਸਥਾਰ ਵਿਚ ਗੱਲ ਕਰਨ ਦੇ ਮੂਡ ਵਿਚ ਨਹੀਂ ਸੀ, ਪਰ ਉਸ ਦੀ ਇਹ ਗੱਲ ਸੁਣ ਕੇ ਮੈਂ ਦੋ ਮਿੰਟ ਸੋਚੀਂ ਪੈ ਗਿਆ। ਫਿਰ ਬੋਲਿਆ, " ਸੁਰਿੰਦਰ ਦੀ ਆਪਣੀ ਸਿਆਣਪ ਹੈ। ਪਰ ਮੈਂ ਸਮਝਦਾਂ ਪੜ੍ਹਾਈ ਇਕ ਹਥਿਆਰ ਹੁੰਦੀ ਹੈ। ਨਿੱਜ ਲਈ ਵਰਤੋਂ ਚਾਹੇ ਸਭ ਲਈ। ਰੋਟੀ ਵੀ ਕੋਈ ਆਪਣੇ ਖ਼ੁਦ ਲਈ ਖਾ ਰਿਹਾ ਹੁੰਦਾ ਹੈ, ਪਰ ਇਹ ਰੋਟੀ ਇਸ ਲਈ ਵੀ ਖਾਣੀ ਜ਼ਰੂਰੀ ਹੈ ਕਿ ਲੋਕਾਂ ਵਿਚ ਕੰਮ ਕਰਨ ਦੀ ਤਾਕਤ ਆਵੇ। ਉਸੇ ਰੋਟੀ ਨੂੰ ਖਾਣ ਦਾ, ਦੇਖਣ ਦਾ ਨਜ਼ਰੀਆ ਬਦਲ ਜਾਂਦੈ।"

"ਸਰ ! ਅੱਧੀ ਜ਼ਿੰਦਗੀ ਖ਼ਤਮ ਹੋ ਗਈ ਹੈ। ਪੜ੍ਹਾਈ 'ਚ ਹੋਰ ਪੰਜ-ਸੱਤ ਸਾਲ ਲੰਘ ਜਾਣੇ ਨੇ।" ਜਗਮੀਤ ਨੇ ਆਪਣੀ ਗੱਲ ਜਾਰੀ ਰੱਖੀ। ਸ਼ਾਇਦ ਉਸ 'ਤੇ ਸੁਰਿੰਦਰ ਮੋਹਨ ਨਾਲ ਹੋਈਆਂ ਗੱਲਾਂ ਦਾ ਤਾਜ਼ਾ-ਤਾਜ਼ਾ ਪ੍ਰਭਾਵ ਸੀ। ਸੰਵੇਦਨਸ਼ੀਲ ਵਿਅਕਤੀ ਨੂੰ ਇਹ ਵਿਚਾਰਧਾਰਾ ਪ੍ਰਭਾਵਿਤ ਕਰਦੀ ਹੀ ਹੈ। ਸਿਰਫ ਪ੍ਰਭਾਵਿਤ ਹੀ ਨਹੀਂ ਕਰਦੀ, ਆਪਣੇ ਨਾਲ ਵਹਾ ਵੀ ਲੈ ਜਾਂਦੀ ਹੈ।

ਮੈਂ ਵੀ ਉਸ ਦੀ ਇਸ ਰਵਾਨੀ ਨੂੰ ਐਵੇਂ ਹੀ ਵਹਾਉਣ ਨਾ ਦੇਣ ਦੇ ਰੋਅ ਵਜੋਂ, ਗੱਲ ਕੀਤੀ,

“ਪਹਿਲਾਂ ਤਾਂ ਤੇਰੀ ਇਸ ਗੱਲ ਤੇ ਆਉਂਦਾ ਕਿ ਅੱਧੀ ਜ਼ਿੰਦਗੀ ਕਿਵੇਂ ਖ਼ਤਮ ਹੋ ਗਈ ਹੈ ਤੇਰੀ।”

“ਸੱਠ ਕੁ ਸਾਲ ਦੀ ਐਵਰੇਜ਼ ਉੱਮਰ ਹੈ ਸਰ। ਤੀਹ ਸਾਲਾਂ ਦਾ ਹੋ ਚਲਿਆਂ।” ਫੌਰਨ ਬੋਲਿਆ।

“ਦੇਖ ! ਤੂੰ ਸਾਇੰਸ ਦਾ ਸਟੂਡੈਂਟ ਹੈਂ। ਅੱਜ ਦੀ ਤਰੀਖ ਵਿਚ, ਤੇਰੀ ਲਾਈਫ, ਉਮਰ ਮੁਤਾਬਕ ਟੇਬਲ ਤੋਂ ਦੇਖੀਏ ਤਾਂ ਇਹ ਘੱਟੋ ਘੱਟ ਅੱਸੀ ਸਾਲ ਹੈ। ਖ਼ੈਰ ! ਉਹ ਵੀ ਛੱਡ। ਦੂਸਰਾ, ਮੈਨੂੰ ਇਹ ਦੱਸ, ਤੈਨੂੰ ਜ਼ਿੰਦਗੀ ਬਾਰੇ ਆਪਣੇ ਅਤੇ ਆਪਣੇ ਆਲੇ-ਦੁਆਲੇ ਬਾਰੇ ਸਮਝ ਕਦੋਂ ਆਉਣੀ ਸ਼ੁਰੂ ਹੋਈ।”

“ਇਹੀ ਕੋਈ ਪੰਜ-ਚਾਰ ਸਾਲ ਤੋਂ।” ਜਗਮੀਤ ਨੇ ਇਸ ਦਾ ਜਵਾਬ ਦੇਣ ਵਿਚ ਵੀ ਦੇਰ ਨਾ ਲਾਈ।

“ਇਸ ਲਿਹਾਜ ਨਾਲ, ਤੇਰੀ ਉਮਰ ਹਾਲੇ ਚਾਰ-ਪੰਜ ਸਾਲ ਹੀ ਹੈ। ਤੀਹ ਨਹੀਂ। ਠੀਕ ਹੈ, ਸਮਝੇ। ਕੰਮ ਵੀ ਕਰਨਾ ਹੈ, ਇਨਕਲਾਬ ਵੀ ਲਿਆਉਣਾ ਹੈ, ਪੜ੍ਹਣ ਦੀ ਵੀ ਲੋੜ ਹੈ, ਸਮਝੇ।” ਆਪਣੀ ਗੱਲ ਨੂੰ ਫਿਰ ਤੋਂ, ਸ਼ਬਦ ਦਰ ਸ਼ਬਦ ਜੋਰ ਪਾ ਕੇ ਕਿਹਾ।

“ਕੋਸ਼ਿਸ਼ ਕਰਾਂਗਾ ਸਰ।” ਉਹ ਹੁਣ ਫਿਰ ਆਪਣੀ ਧੀਮੀ ਸੁਰ ਵੱਲ ਪਰਤਣ ਲੱਗਿਆ।

“ਕੋਸ਼ਿਸ਼ ਕਰਨਾ ਪਹਿਲਾ ਪੜਾਅ ਹੈ। ਹੁਣ ਤੂੰ ਫੈਸਲਾ ਕਰ ਕਿ ਕਿੱਥੇ-ਕਿੱਥੇ ਕੀ-ਕੀ ਫੈਸਲਾ ਲਿਆ ਜਾ ਸਕਦਾ ਹੈ। ਇਕ ਮੰਤਵ, ਇਕ ਮਕਸਦ ਰੱਖ। ਕੋਸ਼ਿਸ਼ ਲਈ ਇਹ ਵੀ ਜ਼ਰੂਰੀ ਹੈ।” ਮੈਂ ਵੀ ਮੌਕਾ ਨਹੀਂ ਸੀ ਗਵਾ ਰਿਹਾ ਤੇ ਫਿਰ ਕੁਝ ਠੋਸ ਆਵਾਜ਼ ਵਿਚ, ਉਸ ਦੇ ਮੋਢੇ ’ਤੇ ਹੱਥ ਰੱਖਦਿਆਂ ਕਿਹਾ, “ਤੇਰੇ ਕੋਲ ਤਾਂ ਆਲਰੈਡੀ ਮਕਸਦ ਹੈ। ਲੋਕ ਨੇ ਤੇਰੇ ਸਾਹਮਣੇ।”

ਉਹ ਉੱਠ ਬਾਹਰ ਨੂੰ ਹੋ ਗਿਆ ਤੇ ਮੈਂ ਉਸ ਨੂੰ ਰੋਜ਼ ਇਕ ਵਾਰੀ ਮਿਲ ਕੇ ਲਾਈਬਰੇਰੀ ਜਾਣ ਲਈ ਯਾਦ ਕਰਵਾਇਆ।

ਪੇਪਰ ਹੋ ਗਏ। ਨਤੀਜੇ ਦਾ ਰੈਂਕ ਦੱਸਣ ਆਇਆ। ਪਰ ਕੁਝ ਅੰਦਾਜ਼ਾ ਨਹੀਂ ਲਗਾ ਸਕਿਆ ਕਿ ਕਿਸ ਕਾਲਜ ਵਿਚ ਤੇ ਕਿਸ ਵਿਸ਼ੇ ਵਿਚ ਐਮ. ਡੀ. ਮਿਲੇਗੀ।

ਮੈਨੂੰ ਸੀਟਾਂ ਦੀ ਕੌਂਸਲਿੰਗ ਵਾਲੇ ਦਿਨ ਫੋਨ ਆਇਆ। “ਸਰ, ਅਨੈਸਥੀਜ਼ੀਆਂ ਬ੍ਰਾਂਚ ਮਿਲ ਗਈ ਹੈ। ਦਯਾ ਨੰਦ ਕਾਲਜ ਲੁਧਿਆਣੇ। ਸਵੇਰੇ ਲੁਧਿਆਣੇ ਜਵਾਇਨ ਕਰਕੇ ਆਵਾਂਗਾ।”

ਮੈਂ ਏਨਾ ਹੀ ਕਹਿ ਸਕਿਆ, “ਠੀਕ ਹੈ। ਪਰ ਨਾਲ ਹੀ ਮੇਰਾ ਦਿਮਾਗ਼ ਇਸ ਦਿਸ਼ਾ ਵੱਲ ਚੱਲਣ ਲੱਗ ਪਿਆ। ਨੰਦ ਮੈਡੀਕਲ ਦਾ ਇਨਟੈਂਸਿਵ ਕੇਅਰ ਯੁਨਿਟ ਅਤੇ ਉਸ ਦਾ ਲੁਧਿਆਣੇ ਦੀਆਂ ਮਜ਼ਦੂਰ ਬਸਤੀਆਂ ਵੱਲ ਝੁਕਾਅ। ਇਨ੍ਹਾਂ ਦਾ ਤਾਲਮੇਲ ਕਿਵੇਂ ਬਣਾਵੇਗਾ। ਲੁਧਿਆਣੇ ਵਿਚ ਐਮ. ਡੀ. ਲੈਣ ਦਾ ਫੈਸਲਾ, ਉਸ ਗਰੁੱਪ ਨਾਲ ਕੰਮ ਕਰਨ ਦਾ ਤਾਂ ਨਹੀਂ ਹੈ ? ਇੰਟੈਂਸਿਵ ਕੇਅਰ ਤਾਂ ਆਪਣੇ ਆਪ ਵਿਚ ਚੌਵੀ ਘੰਟੇ ਦੀ ਮੰਗ ਕਰਦਾ ਹੈ ਤੇ ਉਹ ਵੀ ਪ੍ਰਾਵੀਵੇਟ ਹਸਪਤਾਲ।”

ਹਫ਼ਤਾ ਭਰ ਕੋਈ ਗੱਲਬਾਤ ਨਾ ਹੋਈ। ਮੈਂ ਸ਼ਨੀਵਾਰ ਦੀ ਸ਼ਾਮ ਸ਼ਹਿਰ ਦੀ ਨਾਟਸ਼ਾਲਾ ਵਿਚ ਨਾਟਕ ਦੇਖਣ ਗਿਆ ਤਾਂ ਉੱਥੇ ਜਗਮੀਤ ਦੇ ਪਿਤਾ ਅਤੇ ਮਾਮਾ ਜੀ ਮਿਲ ਪਏ। ਹੱਥ ਮਿਲਾਉਣ ਮਗਰੋਂ, ਕੁਲਦੀਪ ਨੇ ਆਪਣੇ ਸਾਲੇ ਨੂੰ ਮੇਰੇ ਬਾਰੇ ਦਸਿਆ।

ਮੈਂ ਕਿਹਾ, “ਚਲੋ ਜਗਮੀਤ ਹੁਣ ਠੀਕ ਹੋ ਗਿਐ। ਉਸ ਨੂੰ ਲੁਧਿਆਣੇ ਉਹੀ ਬ੍ਰਾਂਚ ਮਿਲ ਗਈ, ਜਿਸ ਵਿਚ ਉਸ ਦਾ ਇਨਟਰਸਟ ਸੀ। ”

“ਲਓ ! ਇਹ ਗੱਲ ਤੁਹਾਨੂੰ ਦਸਣੀ ਹੀ ਸੀ। ਤੁਹਾਡੀ ਹੱਲਾ ਸ਼ੇਰੀ ਨਾਲ ਪੜ੍ਹਨ ਲੱਗ ਪਿਆ ਤੇ ਨਿਕਲ ਵੀ ਗਿਆ। ਹੁਣ ਜੋ ਤੁਸੀਂ ਕਿਹਾ, ਉਸ ਦੀ ਸੁਣ ਲਓ, ਐਮ. ਡੀ. ਤੋਂ ਰੀਜਾਇਨ ਕਰਕੇ ਘਰੇ ਆਇਆ ਬੈਠੈ।” ਕੁਲਦੀਪ ਦੀ ਆਵਾਜ਼ ਵਿਚ ਤਲਖੀ, ਗੁੱਸਾ, ਖਿੱਝ ਆਉਣ ਲੱਗਿਆ, “ਪਤਾ ਨਹੀਂ ਕਿਹੋ ਜਿਹੀਆਂ ਬੇਵਕੂਫੀਆਂ ਮਾਰਦਾ ਪਿਐ। ਕਹਿੰਦੈ ਉਥੇ ਮੁਰਦਿਆਂ ਨੂੰ ਹੀ ਪਾਈ ਰਖਦੇ ਨੇ ਵੈਂਟੀਲੇਟਰ

ਤੇ, ਪੈਸੇ ਕਮਾਉਣ ਨੂੰ। ਕਹਿ ਰਿਹੈ, ਮੈਂ ਨਹੀਂ ਕਰਨੀ। ਲੁੱਟ ਵਾਲੀ ਬ੍ਰਾਂਚ ਹੈ, ਲੁੱਟ ਵਾਲੀ। ਦੱਸੋ ਕੋਈ, ਤੂੰ ਡਿਗਰੀ ਕਰਨੀ ਹੈ, ਤੂੰ ਉਸ ਨਾਲ ਮਤਲਬ ਰੱਖ।" ਜਗਮੀਤ ਦੇ ਮਾਮੇ ਨੇ ਵੀ ਉਸ ਦੇ ਗੁੱਸੇ ਵਿਚ ਸ਼ਾਮਿਲ ਹੁੰਦਿਆਂ ਬੋਲਿਆ।

"ਅੱਛਾ ! ਮੈਨੂੰ ਤਾਂ ਪਤਾ ਨਹੀਂ। ਪਰ ਹੁਣ ਕੀ ਕਹਿੰਦੈ। " ਮੈਂ ਗੱਲ ਨੂੰ ਬਦਲਣ ਦੇ ਰੌਅ ਵਿਚ ਕਿਹਾ।

"ਇਕ ਰਾਉਂਡ ਰਹਿੰਦੈ ਕੌਂਸਲਿੰਗ ਦਾ। ਕਹਿੰਦੈ, ਜੇ ਮਿਲੀ ਤਾਂ ਐਸ. ਪੀ. ਐਮ. ਲਉਂਗਾ।" ਕੁਲਦੀਪ ਨੇ ਸਿਰ ਜਿਹਾ ਮਾਰਦੇ ਹੋਏ ਕਿਹਾ, "ਸ਼ੈਦ ਤੁਹਾਡੀ ਵੀ ਇਹੋ ਹੀ ਬ੍ਰਾਂਚ ਹੈ।"

"ਹਾਂ, ਉਹੀ ਹੀ ਹੈ।" ਤੇ ਇਸ ਤੋਂ ਪਹਿਲਾਂ ਮੈਂ ਕੁਝ ਹੋਰ ਬੋਲਦਾ, "ਇਹ ਹੁੰਦੀ ਕੀ ਹੈ?" ਜਗਮੀਤ ਦੇ ਮਾਮੇ ਨੇ ਪੁੱਛਿਆ।

" ਵੈਸੇ ਪੂਰੀ ਤਰ੍ਹਾਂ ਮੈਨੂੰ ਵੀ ਨਹੀਂ ਪਤਾ, ਡਾਕਟਰ ਸਾਬ ਨੂੰ ਮਿਲਦੇ ਭਾਵੇਂ ਦਸ ਸਾਲ ਤੋਂ ਵੱਧ ਹੋ ਗਏ।" ਕੁਲਦੀਪ ਨੇ ਹੀ ਜਵਾਬ ਦਿੱਤਾ।

" ਵੈਸੇ ਤੁਸੀਂ ਵੀ ਪੁੱਛਿਆ ਨਹੀਂ ਕਦੇ " , ਮੈਂ ਥੋੜ੍ਹੇ ਮਜਾਕੀਏ ਲਿਹਾਜ ਵਿਚ ਕਿਹਾ।

" ਐਸ. ਪੀ. ਐਮ. ਦਾ ਪੂਰਾ ਨਾਂ ਹੈ, ਸ਼ੋਸ਼ਲ ਐਂਡ ਪਰੀਵੈਂਟਿਵ ਮੈਡੀਸਨ। ਬੀਮਾਰੀਆਂ ਤੋਂ ਬਚਾਅ ਦੀ ਬ੍ਰਾਂਚ। ਤੁਹਾਨੂੰ ਜੇ ਸਮਝਾਉਣਾ ਹੋਵੇ ਮਾਸਟਰ ਜੀ, ਤੁਸੀਂ ਇਹ ਸਮਝੋ ਕਿ ਤਰਕਸ਼ੀਲ ਸੁਸਾਇਟੀ ਦਾ ਮੈਡੀਕਲ ਨਾਂ ਹੈ। ਲੋਕਾਂ ਨੂੰ ਬੀਮਾਰੀਆਂ ਪ੍ਰਤੀ ਰੈਸ਼ਨਲ ਸੋਚ ਨਾਲ ਜੋੜਣਾ, ਤਰਕਸ਼ੀਲ ਬਣਾਉਣਾ।" ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਮਤਲਬ ਤੁਸੀਂ ਪੜ੍ਹਾਉਂਦੇ ਹੋ, ਮਰੀਜ਼ ਨਹੀਂ ਦੇਖਦੇ।" ਜਗਮੀਤ ਦੇ ਮਾਮੇ ਨੇ ਆਪਣੀ ਸਮਝ ਮੁਤਾਬਕ ਐਸ. ਪੀ. ਐਮ. ਦੇ ਅਰਥ ਕੱਢੇ।

ਜਗਮੀਤ ਦੇ ਅਨੈਸਥੀਜੀਆਂ ਬ੍ਰਾਂਚ ਨੂੰ ਛੱਡਣ ਦੇ ਫੈਸਲੇ 'ਤੇ ਮੈਨੂੰ ਓਨੀ ਹੈਰਾਨੀ ਨਹੀਂ ਹੋਈ, ਜਿੰਨੀ ਮੈਨੂੰ ਇਸ ਗੱਲ ਤੇ ਹੋਈ ਕਿ ਰਿਜਾਇਨ ਕਰਨ ਦਾ ਫੈਸਲਾ ਅਤੇ ਐਸ. ਪੀ. ਐਮ. ਲੈਣ ਦੇ ਫੈਸਲੇ ਬਾਰੇ ਮੈਨੂੰ ਬਿਲਕੁਲ ਹੀ ਪਤਾ ਨਹੀਂ ਸੀ।

ਇਸ ਪਿੱਛੇ ਲੁਧਿਆਣੇ ਵਾਲੇ ਦੋਸਤਾਂ ਦਾ ਪ੍ਰਭਾਵ ਵੀ ਹੋ ਸਕਦੈ। ਉਸ ਦੀ ਆਪਣੀ ਸਮਝ ਕਿ ਲੋਟੂ ਬ੍ਰਾਂਚ ਹੈ, ਇਸ ਲਈ ਨਹੀਂ ਲੈਂਦੇ। ਉਸ ਦਾ ਇਹ ਸੁਭਾਅ ਕਿ ਇੱਕ ਫੈਸਲੇ 'ਤੇ ਨਹੀਂ ਟਿਕਣਾ ਤੇ ਉਸ ਦੀ ਸਮਝ ਵਿਚ ਸਪਸ਼ਟਤਾ ਦੀ ਘਾਟ ਵੀ ਹੋ ਸਕਦੀ ਏ... ਸੋਚਦਾ-ਸੋਚਦਾ ਮੈਂ ਨਾਟਸ਼ਾਲਾ ਵਿਚ ਦਾਖਲ ਹੋਇਆ।

ਜਗਮੀਤ ਨੇ ਆਪਣੀ ਆਖਰੀ ਕੌਂਸਲਿੰਗ 'ਤੇ ਜਾਣ ਤੋਂ ਪਹਿਲਾਂ ਮੈਨੂੰ ਫ਼ੋਨ ਕੀਤਾ।

ਮੈਂ ਬਸ ਏਨਾ ਹੀ ਕਿਹਾ, "ਤੂੰ ਕੌਂਸਲਿੰਗ ਤੇ ਜਾ ਆ, ਫਿਰ ਕਰਦੇ ਹਾਂ ਗੱਲ।"

ਆਖਰੀ ਕੌਂਸਲਿੰਗ ਵਿਚ ਉਸ ਨੂੰ ਐਸ. ਪੀ. ਐਮ. ਵਿਸ਼ੇ ਵਿਚ ਐਮ. ਡੀ. ਮਿਲ ਗਈ। ਜਿਸ ਦਿਨ ਜਗਮੀਤ ਨੇ ਵਿਭਾਗ ਵਿਚ ਜਵਾਇਨ ਕੀਤਾ, ਮੈਂ ਇੱਕ ਹੀ ਗੱਲ ਕਹੀ, " ਕੀ ਇਸ ਵਿਸ਼ੇ ਨੂੰ ਲੈਣ ਵਿਚ ਤੇਰੀ ਆਪਣੀ ਸੋਚ ਹੈ, ਜਿਵੇਂ ਤੂੰ ਅਨੈਸਥੀਜੀਆਂ ਬ੍ਰਾਂਚ ਛੱਡੀ। ਸਭ ਤੋਂ ਵਧੀਆ ਗੱਲ ਹੈ ਕਿ ਇਹ ਫੈਸਲਾ ਤੂੰ ਖ਼ੁਦ ਲਿਆ ਹੈ। ਅਜੇ ਵੀ ਹਫ਼ਤਾ-ਦਸ ਦਿਨ ਸੋਚ ਲੈ, ਮਿਲ ਲੈ ਬਾਕੀਆਂ ਨੂੰ। ਮੇਰੇ ਕਹਿਣ ਦਾ ਮਤਲਬ ਹੈ ਭੰਬਲਭੂਸਾ ਕੱਢ ਦੇ। ਮੈਂ ਇਹ ਇਸ ਲਈ ਕਹਿ ਰਿਹਾਂ ਕਿ ਤੇਰੀ ਸਾਰੀ ਪਰੇਸ਼ਾਨੀ ਦਾ ਕਾਰਨ ਹੈ- ਭੰਬਲਭੂਸਾ। ਬਸ। ਫੈਸਲੇ ਨਾ ਲੈ ਸਕਣ ਦੀ ਦੁੱਚਿਤੀ।"

ਦੋ ਕੁ ਮਹੀਨੇ ਮਗਰੋਂ ਇਕ ਦਿਨ ਜਗਮੀਤ ਆਪਣੇ ਬਾਰੇ ਸਲਾਹ ਕਰਨ ਆਇਆ ਤੇ ਕਹਿਣ ਲੱਗਿਆ,

"ਸਰ !ਮੇਰਾ ਮਨ ਕਰਦਾ ਹੈ, ਦਵਾਈ ਛੱਡ ਦਿਆਂ। "

"ਮੇਰੇ ਤੋਂ ਕਿਉਂ ਪੁਛਦੈਂ। ਡਾ ਤੋਂ ਪੁੱਛ।" ਮੈਂ ਸਾਇਕੈਟਰੀ ਦੇ ਮਾਹਿਰ ਡਾਕਟਰ ਕੋਲ ਜਾਣ ਲਈ ਕਿਹਾ।

"ਉਹ ਤਾਂ ਕਹਿੰਦੇ ਨੇ, ਮਸਾਂ-ਮਸਾਂ ਸਟੇਬਲ ਹੋਇਐਂ, ਟ੍ਰੀਟਮੈਂਟ ਰਹਿਣ ਦੇ। "

"ਫਿਰ। "

"ਪਰ ਮੇਰਾ ਦਿਲ ਨਹੀਂ ਕਰਦਾ ਦਵਾਈ ਖਾਣ ਨੂੰ।"

"ਵੈਸੇ ਕਿਉਂ ਨ੍ਹੀਂ ਖਾਣਾ ਚਾਹੁੰਦਾ ਦਵਾਈ। ਇਸ ਨਾਲ ਕੋਈ ਪਰੋਬਲਮ ਹੈ।"

"ਪਰੋਬਲਮ ਨਹੀਂ ਹੈ ਸਰ। ਇਸ ਲਈ ਕਹਿਣਾ। ਨਾਲੇ ਦਵਾਈ ਖਾਣ ਨਾਲ ਅਹਿਸਾਸ ਹੁੰਦੈ ਕਿ ਮੈਂ ਠੀਕ ਨਹੀਂ।" ਉਸ ਨੇ ਆਪਣੀ ਗੱਲ ਨੂੰ ਹੌਲੀ-ਹੌਲੀ ਕਹਿਣ ਦੀ ਕੋਸ਼ਿਸ਼ ਕੀਤੀ।

"ਇਨੀਂ ਕੁ ਗੱਲ ਤਾਂ ਮੈਂ ਵੀ ਸਮਝਦਾਂ ਕਿ ਦਵਾਈ ਕੋਈ ਇਲਾਜ ਨਹੀਂ। ਪਰ ਜੋ ਤੈਨੂੰ ਸਮੱਸਿਆ ਹੈ, ਪਰੋਬਲਮ ਹੈ, ਉਸ ਦਾ ਇਲਾਜ ਤਾਂ ਕਰਨਾ ਹੀ ਹੈ।" ਮੈਂ ਜ਼ਰਾ ਰੁਕ ਕੇ ਕਿਹਾ, "ਤੂੰ ਆਪਣੇ ਆਪ ਨੂੰ ਕਨਵਿੰਸ ਕਰ ਕਿ ਤੂੰ ਦਵਾਈ ਬਿਨਾਂ ਰਹਿ ਸਕਦੈਂ। ਸਮਝਦਾ ਹੈਂ ਮੇਰੀ ਗੱਲ ?"

" ਹਾਂ ਸਰ, ਰਹਿ ਸਕਦਾ ਮੈਨੂੰ ਲਗਦੈ। ਬਾਕੀ ਤੁਸੀਂ ਦਸੋਂ।"

" ਮੈਂ ਤਾਂ ਤੈਨੂੰ ਕਿਹਾ ਹੈ ਕਿ ਪਰੋਬਲਮ ਹੈ, ਇਲਾਜ ਦੀ ਲੋੜ ਹੈ। ਹਾਂ, ਇਹ ਗੱਲ ਵਿਚਾਰਨ ਵਾਲੀ ਹੈ ਕਿ ਇਸ ਦੇ ਲਈ ਗੋਲੀਆਂ-ਕੈਪਸੂਲਾਂ ਦੀ ਲੋੜ ਨਹੀਂ ਹੈ। ਦੇਖ ਜਗਮੀਤ ! ਦੁਨੀਆਂ ਵਿਚ ਸਾਡੇ ਆਲੇ-ਦੁਆਲੇ ਡਿਪਰੈਸ਼ਨ ਦੇ ਹਜ਼ਾਰਾਂ ਕਾਰਨ ਫੈਲੇ ਹੋਏ ਨੇ, ਘਰ ਤੋਂ ਲੈ ਕੇ ਬਾਹਰ, ਜਿੰਨੀ ਦੂਰ ਵੀ ਨਜ਼ਰ ਜਾਂਦੀ ਹੈ। ਤੇਰੇ ਕੋਲ ਇਕ ਵਿਚਾਰਧਾਰਾ ਹੈ। ਉਸ ਤੇ ਯਕੀਨ ਕਰਨ ਦੀ ਲੋੜ ਹੈ। ਵਿਚਾਰਧਾਰਾ ਤੇ ਯਕੀਨ ਦੀ ਡੋਜ਼ ਲੈਣਾ ਭੁੱਲਣਾ ਨਹੀਂ। ਡੋਲਣਾ ਨਹੀਂ। ਤੈਨੂੰ ਅੱਜ ਮੈਂ ਦਸਦਾਂ ਕਿ ਮੈਨੂੰ ਮਨਮੀਤ ਦੀ ਥਾਂ ਜਗਮੀਤ ਸ਼ਬਦ ਕਿਉਂ ਅਟਰੈਕਟ ਕਰਦੈ। ਮਨਮੀਤ ਹੁੰਦਾ ਹੈ, ਮਨ ਦਾ ਮੀਤ। ਨਿੱਜ ਨੂੰ ਦੇਖਣ-ਸਮਝਣ ਵਾਲਾ। ਆਪਣੀ ਹੀ ਪਰਵਾਹ ਕਰਨ ਵਾਲਾ। ਸੈਲਫ ਸੈਂਟਰ। ਡਾ ਹੁੰਦੈ ਜਗ ਦਾ ਮੀਤ, ਲੋਕਾਂ ਦਾ। ਲੋਕਾਂ ਵਿਚ ਰਹਿਣ, ਲੋਕਾਂ ਨਾਲ ਜੁੜਣ ਵਿਚ ਜੋ ਖੁਸ਼ੀ ਹੈ, ਉਸ ਦਾ ਕੋਈ ਬਦਲ ਨਹੀਂ। ਨੋ ਆਲਟਰਨੇਟ। ਤੇ ਮੈਂ ਸਮਝਦਾਂ ਇਹ ਤੇਰੇ ਕੋਲ ਹੈ।"

ਤਿੰਨ ਸਾਲ ਕੋਸ਼ਿਸ਼ ਰਹੀ ਕਿ ਉਹ ਵਿਚਾਰਧਾਰਕ ਸਪਸ਼ਟਤਾ ਹਾਸਿਲ ਕਰ ਸਕੇ। ਉਹ ਪੜ੍ਹਦਾ ਰਿਹਾ, ਲੁਧਿਆਣੇ ਵੀ ਜਾਂਦਾ ਰਿਹਾ। ਉਦਾਸ ਵੀ ਹੋਇਆ, ਡੋਲਦਾ ਵੀ ਰਿਹਾ। ਉਸ ਨੂੰ ਖੋਜ ਕਰਨ ਲਈ ਝੋਪੜ ਪੱਟੀ ਦੀ ਅਬਾਦੀ ਦਿੱਤੀ ਕਿ ਉਹ ਉਨ੍ਹਾਂ ਦੀਆਂ ਸਿਹਤ ਸੱਮਸਿਆਵਾਂ ਅਤੇ ਰਹਿਣੀ-ਬਹਿਣੀ ਬਾਰੇ ਪਤਾ ਲਾਵੇ। ਅੱਜ ਐਮ ਕਰਨ ਤੋਂ ਤਿੰਨ ਸਾਲ ਬਾਅਦ ਉਸ ਦਾ ਫੋਨ ਆਇਆ ਸੀ।

ਸ਼ਾਮੀ ਮੈਂ ਆਪਣੇ ਕੰਮ ਵਿਚ ਰੁਝਿਆ ਹੋਇਆ ਸੀ ਤੇ ਤਕਰੀਬਨ ਪੰਜ ਵਜੇ ਮੈਨੂੰ ਇਕ ਫੋਨ ਆਇਆ। ਇਸ ਸਮੇਂ ਕਈ ਲੋਕ, ਖਾਸਕਰ ਸੈਕਸ ਸਬੰਧੀ ਅਤੇ ਮਾਨਸਿਕ ਸਮਸਿਆਵਾਂ ਪ੍ਰਤੀ ਮੇਰੇ ਕੋਲ ਸਲਾਹ ਲੈਣ ਲਈ ਫੋਨ ਕਰਦੇ ਨੇ।

"ਹੈਲੋ !ਮੈਂ ਜ਼ੀਰੇ ਤੋਂ ਗੱਲ ਕਰ ਰਿਹਾਂ। ਪਹਿਲਾਂ ਵੀ ਤੁਹਾਡੇ ਨਾਲ ਗੱਲ ਕੀਤੀ ਸੀ।" ਉਧਰੋਂ ਇਕ ਧੀਮੀ ਸੁਰ ਦੀ, ਇਕ-ਇਕ ਸ਼ਬਦ ਸੋਚ ਕੇ ਬੋਲਣ ਵਾਲੀ ਆਵਾਜ਼ ਸੀ।

"ਹਾਂ, ਹਾਂ, ਮੈਨੂੰ ਤੁਹਾਡੀ ਆਵਾਜ਼ ਦੀ ਪਛਾਣ ਆ ਗਈ ਹੈ। ਮੈਂ ਤੁਹਾਨੂੰ ਕਿਹਾ ਸੀ ਕਿ ਇਕ ਵਾਰੀ ਆ ਕੇ ਮਿਲ ਜਾਉ। ਫੋਨ 'ਤੇ ਦੋ-ਤਿੰਨ ਮਿੰਟਾਂ ਵਿਚ ਪੂਰੀ ਗੱਲ ਸਮਝਣੀ-ਸਮਝਾਉਣੀ ਮੁਸ਼ਕਿਲ ਹੁੰਦੀ ਹੈ।"

"ਉਹ ਤਾਂ ਠੀਕ ਹੈ। ਮੈਂ ਆਵਾਂਗਾ। ਬਸ ਆ ਹੀ ਨਹੀਂ ਹੋ ਰਿਹਾ। ਮੇਰੀ ਸੱਮਸਿਆ ਹੈ ਕਿ ਮੈਂ ਇਕ ਵਿਗਿਆਨਕ ਸੋਚ ਵਾਲਾ ਵਿਅਕਤੀ ਹਾਂ। ਮੇਰੇ ਸਾਹਮਣੇ ਕਈ ਨਖਿੱਧ, ਨਿਲਾਇਕ, ਘੱਟ ਨੰਬਰਾਂ ਵਾਲੇ ਕਿਤੇ ਦੇ ਕਿਤੇ ਪਹੁੰਚ ਗਏ। ਮੈਂ ਕੁਝ ਹਾਸਿਲ ਨਹੀਂ ਕੀਤਾ। ਮੇਰੇ ਵਿਚ ਪੂਰੀ ਲਿਆਕਤ ਹੈ। ਸਾਰੇ ਕਹਿੰਦੇ ਨੇ, ਸਾਰੇ ਕੀ ਮੇਰੀ ਘਰਵਾਲੀ, ਸਹੁਰਾ ਪਰਿਵਾਰ, ਹੋਰ ਸਾਰੇ ਕਿ ਇਹ ਸਭ ਕਿਸਮਤ ਦੀ ਗੱਲ ਹੈ। ਕਿਸਮਤ ਵਿਚ ਮੇਰਾ ਵਿਸ਼ਵਾਸ਼ ਨਹੀਂ। ਦੱਸੋਂ ਮੈਂ ਕੀ ਕਰਾਂ।" ਉਹ ਆਪਣੀ ਕਥਾ ਸੁਣਾ ਗਿਆ।

" ਦੇਖੋ। ਇਹ ਸਭ ਤੁਹਾਡੀਆਂ ਗੱਲਾਂ ਮੈਨੂੰ ਪਤਾ ਨੇ ਬਾਕੀ ਜਦੋਂ ਆ ਕੇ ਮਿਲੋਂਗੇ, ਕੋਈ ਹੱਲ ਕਰਾਂਗੇ। ਠੀਕ।" ਮੈਂ ਕਿਹਾ ਤਾਂ ਉਸ ਨੇ ਉਪਰੋਂ ਕਿਹਾ, "ਜੇ ਕਲ੍ਹ ਹੀ ਆ ਜਾਵਾਂ।"

"ਦੇਖ ਲੈਣਾ, ਸਵੇਰੇ ਪਹਿਲਾਂ ਫੋਨ ਕਰ ਕੇ ਤੁਰਨਾ। ਮੈਂ ਤੁਹਾਨੂੰ ਉਸੇ ਮੁਤਾਬਕ ਦੱਸ ਦਿਆਂਗਾ।" ਇਨਾਂ ਕਹਿ ਸੁਣ ਕੇ ਉਸ ਨੇ ਫੋਨ ਕੱਟ ਦਿੱਤਾ।

ਅਗਲੀ ਸਵੇਰੇ, ਵਿਭਾਗ ਵਿਚ ਬੈਠਿਆਂ, ਸਵੇਰੇ ਨੌਂ ਵਜੇ ਵਾਲਾ ਚਾਹ ਦਾ ਕੱਪ ਬਲਦੇਵ ਨੇ ਮੇਜ਼ 'ਤੇ ਰੱਖਿਆ ਤਾਂ ਨਾਲ ਹੀ ਜਗਮੀਤ ਕਮਰੇ ਵਿਚ ਦਾਖਲ ਹੋਇਆ।

" ਤੁਸੀਂ ਤਾਂ ਸਰ ਕਮਰਾ ਬਦਲ ਲਿਆ। ਮੈਂ ਭੁਲੇਖੇ ਨਾਲ ਪਿਛਲੇ ਕਮਰੇ 'ਚ ਹੀ ਵੱੜ ਗਿਆ।" ਜਗਮੀਤ ਦੇ ਬੋਲਾਂ ਵਿਚ ਠਹਰਾਅ ਸੀ।

" ਹਾਂ, ਕਮਰਾ ਬਦਲ ਲਿਆ ਬਦਲਾਅ। ਇਹ ਤੂੰ ਤਾਂ ਵਾਕਫ਼ ਹੀ ਹੈ। ਦਰਅਸਲ ਬਦਲਾਅ ਚਲਦੇ ਰਹਿੰਣਾ- ਨਜ਼ਰ ਆਉਂਣਾ ਹੀ ਹੈ।ਬਦਲਾਅ ਚਾਹੁੰਦੇ ਵੀ ਨੇ ਸਾਰੇ। ਪਰ ਬਹੁਤੀ ਵਾਰੀ ਹਾਲਾਤ ਬਦਲਦੇ ਨੇ, ਹਾਲਤ ਨਹੀਂ। ਜਿਵੇਂ ਇੱਥੇ ਹੈ, ਆਪਣੇ ਦੇਸ਼ ਵਿਚ। ਬੈਠ। ਨਾਲੇ ਸੁਣਾ ਕਿਵੇਂ ਕਲੀਨ ਸ਼ੇਵ ਹੋ ਗਿਐਂ। "

"ਨਹੀਂ ਸਰ ! ਇਕ ਨਾਟਕ ਕਰਕੇ ਸੀ। ਵੈਸੇ ਜ਼ਿਆਦਾ ਇਸੇ ਤਰ੍ਹਾਂ ਹੀ ਰਹਿਣਾ। ਦਾੜ੍ਹੀ ਲੱਗ ਸਕਦੀ ਹੈ, ਕਲੀਨ ਸ਼ੇਵ ਹੋਣਾ ਹੀ ਪੈਂਦੈ। "

"ਅੱਜ ਕੱਲ੍ਹ ਤਾਂ ਮਾਸਕ ਮਿਲ ਜਾਂਦੇ ਨੇ।"

"ਦਰਅਸਲ ਗੱਲ ਏ ਹੈ ਸਰ, ਮੈਨੂੰ ਮਾਸਕ ਪਸੰਦ ਨਹੀਂ। ਝੂਠਾ-ਝੂਠਾ ਲੱਗਦੈ, ਨਾਲੇ ਉਹ ਅਲੀਟ ਥਿਏਟਰ ਦੀ ਗੱਲ ਹੈ। ਅਮੀਰਾਂ ਦੇ ਚੋਚਲੇ।" ਜਗਮੀਤ ਨੇ ਆਪਣਾ ਮੱਤ ਰੱਖਿਆ।

ਜਿਸ ਤਰ੍ਹਾਂ ਦਾ ਜਗਮੀਤ ਮੇਰੇ ਵਿਚਾਰਾਂ ਵਿਚ ਕੱਲ ਸਾਰਾ ਦਿਨ ਘੁੰਮਦਾ ਰਿਹਾ ਸੀ, ਹੁਣ ਇਹ ਤਸਵੀਰ ਬਿਲਕੁਲ ਵੱਖਰੀ ਸੀ।

"ਹੋਰ ਫਿਰ ਕਿੱਥੇ ਹੁੰਦੈ, ਤਕਰੀਬਨ ਤਿੰਨ ਸਾਲ ਤੋਂ ਕੋਈ ਖੈਰ-ਖ਼ਬਰ ?"

"ਸਰ ਇਕ ਸਾਲ ਤਾਂ ਲੁਧਿਆਣੇ ਰਿਹਾ। ਪਰ ਪਿੱਛਲੇ ਡੇਢ-ਦੋ ਸਾਲ ਤੋਂ ਸਮਝੋ ਦਿੱਲੀ ਹਾਂ।"

"ਦਿੱਲੀ ! ਉਹ ਕਿਵੇਂ ?"

"ਉਥੇ ਵੀ ਇਕ ਯੂਨਿਟ ਹੈ ਸਰ। ਮੈਂ ਖੁਦ ਕਹਿ ਕੇ ਉੱਥੇ ਗਿਆਂ। ਪ੍ਰਗਤੀ ਉੱਥੇ ਹੈ ਦਿੱਲੀ ! "ਇਹ ਚੰਗਾ ਮਜਾਕ ਹੈ, ਦਿੱਲੀ ਵਿਚ ਪ੍ਰਗਤੀ।" ਉਹ ਵੀ ਮੁਸਕਰਾਇਆ ਤੇ ਫੇਰ ਅੰਦਾਜ਼ ਬਦਲ ਲਿਆ,

"ਸਰ ! ਮੇਰੀ ਸਾਥਣ, ਪ੍ਰਗਤੀ।"

" ਤੇ ਤੇਰਾ ਕੰਮ।"

" ਉੱਥੇ ਵੀ ਉਹੀ ਦੋ ਕੰਮ। ਕਲੀਨਿਕ ਤੇ ਨਾਟਕ।"

ਫਿਰ ਉਸ ਨੇ ਬੈਗ ਦੇ ਬਾਹਰ ਦਿਸਦਾ ਇਕ ਲਿਫਾਫਾ ਕੱਢਿਆ ਤੇ ਮੇਰੇ ਵੱਲ ਵਧਾਉਂਦੇ ਹੋਏ ਕਿਹਾ, " ਆਹ ਲਓ ਸਰ। ਇਹ ਮੈਂ ਨਾਟਕ ਲਿਖਿਐ। ਚੀ-ਗਵੇਰਾ ਦੀ ਜੀਵਨੀ ਅਤੇ ਵਿਚਾਰਾਂ ਨੂੰ ਲੈ ਕੇ। ਪੜ੍ਹਨਾ ਤੁਸੀਂ। "

“ਜਿਵੇਂ ਭਗਤ ਸਿੰਘ ਦੀ ਜੀਵਨੀ ਨੂੰ ਲੈ ਕੇ ਲਿਖਿਆ ਸੀ?”

“ਹਾਂ ਸਰ!” ਫਿਰ ਥੋੜ੍ਹਾ ਰੁਕ ਕੇ ਕਿਹਾ, “ਸਰ ਅੱਜ, ਚੀ ਗਵੇਰਾ ਦਾ ਜਨਮ ਦਿਨ ਹੈ।”

“ਓ ਹਾਂ, ਚੌਦਾਂ ਜੂਨ ! ਤੂੰ ਹੀ ਆਪਣੇ ਐਮ ਡਿਗਰੀ ਦੇ ਆਖਰੀ ਸਾਲ ਵਿਚ ਯਾਦ ਕਰਵਾਇਆ ਸੀ।”

“ਮੈਨੂੰ ਚੇਤੇ ਹੈ ਉਹ ਕਲਾਸ ਵੀ ਸਰ।”

ਰਿਸਰਚ ਪ੍ਰੋਜੈਕਟ ਸਮਝਣ ਦੀ ਕਲਾਸ ਸੀ, ਰਿਸਰਚ ਪ੍ਰੋਜੈਕਟ ਸਮਝਾਉਣ ਦੇ ਪੱਖ ਤੋਂ। ਉਹ ਕਲਾਸ ਮੇਰੇ ਚੇਤੇ ਵਿਚ ਫਿਰ ਤੋਂ ਉਭਰ ਆਈ– ਉਸੇ ਕਲਾਸ ਦੇ ਬੱਚਿਆਂ ਤੇ ਹੋਏ ਇਕ ਸਰਵੇਖਣ ਦੀ ਚਰਚਾ ਕਰਦਿਆਂ, ਜਦੋਂ ਮੈਂ ਥਰਡ ਈਅਰ ਦੀ ਕਲਾਸ ਲੈਣ ਗਿਆ ਸੀ ਤਾਂ ਮੇਰੇ ਨਾਲ ਜਗਮੀਤ ਵੀ ਸੀ। ਪ੍ਰੋਜੈਕਟਰ ਤੇ ਸੈੱਟ ਕੀਤੀ ਸਲਾਈਡ। ਮੈਂ ਬੋਲਿਆ, “ ਬੱਚਿਉ, ਇਹ ਤੁਹਾਡੇ ਤੋਂ ਪੁੱਛੇ ਦੋ ਸਵਾਲਾਂ ਦਾ ਅਨੈਲਿਸਜ ਹੈ, ਜੋ ਮੈਂ ਸਮਝਿਆ ਤੁਹਾਡੇ ਨਾਲ ਡਿਸਕਸ ਹੋਣਾ ਚਾਹੀਦਾ ਹੈ। ਤੁਹਾਡੀ ਕਲਾਸ ਦੇ ਮੁਤਾਬਿਕ, ਲਗਭਗ ਇਕ ਚੌਥਾਈ ਬੱਚੇ ਕਹਿ ਰਹੇ ਨੇ, ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਆਦਰਸ਼, ਕੋਈ ਰੋਲ ਮਾਡਲ ਨਹੀਂ ਹੈ। ਕਿਉਂ ?”

ਬੱਚੇ ਚੁੱਪ ਰਹੇ ਤਾਂ ਇੱਕ ਨੂੰ ਇਸ਼ਾਰਾ ਕਰਕੇ ਪੁੱਛਣ ਤੇ ਜਵਾਬ ਆਇਆ, “ਨਹੀਂ, ਹੋਣਾ ਸਰ।”

“ ਬੱਚੇ ! ਉਹ ਤਾਂ ਸਰਵੇ ਦਸ ਹੀ ਰਿਹਾ ਹੈ। ਪਰ ਕੀ ਕਾਰਨ ਹੋ ਸਕਦਾ ਹੈ ?”

ਹੁਣ ਕਿਸੇ ਦੂਸਰੇ ਨੇ ਕਿਹਾ, “ ਹੋ ਸਕਦੈ, ਜਿਸ ਤਰ੍ਹਾਂ ਦਾ ਰੋਲ ਮਾਡਲ ਉਹ ਚਾਹੁੰਦੇ ਹੋਣ, ਉਹ ਨਾ ਮਿਲਿਆ ਹੋਵੇ।”

“ਰਾਈਟ ! ਇੱਥੋਂ ਗੱਲ ਸ਼ੁਰੂ ਹੁੰਦੀ ਹੈ। ਪਰ ਦੇਖੀਏ ਤਾਂ ਤੁਹਾਡੇ ਮਾਂ–ਪਿਉ, ਜਿੰਨ੍ਹਾਂ ਨੇ ਤੁਹਾਨੂੰ ਇਸ ਕਾਲਜ ਤੱਕ ਪਹੁੰਚਾਉਣ ਲਈ ਹਰ ਯਤਨ ਕੀਤਾ, ਅਧਿਆਪਕ ਜਿਨ੍ਹਾਂ ਨੇ ਇਸ ਰਾਹ ਲਈ ਤਿਆਰ ਕੀਤਾ ਉਹ ਰੋਲ ਮਾਡਲ ਕਿਉਂ ਨਹੀਂ ?” ਫਿਰ ਰੁਕ ਕੇ, “ਚਲੋ ਮੰਨ ਲੈਂਦੇ ਹਾਂ, ਇਹ ਜ਼ਰੂਰੀ ਨਹੀਂ ਕਿ ਮਾਂ–ਪਿਉ ਆਦਰਸ਼ ਹੋਣ, ਹੋਰ ਵੀ ਕੋਈ ਹੋ ਸਕਦਾ ਹੈ ਪਰ ਕੋਈ ਆਦਰਸ਼ ਨਾ ਹੋਣਾ ਸਵਾਲ ਖੜ੍ਹਾ ਕਰਦਾ ਹੈ।”

ਕਲਾਸ ਵਿਚ ਹੁਣ ਚੁੱਪੀ ਸੀ।

ਪ੍ਰੋਜਕੈਟਰ ਤੇ ਦੂਸਰੀ ਸਲਾਈਡ ਫੋਕਸ ਹੋਈ।“ ਇਸ ਦਾ ਕਾਰਨ ਤੁਹਾਡੇ ਦੂਸਰੇ ਸਵਾਲ ਵਿਚ ਪਿਆ ਹੈ, ਜੋ ਤੁਸੀਂ ਹੀ ਦੱਸਿਆ ਹੈ॥ ਜਦੋਂ ਆਦਰਸ਼ ਵਿਚ ਗੁਣ ਦੇਖਣ ਦੀ ਗੱਲ ਕਰਦੇ ਹਾਂ, ਦੇਖੋ।ਤੁਹਾਡੇ ਮੁਤਾਬਕ ਰੋਲਮਾਡਲ ਮੇਹਨਤੀ, ਈਮਾਨਦਾਰ, ਪਿਆਰ ਕਰਨ ਵਾਲਾ, ਪਰਵਾਹ ਕਰਨ ਵਾਲਾ, ਭਰੋਸੇਮੰਦ ਹੋਵੇ।ਤੁਸੀਂ ਇਹੀ ਗੁਣ ਲਿਖੇ ਨੇ ਨਾ। ਇੱਥੇ ਆਦਰਸ਼ ਨਾ ਹੋਣ ਦਾ ਕਾਰਨ ਹੈ ਕਿ ਸਮਾਜ ਵਿਚ ਅਜਿਹੇ ਗੁਣਾਂ ਵਾਲੇ ਵਿਅਕਤੀ ਨਹੀਂ ਹਨ। ਇਹ ਗੱਲ ਵੀ ਓਨੀ ਹੀ ਚਿੰਤਾਜਨਕ ਹੈ।”

ਫਿਰ ਸਿਲੇਬਸ ਵਾਲੀ ਕਲਾਸ ਹੋਈ ਤੇ ਕਲਾਸ ਮਗਰੋਂ ਜਗਮੀਤ ਮੇਰੇ ਨਾਲ ਕਮਰੇ ਵਿਚ ਆਇਆ ਤੇ ਕਹਿੰਦਾ, “ਤੁਸੀਂ ਬਹੁਤ ਵਧੀਆ ਗੱਲ ਉਭਾਰੀ। ਸਹੀ ਗੱਲ ਹੈ, ਮਾਂ–ਪਿਉ ਵੀ ਆਦਰਸ਼ ਨਹੀਂ ਨੇ।” ਫਿਰ ਉਸ ਤੋਂ ਮਗਰੋਂ ਉਹ ਰੁਕ ਗਿਆ। ਮੈਂ ਸੀਟ ਤੇ ਬੈਠਦਿਆਂ ਹੀ, ਉਸ ਨੂੰ ਬੈਠਣ ਲਈ ਕਿਹਾ। ਉਹ ਬੈਠ ਗਿਆ ਤੇ, ਬੋਲਿਆ, ਅੱਜ ਚੀ ਗਵੇਰਾ ਦਾ...।”

ਮੈਂ ਹੁਣ ਸਾਹਮਣੇ ਬੈਠੇ ਜਗਮੀਤ ਦੇ ਚਿਹਰੇ ਵੱਲ ਦੇਖਿਆ। ਚੀ ਗਵੇਰਾ ਦੀ ਗੱਲ ਕਰਨ ਵਾਲਾ ਨੌਜਵਾਨ। ਚੀ ਗਵੇਰਾ– ਡਾਕਟਰ ਤੇ ਰਾਜਨੀਤਕ ਚਿੰਤਕ।

ਮੈਂ ਉਸ ਦੇ ਲਿਫਾਫੇ ਨੂੰ ਮੇਜ ’ਤੇ ਰੱਖਦਿਆਂ ਕਿਹਾ, “ਚਲੋਂ ਮੈਂ ਪੜ੍ਹਾਂਗਾ। ਚੰਗਾ ਹੀ ਹੋਵੇਗਾ, ਤੂੰ ਕਿਹੜਾ ਪਹਿਲੀ ਵਾਰੀ ਲਿਖ ਰਿਹਾ ਹੈ।”

“ ਉਹ ਤਾਂ ਠੀਕ ਹੈ ਸਰ, ਪਰ ਤੁਸੀਂ ਸਾਹਿਤ ਨਾਲ ਜੁੜੇ ਹੋ।” ਤੇ ਫਿਰ ਰੁਕ, ਗੱਲ ਬਦਲਦਿਆਂ ਕਹਿਣ ਲੱਗਾ, “ ਉਂਜ ਸਰ ਆਪਣਾ ਸਟਾਈਲ ਤਾਂ ਭਾਅ ਜੀ ਗੁਰਸ਼ਰਨ ਸਿੰਘ ਵਾਲਾ ਹੈ।ਮੈਸਜ ਜਾਣਾ ਚਾਹੀਦੈ।”

ਮੈਂ ਬੈੱਲ ਮਾਰੀ ਤਾਂ ਜੋ ਬਲਦੇਵ ਨੂੰ ਕੁਝ ਬਿਸਕੁਟ ਤੇ ਚਾਹ ਵਗੈਰਾ ਲੈ ਕੇ ਆਉਣ ਲਈ ਕਹਾਂ ਤਾਂ ਉਸ ਨੇ ਆ ਕੇ ਕਿਹਾ, “ ਕੋਈ ਮਿਲਣ ਆਇਐ ਤੁਹਾਨੂੰ ” ਮੈਂ ਕੁਝ ਕਹਿੰਦਾ, ਉਹ ਨਾਲ ਹੀ ਅੰਦਰ ਆ ਗਿਆ ਸੀ ਤੇ ਹੱਥ ਜੋੜ ਕੇ ਬੋਲਿਆ, “ ਮੈਂ ਜੀ ਜੀਰੇ ਤੋਂ, ਤੁਹਾਡੇ ਨਾਲ ਕੱਲ੍ਹ ਫੋਨ ’ਤੇ...।”

“ਆਜੋ ! ਪਰ ਤੁਹਾਨੂੰ ਤਾਂ ਆਉਣ ਤੋਂ ਪਹਿਲਾਂ ਫੋਨ ਕਰਨ ਲਈ ਕਿਹਾ ਸੀ।”

“ਜੀ ਬਸ, ਸਵੇਰੇ ਸਵਖਤੇ ਛੇਤੀ ਜਾਗ ਖੁੱਲ੍ਹਗੀ।ਮੈਂ ਫਿਰ ਹਿੰਮਤ ਕਰ ਕੇ ਤਿਆਰ ਹੋ ਗਿਆ।”

ਮੈਨੂੰ ਭਾਵੇਂ ਉਸ ਦੀ ਸਾਰੀ ਗੱਲ ਦਾ ਪਤਾ ਸੀ, ਪਰ ਉਹ ਫਿਰ ਸ਼ੁਰੂ ਹੋ ਗਿਆ, “ਮੈਂ ਫਾਡੀ ਰਹਿ ਗਿਆ।ਉਹ ਸਾਰੇ ਅੱਗੇ ਨਿਕਲਗੇ।”

ਮੈਂ ਜਗਮੀਤ ਨੂੰ ਕਿਹਾ, ਪਹਿਲਾਂ ਦੋ ਕੁ ਮਿੰਟ ਇਸ ਨਾਲ ਗੱਲ ਕਰਦੇ ਹਾਂ, ਫਿਰ ਕਰਦੇ ਆ ਆਪਾਂ ਗੱਲਾਂ।

“ਦੇਖੋ ! ਇਕ ਗੱਲ ਤਾਂ ਸਾਫ਼ ਹੈ ਕਿ ਤੁਸੀਂ ਵਿਗਿਆਨਕ ਸੋਚ ਵਾਲੇ ਹੋ।ਤੁਹਾਨੂੰ ਸਮਾਜ ਦੇ ਕੰਮ ਬਾਰੇ, ਉਸ ਦੇ ਰਾਗ-ਰਸ ਦਾ ਪਤਾ ਹੈ।ਜੋ ਅੱਗੇ ਨਿਕਲ ਗਏ ਉਹ ਤਿਕੜਮ ਬਾਜ ਸਨ।ਚਲੋਂ ਇਹ ਦੱਸੋ ਤੁਸੀਂ ਕੋਈ ਤਿਕੜਮ ਕਿਉਂ ਨਾ ਲਾਈ?”

“ਡਾਕਟਰ ਸਾਬ ! ਮੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ।ਮੈਂ ਰੈਸ਼ਨਲ ਸੋਚ ਵਾਲਾ ਹਾਂ।” ਉਸ ਨੇ ਫਿਰ ਉਹ ਗੱਲ ਬਿਆਨ ਕੀਤੀ।

“ਮੇਰੀ ਗੱਲ ਸੁਣੋ।ਬਹੁਤ ਵਧੀਆ ਸੋਚ ਹੈ ਤੁਹਾਡੀ।ਬਹੁਤ ਲੋੜ ਹੈ ਇਸ ਦੀ ਅੱਜ।ਪਰ ਇਕ ਤੱਥ ਯਾਦ ਰੱਖਣਾ, ਜਿਹੜੀ ਸੋਚ ਵਿਅਕਤੀ ਵਿਚ ਨਿਰਾਸ਼ਾ ਪੈਦਾ ਕਰੇ, ਉਹ ਰੈਸ਼ਨਲ ਸੋਚ ਨਹੀਂ ਹੋ ਸਕਦੀ।” ਮੈਂ ਉਸ ਨੂੰ ਠੋਸ ਸ਼ਬਦਾਂ ਵਿਚ ਕਿਹਾ।

“ ਠੀਕ ਹੈ, ਸਾਰੇ ਮੇਰੇ ਵਿਚ ਹੀ ਕਸੂਰ ਕੱਢ ਰਹੇ ਨੇ।” ਉਹ ਨਿਰਾਸ਼ ਜਿਹਾ, ਰੋਣ ਹੱਕਾ ਹੋਇਆ ਬੋਲਿਆ।

“ਵਿਗਿਆਨਕ ਸੋਚ ਹੋਣਾ ਬਹੁਤ ਅਹਿਮ ਹੈ।ਤੁਸੀਂ ਆਪਣੀ ਸੋਚ ਤੇ ਯਕੀਨ ਰੱਖੋ।ਤੁਸੀਂ ਇਕ ਪਾਸੇ ਜ਼ਮੀਰ ਦੀ ਗੱਲ ਕਰਦੇ ਹੋ, ਨਾਲੇ ਉਸ ਦੇ ਭਰੋਸੇ ਤੋਂ ਥਿੜਕਦੇ ਹੋ।ਤੁਸੀਂ ਆਪਣੀ ਸੋਚ ਤੇ ਭਰੋਸਾ ਰੱਖੋ ਤੇ ਇਸ ਨਾਲ ਡੱਟ ਕੇ ਖੜ੍ਹੋਵੋ, ਉਦਾਸੀ ਤੁਹਾਡਾ ਕੁਝ ਨ੍ਹੀਂ ਵਿਗਾੜ ਸਕਦੀ, ਬਸ।”

ਬਲਦੇਵ ਚਾਹ-ਬਿਸਕੁਟ ਲੈ ਆਇਆ।ਅਸੀਂ ਤਿੰਨਾਂ ਨੇ ਚਾਹ ਪੀਤੀ ਤੇ ਉਹ ਸਾਥੀ ਚਲਾ ਗਿਆ।

ਜਗਮੀਤ ਨੇ ਕਿਹਾ, “ ਸਰ ! ਇਕ ਬੁਰੀ ਖ਼ਬਰ ਹੈ ਕਿ ਓਂਕਾਰ ਨਸ਼ੇ ਕਰਨ ਲੱਗ ਪਿਐ। ”

“ਚਿੰਤਾ ਦੀ ਗੱਲ ਤਾਂ ਹੈ ਹੀ”, ਮੈਂ ਇਨ੍ਹਾਂ ਹੀ ਕਹਿ ਪਾਇਆ।

“ਸਮਝ ਨੀਂ ਆਈ।ਮੈਂ ਤਾਂ ਹੈਰਾਨ ਹੁੰਦਾਂ, ਏਨਾ ਸੁਝਵਾਨ ਵਿਅਕਤੀ, ਐਨੀ ਕੰਮ ਵਿਚ ਲਗਨ, ਏਨਾ ਉਤਸ਼ਾਹ।”

“ਜਗਮੀਤ, ਮੈਂ ਹੁਣੇ ਹੀ ਗੱਲ ਕਰ ਰਿਹਾ ਸੀ ਉਸ ਨਾਲ। ਰੈਸ਼ਨਲ ਸੋਚ ਤੇ ਉਦਾਸੀ। ਇੱਥੇ ਵੀ ਅਜਿਹਾ ਹੀ ਕੁੱਝ ਹੈ।ਇਸ ਵਿਚ ਕੋਈ ਦੋ ਰਾਵਾਂ ਨਹੀਂ ਜਗਮੀਤ ਕਿ ਇਹ ਸਿਧਾਂਤ ਦਿਲ ਨੂੰ ਭਾਉਂਦਾ ਹੈ, ਲੋਕਪੱਖੀ ਹੈ।ਮਨੁੱਖੀ ਜ਼ਿੰਦਗੀ ਦੇ ਸੱਚ ਨਾਲ ਜੁੜਿਆ ਹੈ।ਲੋਕਾਂ ਨੂੰ ਉਨ੍ਹਾਂ ਦੀ ਨਰਕ ਵਰਗੀ ਜ਼ਿੰਦਗੀ ਤੋਂ ਬਾਹਰ ਕੱਢਣ ਦਾ ਸਿਧਾਂਤ। ਇਹ ਇਕ ਸੰਵੇਦਨਾ ਨਾਲ ਜੁੜਿਆ ਫਲਸਫਾ ਹੈ।ਉਨ੍ਹਾਂ ਦੇ ਮਨਾਂ ਨੂੰ ਵੱਧ

ਟੁੰਬਦਾ ਹੈ ਜੋ ਖੁਦ ਸੰਵੇਦਨਸ਼ੀਲ ਹੁੰਦੇ ਨੇ।"

"ਓਂਕਾਰ ਨੂੰ ਇਸ ਦੀ ਬੜੀ ਸਮਝ ਸੀ। ਮੈਂ ਉਸ ਦੀਆਂ ਗੱਲਾਂ, ਦਲੀਲਾਂ ਤੋਂ ਹੀ ਪ੍ਰਭਾਵਤ ਹੋ ਕੇ ਇਸ ਰਾਹ ਨੂੰ ਅਪਣਾਇਐ।"

"ਦਰਅਸਲ ਇਸ ਸਮਝ ਤਹਿਤ ਕੰਮ ਕਰਦਿਆਂ, ਇਕ ਨਾਸਮਝੀ ਹੈ। ਨਾ ਸਮਝੀ ਹੀ ਕਹਾਂਗੇ। ਇਨ੍ਹਾਂ ਹਾਲਾਤਾਂ ਨੂੰ ਰਾਤੋਂ-ਰਾਤ ਬਦਲਣ ਦਾ ਸੁਪਨਾ। ਸੁਪਨੇ ਚੰਗੀ ਗੱਲ ਹੈ। ਪਰ ਸੁਪਨਿਆਂ ਨੂੰ ਹਕੀਕਤ ਵਿਚ ਪੂਰਾ ਕਰਨ 'ਚ ਅਤੇ ਸੁਪਨਿਆਂ ਨੂੰ ਅੱਖਾਂ ਬੰਦ ਕਰਕੇ ਪੂਰਾ ਹੁੰਦਿਆਂ ਦੇਖਣ ਵਿਚ ਫ਼ਰਕ ਹੈ। ਦਰਅਸਲ ਸਮਾਜ ਵਿਚ ਬਦਲਾਅ ਦੀ ਰਿਐਲਟੀ ਤੱਤ ਫਟ ਨਹੀਂ ਹੈ। ਜਿਨ੍ਹਾਂ ਲੋਕਾਂ ਲਈ ਕੰਮ ਕਰਦੇ ਹਾਂ, ਉਹ ਵੀ ਤਿਆਰ ਨਹੀਂ ਹੁੰਦੇ। ਇਸ ਲਈ ਖਿੱਝ ਆਉਂਦੀ ਹੈ। ਆਪਣੇ ਕੰਮ ਕਰਨ ਵਿਚ, ਵਿਚਾਰਧਾਰਾ ਵਿਚ ਜੋ ਸੁਪਨੇ ਦਿਖਾਏ ਜਾਂਦੇ ਨੇ, ਉਨ੍ਹਾਂ ਦੀ ਪ੍ਰਾਪਤੀ ਦੀ ਸਪੀਡ ਨੂੰ ਲੈ ਕੇ ਨਿਰਾਸ਼ਾ ਬਹੁਤ ਛੇਤੀ ਹੁੰਦੀ ਹੈ। ਇਹ ਨਿਰਾਸ਼ਾ ਵਿਚੋਂ ਨਿਕਲਿਆ ਵਰਤਾਰਾ ਹੈ। ਨਸ਼ਿਆਂ ਦੀ ਗਰਿਫ਼ਤ।"

ਮੈਂ ਰੁਕ ਕੇ ਗੱਲ ਫਿਰ ਜਾਰੀ ਰੱਖੀ, "ਅਸੀਂ ਦਰਅਸਲ ਨਤੀਜੇ ਆਪਣੀ ਹੀ ਉਮਰ ਵਿਚ ਦੇਖਣ ਦੇ ਚਾਹਵਾਨ ਹੁੰਦੇ ਹਾਂ ਮਾੜੀ ਗੱਲ ਨਹੀਂ, ਜੇ ਨਤੀਜੇ ਹਾਸਲ ਹੋ ਜਾਣ, ਪਰ ਸੱਚਾਈ ਇਹ ਹੈ ਕਿ ਇਹ ਪੀੜ੍ਹੀ ਦਰ ਪੀੜ੍ਹੀ ਸੰਘਰਸ਼ ਦੀ ਪਰੰਪਰਾ ਨੂੰ ਅੱਗੇ ਤੋਰਨ ਦਾ ਸਿਲਸਿਲਾ ਹੈ। ਅਸੀਂ ਅਗਲੀ ਪੀੜ੍ਹੀ ਨੂੰ ਆਪਣੇ ਕੰਮ ਵਿਚ ਵਿਸ਼ਵਾਸ਼ ਦੀ ਗੁੜਤੀ ਨਹੀਂ ਦਿੰਦੇ, ਇਸ ਕਾਰਜ ਨੂੰ ਅੱਗੇ ਤੋਰਨ ਦੀ ਸੂਰਮ ਗਾਥਾ ਨਹੀਂ ਦੱਸਦੇ ਸਗੋਂ ਨਿਰਾਸ਼ਾ ਦਿੰਦੇ ਹਾਂ। ਇਸੇ ਲਈ ਇਹ ਵਾਪਰਦਾ ਹੈ। ਹਜ਼ਾਰਾਂ ਸਾਲਾਂ ਦੀ ਨਿਰੰਤਰ, ਸੋਚੀ ਸਮਝੀ ਸਥਾਪਿਤ ਸੋਚ ਨੇ ਏਨ੍ਹਾਂ ਲੋਕਾਂ ਨੂੰ ਇਸ ਹਾਲ ਵਿਚ ਪਹੁੰਚਾ ਦਿੱਤਾ ਹੈ ਕਿ ਇਸ ਤੋਂ ਨਿਜਾਤ ਪਾਉਣਾ-ਦਿਵਾਉਣਾ ਇਕ ਲੰਮੇ ਸਮੇਂ ਦਾ ਕੰਮ ਹੈ। ਇਸ ਤਰ੍ਹਾਂ ਦੀ ਸਪਸ਼ਟਤਾ ਅਤੇ ਹੌਂਸਲੇ ਨਾਲ ਤੁਰਨਾ ਲਾਜ਼ਮੀ ਹੈ।"

ਫਿਰ ਗੱਲਾਂ ਦਾ ਰੁੱਖ ਬਦਲਦੇ ਹੋਏ ਕਿਹਾ, " ਹਾਂ ਸੱਚ। ਅੱਜ ਚੀ ਗਵੇਰਾ ਦਾ ਜਨਮ ਦਿਨ ਹੈ ਤੇ ਕੋਈ ਪ੍ਰੋਗਰਾਮ ਵਗੈਰਾ ਨਹੀਂ ਰੱਖਿਆ।"

"ਸੋਚਿਆ ਸੀ ਸਰ। ਪਰ ਏਸ ਪਾਸੇ ਆਏ ਕਾਫ਼ੀ ਸਮਾਂ ਹੋ ਗਿਆ ਸੀ। ਮੰਮੀ ਨੂੰ ਮਿਲਣਾ ਸੀ। ਤੁਹਾਨੂੰ ਵੀ ਮਿਲਣ ਦਾ ਮਨ ਸੀ। ਫਿਰ ਜਦੋਂ ਇਧਰ ਆਉਣਾ ਤੈਅ ਹੋਇਆ ਤਾਂ ਸੋਚਿਆ, ਚੀ ਦੇ ਬਰਥ-ਡੇ ਵਾਲੇ ਦਿਨ ਹੀ ਤੁਹਾਨੂੰ ਮਿਲਾਂ। ਉਸ ਦਿਨ ਜਦੋਂ ਤੁਸੀਂ ਆਦਰਸ਼ ਦਾ ਮਤਲਬ ਸਮਝਾਇਆ, ਮੈਂ ਉਸੇ ਦਿਨ ਹੀ ਮਨ ਹੀ ਮਨ, ਚੀ ਨੂੰ ਆਦਰਸ਼ ਬਣਾਇਆ, ਉਸ ਬਾਰੇ ਪੜ੍ਹਿਆ ਤਾਂ ਹੋਇਆ ਸੀ। ਤੁਹਾਨੂੰ ਦੱਸਿਆ ਨਹੀਂ ਕਿ ਸਰ ਕਿਤੇ ਡੋਲ ਨਾ ਜਾਵਾਂ। ਉਸ ਦੀ ਜੀਵਨੀ ਦੇ ਨਾਲ, ਹੋਰ ਲਿਖਤਾਂ ਲੱਭੀਆਂ ਤੇ ਪੜ੍ਹੀਆਂ। ਬਸ ਫਿਰ ਇਸ ਨਾਲ ਜੁੜਦਾ ਗਿਆ।" ਜਗਮੀਤ ਆਪਣੇ ਪੂਰੇ ਜਲੌਅ ਵਿਚ ਬੋਲਿਆ।

ਉਸ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਇਹ ਦੇਖੋ ਸਰ!" ਉਸ ਨੇ ਇਕ ਅਖ਼ਬਾਰ ਨੂੰ ਫੋਲਡ ਕੀਤਾ ਹੋਇਆ ਸੀ। ਉਸ ਸਫ਼ੇ 'ਤੇ ਕੋਈ ਖ਼ਬਰ ਨਹੀਂ ਸੀ। ਇਸ਼ਤਿਹਾਰਨੁਮਾ ਪੰਨਾ ਸੀ। ਉਸ ਨੇ ਵਿਚਕਾਰ ਜਿਹੇ ਚਾਰ ਕੁ ਲਾਈਨਾਂ ਨੂੰ ਪੈੱਨ ਨਾਲ ਵੱਖਰਾ ਉਲੀਕਿਆ ਹੋਇਆ ਸੀ।

"ਆਹ ਪੜ੍ਹੋ ਸਰ।" ਅਖ਼ਬਾਰ ਨੂੰ ਮੇਰੇ ਵੱਲ ਵਧਾਉਂਦੈ, ਉਸ ਨੇ ਬੜੇ ਮਾਣ ਨਾਲ ਕਿਹਾ।

ਮੈਂ ਪੜ੍ਹਨਾ ਸ਼ੁਰੂ ਕੀਤਾ, "ਆਈ ਮਨਜੀਤ, ਆਪਣਾ ਨਾਂ ਬਦਲ ਕੇ ਜਗਮੀਤ ਰੱਖ ਲਿਆ ਹੈ। ਸਾਰੇ ਨੋਟ ਕਰਨ ਤੇ ਅੱਗੇ ਤੋਂ ਮੈਨੂੰ ਇਸ ਨਾਂ ਨਾਲ ਹੀ ਸੰਬੋਧਿਤ ਕਰਨ।"

ਮੈਂ ਪੜ੍ਹ ਕੇ ਉਸ ਦੇ ਚਿਹਰੇ ਵੱਲ ਝਾਤੀ ਮਾਰੀ। ਉਸ ਦੇ ਚਿਹਰੇ ਤੇ ਮੁਸਕਰਾਹਟ ਸੀ।" ਸਰ ਤੁਸੀਂ ਕਿਹਾ ਸੀ ਨਾ ਇਕ ਵਾਰੀ ਜੋ ਜਗ ਦੇ ਮੀਤ ਹੁੰਦੇ ਨੇ ਉਹ ਉਦਾਸ ਨਹੀਂ ਹੁੰਦੇ। ਮੈਨੂੰ ਲੱਗਿਆ ਇਹ ਸੱਚ ਹੈ।"

(**ਸੰਪਰਕ : 98158-08506**)

ਕਹਾਣੀ

# ਇਹਨਾਂ ਪਲਾਂ ਨੂੰ ਮਾਣ ਨਾ ਲਵਾਂ



**ਸਰਬਜੀਤ ਕੌਰ ਸੋਹਲ**

ਜ਼ਿੰਦਗੀ ਸਰਵਣ ਪੁੱਤਰ ਨਹੀਂ ਕਿ ਵਹਿੰਗੀ 'ਚ ਬਿਠਾ ਸ਼ਰਧਾ ਭਾਵਨਾ ਨਾਲ ਸਹਿਜੇ ਸਹਿਜੇ ਲਈ ਫਿਰੇ। ਜ਼ਿੰਦਗੀ ਕਿਸੇ ਪੇਂਟਰ ਵਾਂਗ ਵੀ ਨਹੀਂ ਕਿ ਮਨਪਸੰਦ ਰੰਗਾਂ ਨਾਲ ਮਨਚਾਹੇ ਅਕਾਰ ਘੜ ਸਕੇ ਅਤੇ ਨਾ ਹੀ ਜ਼ਿੰਦਗੀ ਕਿਸੇ ਜ਼ਹੀਨ ਲੇਖਕ ਵਾਂਗ ਹੈ ਜੋ ਕਾਲਜਾਈ ਰਚਨਾ ਦੀਆਂ ਪੈੜਾਂ ਫੜ ਸਕੇ।

ਮੰਗਤੇ ਲਈ ਤਾਂ ਦੋ-ਚਾਰ ਰੁਪਈਏ ਤੋਂ ਸੋ-ਪੰਜਾਹ ਰੁਪਈਏ ਵਾਲੀ ਇਆਸ਼ੀ ਅਤੇ ਅਮੀਰ ਲਈ ਖ਼ੁਰਾਫਾਤਾਂ ਦੇ ਨਿਨਵੇਂ ਲੈਂਦੀ ਹਰ ਪਲ ਨਵਾਂ ਲੱਭਦੀ ਅਮੁਕ ਕੋਈ ਦੌੜ ਜਹੀ।

ਮੇਰੇ ਲਈ ਤਾਂ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਤੱਕ ਜੀਣ ਦੀ ਮੁਹਾਰਤ ਅਤੇ 'ਉਹਨਾਂ' ਲਈ 'ਕੁਝ ਜ਼ਿਆਦਾ, 'ਚਾਹਤਾਂ ਦਾ ਅੰਬਰ...'

ਕਸੂਰ ਤਾਂ ਮੇਰਾ ਹੀ ਸੀ। ਮੈਨੂੰ ਜਿਹੜੀ ਚੀਜ਼ ਬਹੁਤ ਵੱਡੀ ਲੱਗਦੀ ਉਹਨਾਂ ਲਈ ਉਹ ਆਮ ਸੀ। ਭਾਵੇਂ ਮੈਂ ਉਹਨਾਂ ਦੀ ਨਵੀਂ ਨਵੀਂ ਜਾਣੂ ਹੋਈ ਸਾਂ ਪਰ ਉਹ ਆਪਸ ਵਿੱਚ ਘਿਓ ਖਿੱਚੜੀ ਸਨ। ਗੂੜੀਆਂ ਸਹੇਲੀਆਂ, ਪੁਰਾਣੀਆਂ ਵਾਕਿਫ਼ਦਾਰ, ਇਕ ਦੂਜੇ ਦੇ ਘਰ ਖੁਲ੍ਹਾ ਆਉਣ ਜਾਣ... ਨਿਸੰਗ... ਬੇਝਿਜਕ...।

ਮੇਰੇ ਮੀਏਂ ਦੀ ਪੋਸਟਿੰਗ ਦੋ ਕੁ ਘੰਟਿਆਂ ਦੀ ਵਾਟ ਵਾਲੇ ਕਿਸੇ ਹੋਰ ਸ਼ਹਿਰ ਸੀ... ਤੇ ਸੀ ਵੀ ਓਸ ਵਿਭਾਗ ਵਿੱਚ ਜਿੱਥੇ ਲੋਕਾਂ ਨੂੰ ਅਕਸਰ ਕੰਮ ਪੈਂਦਾ ਹੀ ਰਹਿੰਦਾ ਹੈ। ਇੰਝ ਦੇ ਹੀ ਕਿਸੇ ਮੌਕੇ ਪਹਿਚਾਣ ਵਾਲੇ ਦੀ ਸਿਫ਼ਾਰਸ਼ 'ਤੇ ਪਹਿਲੀ ਵਾਰ ਮਿਲੀ ਸੀ ਮੈਨੂੰ, ਜਸਨੀਤ...। ਆਪਣੇ ਉੱਚੇ ਲੰਮੇ ਘਰਵਾਲੇ ਨਾਲ ਪਤਲੀ ਲੰਮੀ ਜਸਨੀਤ ਗੱਲੀ ਬਾਤੀਂ ਪੂਰੀ ਅਗਲੇ ਦੇ ਦਿਲ ਵਿੱਚ ਲਹਿ ਜਾਣ ਵਾਲੀ। ਸ਼ੋਖ ਅਦਾਵਾਂ ਕਿ ਆਪਣੇ ਘਰਵਾਲੇ ਨੂੰ ਵੀ ਬਚਾ-ਬਚਾ ਕੇ ਰੱਖਣਾ ਪਵੇ।

ਪਤਾ ਨਹੀਂ ਔਰਤਾਂ ਬੰਦਿਆਂ ਨੂੰ ਵਰਤ ਰਹੀਆਂ ਹੁੰਦੀਆਂ ਕਿ ਬੰਦੇ ਔਰਤਾਂ ਨੂੰ... , ਹੁੰਦਾ ਤਾਂ ਸਭ ਘਾਲ਼ਾ ਮਾਲ਼ਾ ਈ ਐ...। ਪੰਜਾਬੀ ਵਿੱਚ ਕਹਿਣਾ ਹੋਵੇ ਤਾਂ ਇਸ ਨੂੰ 'ਠਰਕ ਭੋਰਨਾ' ਵੀ ਕਿਹਾ ਜਾਂਦਾ ਹੈ।

ਵੈਸੇ ਜਸਨੀਤ ਦੇ ਮਾਮਲੇ ਵਿੱਚ ਮੈਂ ਕੋਈ ਅੰਦਾਜ਼ਾ ਨਹੀਂ ਲਗਾ ਰਹੀ ਸਾਂ। ਉਂਝ ਵੀ ਲੋਕਾਂ ਦੀ ਫਿਤਰਤ ਹੈ ਕਿ ਵੱਡੇ ਬੰਦਿਆਂ ਨਾਲ ਬਣਾ ਕੇ ਰੱਖੋ, ਪਤਾ ਨਹੀਂ ਕਦੋਂ ਲੋੜ ਪੈ ਜਾਵੇ...। ਫੋਨ ਨੰਬਰਾਂ ਦਾ ਵਟਾਂਦਰਾ ਤੇ ਫਿਰ ਕਦੀ ਕਵਾਰ ਇੱਧਰ ਓਧਰ ਦੀਆਂ ਗੱਲਾਂ ਵੀ ਹੋਣ ਲਗ ਪਈਆਂ।

ਮੂੰਹ ਤੋਂ ਬਿਨਾਂ ਉਸ ਦਾ ਸਭ ਕੁਝ ਸੋਹਣਾ ਸੀ। ਮੇਕਅੱਪ ਨਾਲ ਮੂੰਹ 'ਤੇ ਖੱਡੇ ਤੇ ਦਾਗ ਭਰਨ ਦੀ ਕੋਸ਼ਿਸ਼, ਚੁਸਤ ਨਜ਼ਰਾਂ, ਤੇਜ-ਤੇਜ ਬੋਲਣਾ ਅਤੇ ਮਿੱਠੀਆਂ ਮਾਰਨ ਦੀ ਆਦਤ...। ਮੈਂ ਕਦੀ ਵੀ ਉਸ ਨੂੰ ਬਿਨਾਂ ਮੇਕਅੱਪ ਦੇ ਨਹੀਂ ਵੇਖਿਆ। ਤੇਜ- ਤਰਾਰ, ਚੁਸਤ, ਸਲੀਕੇਮੰਦ ਜਸਨੀਤ ਨੇ ਛੇਤੀ ਹੀ ਮੇਰੇ ਦਿਲ ਵਿੱਚ ਆਪਣੀ ਥਾਂ ਬਣਾ ਲਈ ਸੀ।

ਉਸ ਦਿਨ ਜਸਨੀਤ ਦਾ ਫੋਨ ਆਇਆ, "ਕਿੱਥੇ ਹੈਂ ? ਮੈਂ ਆ ਰਹੀ ਹਾਂ।"

ਚਲੋ ਠੀਕ ਹੈ, ਗੱਪਾਂ ਮਾਰਾਂਗੀਆਂ ਕੌਫੀ ਪੀਆਂ ਗੀਆਂ, ਵਧੀਆ ਸਮਾਂ ਲੰਘੇਗਾ। ਡਰਾਇੰਗ ਰੂਮ ਦੀਆਂ ਨਿੱਕੀਆਂ ਮੋਟੀਆਂ ਚੀਜ਼ਾਂ ਥਾਂ ਸਿਰ ਕਰਦਿਆਂ ਮੈਂ ਨੌਕਰ ਨੂੰ ਚਾਹ-ਚੂਹ ਦੀ ਤਿਆਰੀ ਲਈ ਵੀ

ਆਖ ਦਿੱਤਾ।



ਜਸਨੀਤ ਇਕੱਲੀ ਨਹੀਂ ਸੀ ਉਸ ਦੇ ਨਾਲ ਦੋ ਜਣੀਆਂ ਹੋਰ ਵੀ ਸਨ। ਨੂਰ ਦਾ ਆਪਣਾ ਬੁਟੀਕ ਸੀ ਅਤੇ ਦੂਸਰੀ ਮਨਦੀਪ ਲੈਕਚਰਾਰ ਸੀ। ਗੱਲਾਂ ਸ਼ੁਰੂ ਹੋਈਆਂ ਤਾਂ ਮੁੱਕਣ ਵਿੱਚ ਹੀ ਨਾ ਆਈਆਂ। ਸੁਣਾਈ ਦੇ ਰਹੀਆਂ ਸਨ ਤਾਂ ਕੇਵਲ ਹਾਸਿਆਂ ਦੀਆਂ ਫੁੱਲਝੜੀਆਂ...। ਸਮਾਂ ਪਤਾ ਨਹੀਂ ਕਦੋਂ ਖੰਭ ਲਾ ਕੇ ਉੱਡ ਗਿਆ। ਸ਼ਾਮ ਰਾਤ ਦੀਆਂ ਪੈੜਾਂ ਨੱਪਦੀ ਆ ਰਹੀ ਸੀ।

ਬੜੀ ਚੰਦਰੀ ਆਦਤ ਸੀ ਮੇਰੀ, ਮੈਂ ਕਦੀ ਕਿਸੇ ਤੋਂ ਗੱਲ ਨਹੀਂ ਸੀ ਅਖਵਾਈ... ਮੈਨੂੰ ਤਾਂ ਫੋਨ ਤੇ ਵੀ ਡਰ ਲੱਗਿਆ ਰਹਿੰਦਾ....। ਪਤਾ ਨਹੀਂ ਕਦੋਂ ਇਹਨਾਂ ਦਾ ਫੋਨ ਆ ਜਾਵੇ, ਜੇ ਮੈਂ ਕਿਤੇ ਇੱਧਰ ਉਧਰ ਹੋਈ ਤਾਂ ਸੁਣਨਾ ਪਊਗਾ... 'ਐਸ ਵੇਲੇ ਅੱਧੀ ਰਾਤ, ਚੰਗਾ ਨਹੀਂ ਲਗਦਾ।'

ਤੇ ਇਸ 'ਚੰਗਾ ਨਾਂ ਲੱਗਣ ਦੇ ਬੋਲ ਨੇ' ਮੈਨੂੰ ਇਉਂ ਨਪੀੜਿਆ ਹੋਇਆ ਸੀ ਕਿ ਮੈਂ ਆਪਣੇ ਆਪ ਨੂੰ ਇਹਨਾਂ ਅਨੁਸਾਰ ਹੀ ਢਾਲ ਲਿਆ ਸੀ। ਕਾਹਨੂੰ ਕਿਸੇ ਨੂੰ ਗੱਲ ਕਰਨ ਦਾ ਮੌਕਾ ਦੇਣਾ ਸੀ। ਪਤਾ ਨਹੀਂ ਮੈਂ ਹੀ ਵਧੇਰੇ ਸੁਚੇਤ ਸੀ ਜਾਂ ਫਿਰ ਇਹਨਾਂ ਦੀ ਆਦਤ ਕਹਿ ਲਓ ਜਾਂ ਸੋਚ... ਅਜੀਬ ਜਿਹੀ ਸੀ। ਉਂਞ ਵੀ ਪਿੰਡਾਂ ਵਾਲੇ ਸ਼ਹਿਰਾਂ ਵਾਲਿਆਂ ਨਾਲੋਂ ਵੱਖਰੇ ਹੁੰਦੇ ਨੇ ਸ਼ਾਇਦ।

ਮੇਰੀਆਂ ਤਾਂ ਕੋਈ ਇਹੋ ਜਿਹੀਆਂ ਸਹੇਲੀਆਂ ਹੀ ਨਹੀਂ ਸਨ ਕਿ ਮੈਂ ਘੰਟਿਆਂ ਬੱਧੀ ਜਿਨ੍ਹਾਂ ਨਾਲ ਗੱਲਾਂ ਕਰਦੀ ਰਹਾਂ ਜੇ। ਕਿਤੇ ਜਾਣਾ ਆਉਣਾ ਹੁੰਦਾ, ਤਾਂ ਵੀ ਡਰਾਇਵਰ ਹੁੰਦਾ ਸੀ ਮੇਰੇ ਨਾਲ...।

ਮੈਨੂੰ ਉਹ ਤਿੰਨੋਂ ਇਸ ਗੱਲੋਂ ਵੀ ਵਧੀਆ ਲੱਗੀਆਂ ਕਿ ਉਹ ਖੁੱਲ੍ਹ ਕੇ ਜਿਊਣ ਨੂੰ ਤਰਜੀਹ ਦਿੰਦੀਆਂ ਸਨ। ਕਿੰਨਾਂ ਹੱਸੀ ਸਾਂ ਮੈਂ... ਕਿੰਨੇ ਦਿਨਾਂ ਬਾਅਦ...।

ਇਹ ਸਲੀਕੇ ਦਾ ਉਛਾੜ ਪਤਾ ਨਹੀਂ ਕਿਉਂ ਮੈਨੂੰ ਲੁਕੋਈ ਰੱਖਦਾ। ਭਲਾ ਜੇ ਸਹੇਲੀਆਂ ਆਪਸ 'ਚ ਹੱਸਣ ਖੇਡਣ, ਇਸ 'ਚ ਕੀ ਬੁਰਾਈ ਹੋ ਸਕਦੀ।

ਰਾਤ ਨੂੰ ਜਦੋਂ ਇਹਨਾਂ ਨਾਲ ਫੋਨ ਤੇ ਗੱਲ ਹੋਈ ਤਾਂ ਇਹਨਾਂ ਕੋਈ ਖ਼ੁਸ਼ੀ ਜਿਹੀ ਜ਼ਾਹਿਰ ਨਾ ਕੀਤੀ। ਸਗੋਂ ਮੈਨੂੰ ਹੀ ਸੁਣਨਾ ਪਿਆ ਕਿ ਆਹ ਤੇਰੀ ਜਸਨੀਤ ਬਹੁਤ ਤੇਜ਼ ਆ... ਜ਼ਰਾ ਧਿਆਨ ਨਾਲ...।'

ਮੈਨੂੰ ਤਾਂ ਆਪਣੇ ਆਪ ਤੇ ਹੀ ਗੁੱਸਾ ਆ ਗਿਆ ਕਿ ਮੈਂ ਇਹਨਾਂ ਨੂੰ ਕਿਉਂ ਦੱਸਿਆ...। ਪਰ ਮੈਂ ਵੀ ਆਦਤ ਤੋਂ ਮਜ਼ਬੂਰ ਸੀ। ਮੈਥੋਂ ਕੋਈ ਗੱਲ ਲੁਕੋਈ ਹੀ ਨਾ ਜਾਂਦੀ। ਸਾਰੇ ਦਿਨ ਦੀਆਂ ਹੋਈਆਂ- ਬੀਤੀਆਂ, ਖਾਧਾ-ਪੀਤਾ, ਸਾਰਾ ਕੁਝ ਮੈਥੋਂ ਦਸ ਹੋ ਜਾਂਦਾ ਸੀ।

ਅਗਲੇ ਦਿਨ ਦੁਪਹਿਰ ਨੂੰ ਹੀ ਜਸਮੀਤ ਦਾ ਫੋਨ ਆ ਗਿਆ, "ਮੈਂ ਜਿਹੜੇ ਕੰਮ ਆਈ ਸੀ ਉਹ ਹੋ ਗਿਆ ਤੇ ਮੈਂ ਸ਼ਾਮ ਨੂੰ ਵਿਹਲੀ ਹਾਂ ਆਪਾਂ ਮਨਦੀਪ ਵੱਲ ਮਿਲਦੇ ਹਾਂ। ਐਡਰੈਸ ਨੋਟ ਕਰ ਲੈ।" ਇਹਨਾਂ ਨੂੰ ਫੋਨ ਤੇ ਪੁੱਛਿਆ ਤਾਂ ਇਹਨਾਂ ਹਾਮੀ ਭਰ ਦਿੱਤੀ ।

ਮਨਦੀਪ ਦੇ ਦੋਵੇਂ ਬੱਚੇ ਡਾਕਟਰੀ ਕਰ ਰਹੇ ਸਨ। ਭਾਜੀ ਵੀ ਡਾਕਟਰ ਸਨ ਪ੍ਰਾਈਵੇਟ ਪ੍ਰੈਕਟਿਸ ਕਰਦੇ ਸਨ। ਜਾਣ ਪਛਾਣ ਤੋਂ ਬਾਅਦ ਡਾਕਟਰ ਸਾਹਿਬ ਆਪਣੇ ਕੰਮ ਜਾ ਲੱਗੇ ਅਤੇ ਅਸੀਂ ਗੱਲਾਂ ਦੀਆਂ

‘ਤੰਦਾ’ ਕੀ ਛੋਹੀਆਂ ਕਿ ‘ਰੰਗਣ– ਬੁਨਣ’ ਤੀਕ ਅੱਪੜ ਗਈਆਂ।

ਉਸ ਦਿਨ ਮੇਰੇ ਘਰ ਤਾਂ ਅਜੇ ਉਹ ਕੁਝ ਝਿਜਕ ਰਹੀਆਂ ਸਨ ਪਰ ਅੱਜ ਤਾਂ ਉਹ ਪੂਰੀ ਬੇਬਾਕੀ ਨਾਲ ਸੱਜੇ ਖੱਬੇ ਦੀਆਂ ਗੱਲਾਂ ਵੀ ਛੋਹ ਰਹੀਆਂ ਸਨ। ਮੈਂ ਤਾਂ ਉਨ੍ਹਾਂ ਨੂੰ ਖ਼ੁਸ਼ ਹੁੰਦੀਆਂ ਵੇਖ ਕੇ ਖ਼ੁਸ਼ ਹੋਈ ਜਾ ਰਹੀ ਸਾਂ। ਚਾਹ ਪੀਣ ਨੂੰ ਕਿਸੇ ਦਾ ਮਨ ਨਹੀਂ ਸੀ। ਮਨਦੀਪ ਨੇ ਨੌਕਰ ਨੂੰ ਗਲਾਸ ਅਤੇ ਪਾਣੀ ਲਿਆਉਣ ਲਈ ਕਿਹਾ। ਆਪ ਉਹ ਸਟੋਰ ਵਿੱਚੋਂ ਸਕੌਚ ਦੀ ਬੋਤਲ ਚੁੱਕ ਲਿਆਈ ਸੀ।

ਬੋਤਲ ਖੋਲ੍ਹਦਿਆਂ ਉਹ ਜਸਨੀਤ ਨੂੰ ਛੇੜ ਰਹੀ ਸੀ, ਡਾਕਟਰ ਸਾਹਿਬ ਨੇ ਤੇਰੇ ਆਉਣ ਦਾ ਸੁਣਿਆ ਤਾਂ ਜਾ ਕੇ ਲੈ ਆਏ।

ਮੇਰੇ ਲਈ ਤਾਂ ਇਹ ਸਭ ਅਜੀਬ ਜਿਹੀ ਗੱਲ ਸੀ। ਭਲਾ ਕੋਈ ਘਰਵਾਲਾ ਕਿਵੇਂ ਅਲਾਓ ਕਰ ਸਕਦਾ ਕਿ ਉਹਦੀ ਵਾਈਫ਼ ਆਪਣੀਆਂ ਸਹੇਲੀਆਂ ਨਾਲ ਡਰਿੰਕ ਕਰੇ। ਉਹ ਵੀ ਸ਼ਰ੍ਹੇਆਮ…। ਉਂਝ ਮਨਦੀਪ ਨੇ ਬੂਹਾ ਢੋਅ ਲਿਆ ਸੀ। ਬੱਚੇ ਕਿਤੇ ਨਜ਼ਰ ਨਹੀਂ ਆਏ ਸਨ। ਘੜੀ ਮੁੜੀ ਨਾਂਹ ਕਰਨ ਤੇ ਮੇਰੇ ਲਈ ਜੂਸ ਆ ਗਿਆ।

ਇਕ ਇਕ ਪੈਗ ਤੋਂ ਬਾਅਦ ਵੀ ਉਹ ਬਿਲਕੁਲ ਨੌਰਮਲ ਗੱਲਾਂ ਕਰ ਰਹੀਆਂ ਸਨ। ਹਾਂ ਹੁਣ ਉਹ ਵਿਚ ਵਿਚਾਲੇ ਇੱਕ ਦੂਜੇ ਨੂੰ ਛੇੜ ਵੀ ਰਹੀਆਂ ਸਨ। ਉਹਨਾਂ ਦੇ ਮੂੰਹ ਲਾਲਗੀ ਦੀ ਭਾਅ ਮਾਰਨ ਲੱਗੇ। ਮਨਦੀਪ ਦੀਆਂ ਅੱਖਾਂ ਵਧੇਰੇ ਗੱਲਾਂ ਕਰਨ ਲੱਗ ਪਈਆਂ ਸਨ।

ਜੂਸ ਪੀਤਾ ਤਾਂ ਪੈੱਗ ਕੀ ਫ਼ਰਕ ਪਿਆ ਸਾਰੀਆਂ ਉਸੇ ਤਰ੍ਹਾਂ ਹੀ ਗੱਲਾਂ ਕਰ ਰਹੀਆਂ ਸਨ। ਜਸਨੀਤ ਦੇ ਤਾਂ ਪੇਕੇ ਵੀ ਇਸੇ ਸ਼ਹਿਰ ਵਿੱਚ ਸਨ। ਗੱਲਾਂ ਗੱਲਾਂ ਵਿੱਚ ਹੀ ਪਤਾ ਲੱਗਿਆ ਕਿ ਉਹ ਫਿਲਮਾਂ ਵਿੱਚ ਵੀ ਨਿੱਕੇ ਮੋਟੇ ਰੋਲ ਕਰ ਰਹੀ ਹੈ। ਸਾਈਡ ਰੋਲ ਟਾਈਪ… ਮੇਰੇ ਲਈ ਇਹ ਹੋਰ ਵੀ ਥ੍ਰਿਲਿੰਗ ਸੀ … ਕਮਾਲ ਹੈ ਆਪੇ ਕਾਰ ਚਲਾ ਕੇ ਇੱਕ ਸ਼ਹਿਰੋਂ ਦੂਜੇ ਸ਼ਹਿਰ ਆ ਜਾਂਦੀ ਏ…ਤੇ ਉਹ ਵੀ ਇਕੱਲੀ…।

ਗੱਲਾਂ ਗੱਲਾਂ ਵਿੱਚ ਹੀ ਮੇਰੀ ਜਾਣਕਾਰੀ ਵਿਚ ਇਹ ਵੀ ਵਾਧਾ ਹੋਇਆ ਕਿ ਉਹਦਾ ਬਿਸਤਰਾ, ਮੇਕਅੱਪ ਕਿੱਟ, ਟੁੱਥ ਬਰੱਸ਼ ਵਗੈਰਾ ਵੀ ਉਹਦੀ ਕਾਰ ਵਿੱਚ ਹੀ ਹੁੰਦਾ ਆ, ਵਾਕਿੰਗ ਸ਼ੂਜ਼ ਵੀ। ਕਮਾਲ ਆ ਨਾ… ਇਉਂ ਜੀਣਾ… ਆਪਣੀ ਮਰਜ਼ੀ ਨਾਲ…।

ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਮੈਨੂੰ ਇਉਂ ਲੱਗਿਆ ਜਿਵੇਂ ਮੈਂ ਕਿਸੇ ਪੱਛੜੇ ਇਲਾਕੇ ਦੀ ਨਿਵਾਸੀ ਹਾਂ। ਪਰ ਫਿਰ ਮੈਂ ਆਪਣੇ ਆਪ ਨੂੰ ਸਮਝੌਤੀਆਂ ਦੇਣ ਲੱਗਦੀ …‘ਕਿ ਮੈਂ ਵੀ ਤਾਂ ਆਪਣੇ ਅਨੁਸਾਰ ਹੀ ਜਿਉਂ ਰਹੀ ਹਾਂ। ਇਕੱਲੀ ਰਹਿੰਦੀ ਹਾਂ। ਘਰੇ ਨੌਕਰ ਜ਼ਰੂਰ ਹੁੰਦਾ ਉਹਦਾ ਕਮਰਾ ਪਹਿਲੀ ਮੰਜ਼ਿਲ ਤੇ ਹੈ।’ ਕਦੇ ਕਦੇ ਤਾਂ ਮੈਨੂੰ ਇਉਂ ਲੱਗਦਾ ਜਿਵੇਂ ਇਹਨਾਂ ਨੇ ਨਹੀਂ ਮੈਂ ਹੀ ਆਪਣੇ ਆਪ ’ਤੇ ਬੰਦਿਸ਼ਾਂ ਲਾਈਆਂ ਹੋਈਆਂ ਹਨ।

ਕਿਹੋ ਜਿਹਾ ਸਮਾਜ ਹੈ ਇਹ ਬੰਦਿਆਂ ਲਈ ਤਾਂ ਸਾਰੀਆਂ ਖੁੱਲ੍ਹਾਂ ਤੇ ਔਰਤਾਂ ਲਈ ਸਾਰੀਆਂ ਹੀ ਮਨਾਹੀਆਂ… ‘ਚੰਗਾ ਨਹੀਂ ਨਾ ਲੱਗਦਾ, ਚੰਗੇ ਘਰਾਂ ਦੀਆਂ ਧੀਆਂ ਭੈਣਾਂ ਨਸ਼ੇ ਨਹੀਂ ਕਰਦੀਆਂ…।’ ਸਮਾਜਿਕ ਥਾਵਾਂ ਤੇ ਤਾਂ ਬਿਲਕੁਲ ਹੀ ਨਹੀਂ।

ਰੋਕਾਂ ਮਨਾਹੀਆਂ ਕੁਝ ਪਰੰਪਰਕ ਤੇ ਕੁਝ ਆਪੇ ਆਪਣੇ ਤੇ ਲਾਈਆਂ। ਚਲੋ, ਕੋਈ ਨਾ, ਘਰਾਂ ਦੀ ਮਰਿਆਦਾ ਆਪੋ ਆਪਣੀ ਹੁੰਦੀ ਹੈ। ਘਰ ਦੀ ਸ਼ਾਂਤੀ ਲਈ ਨਿਯਮਾਂ ਦਾ ਪਾਲਣਾ ਕਰਨਾ ਵੀ ਤਾਂ ਜ਼ਰੂਰੀ ਐ…।

ਉਂਝ ਮਰਿਆਦਾ ਪਾਲਣ ਤਾਂ ਸੀਤਾ ਨੇ ਵੀ ਕੀਤਾ ਸੀ, ਅਹੱਲਿਆ ਦੀ ਵੀ ਪੂਰੀ ਨਹੀਂ ਪਈ ਸੀ। ਦਰੋਪਤੀ, ਮੀਰਾ… ਇਤਿਹਾਸ ਗਵਾਹ ਹੈ ਇਹਨਾਂ ਦਾ…, ਕੀ ਖੱਟਿਆ ਇਹਨਾਂ ਨੇ…?

ਮਰਿਆਦਾ ਦਾ ਤਾਂ ਪਿੰਜਰਾ ਵੀ ਅਦਿੱਖ ਹੈ, ਸੋਨ ਰੰਗੀ ਚਿੜੀ ਇਸ ਅਦਿੱਖ ਪਿੰਜਰੇ ਦੀ ਮਿੱਠੀ ਕੈਦ ਹੰਢਾਉਂਦੀ ਤੁਰੀ ਜਾਂਦੀ ਹੈ।

'ਪਿਆਰ ਜੂ ਹੋਇਆ, ਪਿਆਰ 'ਚ ਔਰਤਾਂ ਸੌ ਕੁਰਬਾਨੀਆਂ ਦਿੰਦੀਆਂ। ਐਵੇਂ ਬਹੁਤਾ ਸੋਚਣ ਦੀ ਲੋੜ ਨਹੀਂ ਹੁੰਦੀ...। ਰੂਹ ਕੈਦ ਹੈ ਤਾਂ ਕੀ ਹੋਇਆ, ਘਰ ਦੀ ਸੁਰੱਖਿਆ ਛੱਤਰੀ ਅਤੇ ਸੁੱਖ ਸਹੂਲਤਾਂ ਤਾਂ ਹਨ, ਹੀ...। ਉਹ ਜਾਣੇ, ਕੋਈ ਨਾ..., ਕੀ ਫ਼ਰਕ ਪੈਂਦਾ...।' ਮੇਰੀਆਂ ਸੋਚਾਂ ਦੀ ਭੰਬੀਰੀ ਅਣਥੱਕ ਘੁੰਮ ਰਹੀ ਸੀ।

ਘਰ ਦੇ ਕੰਮਾਂ ਵਿੱਚ ਗਲਤਾਨ, ਟੁਕੜਿਆਂ 'ਚ ਵੰਡੀ-ਖੰਡੀ ਜ਼ਿੰਦਗੀ ਸਹਿਜ ਹੋਣ ਦੇ ਭਰਮ ਵਿੱਚ ਅਸਹਿਜਤਾ ਦੀ ਚਿਤਾ 'ਤੇ ਗਿੱਲੀ ਲੱਕੜੀ ਵਾਂਗ ਧੁੱਖ ਰਹੀ ਸੀ ਅਤੇ ਧੂੰਏਂ ਨਾਲ ਸਾਹ ਲੈਣ ਵਿਚ ਵੀ ਦਿੱਕਤ ਆ ਰਹੀ ਸੀ। ਪਰ ਅਸ਼ਕੇ ਜਾਈਏ, ਮਾਂ ਦੀਆਂ ਸਿਖਾਓਤਾਂ ਦੇ...। ਭੋਰਾ ਭਰ ਉਦਾਸੀਨ ਵੀ ਨਹੀਂ ਹੋਣ ਦਿੰਦੀਆਂ।

ਨਟੀ ਦਾ ਰੱਸੀ ਤੇ ਤੁਰਨ ਵਾਂਗ ਇਮਤਿਹਾਨ ਦਿੰਦੀ ਜ਼ਿੰਦਗੀ, ਹਰ ਵੇਲੇ ਡਿੱਗਣ ਦਾ ਡਰ ਹੰਢਾਉਂਦੀ। ਬਾਹਰੋਂ ਸਭ ਸਿੱਧ-ਪੱਧਰਾ ਤੇ ਅੰਦਰ ਪੱਤਝੜ, ਕਿਰਿਆ-ਕਿਰਿਆ ਆਪਾ, ਡਿਗੂ-ਡਿਗੂ ਕਰਦੀ ਦੇਹ...।

ਵੇਖੋ ਨਾ ! ਔਰਤਾਂ ਆਪਣੇ ਆਪ ਨੂੰ ਕਿੰਨਾ ਸਿੱਧਾ ਲੈਂਦੀਆਂ। ਸਭ ਕੁਝ ਸੁਣ ਲੈਂਦੀਆਂ, ਜਰ ਲੈਂਦੀਆਂ, ਟੁੱਟਦੀਆਂ-ਭੱਜਦੀਆਂ ਪਰ ਫਿਰ ਵੀ ਜਿਊਣ ਦਾ ਭਰਮ ਸਿਰਜ ਲੈਂਦੀਆਂ।

ਮੈਂ ਵੀ ਪਤਾ ਨਹੀਂ ਕਿਹੜੇ ਵਹਿਣਾਂ ਵਿੱਚ ਵਹਿ ਗਈ...। ਅਜੇ ਉਸ ਦਿਨ ਦੀ ਗੱਲ ਐ, ਸਾਡੇ ਇੱਕ ਫੈਮਲੀ ਫਰੈਂਡ ਦੀ ਵਾਈਫ਼ ਦਾ ਜਨਮ ਦਿਨ ਸੀ। ਫਾਈਵ ਸਟਾਰ ਹੋਟਲ 'ਚ ਸੱਦੀਆਂ ਹੋਈਆਂ ਸ਼ੀਤਲ ਦੀਆਂ ਸਹੇਲੀਆਂ ਹੀ ਸਨ। ਮੈਂ ਤਾਂ ਸੋਚਿਆ ਸੀ ਕਿ ਦਸ ਪੰਦਰਾਂ ਸਹੇਲੀਆਂ ਹੋਣਗੀਆਂ ਪਰ ਇੱਥੇ ਤਾਂ ਪੂਰਾ ਹਾਲ ਭਰਿਆ ਹੋਇਆ ਸੀ। ਅੰਦਾਜਨ ਡੇਢ ਸੌ ਤੋਂ ਉਪਰ ਔਰਤਾਂ, ਕੁੜੀਆਂ, ਸਾਰੀ ਉਮਰ, ਵਰਗ ਦੀਆਂ ਮੌਡਰਨ, ਅਲਟਰਾ-ਮੌਡਰਨ ਵੀ, ਕੁਲੀਨ ਵਰਗ ਦੀਆਂ ਵੰਨ ਸੁਵੰਨੇ ਕੱਪੜਿਆਂ ਵਿਚ... ਪੈਂਟਾਂ, ਸਕਰਟਾਂ, ਮਿੰਨੀਸ, ਅੱਧ ਨੰਗੀਆਂ ਵੀ...। ਮੇਰੇ ਵਰਗੀਆਂ ਸੂਟ ਵਾਲੀਆਂ ਤਾਂ 'ਓਡ ਮੈਨ ਆਊਟ' ਵਾਂਗ ਹੀ ਸੀ। ਮੇਰੀ ਪਹਿਚਾਣ ਦੀਆਂ ਤਾਂ ਦੋ-ਤਿੰਨ ਹੀ ਸਨ।

ਬਾਰ ਕੋਲ ਵਾਹਵਾ ਭੀੜ ਸੀ। ਡਰਿੰਕਸ ਵਰਤਾਈਆਂ ਜਾ ਰਹੀਆਂ ਸਨ। ਕਮਾਲ ਦਾ ਜਲਵਾ ਸੀ... ਹਰ ਪਾਸੇ ਰੰਗੀਨ ਤਿਤਲੀਆਂ...। ਕੇਕ ਕੱਟਿਆ ਗਿਆ... ਸ਼ੀਤਲ ਦੇ ਬੱਚੇ ਵੀ ਕੇਕ ਕਟਾਉਣ ਆਏ, ਉਸ ਦੀ ਜਠਾਣੀ ਤੇ ਸੱਸ ਵੀ...।

ਮੇਰੇ ਅੰਦਰ ਕਈ ਸਾਰੇ ਸਵਾਲ ਉੱਭਰ ਰਹੇ ਸਨ। ਇਹ ਮਰਿਆਦਾ ਦਾ ਬੀੜਾ ਕੀ ਸਿਰਫ਼ ਮੱਧ ਵਰਗ ਦੀ ਔਰਤ ਦੇ ਹਿੱਸੇ ਹੀ ਆਇਆ। ਜਨਮ ਦਿਨ ਦੀ ਪਾਰਟੀ, ਕਮਬਖ਼ਤ ਬੰਦਿਆਂ ਨੂੰ ਵੀ ਮਾਤ ਦਿੰਦਿਆਂ ਔਰਤਾਂ... ਸਹੀ ਅਰਥਾਂ ਵਿੱਚ ਬਰਾਬਰਤਾ...?

ਮੈਨੂੰ ਯਾਦ ਹੈ ਜਦੋਂ ਕਿਤੇ ਸੜਕ ਦੇ ਕੰਢੇ ਤੇ ਰੋੜੀ ਕੁੱਟਦੀ ਮਜ਼ਦੂਰ ਔਰਤ ਨੂੰ ਜਾਂ ਫਿਰ ਕਿਸੇ ਚੌਕ ਵਿਚ ਬੈਠੀ ਮੰਗਤੀ ਨੂੰ ਨਿਸ਼ਚਿੰਤ ਬੀੜੀ ਪੀਂਦਿਆਂ ਤੱਕਦੀ ਤਾਂ ਲੱਗਦਾ ਹੈ ਕੀ ਇਨ੍ਹਾਂ ਕੋਲ ਵੀ ਕੁਝ ਸਮਾਂ ਤਾਂ ਆਪਣੇ ਅਨੁਸਾਰ ਜਿਊਣ ਜੋਗਾ ਹੁੰਦਾ ਹੀ ਹੈ।

ਬੰਦ ਘਰਾਂ ਦੀ ਕੈਦ ਵਿੱਚ ਜੇਕਰ ਸਾਹ ਲੈਣ ਲਈ ਕੋਈ ਖਿੜਕੀ ਹੁੰਦੀ ਤਾਂ ਔਰਤਾਂ ਡਿਪਰੈਸ਼ਨ ਦਾ ਸ਼ਿਕਾਰ ਘੱਟ ਹੁੰਦੀਆਂ। ਤੁਸੀਂ ਸੱਜੇ ਖੱਬੇ ਕਿਸੇ ਪਾਸੇ ਨਿਗ੍ਹਾ ਮਾਰ ਲਵੋ ਹਰ ਦੂਸਰੀ ਔਰਤ ਡਿਪਰੈਸ਼ਨ ਦਾ ਸ਼ਿਕਾਰ ਹੋਵੇਗੀ। ਦਵਾਈ ਲੈ ਰਹੀ ਹੋਵੇਗੀ ਜਾਂ ਨਹੀਂ... ਬਹੁਤੀਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਉਨ੍ਹਾਂ ਨੂੰ ਡਿਪਰੈਸ਼ਨ ਦੀ ਬਿਮਾਰੀ ਹੈ। ਪਰਿਵਾਰਕ ਜੀਆਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਦੋਂ ਉਨ੍ਹਾਂ ਦੀ

ਮਾਂ ਜਾਂ ਪਤਨੀ ਡਿਪਰੈਸ਼ਨ ਦੀ ਡੂੰਘੀ ਉਦਾਸੀਨ ਖੱਡ ਵਿਚ ਡਿੱਗ ਪੈਂਦੀ ਹੈ। ਉਨ੍ਹਾਂ ਲਈ ਤਾਂ ਔਰਤ ਦੀ ਮਾਨਸਿਕ ਸਿਹਤ ਦਾ ਕੋਈ ਮਤਲਬ ਨਹੀਂ ਹੁੰਦਾ, ਭਲਾ ਇਹ ਵੀ ਕੋਈ ਬੀਮਾਰੀ ਹੈ। ਇਸ ਬਾਰੇ ਤਾਂ ਉਹ ਡਾਕਟਰ ਤੋਂ ਰਾਏ ਲੈਂਦਿਆਂ ਵੀ ਸੰਗਦੇ ਹਨ।

ਬੀਮਾਰੀਆਂ ਤਾਂ ਹੁੰਦੀਆਂ ਬਲੱਡ ਪ੍ਰੈਸ਼ਰ, ਸ਼ੂਗਰ ਵਗੈਰਾ ਵਗੈਰਾ...। ਸਾਡੀ ਮਾਮ ਜਾਂ ਮੇਰੀ ਘਰਵਾਲੀ ਡਿਪਰੈਸ਼ਨ ਦਾ ਸ਼ਿਕਾਰ ਹੈ... ਇਹ ਦੱਸਦਿਆਂ ਵੀ ਉਨ੍ਹਾਂ ਨੂੰ ਸ਼ਰਮ ਮਹਿਸੂਸ ਹੁੰਦੀ ਹੈ।

"ਸਮੱਸਿਆਵਾਂ ਕਿਹੜੇ ਘਰ ਵਿਚ ਨਹੀਂ ਹੁੰਦੀਆਂ।" ਜਸਨੀਤ ਆਖਦੀ... "ਆਹ ਨੂਰ ਦਾ ਹਸਬੈਂਡ ਵੇਖ ਲਓ, ਠੇਕਾ ਆਉਂਦਾ ਪਿੰਡੋਂ, ਚੰਡੀਗੜ੍ਹ ਕੋਠੀ ਪਾਈਓ ਆ, ਬੱਚੇ ਵਧੀਆ ਪੜ੍ਹਦੇ ਨੇ... ਮੁਕਤਸਰੀਆ ਸਰਦਾਰ ਐ... ਪਿਛਲੇ ਮਹੀਨੇ ਹੀ ਪਤਾ ਲੱਗਿਆ ਉਸ ਨੂੰ ਕੈਂਸਰ ਹੈ।" ਮੇਰੇ ਪ੍ਰਗਟਾਏ ਸ਼ੰਕਿਆਂ ਦੇ ਜਵਾਬ ਵਿਚ ਉਹ ਆਖਦੀ।

ਕਦੀ ਕਵਾਰ ਨੂਰ ਉਦਾਸ ਹੋ ਜਾਂਦੀ ਸੀ ਪਰ ਫਿਰ ਜਿਊਣ ਦੀ ਰਵਾਨਗੀ ਉਹਦੇ ਮੂੰਹ ਤੋਂ ਉਦਾਸੀ ਦੀ ਪਰਤ ਲਾਹ ਮਾਰਦੀ। ਖ਼ੁਸ਼ ਰਹਿਣ ਦੀ ਆਦਤ ਤਾਂ ਉਸ ਕੋਲੋਂ ਭਲੀ ਭਾਂਤੀ ਸਿੱਖੀ ਜਾ ਸਕਦੀ ਸੀ।

ਨੂਰ ਦੇ ਬੁਟੀਕ ਤੇ ਸੂਟ ਸੀਣੇ ਦੇਣ ਜਾਂਦੀ ਮੈਂ ਕਿੰਨਾ ਕਿੰਨਾ ਚਿਰ ਉਹਦੇ ਨਾਲ ਗੱਪਾਂ ਮਾਰਦੀ ਰਹਿੰਦੀ। ਚੰਗਾ ਲਗਦਾ, ਮੈਨੂੰ ਉਸ ਕੋਲ ਜਾਣਾ। ਘਰ ਵੀ ਤਾਂ ਇਕੱਲੀ ਹੁੰਦੀ ਸਾਂ। ਸਮਾਂ ਸੋਹਣਾ ਲੰਘ ਜਾਂਦਾ ਸੀ ਨੂਰ ਦੀ ਬੇਟੀ ਬੀਸੀ. ਏ. ਕਰ ਰਹੀ ਸੀ। ਬੜੀ ਪਿਆਰੀ ਸੀ ਉਹ, ਘੁੰਗਰਾਲੇ ਵਾਲ਼ ਬੜੇ ਸੋਹਣੇ ਲੱਗਦੇ। ਰੋਟੀ ਲੈ ਕੇ ਆਉਂਦੀ ਆਪਣੀ ਮਾਮ ਲਈ।

ਨੂਰ ਮਿਹਨਤੀ ਸੀ। ਬੇਪਰਵਾਹੀ ਉਹਨੂੰ ਸੂਟ ਕਰਦੀ ਸੀ। ਕਈ ਵਾਰ ਕੋਈ ਲੈਸ, ਰੀਲ ਜਾਂ ਕੱਪੜਾ ਲੈਣਾ ਹੁੰਦਾ ਤਾਂ ਮੈਂ ਵੀ ਉਸ ਨਾਲ ਜਾ ਆਉਂਦੀ। ਕਾਰ ਚਲਾਉਂਦਿਆਂ ਉੱਚੀ ਆਵਾਜ਼ ਵਿੱਚ ਗਾਣੇ ਸੁਣਾਉਂਦਿਆਂ ਉਹ ਨਾਲ ਨਾਲ ਮਜ਼ੇਦਾਰ ਗੱਲਾਂ ਸੁਣਾਉਂਦੀ ਜਾਂਦੀ।

ਬਹੁਤਾ ਵੱਡਾ ਤਾਂ ਨਹੀਂ ਸੀ ਉਸਦਾ ਬੁਟੀਕ, ਪਰ ਵਾਹਵਾ ਚਲਦਾ ਸੀ। ਮਾਰਕਿਟ ਵਿਚ ਫੁੱਟਫਾਲ ਕਾਫੀ ਹੋਣ ਕਾਰਨ ਉਹ ਰੁੱਝੀ ਰਹਿੰਦੀ। ਮਾਸਟਰ ਨੂੰ ਹਦਾਇਤਾਂ ਵੀ ਕਰਦੀ ਅਤੇ ਨਾਲ ਦੀ ਨਾਲ ਉਨ੍ਹਾਂ ਦੇ ਕੰਮ ਦੀ ਨਜ਼ਰਸਾਨੀ ਵੀ ਕਰਦੀ ਜਾਂਦੀ।

ਮੇਰੇ ਲਈ ਤਾਂ ਇਹ ਨਿਵੇਕਲਾ ਤਜ਼ਰਬਾ ਸੀ। ਨੂਰ ਦੀ ਬੇਪਰਵਾਹੀ ਵਾਲੀ ਆਦਤ, ਖੁੱਲ੍ਹ ਕੇ ਜਿਊਣ ਦੀ ਖਾਹਿਸ਼, ਮੈਨੂੰ ਮੁਤਾਸਿਰ ਕਰਦੀ ਅਤੇ ਇੱਕੋ ਵੇਲੇ ਕਈ ਮੁਹਾਜ਼ਾਂ ਤੇ ਡਟੇ ਰਹਿਣ ਵਾਲੀ ਇਹ ਫ਼ਿਤਰਤ ਪ੍ਰਸੰਸਾ ਦੀ ਲਖਾਇਕ ਬਣ ਜਾਂਦੀ।

ਮਨਦੀਪ ਤਾਂ ਕਦੀ ਕਵੀਰ ਹੀ ਮਿਲਦੀ। ਉਸ ਦੇ ਜਿਊਣ ਦਾ ਅੰਦਾਜ਼ ਵੀ ਬਿਲਕੁਲ ਵੱਖਰਾ ਸੀ। ਉਸ ਦੀ ਪੋਸਟਿੰਗ ਘਰੋਂ ਪੈਂਤੀ ਚਾਲੀ ਮਿੰਟ ਦੀ ਵਾਟ ਉੱਤੇ ਸੀ। ਉਹਦਾ ਇਕ ਕੁਲੀਗ ਉਸ ਨੂੰ ਘਰੋਂ ਲੈ ਜਾਂਦਾ ਤੇ ਨਾਲੇ ਘਰੇ ਛੱਡ ਜਾਂਦਾ। ਇਸੇ ਲਈ ਨੂਰ ਉਸਨੂੰ ਛੇੜਦੀ ਵੀ ਰਹਿੰਦੀ ਸੀ। ਪਰ ਮਨਦੀਪ ਸੀ ਕਿ ਹੱਸ ਕੇ ਟਾਲ ਜਾਂਦੀ।

ਮਨਦੀਪ ਦੀ ਬੇਟੀ ਦਾ ਵਿਆਹ ਆ ਰਿਹਾ ਸੀ। ਮੁੰਡਾ ਅਮਰੀਕਾ ਦਾ ਪੱਕਾ ਨਿਵਾਸੀ ਸੀ। ਕੁੜੀ ਨੇ ਐਮ ਬੀ ਬੀ ਐਸ ਦਾ ਇਮਤਿਹਾਨ ਦੇ ਦਿੱਤਾ ਹੋਇਆ ਸੀ। ਖ਼ਰੀਦਦਾਰੀ, ਹਾਸੇ ਖੇੜੇ, ਨਵੇਂ ਸੂਟ ਸਵਾਉਣ ਵਾਲਾ ਮਾਹੌਲ, ਜ਼ਿੰਦਗੀ ਦੀ ਰਵਾਨੀ ਨੂੰ ਰਫ਼ਤਾਰ ਬਖ਼ਸ਼ ਰਿਹਾ ਸੀ।

ਮਨਦੀਪ ਅਤੇ ਨੂਰ ਲੋਕਲ ਹੋਣ ਕਾਰਨ ਅਕਸਰ ਜਾਂਦੀਆਂ ਆਉਂਦੀਆਂ ਮੇਰੇ ਵੱਲ ਆ ਜਾਂਦੀਆਂ। ਬੇਟੀ ਦੇ ਵਿਆਹ ਦੇ ਸੰਗੀਤ ਦਾ ਤਾਂ ਵੱਖਰਾ ਹੀ ਨਜ਼ਾਰਾ ਸੀ। ਅੱਜ ਕੱਲ੍ਹ ਦੇ ਰਿਵਾਜ ਅਨੁਸਾਰ ਸੁਹਾਗ ਗਾਉਣ ਅਤੇ ਸਿੱਠਣੀਆਂ ਦੇਣ ਦਿਵਾਉਣ ਲਈ ਪੂਰੀ ਟੀਮ ਪੇਸ਼ਕਾਰੀਆਂ ਕਰ ਰਹੀ ਸੀ। ਅਸੀਂ ਦੋਵੇਂ ਵੀ

ਸੰਗੀਤ ਦਾ ਆਨੰਦ ਲੈ ਰਹੇ ਸੀ। ਲੰਮੀ ਹੇਕ ਵਾਲੇ ਗੀਤ ਗਾਉਣ ਵਾਲੀ ਕੁੜੀ ਦਰ ਅਸਲ ਇਕ ਮੁੰਡਾ ਸੀ, ਇਹ ਮੇਰੇ ਲਈ ਹੋਰ ਅਚੰਭੇ ਵਾਲੀ ਗੱਲ ਸੀ।

ਤਿੰਨੋਂ ਸਹੇਲੀਆਂ ਕੋਕ ਪੀ ਰਹੀਆਂ ਸਨ। ਨੂਰ ਦੇ ਬੱਚੇ ਤਾਂ ਆਪ ਆਪਣੀ ਮਾਂ ਲਈ ਡਰਿੰਕ ਲਿਆ ਰਹੇ ਸਨ। ਖ਼ੂਬ ਹੱਲਾ-ਗੁੱਲਾ, ਰੌਣਕ -ਮੇਲਾ ਲੱਗਿਆ ਹੋਇਆ ਸੀ।

ਮੈਨੂੰ ਝਿਜਕਦਿਆਂ ਵੇਖ ਉਹ ਇਨ੍ਹਾਂ ਨੂੰ ਘੇਰ ਕੇ ਬਹਿ ਗਈਆਂ। ਗਿੱਧੇ ਦੇ ਪਿੜ ਵਿੱਚ ਗੇੜਾ ਦਿੰਦਿਆਂ ਕਾਲਜ ਦੀ ਗਿੱਧਾ ਟੀਮ ਵਾਲੀਆਂ ਸਾਰੀਆਂ ਬੋਲੀਆਂ ਮੈਨੂੰ ਚੇਤੇ ਆ ਗਈਆਂ ਸਨ।

ਵਿਆਹ ਵਾਲੇ ਦਿਨ ਆਨੰਦ ਕਾਰਜ ਉਪਰੰਤ ਲੋਕਾਂ ਨੂੰ ਮਿਲਦੀ ਗਿਲਦੀ ਵੀ ਮਨਦੀਪ ਜਸਨੀਤ ਤੇ ਨੂਰ ਦੇ ਗਿਲਾਸ ਵਿੱਚੋਂ ਕੋਕ ਪੀਣ ਆ ਜਾਂਦੀ। ਕੋਕ -ਕੋਕ ਕਰਦਿਆਂ ਉਹਨਾਂ ਮੈਨੂੰ ਵੀ ਦੋ ਚਾਰ ਘੁੱਟਾਂ ਪਿਆ ਦਿੱਤੀਆਂ। ਸਭ ਚੰਗਾ ਚੰਗਾ ਲੱਗ ਰਿਹਾ ਸੀ। ਡੋਲੀ ਤੋਰਨ ਵੇਲੇ ਤੱਕ ਮਨਦੀਪ ਦੇ ਪੈਰ ਡਗਮਗਾਉਣ ਲੱਗ ਪਏ, ਪਤਾ ਨਹੀਂ ਕੋਕ ਵਿਚਲੀ ਵਿਸਕੀ ਦੀ ਵਾਧ ਘਾਟ ਸੀ ਜਾਂ ਉਂਜ ਹੀ ਭਾਵਨਾਵਾਂ ਦੀ ਸਿਖਰ, ਖ਼ੁਸ਼ੀ, ਚਾਅ...। ਚਲੋ, ਉਹ ਜਾਣੇ, ਸਭ ਸੁੱਖ ਸੁੱਖਾਂ ਨਾਲ ਨਿੱਬੜ ਗਿਆ।

ਕਈ ਦਿਨ ਲੰਘ ਗਏ। ਕੁਝ ਬਾਹਰੋਂ ਗੈਸਟ ਆਏ ਹੋਣ ਕਾਰਨ ਸਮਾਂ ਨਾ ਮਿਲਿਆ..., ਕੁਝ ਮਨਦੀਪ ਵੀ ਪ੍ਰਾਹੁਣਿਆਂ ਨੂੰ ਤੋਰਨ ਵਿਚ ਮਸ਼ਰੂਫ਼ ਸੀ।

ਜਿਹੜੀ ਵਿਹਲੀ ਹੁੰਦੀ ਦੂਜੀ ਨੂੰ ਫੋਨ ਕਰ ਲੈਂਦੀ। ਜ਼ਿੰਦਗੀ ਦੀ ਰਫ਼ਤਾਰ ਕਦੀ ਧੀਮੀ ਗਤੀ ਤੇ ਕਦੀ ਕਦਾਈਂ ਤੇਜ਼ਮ- ਤੇਜ਼ ਚੱਲਦੀ ਚਲੀ ਜਾ ਰਹੀ ਸੀ ।

ਅੱਜ ਜਸਨੀਤ ਨੇ ਆਉਣਾ ਸੀ। ਮਿੰਟੋ ਮਿੰਟੀ ਡਿਨਰ ਦਾ ਪ੍ਰੋਗਰਾਮ ਬਣ ਗਿਆ। ਇਹਨਾਂ ਨੂੰ ਵੀ ਕੀ ਉਜਰ ਸੀ। ਹੁਣ ਤਾਂ ਅਸੀਂ ਸਾਰੇ ਪਰਿਵਾਰਕ ਰਿਸ਼ਤਿਆਂ ਵਿੱਚ ਵਿਚਰ ਰਹੇ ਸਾਂ।

ਅਸੀਂ ਚਾਰੋ ਇੱਕੋ ਕਾਰ ਵਿੱਚ ਗੱਲਾਂ ਮਾਰਦੀਆਂ, ਇੱਕ ਦੂਜੀ ਨੂੰ ਛੇੜਦੀਆਂ ਜਾ ਰਹੀਆਂ ਸਾਂ। ਮੇਰੇ ਲਈ ਇਹ ਵੀ ਨਵਾਂ ਤਜ਼ਰਬਾ ਸੀ। ਸਹੇਲੀਆਂ ਨਾਲ ਡਿਨਰ ਤੇ ਜਾਣਾ। ਚੰਗਾ ਚੰਗਾ ਲੱਗ ਰਿਹਾ ਸੀ ਸਭ... ਆਜ਼ਾਦੀ... ਸਾਹ ਲੈਣ ਦੀ...।

ਅਸੀਂ ਅਜੇ ਮੈਨਿਊ ਹੀ ਵੇਖ ਰਹੀਆਂ ਸਾਂ ਕਿ ਦੋ ਜਾਣੇ ਸਾਡੇ ਟੇਬਲ ਕੋਲ ਆ ਪਹੁੰਚੇ। ਪਿੱਠ ਹੋਣ ਕਰਕੇ ਮੈਨੂੰ ਅਹਿਸਾਸ ਨਹੀਂ ਹੋਇਆ। ਮਨਦੀਪ ਤੇ ਨੂਰ ਦੇ ਜਾਣੂ ਸਨ ਉਹ...। ਅਚਾਨਕ ਮਿਲੇ ਹੋਣ ਕਰਕੇ ਇਕ ਦੂਜੇ ਨੂੰ ਜਾਣੂ ਕਰਵਾਉਣ ਦੀ ਰਸਮੀ ਕਾਰਵਾਈ ਉਪਰੰਤ ਉਹ ਵੀ ਸਾਡੀ ਟੇਬਲ ਤੇ ਹੀ ਆਣ ਬੈਠੇ।

ਮੇਰੀ ਹਾਲਤ ਤਾਂ ਵੇਖਣ ਵਾਲੀ ਹੀ ਸੀ, ਡਰ ਦੇ ਅਹਿਸਾਸ ਨੇ ਮੈਨੂੰ ਸਿਰ ਤੋਂ ਪੈਰਾਂ ਤੀਕ ਘੇਰ ਲਿਆ ਹੋਇਆ ਸੀ। ਉਹ ਦੋਵੇਂ ਸੁਹਣੇ ਸੁਨੱਖੇ ਸਨ, ਪਤਾ ਨਹੀਂ ਇਹਨਾਂ ਨੇ ਮਿੱਥ ਕੇ ਬੁਲਾਇਆ ਸੀ ਜਾਂ ਫਿਰ ਅਚਾਨਕ ਹੀ ਮੌਕਾ ਮੇਲ ਹੋ ਗਿਆ।

ਸ਼ੁਕਰ ਸ਼ੁਕਰ ਕਰਦਿਆਂ ਰੋਟੀ ਦਾ ਟੰਟਾ ਮੁਕਿਆ। ਦੋ-ਦੋ ਤਿੰਨ-ਤਿੰਨ ਪੈਗ ਪੀਣ ਤੋਂ ਬਾਅਦ ਵੀ ਉਹ ਤਿੰਨੋਂ ਪੂਰੀਆਂ ਕਾਇਮ ਸਨ। ਮਨਦੀਪ ਨੇ ਕਾਰ ਚਲਾਉਣੀ ਸੀ, ਉਸ ਦਾ ਹੋਸ਼ ਵਿੱਚ ਰਹਿਣਾ ਵੀ ਜ਼ਰੂਰੀ ਸੀ।

ਇਹ ਤਾਂ ਮੈਨੂੰ ਹੀ ਲੱਗ ਰਿਹਾ ਸੀ ਕਿ ਉਹਨਾਂ ਨੇ ਪੀਤੀ ਹੈ, ਗੱਲਾਂ ਤਾਂ ਉਹ ਓਵੇਂ ਹੀ ਕਰ ਰਹੀਆਂ ਸਨ, ਹਾਂ ਹਾਸਾ ਥੋੜ੍ਹਾ ਉੱਚਾ ਹੋ ਜਾਂਦਾ।

ਮੇਰੇ ਲਈ ਤਾਂ ਇਹ ਵੀ ਨਵਾਂ ਹੀ ਤਜ਼ਰਬਾ ਸੀ। ਵਿਆਹੇ ਵਰੇ ਸਾਰੇ... ਫੇਰ ਕੀ ਹੋਇਆ, ਹੱਸ ਖੇਡ ਲਿਆ, ਇਕੱਠੇ ਰੋਟੀ ਖਾ ਲਈ... ਪਰਿਵਾਰਾਂ ਪ੍ਰਤੀ ਜਿੰਮੇਵਾਰੀਆਂ ਤਾਂ ਓਵੇਂ ਦੀਆਂ ਓਵੇਂ ਹੀ ਹਨ।

ਕਿਹੜੀਆਂ ਕਿਸੇ ਨੇ ਕਿਸੇ ਦੀਆਂ ਲੂਲਾਂ ਲਾਹ ਲਈਆਂ। ਮੈਂ ਹੀ ਸੰਕੀਰਣ ਸੋਚ ਵਾਲੀ ਹਾਂ। ਐਡਾ

ਵੱਡਾ ਸ਼ਹਿਰ ਹੈ... ਕੀ ਪਤਾ ਕਿਹੜਾ ਬੰਦਾ ਕਿਸੇ ਦੀ ਬੀਵੀ ਨਾਲ ਬੈਠਾ...।

ਰਾਤ ਗਈ ਬਾਤ ਗਈ... ਜੇ ਗੱਲ ਇਥੋਂ ਤੱਕ ਰਹਿੰਦੀ ਤਾਂ ਕੋਈ ਗੱਲ ਨਹੀਂ ਸੀ। ਦੋ-ਤਿੰਨ ਦਿਨਾਂ ਬਾਅਦ ਮੈਨੂੰ ਅਣਜਾਣ ਨੰਬਰ ਤੋਂ ਫੋਨ ਆਇਆ।

"ਹੈਲੋ, ਮੈਂ ਬਲਰਾਜ ਬੋਲਦਾ। ਤੁਸੀਂ ਗੁੱਸਾ ਤਾਂ ਨਹੀਂ ਕੀਤਾ, ਉਸ ਦਿਨ... ਤੁਹਾਡਾ ਸੁਭਾਅ ਮੈਨੂੰ ਬਹੁਤ ਵਧੀਆ ਲੱਗਿਆ। ਮੈਂ ਕਿਹਾ ਥੈਂਕਸ ਕਰ ਦਿਆਂ।" ਇਧਰਲੀਆਂ ਓਧਰਲੀਆਂ ਮਾਰਦਿਆਂ ਉਹ ਕਰੀਬੀ ਹੋਣ ਵਾਲਾ ਅਹਿਸਾਸ ਦਰਸਾ ਰਿਹਾ ਸੀ।

ਰਸਮੀ ਜਿਹੀ ਗੱਲਬਾਤ ਨਾਲ ਮੈਂ ਹੂੰ-ਹਾਂ ਕਰਦਿਆਂ ਫੋਨ ਬੰਦ ਕਰ ਦਿੱਤਾ। ਕੋਈ ਦਾਲ ਨਾ ਗਲ਼ਦੀ ਵੇਖ ਉਹ ਵੀ ਚੁੱਪ ਹੋ ਗਿਆ।

ਇਹ ਜ਼ਰੂਰ ਮਨਦੀਪ ਦੀ ਕਾਰਸਤਾਨੀ ਹੋਣੀ ਐ... ਓਸੇ ਨੇ ਹੀ ਬਲਰਾਜ ਨੂੰ ਮੇਰਾ ਨੰਬਰ ਦਿੱਤਾ ਹੋਣਾ। ਦਿਲ ਤਾਂ ਕੀਤਾ ਕਿ ਮਨਦੀਪ ਨੂੰ ਬੁਰਾ-ਭਲਾ ਕਹਾਂ, ਪਰ ਚਲੋ... ਬੰਦਿਆਂ ਦੀ ਤਾਂ ਆਦਤ ਹੁੰਦੀ ਹੈ, ਫਲਰਟਿੰਗ ਕਰਨ ਦੀ...।

"ਜ਼ਿੰਦਗੀ ਨੇ ਤਾਂ ਲੰਘ ਹੀ ਜਾਣਾ, ਅਕਾਊ ਜਿਹੀ ਹੈ ਇਹ...। ਇਹ ਵੀ ਭਲਾ ਕੀ ਗੱਲ ਹੋਈ ਨੌਕਰੀ ਤੇ ਜਾਓ ਬੱਚੇ ਪਾਲੋ, ਵੱਡੇ ਕਰੋ, ਪੜ੍ਹਾਓ, ਫਿਰ ਉਹਨਾਂ ਨੂੰ ਤੋਰ ਦਿਓ। ਸਭਨਾਂ ਦੀ ਆਪੋ-ਆਪਣੀ ਜ਼ਿੰਦਗੀ...। ਡਾਕਟਰ ਸਾਹਿਬ ਦਾ ਕਲੀਨਿਕ ਵੀ ਘੰਟੇ ਦੀ ਵਾਟ ਤੇ ਸੀ। ਉਹਨਾਂ ਦੇ ਮਰੀਜ਼ ਓਸੇ ਏਰੀਏ ਦੇ ਸਨ ਜਿੱਥੇ ਪਹਿਲਾਂ ਉਹ ਰਹਿੰਦੇ ਸਨ। ਸ਼ਹਿਰ ਬਦਲ ਗਿਆ ਪਰ ਕਲੀਨਿਕ ਓਥੇ ਹੀ ਰਿਹਾ। ਬੱਚਿਆਂ ਦੀ ਪੜ੍ਹਾਈ ਤੇ ਉਹ ਵੀ ਮੈਡੀਕਲ... ਵੱਡੇ ਸ਼ਹਿਰ 'ਚ ਤਾਂ ਰਹਿਣਾ ਹੀ ਪੈਣਾ ਸੀ।" ਮਨਦੀਪ ਉਦਾਸ ਹੋ ਕੇ ਜਦੋਂ ਆਖਦੀ ਤਾਂ ਮੈਨੂੰ ਲਗਦਾ ਕਿ ਇਸ ਨੇ ਵੀ ਖੁਸ਼ ਹੋਣ ਦਾ ਅਹਿਸਾਸ ਹੀ ਪਾਲਿਆ ਹੋਇਆ। ਧੁਰ ਅੰਦਰੋਂ ਤਾਂ ਹਰ ਔਰਤ ਉਦਾਸ ਹੀ ਹੁੰਦੀ ਹੈ।

"ਘਰ ਦੀ ਮੁਰਗੀ ਦਾਲ ਬਰਾਬਰ, ਆਪਣੀ ਬੀਵੀ ਦਾ ਕੀ ਹੈ, ਪੂਰਨ ਅਧਿਕਾਰ.. ਜਦੋਂ ਚਾਹੇ ਨਾਲ ਸੌਂ ਲਓ।" ਨੂਰ ਨੇ ਵੀ ਉਸ ਦਾ ਸਾਥ ਦਿੰਦਿਆ ਕਿਹਾ।

"ਜਦੋਂ ਦਾ ਸਨੀ ਨੂੰ ਕੈਂਸਰ ਹੋਇਆ, ਘਰ ਦੀ ਸਾਰੀ ਜਿੰਮੇਵਾਰੀ ਮੇਰੇ ਤੇ ਆ ਪਈ ਏ। ਇਥੋਂ ਤੱਕ ਕਿ ਪਿੰਡੋਂ ਠੇਕਾ ਲਿਆਉਣਾ ਹੋਵੇ ਤਾਂ ਵੀ ਮੈਂ ਹੀ ਬੇਟੇ ਨੂੰ ਨਾਲ ਲੈ ਕੇ ਜਾਂਦੀ ਹਾਂ।" ਨੂਰ ਅਜੇ ਵੀ ਬੋਲੀ ਜਾ ਰਹੀ ਸੀ।

"ਆਪਾਂ ਤਾਂ ਮੌਜ ਨਾਲ ਦੋ-ਤਿੰਨ ਪੈਗ ਲਾਈਦੇ ਸ਼ਾਮ ਨੂੰ, ਨਹੀਂ ਤਾਂ ਮੈਂ ਹੁਣ ਤੱਕ ਕੰਮਾਂ ਤੇ ਫ਼ਿਕਰਾਂ ਨਾਲ ਹੀ ਮਰ ਗਈ ਹੁੰਦੀ।" ਨੂਰ ਲਾਪਰਵਾਹੀ ਨਾਲ ਬੋਲਦੀ ਜਾ ਰਹੀ ਸੀ।

"ਤੂੰ ਵੀ ਬਹੁਤਾ ਫ਼ਿਕਰ ਨਾ ਕਰਿਆ ਕਰ, ਸੋਚਿਆ ਨਾ ਕਰ ਜ਼ਿਆਦਾ, ਕਿਸੇ ਨੇ ਕੋਈ ਤਗਮਾ ਨਹੀਂ ਦੇ ਦੇਣਾ। ਤੂੰ ਨਿਝਨਵੇਂ ਚੰਗੇ ਕੰਮ ਕਰ ਲੈ, ਜਦੋਂ ਪਹਿਲੀ ਗਲਤੀ ਕੀਤੀ, ਨਿਝਨਵੇਂ ਕੈਂਸਲ ਹੋ ਜਾਣੇ। ਬਹੁਤ ਨਹੀਂ ਸੋਚੀਦਾ... ਹੱਸ ਖੇਡ ਕੇ ਕੱਟ ਲੈਣੀ ਚਾਹੀਦੀ।" ਨੂਰ ਹੁਣ ਮੇਰੇ ਦੁਆਲੇ ਹੋ ਗਈ ਸੀ।

ਪਰ ਮੇਰਾ ਚੰਦਰਾ ਮਨ, ਇਸ ਮਨ ਦਾ ਕੀ ਕਰਾਂ, ਚਾਹ ਕੇ ਵੀ ਲਕਸ਼ਮਣ ਰੇਖਾ ਪਾਰ ਨਹੀਂ ਸਾਂ ਕਰ ਸਕਦੀ।

ਚੰਗਾ ਤਾਂ ਲੱਗਿਆ ਸੀ ਮੈਨੂੰ ਵੀ...। ਹੱਸਣਾ ਖੇਡਣਾ ਤਾਂ ਕੋਈ ਮਾੜੀ ਗਲ ਨਹੀਂ। ਇੱਥੇ ਸਕੂਲ ਵਿੱਚ ਵੀ ਤਾਂ ਅਸੀਂ ਸਾਰੇ ਕੁਲੀਗਜ਼ ਇੱਕਠੇ ਚਾਹ ਪੀ ਲਈਦੀ ਏ।

'ਮੈਂ ਐਵੇ ਹੀ ਕਾਂਸ਼ੀਅਸ ਹੋ ਰਹੀ ਹਾਂ। ਕੋਈ ਗਲਤ ਨਹੀਂ ਕੀਤਾ, ਕਿਸੇ ਨੇ ਵੀ... ਨਾ ਮੈਂ ਨਾ ਉਹਨਾਂ ਨੇ...। ਕਿਹੜੀ ਸਦੀ ਵਿੱਚ ਜੀਅ ਰਹੇ ਆ ਅਸੀਂ। ਓਹੀ ਦਕੀਆ-ਨੂਸੀ ਗੱਲਾਂ...।' ਮੈਂ ਆਪਣੀਆਂ ਹੀ

ਦੁਚਿੱਤੀਆਂ ਨੂੰ ਝਾੜ ਰਹੀ ਸਾਂ।

ਭਾਵੇਂ ਅਸੀਂ ਓਦੋਂ ਚੰਡੀਗੜ੍ਹ ਰਹਿੰਦੇ ਸਾਂ, ਪਰ ਮੈਨੂੰ ਯਾਦ ਐ ਜਦੋਂ ਮੈਂ ਨਿੱਕੀ ਜਿਹੀ ਹੁੰਦੀ ਸਾਂ ਤਾਂ ਨਾਨਕੇ ਪਿੰਡ ਜਾਣ ਤੇ ਮਾਮਾ ਜੀ ਨੇ ਮੇਰੇ ਫਰਾਕ ਪਾਉਣ ਤੇ ਮੰਮੀ ਨੂੰ ਕਹਿਣਾ, "ਆਹ ਕੀ ਕੁੜੀ ਦੀਆਂ ਲੱਤਾਂ ਨੰਗੀਆਂ ਰੱਖੀਆਂ ਆ। ਕੋਈ ਢੰਗ ਦੇ ਕੱਪੜੇ ਨਹੀਂ ਪਾਈਦੇ...।"

ਪੰਜਾਂ ਭੈਣਾਂ ਦਾ ਇਕੋ ਭਰਾ, ਸਾਰਾ ਦਿਨ ਭੈਣਾਂ ਨੂੰ ਦਬਕੇ ਮਾਰਦਾ ਰਹਿੰਦਾ। ਮਜਾਲ ਆ ਕਿਤੇ ਭੈਣਾਂ ਦੇ ਸਿਰੋਂ ਚੁੰਨੀ ਲਹਿ ਜਾਵੇ। ਜੇ ਕਿਤੇ ਕਿਸੇ ਮਾਸੀ ਨੇ ਕੋਠੇ ਤੇ ਚੜ੍ਹਨਾ ਤਾਂ ਦੂਰੋਂ ਵੀਰ ਆਉਂਦਾ ਵੇਖ, ਹੇਠਾਂ ਉੱਤਰ ਆਉਣਾ।

ਕਾਲਜ ਪੜ੍ਹਦਿਆਂ ਵੀ ਮਾਂ ਪਿਓ ਦੇ ਵਿਸ਼ਵਾਸ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਨੇ ਕਦੀ ਕੋਈ ਗਲਤੀ ਕਰਨ ਹੀ ਨਾ ਦਿੱਤੀ।

ਅੱਜ ਸੋਚਦੀ ਹਾਂ, ਕਿੰਨੇ ਚੰਗੇ ਦਿਨ ਸੀ ਓਦੋਂ, ਲੋਕੀਂ ਤਾਂ ਓਦੋਂ ਵੀ ਪਿਆਰ ਕਰਦੇ ਸਨ। ਜੋੜੀਆਂ ਬਣੀਆਂ ਹੁੰਦੀਆਂ ਸਨ।

ਅੱਜ ਪਤਾ ਨਹੀਂ ਕਿਉਂ ਉਹ ਸਾਰੇ ਮੁੰਡੇ ਯਾਦ ਆ ਰਹੇ ਸਨ... ਜਿੰਨਾ ਦੀਆਂ ਅੱਖਾਂ ਵਿੱਚ ਪਿਆਰ ਦੇ ਸੁਪਨੇ ਤੈਰਦੇ ਰਹੇ ਸਨ।

ਮੁੰਡੇ ਦੇ ਤਾਂ ਵੇਖਣ ਤੋਂ ਹੀ ਪਤਾ ਲਗ ਜਾਂਦਾ ਸੀ ਕਿ ਉਹ ਕੀ ਚਾਹੁੰਦਾ, ਪਰ ਨੀਵੀਂ ਪਾ ਕੇ ਕੋਲੋਂ ਲੰਘ ਜਾਣਾ ਹੀ ਆਉਂਦਾ ਸੀ।

ਓਹ ਰੋਲ ਨੰਬਰ ਚੌਵੀ ਯਾਦ ਆ ਗਿਆ। ਕਿੱਡੀ ਭੋਲੀ ਹੁੰਦੀ ਸੀ ਮੈਂ ਓਦੋਂ। ਅਜੇ ਕਲਾਸਾਂ ਸ਼ੁਰੂ ਹੋਇਆਂ ਨੂੰ ਕੁਝ ਦਿਨ ਹੀ ਹੋਏ ਸਨ ਜਦੋਂ ਇਕ ਦਿਨ ਨੋਟਸ ਲੈਣ ਦੇ ਬਹਾਨੇ ਉਸ ਨੇ ਮੇਰੀ ਕਾਪੀ ਵਿੱਚ ਚਿੱਠੀ ਪਾ ਕੇ ਦਿੱਤੀ।

ਘਰੇ ਜਾ ਕੇ ਜਦੋਂ ਕਾਪੀ ਖੋਲ੍ਹੀ ਤਾਂ ਚਿੱਠੀ.... ਦੂਸਰੇ ਦਿਨ ਮੈਂ ਸਾਰੀ ਕਲਾਸ ਵਿੱਚ ਰੌਲਾ ਪਾ ਦਿੱਤਾ। ਇਹਦੀ ਹਿੰਮਤ ਕਿਵੇਂ ਹੋਈ, ਮੈਨੂੰ ਚਿੱਠੀ ਲਿਖਣ ਦੀ...।

ਬਹੁਤਾ ਹੀ ਸੈਂਟੀ ਸੀ ਉਹ, ਬੜੇ ਹਾੜੇ ਕੱਢੇ ਸੁਨੇਹੇ ਭੇਜੇ ਕਿ ਇੱਕ ਵਾਰ ਮਿਲ ਲਵੇ, ਮੈਂ ਓਹਦੇ ਘਰਦਿਆਂ ਨਾਲ ਵਿਆਹ ਦੀ ਗੱਲ ਕਰ ਲਵਾਂਗਾ। ਕਲਾਸ 'ਚ ਆਉਂਦੇ ਜਾਂਦੇ ਮੈਨੂੰ ਉਸਦੀਆਂ ਨਜ਼ਰਾਂ ਚੁਭਦੀਆਂ ਰਹਿੰਦੀਆਂ। ਪਹਿਲੇ ਬੈਂਚ ਤੇ ਬਹਿਣਾ ਤਾਂ ਕਿ ਉਸ ਤੇ ਨਜ਼ਰ ਹੀ ਨਾ ਪਵੇ... ਚੁੰਨੀ ਨੂੰ ਖਲਾਰ ਕੇ ਬੁਕੱਲ ਮਾਰ ਕੇ ਰੱਖਣਾ, ਕਿ ਕਿਤੇ ਕੁੜਤੇ ਵਿੱਚੋਂ ਹੇਠਲੇ ਕੱਪੜੇ ਵੀ ਨਾ ਦਿਸਣ। ਹੁਣ ਮੇਰਾ ਕੀ ਕਸੂਰ... ਮੈਂ ਹਾਂ ਹੀ ਏਹੋ ਜਿਹੀ। ਉਹ ਵਿਚਾਰਾ ਪੜ੍ਹਾਈ ਹੀ ਛੱਡ ਗਿਆ।

ਮੈਂ ਵੀ ਕਿਹੜੀਆਂ ਬੁਣਤੀਆਂ ਵਿੱਚ ਪੈ ਗਈ। ਉਸ ਜ਼ਮਾਨੇ ਤੇ ਹੁਣ ਦੇ ਜ਼ਮਾਨੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਐ। ਲਵ ਮੈਰਿਜ, ਲਿਵ ਇਨ ਰਿਲੇਸ਼ਨਸ਼ਿਪ ਕਿੰਨਾ ਕੁਝ ਹੈ, ਦੁਆਲੇ ਵਿੱਚ ਖਿਲਰਿਆ ਪਿਆ। ਮੈਂ ਆਪਣੇ ਆਪ ਨਾਲ ਹੀ ਸੰਵਾਦ ਰਚਾ ਲਿਆ ਹੋਇਆ ਸੀ।

ਪਿੱਤਰੀ ਸੱਤਾ ਦਾ ਤਾਂ ਰੌਲਾ ਹੁੰਦਾ ਹੀ ਐ, ਆਹ ਮੈਂ ਆਪਣੇ ਆਪ ਤੇ ਹੀ ਖਾਸੀਆਂ ਪਾਬੰਦੀਆਂ ਲਾਈਆਂ ਹੋਈਆ ਨੇ।

ਉਸ ਦਿਨ ਐਤਵਾਰ ਸੀ ਪਰ ਸਕੂਲ ਵਿੱਚ ਚੁਣਾਵੀ ਪ੍ਰੀਖਿਆ ਕਾਰਨ ਮੇਰੀ ਵੀ ਡਿਊਟੀ ਲੱਗੀ ਹੋਈ ਸੀ। ਪੇਪਰ ਸ਼ੁਰੂ ਹੋਇਆ ਈ ਸੀ ਕਿ ਸਾਹਮਣੇ ਬਲਰਾਜ ਤੁਰਿਆ ਆ ਰਿਹਾ ਸੀ। ਸ਼ਰਾਰਤੀ ਜਿਹੀ ਮੁਸਕਰਾਹਟ ਨਾਲ ਮੇਰੇ ਨੇੜੇ ਆਉਂਦਿਆਂ ਹੀ ਬੋਲਿਆ, "ਵੇਖ ਲਓ, ਤੁਹਾਨੂੰ ਲੱਭ ਲਿਆ ਨਾ। ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਐ। ਕਿੰਨੇ ਦਿਨ ਹੋ ਗਏ ਤੁਹਾਨੂੰ ਯਾਦ ਕਰਦਿਆਂ।"

"ਅੱਛਾ, ਤਾਂ ਫਿਰ ਆ ਜਾਣਾ ਸੀ, ਰੋਕਿਆ ਕਿਸ ਨੇ ਸੀ।" ਮੈਂ ਵੀ ਮਜ਼ਾਕ ਦੇ ਮੂਡ ਵਿੱਚ ਸਾਂ।

"ਡਰਦਾ ਸਾਂ, ਤੁਸੀਂ ਕਿਤੇ ਗੁੱਸਾ ਹੀ ਨਾ ਕਰ ਲਓ।" ਉਸ ਮੇਰੇ ਹੋਰ ਨੇੜੇ ਹੁੰਦਿਆਂ ਕਿਹਾ।

"ਤੁਸੀਂ ਮਨਦੀਪ ਦੇ ਨੇੜੇ ਹੋ ਤਾਂ ਮੇਰੇ ਵੀ ਦੋਸਤ ਹੋਏ, ਕੋਈ ਗੱਲ ਨਹੀਂ ਮੈਂ ਮਨਦੀਪ ਨੂੰ ਫੋਨ ਕਰਕੇ ਬੁਲਾ ਲੈਂਦੀ ਆਂ।" ਮੈਂ ਹੱਸਦਿਆਂ ਕਿਹਾ।

"ਓਹ, ਨਹੀਂ-ਨਹੀਂ ਮੇਰੀ ਤਾਂ ਅੱਜ ਇਥੇ ਡਿਊਟੀ ਸੀ ਸੈਂਟਰ ਚੈਕ ਕਰ ਰਿਹਾ ਸਾਂ।" ਉਹ ਅਚਕਚਾ ਗਿਆ ਸੀ।

"ਚਲੋ ਕੋਈ ਗੱਲ ਨਹੀਂ ਮੈਂ ਉਸ ਨੂੰ ਤੁਹਾਡੇ ਆਉਣ ਬਾਰੇ ਦੱਸ ਦਿਆਂਗੀ।" ਮੈਂ ਉਥੋਂ ਤੁਰਨਾ ਮੁਨਾਸਿਬ ਸਮਝਿਦਆਂ ਕਿਹਾ ।

"ਆਹ ਵੇਖ ਲਾ, ਤੇਰੇ ਆਲਾ ਮੇਰੇ ਤੇ ਟ੍ਰਾਈਆਂ ਮਾਰਦਾ, ਹਟਾ ਲੈ ਏਹਨੂੰ, ਐਵੇਂ ਮੈਥੋਂ ਮਾਰ ਖਾ ਲਊ।" ਮੈਂ ਮਨਦੀਪ ਨੂੰ ਛੇੜਦਿਆਂ ਉਲਾਹਮਾ ਦਿੰਦਿਆਂ ਕਿਹਾ।

"ਬੰਦਿਆਂ ਨੂੰ ਐਵੇਂ ਹੀ ਮੂੰਹ ਮਾਰਨ ਦੀ ਆਦਤ ਹੁੰਦੀ ਹੈ। ਕਾਸਾ ਲਈ ਫਿਰੀ ਜਾਓ ਕਿਧਰਿਓਂ ਤਾਂ ਖੈਰ ਪਊਗੀ।" ਨੂਰ ਪੂਰੀ ਖਿਝੀ ਹੋਈ ਸੀ।

ਵੈਸੇ ਹੁਣ ਮੈਨੂੰ ਉਹਨਾਂ ਤਿੰਨਾਂ ਦੀ ਸਮਝ ਆ ਗਈ ਹੋਈ ਸੀ। ਭਕਾਈ ਬਹੁਤੀ ਮਾਰਦੀਆਂ। ਚਿੱਤ ਨੂੰ ਅੜਾਉਣੀ ਜਿਹੀ ਲਾ ਛੱਡਣੀ। ਟਾਈਮ ਪਾਸ... ਮੈਂ ਵੀ ਉਹਨਾਂ ਦੀ ਆਦੀ ਹੋ ਗਈ ਸਾਂ। ਫੋਨਾਂ 'ਤੇ ਗੱਲਾਂ ਕਰਦਿਆਂ ਇਕ ਦੂਜੇ ਵੱਲ ਆਉਂਦੇ ਜਾਂਦਿਆਂ ਸਮਾਂ ਵਧੀਆ ਲੰਘਦਾ। ਕਦੀ ਦਾਅ ਲਗਦਾ ਤਾਂ ਉਹ ਤਿੰਨੋਂ ਇਧਰ ਓਧਰ ਘੁੰਮ ਫਿਰ ਵੀ ਆਉਂਦੀਆਂ। ਉਹਨਾਂ ਦੀਆਂ ਗੱਲਾਂ ਸੁਨਣ ਦਾ ਚਸਕਾ ਜਿਹਾ ਤਾਂ ਮੈਨੂੰ ਵੀ ਪੈ ਹੀ ਗਿਆ ਸੀ।

ਸਨੀ ਦੀ ਤਬੀਅਤ ਖ਼ਰਾਬ ਹੁੰਦੀ ਤਾਂ ਨੂਰ ਉਸਦਾ ਪੂਰਾ ਧਿਆਨ ਰੱਖਦੀ, ਡਾਕਟਰ ਦੇ ਲੈ ਜਾਂਦੀ। ਸਿਰੜੀ ਸੀ, ਬਹਾਦਰ ਵੀ, ਕੋਈ ਰਿਸ਼ਤੇਦਾਰ ਭੈਣ ਭਰਾ ਬਾਂਹ ਨਹੀਂ ਫੜਦਾ। ਸ਼ਾਇਦ ਨਾਨਕਿਆਂ ਵਿੱਚ ਸਾਰੇ ਬਾਹਰ ਸਨ। ਨੂਰ ਦੇ ਮਾਪੇ ਤਾਂ ਨਿੱਕੀ ਹੁੰਦੀ ਦੇ ਮਰ ਗਏ ਸਨ। ਮਾਸੀ ਨੇ ਪਾਲਿਆ, ਵਿਆਹਿਆ ਤੇ ਹੁਣ ਸਨੀ ਦੀ ਬੀਮਾਰੀ।

"ਸ਼ਰੀਕ ਤਾਂ ਜ਼ਮੀਨ ਦੱਬਣ ਨੂੰ ਫਿਰਦੇ ਹੁੰਦੇ ਨੇ, ਮੈਂ ਤਾਂ ਇਸੇ ਲਈ ਕਿਸੇ ਨਾਲ ਮਿਲਵਰਤਣ ਹੀ ਨਹੀਂ ਰੱਖਿਆ। ਬਸ ਜਿਸ ਦਿਨ ਸਨੀ ਕੁਝ ਠੀਕ ਹੋਇਆ ਜ਼ਮੀਨ ਹੀ ਵੇਚ ਆਉਣੀ ਏ। ਪੈਸੇ ਤਾਂ ਬੱਚਿਆਂ ਦੇ ਕੰਮ ਆਉਣਗੇ। ਜ਼ਮੀਨ ਦੀਆਂ ਲੜਾਈਆਂ ਸਾਥੋਂ ਨਹੀਂ ਲੜੀਆਂ ਜਾਣੀਆਂ।" ਬੇਜ਼ਾਰ ਜਿਹੀ ਹੋਕੇ ਉਹ ਕਹਿੰਦੀ।

ਕਦੀ ਕਦਾਈ ਨੂਰ ਵਰਿੰਦਰ ਨੂੰ ਫੋਨ ਕਰ ਲੈਂਦੀ। ਕੋਈ ਜ਼ਰੂਰੀ ਕੰਮ ਹੋਵੇ ਤਾਂ ਬਲਰਾਜ ਤੋਂ ਵੀ ਸਲਾਹ ਲੈ ਲੈਂਦੀ। ਅਕਸਰ ਉਹਨਾਂ ਦੇ ਫੋਨ ਆਉਂਦੇ ਜਾਂਦੇ।

ਬਲਰਾਜ ਦੇ ਜਿੱਦ ਕਰਨ ਤੇ ਉਹ ਮੇਰੇ ਨਾਲ ਵੀ ਗੱਲ ਕਰਵਾ ਦਿੰਦੀ। ਉਹ ਵੀ ਐਵੇਂ ਹੀ ਇੱਧਰ ਉੱਧਰ ਦੀਆਂ ਮਾਰਦਾ ਰਹਿੰਦਾ।

ਬੰਦਾ-ਤੀਵੀਂ ਦੋਸਤ ਵੀ ਤਾਂ ਹੋ ਸਕਦੇ ਨੇ। ਇਸ ਵਿੱਚ ਹਰਜ਼ ਵੀ ਕੀ ਐ... ਕੋਈ ਕਿਸੇ ਨੂੰ ਮੂੰਹ 'ਚ ਤਾਂ ਨਹੀਂ ਪਾ ਲੈਂਦਾ। ਉਝ ਵੀ ਤਾਂ ਅਸੀਂ ਕੰਮਾਂ ਕਾਰਾਂ ਲਈ ਸੌ ਲੋਕਾਂ ਨੂੰ ਮਿਲਦੇ ਆਂ। ਮੇਰੇ ਅੰਦਰਲੀ ਘੜਮੱਸ, ਦੁਚਿੱਤੀ, ਅਚਵੀ ਤੇ ਹੋਰ ਪਤਾ ਨਹੀਂ ਕਿੰਨਾ ਕੁਝ...।

ਕੁਝ ਤਾਂ ਸੀ ਬਲਰਾਜ ਵਿੱਚ, ਗੱਲਾਂ ਕਿੰਨੀਆਂ ਸੁਹਣੀਆਂ ਕਰਦਾ। ਮਿੱਠੀਆਂ ਮਿੱਠੀਆਂ ਮਾਰਦਾ ਰਹਿੰਦਾ। ਮੈਨਰਡ ਆ ਨਾਲੇ ਲਿਹਾਜਦਾਰ ਵੀ, ਉਸ ਦਿਨ ਡਿਨਰ ਦਾ ਬਿੱਲ ਵੀ ਓਸੇ ਨੇ ਹੀ ਦਿੱਤਾ।

ਅਸੀਂ ਸਾਰੇ ਹੀ ਦੋਸਤ ਬਣ ਗਏ ਸਾਂ। ਜਸਨੀਤ ਜਦੋਂ ਵੀ ਆਉਂਦੀ, ਤੁਫਾਨ ਮੇਲ ਵਾਂਗ ਹੀ ਆਉਂਦੀ, ਛੇਤੀ ਕਰੋ, ਛੇਤੀ ਕਰੋ ਸਾਰੇ ਕੰਮਕਾਰ ਕਰਕੇ ਉਹ ਰੌਲਾ ਪਾ ਲੈਂਦੀ, ਚਲੋ-ਚਲੋ-ਚਲੋ ਡਿਨਰ ਤੇ ਚਲਦੇ ਆਂ। ਬੋਰ ਹੋਈ ਪਈ ਆਂ।

ਉਸ ਅੱਗੇ ਤਾਂ ਕਿਸੇ ਦੀ ਪੇਸ਼ ਨਾ ਜਾਂਦੀ। ਰੌਣਕੀ ਵੀ ਤਾਂ ਬਥੇਰੀ ਸੀ। ਪੂਰੀ ਟਿੱਪ-ਟਾਪ ਰਹਿੰਦੀ। ਬਣੀ-ਫੱਬੀ ਬੇਲੀ ਤਾਂ ਓਹਦਾ ਵੀ ਸੀ ਕੋਈ। ਕਦੀ ਕਦੀ ਗੱਲਾਂ ਸੁਣਾਉਂਦੀ। "ਅਖੇ ਅਸੀਂ ਸੈਰ ਕਰਦੇ ਆਂ ਦੋਵੇਂ ਆਪੋ ਆਪਣੇ ਪਾਰਕਾਂ ਵਿੱਚ, ਫੋਨ ਕਰਦਿਆਂ ਓਹ ਵੀ ਚੰਨ ਵੱਲ ਵੇਖਦਾ ਮੈਂ ਵੀ ਚੰਨ ਵੱਲ ਵੇਖਦੀ, ਇਵੇਂ ਅਸੀਂ ਦੋਵੇਂ ਮਿਲ ਲੈਂਦੇ ਆਂ, ਚੰਨ ਰਾਹੀ...।"

ਝੱਲੀ ਨਾ ਹੋਵੇ ਤਾਂ...। ਫੇਰ ਆਂਹਦੀ। "ਆਹ ਆਪਣੇ ਆਲੇ ਤਾਂ ਕਦੀ ਚੱਜ ਦੀ ਗੱਲ ਹੀ ਨਹੀਂ ਕਰਦੇ। ਘਰੇ ਆਉਂਦਿਆ ਹੀ ਮੂੰਹ ਵਿੱਚ ਘੁੰਙਣੀਆਂ ਪਾ ਲੈਂਦੇ। ਭਲਾ ਦੱਸੋ ਬੰਦਾ ਗੱਲ ਕਿਸ ਨਾਲ ਕਰੇ...?"

"ਅਗਲਾ ਗੱਲ ਤਾਂ ਸੁਣਦਾ, ਦੁੱਖ-ਸੁੱਖ ਕਰਦੈ..। ਦੋ ਘੜੀਆਂ ਚੰਗੀਆਂ ਲੰਘ ਜਾਂਦੀਆਂ। ਹੁਣ ਵੇਖ ਲੈ, ਸਾਡੀ ਲਵ ਮੈਰਿਜ ਸੀ, ਓਦੋਂ ਕੰਧਾਂ ਟੱਪਕੇ ਮਿਲਣ ਆ ਜਾਂਦਾ ਸੀ। ਮਗਰ ਹੀ ਪਿਆ ਰਿਹਾ ਜਦੋਂ ਤੱਕ ਵਿਆਹ ਨਹੀਂ ਹੋਇਆ।"

"ਤੇ ਹੁਣ ਓਹੀ ਓਹ ਹੈ ਤੇ ਓਹੀ ਮੈਂ ਹਾਂ...। ਪਤਾ ਨਹੀਂ ਪ੍ਰੇਮੀ ਪਤੀ ਬਣਦਿਆਂ ਹੀ ਬਦਲ ਕਿਉਂ ਜਾਂਦਾ।" ਜਸਨੀਤ ਨੇ ਰੋਣਹਾਕੀ ਹੋਈ ਨੇ ਕਿਹਾ।

"ਚੱਲ ਛੱਡ ਪਰਾਂ, ਇਹ ਦੁਨੀਆ ਇਹੋ ਜਿਹੀ ਹੀ ਆ। ਬੰਦਿਆਂ ਦੀ ਫ਼ਿਤਰਤ ਵੀ ਨਹੀਂ ਬਦਲ ਸਕਦੀ। ਬੰਦੇ ਨੇ ਤੀਵੀਂ ਨਾਲ ਸੌਣਾ ਤਾਂ ਸਿੱਖ ਲਿਆ ਪਰ ਨਾਲ ਜਾਗਣਾ ਨਹੀਂ ਸਿੱਖਿਆ।" ਮੈਂ ਕਿਤੋਂ ਪੜ੍ਹੀ ਹੋਈ ਗੱਲ ਆਖੀ।

ਮੇਰੀ ਗੱਲ ਸੁਣ ਕੇ ਜਸਨੀਤ ਚਹਿਕ ਕੇ ਬੋਲੀ, "ਗੱਲ ਤਾਂ ਤੇਰੀ ਠੀਕ ਐ, ਬਹੁਤਿਆਂ ਨੂੰ ਤਾਂ ਸੌਣਾ ਵੀ ਨਹੀਂ ਆਉਂਦਾ।"

ਨੂਰ ਅੱਜ ਬਹੁਤ ਪ੍ਰੇਸ਼ਾਨ ਸੀ। ਮੇਰੀ ਜਾਚੇ ਤਾਂ ਉਹ ਬਹੁਤ ਬਹਾਦਰ ਸੀ। ਐਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ.. .ਬੜਾ ਔਖਾ ਹੁੰਦਾ ? ਸਨੀ ਵੀ ਕਈ ਦਿਨਾਂ ਦਾ ਢਿੱਲਾ ਸੀ। ਨਿਆਣੇ ਵੀ ਮਨਮਰਜੀਆਂ ਕਰਦੇ। ਸਤੀ ਪਈ ਸੀ, ਓਹ।

"ਚੱਲ ! ਕੌਫੀ ਪੀ ਕੇ ਆਈਏ। ਥੋੜ੍ਹਾ ਮੂਡ ਬਦਲ ਜਾਵੇਗਾ।" ਉਸ ਆਉਂਦੀ ਨੇ ਹੀ ਕਿਹਾ।

"ਠੀਕ ਐ, ਚਲਦੇ ਆਂ।" ਮੈਂ ਧਰਵਾਸ ਦਿੰਦਿਆਂ ਕਿਹਾ।

ਅਜੇ ਪੰਜ ਮਿੰਟ ਹੀ ਹੋਏ ਸਨ ਕਿ ਨੂਰ ਨੂੰ ਵਰਿੰਦਰ ਦਾ ਫੋਨ ਆ ਗਿਆ। ਓਹ ਵੀ ਨੇੜੇ ਹੀ ਕਿਤੇ ਫਿਰਦਾ ਸੀ। ਮਿਲਣ ਦੀ ਗੱਲ ਹੋਈ ਤਾਂ ਨੂਰ ਓਹਦੇ ਘਰ ਵੱਲ ਲੈ ਤੁਰੀ।

ਮੈਨੂੰ ਇਸ ਤਰ੍ਹਾਂ ਫ਼ਿਕਰ ਵਾਲੀ ਕੋਈ ਗੱਲ ਨਹੀ?, ਅਸੀਂ ਪਹਿਲਾਂ ਵੀ ਕਈ ਵਾਰ ਓਥੇ ਮਿਲੇ ਹਾਂ।"

ਇਹ ਮੇਰੇ ਲਈ ਨਵੀਂ ਸੂਚਨਾ ਸੀ। ਕਿ ਉਹ ਦੋਵੇਂ ਘਰੇ ਵੀ ਮਿਲਦੇ ਰਹੇ ਸਨ। ਨੂਰ ਦੀਆਂ ਮੁਸ਼ਕਲਾਂ ਉਸ ਦੀ ਉਚਾਟਤਾ ਤੇ ਖਿੱਝ ਨੂੰ ਵੇਖਦਿਆਂ ਮੈਂ ਹੋਰ ਵਿਰੋਧ ਨਾ ਕਰ ਸਕੀ। ਕਾਰ ਪਾਰਕ ਕਰਕੇ ਉਹ ਸਿੱਧਾ ਅੰਦਰ ਵੱਲ ਹੋ ਲਈ।

ਸਾਹਮਣੇ ਵਰਿੰਦਰ ਸੀ ਤੇ ਉਹਦਾ ਨੌਕਰ। ਅਜੇ ਅਸੀਂ ਬੈਠੇ ਹੀ ਸਾਂ ਕਿ ਬਲਰਾਜ ਵੀ ਆ ਹਾਜਰ ਹੋਇਆ।

ਮੇਰੀ ਹੈਰਾਨੀ ਗੁੱਸੇ ਵਿੱਚ ਬਦਲ ਗਈ ਅਤੇ ਮੈਂ ਨੂਰ ਨੂੰ ਵਾਪਸ ਜਾਣ ਲਈ ਕਿਹਾ।

"ਹੁਣ ਆਏ ਹੋ ਤਾਂ ਕੌਫੀ ਤਾਂ ਪੀ ਲਓ।" ਬਲਰਾਜ ਮੇਰੇ ਨੇੜੇ ਸੋਫੇ ਤੇ ਬੈਠਦਿਆਂ ਬੋਲਿਆ।

"ਨਹੀਂ ਸਾਨੂੰ ਜਲਦੀ ਹੈ, ਘਰੇ ਗੈਸਟ ਨੇ।" ਮੈਂ ਉੱਠਦਿਆਂ ਸਾਹਮਣੇ ਵਾਲੇ ਸੋਫੇ 'ਤੇ ਬੈਠਦਿਆਂ ਕਿਹਾ।

ਵਰਿੰਦਰ ਨੌਕਰ ਨੂੰ ਕੌਫੀ ਬਨਾਉਣ ਲਈ ਕਹਿੰਦਿਆਂ ਨਾਲ ਦੇ ਬੈੱਡ ਰੂਮ ਵੱਲ ਤੁਰ ਗਿਆ।

"ਮੈਂ ਵਰਿੰਦਰ ਨੂੰ ਵੇਖ ਕੇ ਆਉਂਦੀ ਹਾਂ।" ਨੂਰ ਵੀ ਉਸ ਦੇ ਮਗਰ ਮਗਰ ਤੁਰ ਪਈ। ਉਹਨਾਂ ਦਰਵਾਜ਼ਾ ਵੀ ਬੰਦ ਕਰ ਲਿਆ।

ਨਾ ਤਾਂ ਮੈਂ ਉਹਨਾਂ ਦਾ ਦਰਵਾਜ਼ਾ ਖੜਕਾਉਣ ਜੋਗੀ ਸਾਂ ਤੇ ਨਾ ਹੀ ਉਥੇ ਬਹਿਣਾ ਚੰਗਾ ਲਗ ਰਿਹਾ ਸੀ।

ਬਲਰਾਜ ਨੂੰ ਵੀ ਸ਼ਾਇਦ ਕੋਈ ਇਹੋ ਜਿਹੀ ਆਸ ਹੋਵੇ ।"ਵੇਖ ਲਓ, ਕਿਸੇ ਨੂੰ ਕੀ ਪਤਾ ਲਗਦਾ, ਨੌਕਰ ਵੀ ਬਾਹਰ ਦੁੱਧ ਲੈਣ ਗਿਆ ਹੋਇਆ ਐ ।ਢੱਕੀ ਰਿੱਝੇ ਤੇ ਕੋਈ ਨਾ ਬੁਝੇ ।ਜ਼ਿੰਦਗੀ ਤਾਂ ਇਕੋ ਵਾਰੀ ਹੀ ਮਿਲਣੀ ਐ, ਮਾਨਣੀ ਚਾਹੀਦੀ ਐ।" ਉਸ ਮੇਰੇ ਵੱਲ ਵੇਖਦਿਆਂ ਕਿਹਾ ।

ਮੈਨੂੰ ਸੋਚਾਂ ਵਿਚ ਪਈ ਨੂੰ ਵੇਖ ਕੇ ਉਹ ਇਕ ਵਾਰ ਫਿਰ ਸੋਫੇ ਉੱਤੇ ਮੇਰੇ ਕੋਲ ਆ ਬੈਠਾ ।"ਆਜੋ ਆਪਾਂ ਉਸ ਸਾਹਮਣੇ ਕਮਰੇ ਵਿੱਚ ਬੈਠਦੇ ਹਾਂ ।ਇਥੇ ਚੰਗਾ ਨਹੀਂ ਲਗਦਾ, ਕੋਈ ਆ ਜਾਂਦਾ।" ਬਲਰਾਜ ਨੇ ਫਿਰ ਆਜਜ਼ੀ ਨਾਲ ਕਿਹਾ ।

ਪਿਆਰ 'ਚ ਮੱਖਣ ਵਾਂਗ ਪਿਘਲਿਆ ਹੋਇਆ ਬਲਰਾਜ, ਪਿਆਰਾ ਲਗ ਰਿਹਾ ਸੀ। ਖੋਹ ਜਿਹੀ ਤਾਂ ਪੈਂਦੀ ਸੀ ਮੈਨੂੰ ਵੀ। ਤਨਾਂ ਦੀ ਸਰਹੱਦ ਤੇ ਖੜਾ ਇਹ ਕਿਹੋ ਜਿਹਾ ਪਿਆਰ ਸੀ? ਇਕ ਵਾਰ ਤਾਂ ਜੀਅ ਨੇ ਕਿਹਾ, 'ਹੇ ਮਨਾਂ ! ਇਹਨਾਂ ਪਲਾਂ ਨੂੰ ਮਾਣ ਨਾ ਲਵਾਂ....??' (**ਸੰਪਰਕ : 98151-72073**)

---

## ਕਹਾਣੀ ਧਾਰਾ' ਬਾਰੇ 'ਅਜੀਤ 'ਚ ਛਪੇ ਰੀਵਿਊ 5/6/22 ਦਾ ਸੰਖੇਪ ਰੂਪ

*'ਕਹਾਣੀ ਧਾਰਾ' ਦਾ ਅੰਕ ਨੰ. 64-65 ਤੀਜੀ ਪੀੜ੍ਹੀ ਦੇ ਮਹੱਤਵਪੂਰਨ ਕਥਾਕਾਰ ਪ੍ਰੇਮ ਗੋਰਖੀ ਦੇ ਜੀਵਨ ਤੇ ਸਾਹਿਤਕਾਰੀ ਨਾਲ ਵਾਹਬਾਸਤਾ ਹੈ। ਸੰਪਾਦਕੀ ਦੇ ਅੰਤਰਗਤ ਭਗਵੰਤ ਰਸੂਲਪੁਰੀ ਨੇ ਕੁਝ ਪ੍ਰਸ਼ਨ ਉਠਾਏ ਹਨ-ਗੋਰਖੀ ਦੀ ਕਿਤਾਬ ਦਾ ਕੋਈ ਦੂਜਾ ਐਡੀਸ਼ਨ ਕਿਉਂ ਨਹੀਂ ਛਪੀ? ਉਸ ਨੂੰ ਕੋਈ ਵੱਡਾ ਵੱਕਾਰੀ ਇਨਾਮ ਕਿਉਂ ਨਹੀਂ ਮਿਲਿਆ? ਉਸ ਨੂੰ ਸਿਲੇਬਸ ਵਿਚ ਕਿਉਂ ਨਹੀਂ ਸ਼ਾਮਿਲ ਕੀਤਾ ਗਿਆ? ਵਾਕਈ ਇਹ ਸਵਾਲ ਬਹੁਤ ਅਹਿਮ ਹਨ, ਜਿਨ੍ਹਾਂ ਦੇ ਜਵਾਬ ਲੱਭਣ ਦੀ ਚੇਸ਼ਟਾ ਵੀ ਕਰਨੀ ਬਣਦੀ ਹੈ।*

*ਇਸ ਸਮੁੱਚੀ ਪੱਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ ਤੇ ਲਿਖਤਾਂ ਦੁਆਰਾ ਪ੍ਰੇਮ ਗੋਰਖੀ ਦੀ ਜ਼ਿੰਦਗੀ ਅਤੇ ਸਾਹਿਤ ਨੂੰ ਗੰਭੀਰਤਾ ਨਾਲ ਸਮਝਿਆ ਜਾ ਸਕਦਾ ਹੈ। ਰਸੂਲਪੁਰੀ ਦਾ ਇਹ ਉਪਰਾਲਾ ਵਾਕਈ ਗੋਰਖੀ ਦੀ ਸਿਰਜਣ-ਪ੍ਰਕਿਰਿਆ ਨੂੰ ਸਮਝਣ ਤੇ ਜਾਣਨ ਦਾ ਸ੍ਰੇਸ਼ਟ ਮਾਧਿਅਮ ਹੈ। ਅੰਦਰਵਾਰ ਵਿਭਿੰਨ ਤਸਵੀਰਾਂ ਅਤੇ ਸਰਵਰਕ ਤੇ ਆਸਿਫ਼ ਰਜ਼ਾ ਦੀ ਪੇਟਿੰਗ ਸਤਾਰਵੇਂ ਵਰ੍ਹੇ ਵਿਚ ਦਾਖਲ ਹੋ ਚੁੱਕੀ ਇਸ ਪੱਤ੍ਰਕਾ ਨੂੰ ਹੋਰ ਵੀ ਗੂੜ੍ਹਾ ਰੰਗ ਪ੍ਰਦਾਨ ਕਰਦੇ ਹਨ। ਗੋਰਖੀ ਦੀਆਂ ਕੁਝ ਕਿਤਾਬਾਂ ਦੇ ਸਰਵਰਕ ਦੀਆਂ ਤਸਵੀਰਾਂ ਦਿੱਤੀਆਂ ਗਈਆਂ ਹਨ। ਗੁਰਬਚਨ ਸਿੰਘ ਭੁੱਲਰ ਦੀ ਲੰਮੀ ਗੱਲਬਾਤ ਵਿਚੋਂ ਗੋਰਖੀ ਦੇ ਕਥਾ ਰੰਗ ਦੀ ਵਿਸ਼ਾਲ ਕੈਨਵਸ ਨਜ਼ਰ ਆਉਂਦੀ ਹੈ। 240 ਪੰਨਿਆਂ ਦਾ ਇਹ ਵਿਸ਼ੇਸ਼ ਅੰਕ ਸਾਂਭਣਯੋਗ ਵੀ ਹੈ ਅਤੇ ਪੜ੍ਹਨਯੋਗ ਵੀ। ਚੰਗਾ ਹੁੰਦਾ, ਜੇਕਰ ਗੋਰਖੀ ਦੀਆਂ ਸਾਰੀਆਂ/ ਮੁਕੰਮਲ ਪੁਸਤਕਾਂ ਅਤੇ ਉਸ ਨੂੰ ਮਿਲੇ ਮਾਣ-ਸਨਮਾਨ ਦੀ ਸੂਚੀ ਵੀ ਦੇ ਦਿੱਤੀ ਜਾਂਦੀ।* **-ਪ੍ਰੋ. ਨਵ ਸੰਗੀਤ ਸਿੰਘ**

---

ਕਹਾਣੀ

# ਕੁਇਨਜ਼ ਲੈਂਡ !

ਆ.ਗਾਜ਼ਬੀਰ



ਜ਼ਿੰਦਗੀ ਦੇ ਉਹ ਪਲ ਮੈਂ ਕਦੇ ਵੀਂ ਨਹੀਂ ਭੁੱਲ ਸਕਦੀ, ਜਿਹਨਾਂ ਪਲਾਂ ਵਿੱਚ ਦੁੱਖ ਝੱਲ ਕੇ ਵੀ ਚੱਟਾਨ ਬਣ ਖਲੋਤੀ ਰਹੀ। ਇਹ ਆਸ ਤੇ ਵਿਸ਼ਵਾਸ ਨਾਲ ਕਿ ਇਕ ਦਿਨ 'ਰਾਣੀ' ਜ਼ਰੂਰ ਬਣਾਂਗੀ।

"ਰਾਣੀ ...ਕਿਹੜੀਆਂ ਸੋਚਾਂ ਵਿੱਚ ਪੈ ਗਈ ...?" ਸੋਮਾ ਜੇਕਰ ਮੈਨੂੰ ਨਾ ਹਲੂਣਦੀ ਤਾਂ ਖਿਆਲਾਂ ਵਿੱਚ ਚੰਪਾਤੌਲੀ ਹੀ ਤੁਰੇ ਫਿਰਨਾ ਸੀ ਮੈਂ।

"ਤੇਰਾ ਬੰਗਾਲ ਤਾਂ ਹੁਣ ਪਿੱਛੇ ਰਹਿ ਚੱਲਿਐ ...ਖਿੱਚ ਲੈ ਫੋਟੋ ..ਜਿਹੜੀਆਂ ਖਿੱਚਣੀਆਂ ਐਂ।" ਸੋਮਾ ਬੋਲਦੀ ਰਹੀ। ਬੱਬੂ ਮੋਬਾਈਲ ਰਾਹੀਂ ਖੜ੍ਹੇ ਰਿਸ਼ਤੇਦਾਰਾਂ ਦੀਆਂ ਫੋਟੋਆਂ ਖਿੱਚਦਾ ਰਿਹਾ। ਤੇ ਮੈਂ ਅੱਖਾਂ ਦੇ ਕੈਮਰੇ ਰਾਹੀਂ ਸਾਰੇ ਖੜ੍ਹੇ ਪਰਿਵਾਰ ਨੂੰ ਧੁਰ ਮਨ ਅੰਦਰੋ ਸਮਾਅ ਲੈਣਾ ਚਾਹੁੰਦੀ ਸਾਂ। ਇਸ ਤਰ੍ਹਾਂ ਤੱਕਣ ਨਾਲ ਮੇਰੀ ਰੂਹ ਨੂੰ ਸ਼ਾਂਤੀ ਮਿਲਦੀ ਗਈ। ਮੇਰੀਆਂ ਅੱਖਾਂ ਉਨਾਂ ਚਿਰ ਨਿਹਾਰਦੀ ਰਹੀਆਂ ਜਿਨ੍ਹਾਂ ਚਿਰ ਤੱਕ ਉਨ੍ਹਾਂ ਦੇ ਚਿਹਰਿਆਂ ਦੇ ਅਕਸ ਮੇਰੀਆਂ ਅੱਖਾਂ ਤੋਂ ਦੂਰ ਨਹੀਂ ਹੋਏ।

ਟਰੇਨ ਵੈਸਟ ਬੰਗਾਲ ਦੇ ਸਟੇਸ਼ਨ ਗੰਗਾਰਾਮਪੁਰ ਨੂੰ ਪਿੱਛੇ ਛੱਡ ਰਹੀ ਸੀ। ਟਰੇਨ ਪੰਜਾਬ ਨੂੰ ਮਿਲਣ ਲਈ ਉਤਾਵਲੀ ਸੀ। ਇੰਜਣ ਦਾ ਹਾਰਨ ਮੇਰੇ ਵਾਂਗ ਰੋ-ਰੋ ਕੇ ਆਪਣੇ ਸ਼ਹਿਰ ਤੋਂ ਵਿਦਾ ਹੋ ਰਿਹਾ ਸੀ। ਆਪਣਿਆਂ ਨੂੰ ਛੱਡਣ ਦਾ ਦਰਦ ਮਸ਼ੀਨਾਂ ਵੀ ਦੱਸਦੀਆਂ ਨੇ ,ਪਰ ਕੋਈ ਸਮਝਣ ਵਾਲਾ ਤਾਂ ਹੋਵੇ।

........

ਬਾਰਾਂ ਸਾਲ ਦਾ ਵਕਫ਼ਾ ਥੋੜ੍ਹਾ ਤਾਂ ਨਹੀਂ ਹੁੰਦਾ। ਵਕਤ ਦੀਆਂ ਸੂਈਆਂ ਤੇ ਮੇਰੇ ਲਈ ਆਪਣਿਆਂ ਨੂੰ 'ਮਿਲਣ' ਦਾ ਕਦੇ ਸਮਾਂ ਹੀ ਨਹੀਂ ਲਿਖਿਆ ਗਿਆ। ਸਭ ਕੁੱਝ ਹੋਣ ਦੇ ਬਾਵਜੂਦ ਉਡਾਣ ਹੀ ਨਾ ਭਰ ਸਕੀ। ਆਪਣਿਆਂ ਨੂੰ ਮਿਲਣ ਲਈ ਤੜਫਦੀ ਰਹੀ। ਜਦ ਮੈਂ ਵੈਸਟ ਬੰਗਾਲ ਬਾਰੇ ਜਾਣ ਦੀ ਸੋਚੀ ਸੀ। ਤਾਂ ਸਾਰੇ ਹੀ ਸੁੱਕੀ ਲੱਕੜ ਵਾਂਗ ਤਿੜ-ਤਿੜ ਕਰਕੇ ਬਲ ਉੱਠੇ। ਉਹਨਾਂ ਤੋਂ ਮੇਰਾ ਬੰਗਾਲ ਜਾਣ ਦੇ ਬਾਰੇ ਸੁਣਨਾ ਸਹਾਰ ਨਾ ਹੋਇਆ।

"ਲੈਅ ਹੁਣ ਕਿਹੜਾ ਰਾਜਕੁਮਾਰ ਲੱਭਣ ਚੱਲੀ ਐਂ...ਆਵਦੇ ਲਈ।" ਸਾਰੀਆਂ ਬੁੜੀਆਂ ਅਜਮੇਰ ਕੌਰ ਦੀ 'ਸਿਆਣੀ ਗੱਲ' ਸੁਣ ਹੱਸਣ ਲੱਗ ਪਈਆਂ। ਕਿਸੇ ਨੇ 'ਦੋ ਬੋਲ' ਹਾਅ ਦੇ ਨਾ ਕਹੇ। ਸਕੂਲ ਵਿਚ ਚੱਲ ਰਹੇ ਆਂਗਨਵਾੜੀ ਸੈਂਟਰ ਵਿੱਚ, ਜਿੱਥੇ ਮੈਂ ਹੈਲਪਰ ਸਾਂ ਤੇ ਇੱਥੇ ਪਿੰਡ ਦੀਆਂ ਸਾਰੀਆਂ ਬੁੜੀਆਂ ਦਾ 'ਜਮਘਟ' ਲੱਗਿਆ ਹੀ ਰਹਿੰਦਾ ਸੀ। ਜਦੋਂ ਮੇਰੀ ਵੈਸਟ ਬੰਗਾਲ ਜਾਣ ਵਾਲੀ ਗੱਲ ਉਹਨਾਂ ਦੇ ਕੰਨੀ ਪਈ। ਤਾਂ ਉਹ ਮੱਤਾਂ ਦੇਣ ਲੱਗ ਪਈਆਂ। ਸਭ ਨੇ ਆਪਣੀ ਮਨ ਆਈ ਸੁਣਾਈ। ਸੁਣਦੀ ਰਹੀ। ਇੱਧਰ ਧੰਨ ਕੌਰ ਆਪਣਾ ਹੀ ਰਾਗ ਅਲਾਪਣ ਲੱਗੀ ਜਿਸ ਵਿੱਚ ਉਸਦਾ 'ਆਪਣਾ ਮਤਲਬ' ਛੁਪਿਆ ਹੋਇਆ ਸੀ ਜਦੋਂ ਰਾਣੀ ਬੰਗਾਲ ਜਾਵੇਗੀ ਨਾ... ਮੇਰੇ ਚਮਕੌਰ ਪੁੱਤ ਵਾਸਤੇ ਵੀ ਲਿਆ ਦੇਈ ਕੋਈ ਆਵਦੇ ਵਰਗੀ ... ਤੇਰਾ ਪੂਰਾ ਮਾਨ-ਤਾਨ ਕਰੂਗੀ। ਚੇਤਾ ਰੱਖੀ ਹਣਾ ਮੇਰੀ ਗੱਲ ਦਾ। ਰੰਗ ਰੂਪ ਦੀ ਪਰਵਾਹ ਨਾ ਕਰੀਂ। ਬਸ

ਜਿਉਂਦੇ ਜੀਅ ਨੂੰਹ ਦਾ ਮੂੰਹ ਵੇਖ ਜਾਵਾ। ਮੈਂ ਹਾਂ-ਹੂੰ ਕਰਦੀ ਰਹੀ। ਧੰਨ ਕੌਰ ਵੱਡੀ ਆਸਵੰਦ ਹੋ ਕੇ ਤੁਰੀ।

ਕੁੱਝ ਅਹਿਸਾਸਾਂ ਨੇ ਵੀ ਠੰਢ ਦਿੱਤੀ।

ਜਲ ਕੌਰ ਰੱਬੀ ਰੂਹ ਵਾਂਗ ਗੁਰਮੁੱਤਾਂ ਦਿੰਦੀ ਕਹਿਣ ਲੱਗੀ, ਕੁੜੇ ਰਾਣੀ... ਮੈਂ ਤਾਂ ਆਵਦਿਆਂ ਨੂੰ ਮਿਲਣ ਪਾਕਿਸਤਾਨ ਜਾ ਆਈ ਸਾਂ ... ਤੈਥੋਂ ਬੰਗਾਲ ਨੀਂ ਜਾਇਆ ਜਾਂਦਾ। ਜਾਇਆ ਪਰੇ ... ਲੋਕ ਤਾਂ ਖੰਭਾਂ ਦੀਆਂ ਡਾਰਾਂ ਬਣਾਉਦੇ ਹੀ ਆਏ ਨੇ ਤੇ ਬਣਾਉਂਦੇ ਹੀ ਰਹਿਣਗੇ। ਮੇਰੇ ਅੰਦਰ ਤੜਫ ਤੇ ਡਰ ਦੋਵੇਂ ਵਾਰੋ -ਵਾਰੀ ਦਿਮਾਗ਼ ਵਿੱਚ ਚੱਲਦੇ ਰਹੇ।

"ਤੇਰਾ ਬੰਗਾਲ ਤਾਂ ਕੰਗਾਲ ਐਂ...ਤੇ ਮੈਂ ਕਹਿਤਾ ਨਾ..ਨਹੀਂ ਜਾਣਾ ਤੇ ਬਸ ਨਹੀਂ ਜਾਣਾ।" ਸੱਸ ਦੇ ਬੋਲਾਂ ਨੇ ਮੇਰੀ ਉਸਰਦੀ ਸੋਚ ਫੁੰਡੀ ਸੀ। ਮੈਂ ਕਿਆਸ ਕੀਤਾ ਸੀ ਕਿ ਪਿੰਡ ਦੀਆਂ ਬੁੜੀਆਂ ਨੇ ਉਸਦੇ ਕੰਨ ਜ਼ਿਆਦਾ ਹੀ ਭਰ ਦਿੱਤੇ ਨੇ। ਉਸਨੂੰ ਆਵਦੇ ਪੁੱਤ ਨਾਲ ਦੋ ਸਿਰ ਜੋੜ ਕੇ ਮੇਰੇ ਦੁਆਰਾ ਬਣਾਏ ਰਿਸ਼ਤੇ ਉੱਪਰ ਮਾਸ਼ਾ ਵੀ ਯਕੀਨ ਨਹੀਂ ਸੀ। ਉਹਨੂੰ ਧੁੜਕੂ ਸੀ ਕਿ ਜੇ ਕਿਤੇ ਰਾਣੀ ਦੁਬਾਰਾ ਬੰਗਾਲ ਚਲੀ ਗਈ। ਫੇਰ ਪੰਜਾਬ ਆਵੇ ਹੀ ਨਾ, ਮੁੜਕੇ। ਆਪਣੇ ਪੁੱਤ ਦਾ ਹੱਸਦਾ- ਵੱਸਦਾ ਘਰ ਵੇਖਣਾ ਹਰ ਮਾਂ ਦੀ ਹਸਰਤ ਹੁੰਦੀ ਹੈ।

ਮੈਂ ਨੌਕਰੀ ਕਰਦੀ। ਡਰਦੀ। ਤੁਰਦੀ ਫਿਰਦੀ ਸੋਚਦੀ ਰਹਿੰਦੀ। ਉਹਨਾਂ ਦਿਨਾਂ ਵਿੱਚ 'ਚੁੱਪ' ਮੇਰੇ ਚਿਹਰੇ ਤੇ ਤਣੀ ਰਹਿੰਦੀ। ਚੁੱਪ ਸਭ ਨੇ ਵੇਖੀ। ਪਰ ਚੁੱਪ ਪੜ੍ਹੀ ਤਾਂ ਮੇਰੇ ਪਾਪਾ ਜੀ (ਸਹੁਰਾ) ਨੇ। ਫ਼ਕੀਰ ਬਣ ਦਿਲਾਸਾ ਦੇ ਗਿਆ ਸੀ ਉਹ।

ਮੈਂ ਆਵਦੀਆਂ ਧੀਆਂ ਨੂੰ ਭਾਈ ਮੱਥੇ 'ਤੇ ਹੱਥ ਕਰ ਉਡੀਕਦਾ ਹੁੰਨਾਂ ...ਜੇ ਉਹ ਦੋ-ਚਹੁ ਮਹੀਨੇ ਗੇੜਾ ਨਾ ਮਾਰਨ। ਤੈਨੂੰ ਤਾਂ ਭਾਈ... ਆਈ ਨੂੰ ਬਾਰਾਂ ਸਾਲ ਹੋਗੇ। ਜਾ ਤੂੰ ਮਿਲਿਆ। ਮੈਂ ਬੈਠਾ। ਆਪੇ ਸਮਝਾਓ ... ਸਾਰਿਆਂ ਨੂੰ । ਮੈਨੂੰ ਪਤਾ ਸਾਰਾ ਕੁਜ਼ ... ਤੂੰ ਇਹੋ ਜਿਹੀ ਨੀ ਹੈਗੀ ... ਜਿਹੇ ਜੀ ਸਾਰੇ ਸੋਚੀ ਬੈਠੇ ਨੇ ਹੁਣ। ਤੇਰੇ ਬਾਰੇ। ਨਾਲੇ ਜਿੰਦਰ ਨੂੰ ਵੀ ਕਹੂ... ਬਈ ਤੋਰ ਰਾਣੀ ਨੂੰ। ਸਹੁਰੇ ਦੀ ਦਿੱਤੀ ਹੱਲਾਸ਼ੇਰੀ ਕਰਕੇ ਹੀ ਮੈਂ ਬਿਨਾਂ ਖੰਭਾਂ ਤੋਂ ਉੱਡਣ ਲੱਗੀ। ਬੰਗਾਲ ਦੇ ਸੁਪਨੇ ਦਿਨੇ ਹੀ ਆਉਣ ਲੱਗੇ।

ਢਹਿੰਦੀ ਉਸਰਦੀ ਸੋਚ ਨੂੰ ਸੌ ਹਾਥੀਆਂ ਜਿੰਨ੍ਹਾਂ ਬਲ ਉਸ ਸਮੇਂ ਮਿਲਿਆ, ਜਦ ਬੱਬੂ ਸਕੂਲੋਂ ਆਇਆ ਤੇ ਕਿਤਾਬਾਂ ਮੰਜੇ ਤੇ ਰੱਖ ਧਾਹ ਗਲਵੱਕੜੀ ਪਾ ਪੁੱਤ ਵਾਲੇ ਫਰਜ਼ ਨਿਭਾ ਗਿਆ ਮੰਮੀ ... ਮੈਂ ਜਾਊਗਾ ਤੇਰੇ ਨਾਲ ਲੱਗਿਆ ਜਿਵੇਂ ਮੇਰੀਆਂ ਦੁੱਧੀਆਂ ਵਿੱਚੋਂ ਦੁੱਧ ਉਤਰ ਆਇਆ ਹੋਵੇ। ਮੈਂ ਮਹਿਸੂਸ ਕੀਤਾ ਕਿ 'ਸਰਵਣ ਪੁੱਤ' ਜ਼ਰੂਰ ਅਜਿਹਾ ਹੀ ਹੋਵੇਗਾ , ਜਿਹੜਾ ਮੇਰੇ ਨਾਲ ਚੱਲਿਆ ਹੈ। ਇਹ ਭਾਰ ਵੀ ਮੇਰੇ ਦਿਲ ਤੇ ਸੀ ਕਿ ਉਹ ਆਪਣੀ ਜਨਮ-ਭੂਮੀ ਤੇ ਪਰਿਵਾਰ ਵੇਖ ਕਿਵੇਂ ਮਹਿਸੂਸ ਕਰੇਗਾ ?

ਬੱਬੂ ਦੇ ਸਾਥ ਕਰਕੇ ਮੈਨੂੰ ਜਿੰਦਰ ਨੂੰ ਮਨਾਉਣਾ ਹੋਰ ਵੀ ਸੌਖਾ ਹੋ ਗਿਆ। ਮੰਨ ਗਿਆ ਸੀ ਉਹ। ਬਗੈਰ ਕਿਸੇ ਵੈਰ-ਵਿਰੋਧ ਤੋਂ। ਸੋਮਾ ਮੇਰੀ ਸਾਥਣ ਬਣੀ ਜਿਹੜੀ ਮੇਰੇ ਨਾਲ ਹੈਲਪਰ ਦੇ ਤੌਰ ਤੇ ਕੰਮ ਕਰਦੀ ਸੀ। ਸਕੂਲ ਮਾਸਟਰਾਂ ਤੇ ਵਰਕਰਾਂ ਨੇ ਮੈਨੂੰ ਨੋਟ ਦੇ ਮੇਰੇ ਹੱਥ ਗੁਲਾਬੀ ਗੁਲਾਬੀ ਕਰ ਦਿੱਤੇ।

.......

ਆਪਣਿਆਂ ਨੂੰ ਚੇਤੇ ਕਰਦੀ। ਸੁਪਨੇ ਢਾਉਂਦੀ ਤੇ ਉਸਾਰਦੀ। ਦਿਨ ਵਿੱਚ ਕਿੰਨੀ ਵਾਰ ਬੰਗਾਲ ਜਾ ਆਉਂਦੀ। ਕਦੀ ਬਾਪੂ ਸੜਕਾਂ 'ਤੇ ਬੈਠਾ ਖ਼ੈਰ ਮੰਗ ਰਿਹਾ ਅੱਖਾਂ ਸਾਹਵੇਂ ਆ ਖਲੌਂਦਾ। ਮਾਂ ਦਾ ਚਿਹਰਾ ਤਾਂ ਭੁਲਾਇਆ ਵੀ ਨਾ ਭੁੱਲਦਾ। ਮਾਂ ਅੰਨ੍ਹੀ ਹੋਈ ਦਰ-ਦਰ ਭਟਕਦੀ ਦਿਸਦੀ। ਖੁੱਲ੍ਹੇ, ਚਿੱਟੇ ਵਾਲ਼। ਪਾਟੇ ਕੱਪੜੇ। ਨਾ ਗ਼ਲ ਵਿਚ ਚੁੰਨੀ। ਨਾ ਪੈਰਾਂ ਵਿਚ ਚੱਪਲਾਂ। ਮੇਰੇ ਅੱਖਾਂ ਸਾਹਵੇਂ ਅਣਕਿਆਸਿਆ ਕਾਲ ਦਿਖਾਈ ਦਿੰਦਾ। ਇਹ ਸੋਚ ਮੈਂ ਘਰ ਦੇ ਕੰਮ ਕਰਦੀ ਰੁਕ ਜਾਂਦੀ। ਡਰ ਜਾਂਦੀ। ਡਰ ਸਰੀਰ ਨੂੰ ਥਰ-ਥਰ ਕੰਬਾਂ

ਜਾਂਦਾ।

ਆਖ਼ਰ ਸਮਾਨ ਬੰਨ੍ਹ ਲਿਆ ਸੀ ਉਸ ਦਿਨ ।ਤੇ ਜਦ ਬੰਗਾਲ ਦੀ ਮਿੱਟੀ ਜਾ ਚੁੰਮੀ। ਤਾਂ ਕਿੰਨੇ ਸਾਰੇ ਮੋਏ ਸੁਪਨੇ ਸਾਕਾਰ ਹੋ ਗਏ। ਤੁਰਦਿਆਂ- ਬੈਠਦਿਆਂ ਹਰ ਸ਼ੈਅ ਵਿਚ ਆਪਣਾ ਅਤੀਤ ਵਿਖਾਈ ਦਿੰਦਾ।

...ਤੇ ਪੁਰਾਣੇ ਜ਼ਖ਼ਮ ਨਾਸੂਰ ਬਣ ਬਹਿਣ ਵੀ ਲੱਗੇ। ਚੰਪਾਤੌਲੀ ਸੇਠ ਮਾਲਟ ਦਾਸ ਦੀ ਦੁਕਾਨ ਵੱਲ ਉਚੇਚੇ ਤੌਰ ਤੇ ਗਈ ਸਾਂ ਮੈਂ। ਉਹ ਮੇਰੇ ਵੱਲ ਲਾਲਚੀ ਤੇ ਗਾਹਕੀ ਅੱਖਾਂ ਗੱਡ ਕੇ ਤੱਕਦਾ ਰਿਹਾ। ਮੇਰੇ ਤਨ ਮਨ ਅੰਦਰ ਬਾਰਾਂ ਸਾਲਾਂ ਤੋਂ ਬਲ ਰਿਹਾ ਜਵਾਲਾਮੁਖੀ ਲਾਵਾ ਬਣ ਬਾਹਰ ਨਿਕਲਣ ਲਈ ਤਤਪਰ ਸੀ। ਨਾ ਚਾਹੁੰਦਿਆਂ ਹੋਇਆਂ ਵੀ ਮੈਥੋਂ ਕਹਿ ਹੋ ਗਿਆ, "ਸੇਠਾਂ !ਆਹ ਚੁੱਕ ... ਤੇਰਾ ਉਧਾਰ।" ਮਾਲਟ ਦਾਸ ਤੋਲ ਵਿੱਚ ਪਏ ਚੌਲਾਂ ਤੇ ਪਾਰਖੂ ਨਜ਼ਰ ਮਾਰਦਾ ਹੈ।

'ਸੇਠਾਂ ...ਚੌਲ ਤਾਂ ਭਾਂਵੇਂ ਦੋ ਕਿਲੋ ਹੋਰ ਵੀ ਲੈ ਲਾ ...ਪਰ ਇਸ ਬਦਲੇ ਮੇਰੀ ...! ਲੁੱਟੀ ਇੱਜ਼ਤ ਮੋੜ ਦੇ।' ਵਰਗੇ ਬੋਲ ਮੇਰੇ ਸੀਨੇ ਦੇ ਅੰਦਰ ਦਫ਼ਨ ਹੋ ਕੇ ਰਹਿ ਗਏ ।ਮੇਰੀਆਂ ਅੱਖਾਂ ਦੀ ਭਾਸ਼ਾ ਸੇਠ ਸਮਝ ਗਿਆ। ਪਹਿਲਾਂ ਪਹਿਲ ਤਾਂ ਸ਼ਾਇਦ ਉਹ ਮੇਰੇ ਪੰਜਾਬੀ ਸੂਟ ਪਾਇਆ ਵੇਖ ਘੁਮੱਕੜ ਪੰਜਾਬਣ ਹੀ ਸਮਝਦਾ ਰਿਹਾ। ਜਦ ਮੈਂ ਬੰਗਾਲੀ ਬੋਲੀ।ਆਪਣਾ ਨਾਂ ਅਨੀਮਾ ਦੱਸਿਆ।ਉਸਦੇ ਚਿਹਰੇ ਦਾ ਰੰਗ ਬਦਲ ਗਿਆ।ਮੈਂ ਮਹਿਸੂਸ ਕੀਤਾ ਕਿ ਉਸਨੇ ਬੀਤੇ ਸਮੇਂ ਮੇਰੇ ਜਿਸਮ ਨੂੰ ਚਰੂੰਡ ਕੇ ਖਾਣ ਵਾਲੇ ਸੀਨ ਯਾਦ ਆ ਗਏ ਹੋਣ।ਉਸ ਦੀ ਜੀਭ ਠਾਕੀ ਗਈ ।ਉਹ ਦੋਵੇਂ ਹੱਥ ਜੋੜ ਕੀਤੇ ਹੋਏ ਜ਼ੁਲਮ ਦੀ ਮੁਆਫ਼ੀ ਮੰਗ ਰਿਹਾ ਸੀ। ਇਸ ਇਨਸਾਫ਼ ਦੀ ਕਚਹਿਰੀ ਵਿੱਚ ਮੈਂ ਹਾਰ ਜਾਣਾ ਹੀ ਬਿਹਤਰ ਸਮਝਿਆ।

ਪੰਜ ਕਿਲੋ ਦੀ ਬਜਾਏ ਸੱਤ ਕਿਲੋ ਚੌਲ ਤੋਲ ਵਿੱਚ ਰੱਖ ਮੈਂ ਭਾਰ-ਮੁਕਤ ਹੋ ਗਈ।

.......

ਇੱਧਰ ਟਰੇਨ ਪੰਧ ਮੁਕਾਉਂਦੀ ਕਲਕੱਤੇ ਤੋਂ ਪੰਜਾਬ ਵੱਲ ਵਧ ਰਹੀ ਸੀ। ਮੇਰੀ ਸੁਰਤ ਮੈਨੂੰ ਪਿਛਾਂਹ ਵੱਲ ਨੂੰ ਹੀ ਖਿੱਚੀ ਜਾ ਰਹੀ ਸੀ। ਭਾਂਵੇਂ ਗੰਗਾਰਾਮਪੁਰ ਸਟੇਸ਼ਨ ਤੋਂ ਤੁਰਦਿਆਂ ਹੀ ਬਾਹਰਲਾ ਸ਼ੋਰ ਬੰਦ ਹੋ ਗਿਆ, ਪਰ ਮਨ ਅੰਦਰਲਾ ਤੂਫ਼ਾਨ ਅਜੇ ਵੀ ਨਿਰੰਤਰ ਜਾਰੀ ਸੀ।

ਹਫ਼ਤਾ ਭਰ ਚੰਪਾਤੌਲੀ (ਪੇਕੇ ਘਰ) ਲਾ ਆਈ ਸਾਂ। ਉਸ ਦਾ ਨਕਸ਼ ਦਿਲ ਦਿਮਾਗ ਤੇ ਘਰ ਪਾਈ ਬੈਠਾ ਸੀ।

ਤਦ ਮੇਰੀ ਨਿਗਹਾ ਸਾਹਮਣੇ ਸੀਟ ਤੇ ਖਿੜਕੀ ਕੋਲ ਬੈਠੇ ਬੱਬੂ ਦੀ ਜੇਬੀ ਤੇ ਜਾ ਪਈ।ਉਸਦੀ ਜੇਬੀ ਵਿੱਚ 'ਪੰਜ ਸੌ ਦਾ ਨੋਟ' ਤਾਰੇ ਵਾਂਗ ਚਮਕ ਰਿਹਾ ਸੀ। ਨੋਟ ਨਾਲੋਂ ਕੀਮਤੀ ਇਸ ਵਿੱਚ ਛੁਪਿਆ ਮੋਹ ਤੇ ਪਿਆਰ ਸੀ।

ਮਾਂ ਪਿਓ ਤੋਂ ਬਾਅਦ ਜੇਕਰ ਬੱਚਿਆਂ ਨਾਲ ਕੋਈ ਦਿਲੋਂ ਪਿਆਰ ਕਰਦਾ ਹੈ ਤਾਂ ਉਹ ਯਕੀਨਨ ਦਾਦਾ-ਦਾਦੀ ਹੋਣਗੇ।

ਬੱਬੂ ਮੇਰੇ ਪਹਿਲੇ ਪਤੀ ਭਾਰਗਵ ਦੀ ਇਕਲੌਤੀ ਔਲਾਦ ਸੀ। ਬੱਬੂ ਦੀ ਦਾਦੀ ਆਪਣੇ ਅੰਸ ਨੂੰ ਵੇਖਣ ਲਈ ਦੌੜੀ ਆਈ।ਔਲਾਦ ਦੀ ਮਹਿਕ ਦਾਦੀ ਤੀਕਰ ਵੀ ਪਹੁੰਚ ਗਈ। ਸੱਸ ਮੈਨੂੰ ਤਾਂ ਸੱਸਾਂ ਵਾਂਗ ਹੀ ਟੱਕਰੀ। ਨਾ ਮੋਹ ਨਾ ਤਪਾਕ। ਉਭਰੀਆਂ ਹੋਈਆਂ ਤਿਉੜੀਆਂ ਤਣੀਆਂ ਰਹੀਆਂ ਮੇਰੇ ਵੱਲ। ਮੈਨੂੰ ਸ਼ੱਕੀ ਅੱਖ ਨਾਲ ਸਿਰ ਤੋਂ ਪੈਰਾਂ ਤੱਕ ਤੱਕਿਆ ਉਸਨੇ। ਪਰ ਬੱਬੂ ਨੂੰ ਵੇਖ ਆਪਣੇ ਮੋਏ ਪੁੱਤ ਭਾਰਗਵ ਦਾ ਅਕਸ ਉਸ ਵਿੱਚੋਂ ਲੱਭਣ ਲੱਗੀ।ਉਹ ਬੱਬੂ ਦੇ ਅੰਗਾਂ ਨੂੰ ਇਸ ਤਰ੍ਹਾਂ ਚੁੰਮਣ ਤੇ ਛੋਹਣ ਵਿੱਚ ਮਸਤ ਸੀ ਜਿਵੇਂ ਮੱਝ ਆਪਣੇ ਨਵਜੰਮੇ ਕੱਟਰੂ ਨੂੰ ਜੀਭ ਨਾਲ ਚੱਟਦੀ ਹੋਵੇ।

ਬੱਬੂ ਨੂੰ ਤਕਦਿਆਂ ਉਸਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਚਿਹਰੇ ਤੇ ਲਾਲੀ ਭਾਹ ਮਾਰਨ

ਲੱਗੀ । ਤੁਰਨ ਲਈ 'ਡੰਗੋਰੀ' ਮਿਲ ਗਈ ਹੋਵੇ ਜਿਸ ਤਰ੍ਹਾਂ। ਡੁੱਬਦੀ ਨੋਕਾਂ ਨੂੰ ਸਹਾਰਾ ਮਿਲ ਗਿਆ ਹੋਵੇ ਬਚਣ ਦਾ।

"ਜਵਾਂ ਹੀ ਭਾਰਗਵ । ..ਉਹੀ ਅੱਖਾਂ !.. ਉਹੀ ਨੱਕ ! .. ਤੇ ਠੋਡੀ ਵਿੱਚ ਵੀ ਮਾਸਾ ਵੀ ਫ਼ਰਕ ਨਹੀਂ। ਬੋਲਦਾ ..ਜਮਾਂ ਹੀ ਭਾਰਗਵ ਵਾਂਗੂੰ ਹੈ !" ਪੱਥਰ ਦਿਲ ਔਰਤ ਮੋਮ ਬਣ ਪਿਘਲ ਰਹੀ ਸੀ। ਦਾਦੀ ਦਾ ਪੋਤੇ ਪ੍ਰਤੀ ਉਲਾਰ ਤੇ ਪਿਆਰ ਦਰਸ਼ਨੀ ਸੀ।

ਦਾਦੀ ਪੋਤੇ ਦਾ ਮਿਲਣ ਵੇਖਣ ਜੁੜੀ ਭੀੜ ਗੁੰਮ-ਸੁੰਮ ਹੋ ਗਈ। ਚੁਪਾਸੀ ਮਾਹੌਲ ਗ਼ਮਗੀਨ ਹੋ ਗਿਆ।

ਉਸਦੇ ਮੂੰਹੋਂ ਪਹਿਲੀ ਵਾਰ ਮੇਰੇ ਲਈ ਦੋ ਲਫਜ਼ ਆਦਰ ਤੇ ਸਤਿਕਾਰ ਵਾਲੇ ਨਿਕਲੇ , "ਮੈਂ ਤੇਰਾ ਗੁਣ ਕਦੀ ਨਹੀਂ ਭੁਲਾ ਸਕਦੀ ਅਨੀਮਾ ...ਤੂੰ ਮੇਰੇ ਪੁੱਤ ਦੀ।" ਆਖ਼ਰੀ ਨਿਸ਼ਾਨੀ ਸ਼ਾਂਭ ਕੇ ਜੋ ਰੱਖੀ ਹੈ। " ਅੱਖਾਂ ਵਿੱਚ ਤ੍ਰਿਪ-ਤ੍ਰਿਪ ਵਰਸਦੇ ਹੰਝੂ ਅਤੇ ਚਿਹਰੇ ਉੱਪਰ ਖੁਸ਼ੀ ਝਲਕਦੀ ਸੀ।

" ...ਚੱਲ ਅਨੀਮਾ ਪੌਗੀ ਚੱਲੀਏ। ਜਿੱਥੇ ਤੂੰ ਭਾਰਗਵ ਨਾਲ ਆਈ ਸੀ। ਅੱਜ ਵੀ ਤੈਨੂੰ ਉਹੀ ਤੇਰਾ ਘਰ ...ਅਵਾਜ਼ਾਂ ਮਾਰਦੈ। ਬਸ... ਹੁਣ ਤੂੰ ਨਾਂਹ ਨਾ ਕਰੀ।" ਸੱਸ ਸਹੁਰੇ ਘਰ ਪੌਗੀ ਪਿੰਡ ਜਾਣ ਦੀ ਤਾਕੀਦ ਕਰਦੀ ਰਹੀ।

ਆਪਣਾ ਬੰਗਾਲਣ ਨਾਂ 'ਅਨੀਮਾ' ਸੁਣ ਪਹਿਲਾਂ ਪਹਿਲ ਤਾਂ ਚੌਂਕ ਜਿਹੀ ਗਈ ਸਾਂ ਮੈਂ। ਮੈਂ ਠਾਣ ਲਈ ਸਾਂ। ਰਾਣੀ ਤੋਂ ਅਨੀਮਾ ਨਹੀਂ ਬਣਨਾ। ਉਹ ਮੇਰੇ ਅੱਗੇ ਝੋਲੀ ਅੱਡੀ ਖੜੀ ਸੀ। ਅੱਜ ਬਾਜ਼ੀ ਸਾਰੀ ਮੇਰੇ ਹੱਥ ਸੀ ਭਾਂਵੇਂ ਮੈਂ ਠੋਕਰ ਮਾਰ ਸਕਦੀ ਸੀ, ਤੇ ਚਾਹੇ ਹਾਮੀ ਭਰ ਪੁਰਾਣੇ ਰਾਹ ਤੇ ਤੁਰ ਸਕਦੀ ਸਾਂ। ਮੈਂ ਸੀਮਾ ਤੇ ਮਰਿਯਾਦਾ ਨਾ ਉਲੰਘ ਸਕੀ। ਭਰੇ ਮੇਲੇ ਤੇ ਜੁੜੀ ਭੀੜ ਵਿੱਚ ਸੱਸ ਦਾ ਨਿਰਾਦਰ ਨਾ ਕਰ ਸਕੀ।

"ਮਾਂ ਜੀ ... ਜਿਸ ਨਾਲ ਵਿਆਹ ਕੇ ਆਈ ਸਾਂ ...ਉਹ ਤਾਂ ਕਦ ਦਾ ਦੂਰ ਗਿਆ। ਹੁਣ ਕੀਹਦੇ ਆਸਰੇ ਜਾਵਾਂ।" ਡੱਕੇ ਹੋਏ ਅੱਥਰੂ ਤੁਰ ਪਏ ਸਨ ਸਾਡੇ। ਅੱਲੇ ਜ਼ਖ਼ਮ ਫੇਰ ਹਰੇ ਹੋ ਗਏ। ਹੁਬਕੀਂ ਰੋਂਦੀ ਦਾ ਕਲੇਜਿਓ ਰੁੱਗ ਭਰ ਗਿਆ। ਅਸਮਾਨੀ ਬਿਜਲੀ ਵਰਗੀ ਚੀਸ ਸਰੀਰ ਦੇ ਆਰ-ਪਾਰ ਹੋ ਗਈ।

ਮੈਨੂੰ ਲੱਗਿਆ ਮੈਂ ਅਜੇ ਵੀ 'ਵਿਧਵਾ' ਹੀ ਤੁਰੀ ਫਿਰਦੀ ਹਾਂ।

"ਇਕ ਵਾਰ ਫੇਰ ਸੋਚ ਲੈ।" ਸੱਸ ਦਾ ਤਰਲਾ ਸੀ।

ਭਾਰਗਵ ਮੇਰੇ ਮਨ ਮਸਤਕ ਦੀ ਕੰਧ ਤੋਂ ਬਹੁਤ ਚਿਰ ਪਹਿਲਾਂ ਹੀ ਉਤਰ ਗਿਆ ਸੀ। ਲਾਲਚੀ ਸੱਸ ਤੇ ਸ਼ਰਾਬੀ ਭਾਰਗਵ ਦੇ ਤੇਵਰ ਮੈਂ ਵੇਖ ਲਏ ਸਨ।

ਸਮਾਂ ਪੈਣ ਨਾਲ ਸਰੀਰ ਤੇ ਪਏ ਨਿਸ਼ਾਨ ਤਾਂ ਮਿਟ ਜਾਂਦੇ ਹਨ। ਪਰ ਤਨ-ਮਨ ਤੇ ਪਏ ਨਿਸ਼ਾਨ ਹਮੇਸ਼ਾਂ ਡੂੰਘੇ ਤੇ ਹਰੇ ਰਹਿੰਦੇ ਹਨ।

.......

"ਮਾਂ ... ਬੰਗਾਲੀ ਕਿੰਨੇ ਵਧੀਆ ਹੁੰਦੇ ਨੇ !" ਬੱਬੂ ਨੇ ਸੁਭਾਵਿਕ ਨਹੀਂ ਕਿਹਾ ਸੀ। ਉਸ ਨੂੰ ਹਫ਼ਤੇ ਦੌਰਾਨ ਮਿਲਿਆ ਪਿਆਰ ਬੋਲਦਾ ਸੀ। ਉਹ ਆਪਣਾ 'ਦਾਦਕਾ ਤੇ ਨਾਨਕਾ' ਪਰਿਵਾਰ ਜੋ ਦੇਖ ਆਇਆ ਸੀ।

ਬੰਗਾਲ ਬੱਬੂ ਲਈ ਤਾਂ ਰੋਮਾਂਚ ਤੇ ਸਵਰਗ ਵਰਗਾ ਹੀ ਸੀ। ਪਰ ਮੇਰੇ ਜ਼ਿੰਦਗੀ ਵਿੱਚ ਨਰਕ ਹੀ ਰਿਹਾ। ਨਾ ਜੀਅ ਸਕੀ। ਨਾ ਮਰ ਸਕੀ। ਬਸ ਵਕਤ ਦੀਆਂ ਦਿੱਤੀਆਂ ਸਜ਼ਾਵਾਂ ਹੀ ਭੁਗਤਦੀ ਰਹੀ। ਪਿਆਰ ਤੇ ਖੁਸ਼ੀ ਦੀ ਇਕ 'ਲਕੀਰ' ਬਣ ਹੀ ਨਾ ਸਕੀ ਬੰਗਾਲ ਵਿੱਚ ।

ਨਾ ਚੰਗਾ ਬਚਪਨ ਬੀਤਿਆ ਤੇ ਨਾ ਜਵਾਨੀ। ਸੋਚਿਆ ਸੀ ਵਿਆਹ ਤੋਂ ਬਾਅਦ ਖ਼ਾਬ ਪੂਰੇ

ਕਰਾਂਗੀ।ਪਰ ਵਿਆਹ ਕਰਵਾ ਕੇ ਮਿਲਿਆ ਸ਼ਰਾਬੀ ਪਤੀ। ਹਰ ਰੋਜ਼ ਜਦ ਭਾਰਗਵ ਸ਼ਰਾਬ ਪੀ ਕੇ ਕਲੇਸ਼ ਕਰਦਾ।ਉਪਰੋਂ ਸੱਸ ਦਹੇਜ ਲਿਆਉਣ ਲਈ ਆਖਦੀ। ਉਸ ਦੀ ਦਾਜ ਵਿੱਚ ਸਾਈਕਲ ਲਿਆਉਣ ਦੀ ਡਿਮਾਂਡ ਮੈਂ ਕਦੇ ਵੀ ਪੂਰੀ ਨਹੀ ਕਰ ਸਕੀ। ਉਸਨੇ ਮੇਰੇ 'ਚਰਿੱਤਰ' ਤੇ ਸ਼ੱਕ ਕੀਤਾ। ਭਾਰਗਵ ਤੋਂ ਕੁਟਵਾਇਆ।ਉਹ ਮਜ਼ਦੂਰੀ ਕਰਨ ਲਈ ਮਜ਼ਬੂਰ ਕਰਦੀ।ਤਰ੍ਹਾਂ -ਤਰ੍ਹਾਂ ਦੇ 'ਦੂਸਣ' ਲਾਉਂਦੀ।ਮਜ਼ਦੂਰੀ ਦਾ ਬੰਗਾਲ ਮਿਲਦਾ ਵੀ ਕੁੱਝ ਨਹੀ ਸੀ।ਪੰਸੇਰੀ ਆਲੂ ਇਕ ਦਿਹਾੜੀ ਦੇ ।ਜਾਂ ਮਸਾਂ ਦੋ ਕਿਲੋ ਚੌਲ਼।ਜਿਸ ਨੂੰ ਵੇਚ ਕੇ ਮਸਾਂ ਬੱਬੂ ਜੋਗਾ ਦੁੱਧ ਜੁੜਦਾ।

ਸ਼ਰਾਬੀ ਹੋਇਆ ਭਾਰਗਵ ਮੈਨੂੰ ਬਿਨਾਂ ਕਸੂਰ ਤੋਂ ਨਿੱਤ ਕੁੱਟ ਧਰਦਾ। ਉਸਦੀਆਂ ਢਿੱਡ ਵਿੱਚ ਮਾਰੀਆਂ ਲੱਤਾਂ ਕਰਕੇ ਮੈਂ ਚਾਰ ਵਰ੍ਹੇ ਔਲਾਦ ਦਾ ਮੂੰਹ ਵੇਖਣ ਨੂੰ ਤਰਸਦੀ ਰਹੀ।ਹਰ ਵਾਰੀ ਨੰਨ੍ਹੇ ਜੀਅ ਦੀ ਮੌਤ ਦਾ ਕਾਰਨ ਬਣਦੀ ਸੀ ਭਾਰਗਵ ਦੀ ਕੁੱਟ।

ਭਾਰਗਵ ਨਿਰਮੋਹੀ ਨੂੰ ਦੋ ਚੀਜਾਂ ਹੀ ਪਿਆਰੀਆਂ ਸਨ।ਸ਼ਰਾਬ।ਦੂਜਾ ਦੇਹ।

ਜਦ ਬੱਬੂ ਨੇ ਇਸ ਦੁਨੀਆਂ ਤੇ ਪੈਰ ਪਾਏ।ਚੁਪਾਸੀ ਮਾਹੌਲ ਖੁਸ਼ੀ ਦਾ ਸੀ।ਪਰ ਇਸ ਖੁਸ਼ੀ ਵਿਚ ਅੰਨ੍ਹਾ ਹੋਇਆ ਸ਼ਰਾਬ ਪੀਂਦਾ ਰਿਹਾ।ਮੈਂ ਨਹਾ ਕੇ ਹਟੀ ਸਾਂ ਉਸ ਦਿਨ।ਮੇਰੀ ਮਾਂ ਨੇ ਮੇਰੀਆਂ ਬਾਹਾਂ ਵਿਚ ਪਾਈਆਂ ਚੂੜੀਆਂ ਇਕ ਇਕ ਕਰਕੇ ਭੰਨ ਛੱਡੀਆਂ।ਮੈਂ ਪਲ ਵਿਚ ਹੀ ਵਿਧਵਾ ਹੋ ਗਈ।ਸ਼ਰਾਬ ਭਾਰਗਵ ਨੂੰ ਸਦਾ ਹੀ ਆਪਣੇ ਨਾਲ ਲੈ ਗਈ।ਤੇ ਸੱਸ ਦੇ ਘਰ ਦਾ ਬੂਹਾ ਸਦਾ ਮੇਰੇ ਲਈ ਬੰਦ ਹੋ ਗਿਆ।

.....

ਟਰੇਨ ਹਾਵੜਾ ਪੁਲ ਉਤੋਂ ਲੰਘੀ।ਇਸ ਖੜਾਕ ਕਰਕੇ ਮੇਰੀ ਸੁਰਤ ਵਾਪਸ ਆਈ।ਮੇਰੀਆਂ ਅੱਖਾਂ ਦੇ ਕੋਇਆਂ ਵਿੱਚੋਂ ਪਾਣੀ ਆਪ-ਮੁਹਾਰੇ ਵਹਿਣ ਲੱਗਿਆ।ਸੋਮਾ ਤੇ ਬੱਬੂ ਤੋਂ ਚੋਰੀ ਅੱਖਾਂ ਵਿੱਚੋਂ ਕਿਰਦੇ ਹੰਝੂਆਂ ਨੂੰ ਸਾਫ਼ ਕਰਦੀ ਰਹੀ।

ਅਤੀਤ ਨੇ ਜ਼ਖ਼ਮ ਹੀ ਐਨੇ ਦਿੱਤੇ ਸਨ। ਇਕ ਨੂੰ ਭਰਦੀ ਤੇ ਦੂਸਰਾ ਆਪ-ਮੁਹਾਰੇ ਵਗਣ ਲੱਗ ਜਾਂਦਾ।

ਸਾਥ ਦੇਣ ਵਾਲੇ ਅੰਗੀ ਸਾਕੀ ਕੋਈ ਨਾ ਰਿਹਾ ਬੰਗਾਲ ਵਿਚ।ਸਭ ਆਪਣੀ ਜ਼ਿੰਦਗੀ ਵਿੱਚ ਮਸਤ ਸਨ।

ਆਦਮੀ ਦੀ ਤਲਾਸ਼ ਤਾਂ ਆਖ਼ਰ ਹਰ ਔਰਤ ਨੂੰ ਰਹਿੰਦੀ ਹੈ।ਅਜਿਹੀ ਭਟਕਣਾ ਦਾ ਮੈਂ ਵੀ ਸ਼ਿਕਾਰ ਸੀ।ਪਰ ਵਾਗਾ ਖੁੱਲ੍ਹੀਆਂ ਨਹੀਂ ਸਨ ਛੱਡੀਆਂ।

ਦੀਨਾ ਨਾਥ ਨਾਲ ਸੰਗ ਹੋਇਆ।ਉਸ ਦਾ ਮੇਰੀ ਰੂਹ ਤੇ ਸਰੀਰ ਨਾਲ ਸੱਚਾ ਸਾਥ ਰਿਹਾ।ਉਸ ਨੂੰ ਮੇਰੇ ਚੋਂ ਤੇ ਮੈਨੂੰ ਉਸ ਵਿੱਚ ਇਕ ਅਜੀਬ ਜਿਹੀ ਖਿੱਚ ਲਗਦੀ। ਮੈਂ ਆਪ ਮੁਹਾਰੇ ਉਸ ਵੱਲ ਦੌੜੀ ਜਾਂਦੀ। ਸਾਡਾ ਪਿਆਰ ਪਿੱਤਲ ਦੀ ਬਾਲਟੀ ਵਿੱਚ ਡਿੱਗਦੀਆਂ ਧਾਰਾਂ ਵਰਗਾ ਆਨੰਦਮਈ ਤੇ ਅਨੂਠਾ ਸੀ। ਅਸੀਂ ਜ਼ਮਾਨੇ ਦੀ ਵਲਗਣਾਂ ਤੋੜਨ ਦੀ ਕਸ਼ਮਕਸ਼ ਵਿਚ ਸਾਂ। ਇਹ ਵੀ ਸੱਚ ਸੀ ਕਿ ਵਿਛੋੜਾ ਤੇ ਪੀੜਾ ਆਖਰੀ ਨਿਸ਼ਾਨੀ ਹੁੰਦੀ ਹੈ ਪਿਆਰ ਦੀ।ਨਾ ਮੈਂ ਉਸ ਦੇ ਖੇਤ ਦੀ ਮਾਲਕਣ ਬਣ ਸਕੀ ਤੇ ਨਾ ਘਰ ਦੀ ਨੂੰਹ।

ਇਹ ਮੈਂ ਹੀ ਝੱਲੀ ਸਾਂ ਜਿਸਨੇ ਰਾਣੀ ਬਣਨ ਦੇ ਸੁਪਨੇ ਸੰਜੋਅ ਲਏ ਸਨ।

ਦੀਨਾ ਨਾਥ ਦੀ ਮਾਤਾ ਨੇ ਸਾਡੇ ਪਿਆਰ ਦੇ ਰਾਹ ਵਿੱਚ ਇਕ ਅਜਿਹੀ ਲਛਮਣ ਰੇਖਾ ਖਿੱਚ ਦਿੱਤੀ। ਜਿਸਨੂੰ ਮੈਂ ਪਾਰ ਨਾ ਕਰ ਸਕੀ। ਉਸਨੇ ਆਪਣੇ ਪੁੱਤਰ ਤੋਂ ਦੂਰ ਜਾਣ ਲਈ ਝੋਲੀ ਅੱਡੀ ਲਈ। ਮੈਂ ਨਾ ਚਾਹੁੰਦਿਆਂ ਹੋਇਆ ਵੀ ਪ੍ਰਵਾਨ ਕਰ ਲਿਆ ।

...ਤੇ ਪਿਆਰ ਰੇਤ ਵਾਂਗ ਹੱਥ 'ਚੋਂ ਕਿਰ ਗਿਆ। ਸੰਜੋਏ ਸੁਪਨੇ ਮਲੀਆਮੇਟ ਹੋ ਗਏ।ਮੈਂ ਦੀਨਾ ਨਾਥ

ਦੀ ਜ਼ਿੰਦਗੀ ਵਿੱਚੋਂ ਇੰਝ ਦੂਰ ਹੋਈ ਜਿਵੇਂ ਮੋਏ ਵਿੱਚੋਂ ਰੂਹ।

ਮਿਲਣ ਦੀ ਤਰੰਗ ਸਦਾ ਹੀ ਵੱਜਦੀ ਰਹੀ। ਜਦ ਬੰਗਾਲ ਆਈ ਸਾਂ ਤਾਂ ਤਰੰਗ ਦੀਨਾ ਨਾਥ ਲਈ ਵੀ ਵੱਜੀ ਸੀ। ਮਿਲਣ ਲਈ ਤੜਫੀ ਸਾਂ। ਦਿਲ ਨੇ ਰੂਹਾਨੀ ਹੂਕ ਵੀ ਲਾਈ ਸੀ।

ਪਰ.....

ਮੈਂ ਦੀਨਾ ਨਾਥ ਦੇ ਖੇਤ-ਖਲਿਆਰ ਤੱਕੇ। ਉਹਨਾਂ ਖੇਤਾਂ ਵਿੱਚ ਅਨੇਕਾਂ ਅਨੀਮਾ, ਲਿਲੀਮਾ, ਪਾਨਵੀ ਵਰਗੀਆਂ ਕੁੜੀਆਂ ਤੁਰਦੀਆਂ ਦਿਸੀਆਂ ਸਨ।

ਮਾਫ਼ ਕਰੀ ਯਾਰਾਂ ਮੈਂ ਦੂਰੋਂ ਹੀ ਅਲਵਿਦਾ ਕਹਿ ਤੁਰ ਆਈ ਸਾਂ।

ਇਹ ਆਵਾਜ਼ ਮੇਰੇ ਰੂਹ ਦੀ ਆਵਾਜ਼ ਤੋਂ ਸੀ, "ਦੀਨਾ ਨਾਥ... ਮੈਂ ਭਾਂਵੇਂ ਸਭ ਨੂੰ ਮਿਲ ਚੱਲੀ ਸਾਂ। ਪਰ ਤੇਰੇ ਬਿਨਾਂ ਮੇਰੀ ਤੀਰਥ ਯਾਤਰਾ ਅਜੇ ਵੀ ਅਧੂਰੀ ਹੈ।"

....

ਬੱਬੂ ਬਰੈਡ ਖਾ ਰਿਹਾ ਸੀ। ਤੇ ਸੋਮਾ ਨਾਲ ਲਿਆਂਦੀਆਂ ਰੋਟੀਆਂ। ਇਹ ਭੁੱਖ ਵੀ ਬੜੀ ਡਾਢੀ ਹੈ ਨਾ ਜੀਣ ਦਿੰਦੀ ਹੈ ਨਾ ਮਰਨ।

"ਅਨੀਮਾ ...ਰੋਟੀ ਖਾਣੀ ਐ।" ਸੋਮਾ ਨੇ ਜਾਣ ਬੁੱਝ ਕੇ ਸ਼ਰਾਰਤ ਵਜੋਂ ਮੈਨੂੰ ਰਾਣੀ ਦੀ ਥਾਂ ਅਨੀਮਾ ਕਹਿ ਕੇ ਬੁਲਾਇਆ।

"ਨਹੀਂ। ਅਜੇ ਨਹੀਂ। ਤੁਸੀਂ ਖਾਓ।" ਸ਼ਾਇਦ ਮੇਰੀ ਭੁੱਖ ਮਰ ਚੁੱਕੀ ਸੀ।

ਇਹ ਭੁੱਖ ਹੀ ਸੀ। ਜਿਸਨੇ ਬਾਰਾਂ ਸਾਲ ਪਹਿਲਾਂ ਪੰਜਾਬ ਤੋਂ ਬੰਗਾਲ ਤੱਕ ਦਾ ਹਜ਼ਾਰਾਂ ਮੀਲਾਂ ਦਾ ਰਸਤਾ ਤੈਅ ਕਰਵਾਇਆ। ਇਹ ਭੁੱਖ ਹੀ ਸੀ ਜੋ ਬੰਗਾਲ ਤੋਂ ਪੰਜਾਬ ਜਾਣ ਬਾਰੇ ਤਿਆਰੀ ਕਰਵਾਈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਬੰਗਾਲ ਵਿੱਚ ਉਦੋਂ ਹੜ੍ਹ ਆਏ। ਭੁੱਖਮਰੀ ਫ਼ੈਲੀ। ਚਾਰੇ ਪਾਸੇ ਬੀਮਾਰੀਆਂ ਦਾ ਕਹਿਰ ਟੁੱਟਿਆ। ਮੌਤ ਵਰਗੀ ਚੁੱਪ। ਬੱਚੇ ਤੇ ਜਾਨਵਰ ਤੜਫ -ਤੜਫ ਮਰਨ ਲੱਗੇ। ਰੋਣ-ਕਰਲਾਉਣ ਦਾ ਸਿਲਸਿਲਾ ਨਾ ਰੁਕਦਾ।

ਸਾਡੇ ਸਭ ਦੇ ਚਿਹਰਿਆਂ ਤੇ ਘੋਰ ਉਦਾਸੀ ਸੀ।

ਉਸ ਦਿਨ ਕੰਨਾਂ ਨੂੰ ਓਪਰੀ ਆਵਾਜ਼ ਸੁਣਾਈ ਦਿੱਤੀ। ਇਹ ਆਵਾਜ਼ ਨੇ ਸਭ ਦਾ ਧਿਆਨ ਖਿੱਚਿਆ। ਸਾਰੇ ਟਿਕਟਿਕੀ ਲਾ ਪੂਰਬ ਵੱਲ ਵੇਖਣ ਲੱਗੇ।

ਹੈਲੀਕਾਪਟਰ ਨੇੜੇ ਆਉਂਦਾ ਗਿਆ। ਇਸੇ ਹੈਲੀਕਾਪਟਰ ਰਾਹੀ ਪੁੱਜੇ ਬੰਦਿਆਂ ਜਾਂ ਸਰਦਾਰਾਂ ਨੇ ਸਾਨੂੰ ਇਕ -ਇਕ ਕਰ ਸਭ ਨੂੰ ਖਾਣਾ ਖਵਾਇਆ। ਸਭ ਨੂੰ ਕਈ ਦਿਨਾਂ ਦਾ ਰਾਸ਼ਨ ਵੀ ਦਿੱਤਾ। ਪਤਾ ਲੱਗਿਆ ਇਹ ਰਾਸ਼ਨ 'ਪੰਜਾਬ' ਤੋਂ ਆਇਆ ਹੈ। ਸਭ ਨੇ ਪੰਜਾਬੀਆਂ ਦਾ ਸ਼ੁਕਰਾਨਾ ਕੀਤਾ ਤੇ ਦਿਲੋਂ ਦੁਆਵਾਂ ਵੀ ਦਿੱਤੀਆਂ। ਮੇਰਾ ਚੰਚਲ ਮਨ ਉਸ ਦਿਨ ਤੋਂ ਹੀ ਪੰਜਾਬ ਜਾਣ ਲਈ ਕਰਵਟਾਂ ਲੈਣ ਲੱਗਿਆ।

ਉਹ ਸੀਨ ਮੇਰੇ ਫੇਰ ਸੀਨ ਅੱਖਾਂ ਅੱਗੇ ਆ ਗਿਆ। ਜਦੋਂ ਹੜ੍ਹਾਂ ਦਾ ਨਿਜ਼ਾਮ ਰੁਕਿਆ। ਢਾਬੇ ਤੇ ਭਾਂਡੇ ਮਾਂਜਣ ਲੱਗੀ। ਮਾਲਕ ਮਜਦੂਰੀ ਵੀ ਨਾ ਦਿੰਦਾ। ਉਸ ਅੱਗੇ ਤਰਲੇ -ਮਿੰਨਤਾਂ ਕਰਦੀ। ਬੇਵੱਸ। ਮਜ਼ਬੂਰ। ਅਣਕਿਆਸੇ ਤੇ ਅਣਚਾਹੇ ਮੋੜ ਤੇ ਖਲੋਤੀ ਸਾਂ ਜਿੱਥੇ ਨਾ ਜੀਅ ਸਕਦੀ ਤੇ ਨਾ ਮਰ। ਪਰ ਆਪਣੀ ਔਲਾਦ ਖ਼ਾਤਰ ਮੈਂ ਹਰ ਕੰਮ ਕਰਦੀ ਰਹੀ ਹੱਸ ਕੇ। ਕਿਸਮਤ ਆਪਣਾ ਖੇਡ ਖੇਡਦੀ ਰਹੀ।

"ਅਰੇ ਲੌਂਡੀਆ, ਪੰਜਾਬ ਜਾਨਾਂ ਐ। ਰਾਣੀ ਬਨਾ ਕਰ ਰਖੇਗੇ।" ਦਰਸ਼ੀ ਟਰੱਕ ਡਰਾਈਵਰ ਨੇ ਮੇਰੇ ਅੱਗੇ ਪੇਸ਼ਕਸ਼ ਰੱਖੀ ਸੀ ਤੇ ਮੇਰੇ ਮਸੋਸੇ ਜਿਹੇ ਦਿਲ ਨੇ ਝਕਦਮ ਹਾਮੀ ਭਰ ਲਈ। ਬੱਬੂ ਨੂੰ ਚੁੱਕ ਪੰਜਾਬ ਤੁਰ

ਆਈ ਸਾਂ।ਬੁਢਲਾਡੇ ਉਤਾਰ ਉਸਨੇ ਪੰਜਾਬ ਦੇ ਦਰਸ਼ਨ ਕਰਵਾ ਦਿੱਤੇ। ਪੰਜਾਬ ਉੱਤਰਦਿਆਂ ਹੀ ਜਿਸਮਾਂ ਦੇ ਮਾਲਕ ਬਦਲ ਗਏ।



ਦਰਸ਼ੀ ਡਰਾਈਵਰ ਮੇਰੀ ਡੋਰ ਹੋਰ ਨੂੰ ਫੜ੍ਹਾ ਆਪ ਲੰਮੇ ਰਾਹਾਂ ਦਾ ਪਾਂਧੀ ਬਣ ਦੌੜ ਗਿਆ।

ਮੱਝ-ਕੱਟਿਆਂ ਵਾਂਗ ਵਿਕਦੀ- ਵਿਕਦੀ ਨੂੰ ਵੀ ਆਖ਼ਰ ਜਿੰਦਰ ਦਾ ਘਰ ਮਿਲ ਹੀ ਗਿਆ।

ਜਦ ਜਿੰਦਰ ਨੇ ਮੇਰਾ ਘਰ ਪਰਿਵਾਰ ਪੁੱਛਿਆ। ਮੈਂ ਕੁੱਝ ਨਾ ਦੱਸਿਆ।

ਮੇਰਾ ਨਾਂ ਪੁੱਛਣ ਲੱਗਿਆ ਤਾਂ ਮੈਂ ਬਿਨਾਂ ਕਿਸੇ ਝਿਜਕ ਦੇ ਕਿਹਾ, "ਰਾਣੀ.... ।"

......

ਨਵੀਂ ਤੇ ਸ਼ਾਨਦਾਰ ਝੌਂਪੜੀ ਤਾਂ ਮੈਂ ਪਵਾ ਆਈ ਸਾਂ ਹੁਣ ।ਗੁਲਾਬੀ ਨੋਟਾਂ ਨਾਲ।ਸਾਰੇ ਪਿੰਡ ਵਿਚ ਅਜਿਹੀ ਝੌਂਪੜੀ ਨਹੀਂ ਬਣੀ ਸੀ।

ਦਸ ਕੁ ਦਿਨਾਂ ਵਿਚ ਸਾਰੇ ਕੰਮ ਨਜਿੱਠ ਲਏ।ਬਾਪੂ ਨੂੰ ਇਲਾਜ ਲਈ ਪੈਸੇ ਦੇ ਆਈ ਸਾਂ। ਕਿੰਨ੍ਹਾਂ ਚਿਰ ਬਾਪੂ ਸੁੱਕੀਆਂ ਅੱਖਾਂ ਵਿੱਚੋਂ ਪਾਣੀ ਵਹਾਉਂਦਾ ਰਿਹਾ।ਸਭ ਨੇ ਮੈਨੂੰ ਵੀਰਨ-ਬੇਟੀ ਮੰਨਿਆ।

ਚਾਚੇ-ਤਾਏ ਤੇ ਪਿੰਡ ਦੀਆਂ ਹੋਰ ਕੁੜੀਆਂ ਮੈਨੂੰ ਪੰਜਾਬ ਨਾਲ ਲਿਜਾਣ ਲਈ ਤਰਲੇ ਮਿੰਨਤਾਂ ਕਰਦੀਆਂ ਰਹੀਆਂ। ਉਹ ਵੀ ਮੇਰੇ ਵਾਂਗ ਦੀਪਨ , ਲਰਪਾ , ਮਾਟਕੂ, ਲਿਲੀਮਾ , ਗੌਰੂ ਤੋਂ ਰਾਣੀ ਬਣਨਾ ਲੋਚਦੀਆਂ ਸਨ।ਮੈਨੂੰ ਧੰਨ ਕੌਰ ਯਾਦ ਆਈ ਜੋ ਆਪਣੇ ਲਈ ਪੁੱਤ ਲਈ ਨੂੰਹ ਮੰਗ ਰਹੀ ਸੀ।

ਮੈਂ ਸਭ ਨੂੰ ਦਿਲੋਂ ਧਰਵਾਸ ਤੇ ਭਰੋਸਾ ਦਿੰਦੀ ਰਹੀ ।ਆਸ ਦੀ ਕਿਰਨ ਜਗਾ ਆਈ ਸੀ ਕਿ ਸਾਰਿਆਂ ਨੂੰ ਜਲਦੀ ਅਗਲੇ ਗੇੜੇ ਪੰਜਾਬ ਲੈ ਕੇ ਜਾਵਾਂਗੀ। ਤਾਂ ਜੋਂ ਇਹ ਕੁੜੀਆਂ ਮਾਲਟ ਦਾਸ ਵਰਗਿਆਂ ਦੇ ਭੁੱਖ ਦੀ ਖ਼ੁਰਾਕ ਨਾ ਬਣਨ। ਕੰਮ ਕਰਨ।

ਰਾਜਕੁਮਾਰੀਆਂ ਬਣਨ।ਸਮੇਂ ਦੀਆਂ ਰਾਣੀਆਂ ਬਣਨ।

.......

ਟਰੇਨ ਬੰਗਾਲ ਤੋਂ ਛੜ-ਪੇ ਭਰਦੀ ਹੋਈ ਪੰਜਾਬ ਆ ਪਹੁੰਚੀ।ਸ਼ਟੇਸ਼ਨ ਤੇ ਸਰੀਰ ਉਤਰਿਆ ਮੇਰਾ। ਰੂਹ ਬੰਗਾਲ ਹੀ ਰਹਿ ਗਈ ਸੀ।ਸਾਰਾ ਸਾਮਾਨ ਬੱਬੂ ਤੇ ਸੋਮਾ ਨੇ ਉਤਾਰ ਲਿਆ।ਸੋਮਾ ਨੇ ਸਾਰੇ ਨਗ ਗਿਣੇ। ਪੂਰੇ ਸਨ।

ਸਾਮਾਨ ਗਿਣ ਅਸੀਂ ਖੜ੍ਹ ਗਏ।ਟਰੇਨ ਅਗਲੇ ਪੰਧ ਤੇ ਚੱਲ ਪਈ ।

ਮੇਰੇ ਦੋਵੇਂ ਹੱਥ ਟਰੇਨ ਲਈ ਜੁੜੇ। ਟਰੇਨ ਦੇ ਸ਼ਟੇਸ਼ਨ ਤੋਂ ਤੁਰਦਿਆਂ ਹੀ ਹਜ਼ਾਰਾਂ ਲੋਕ ਮਿਲਣ ਵਿਛੜਨ ਦੀ ਤੜਫ ਨਾਲ ਵਿਦਾ ਹੋਏ।

ਮੈਂ ਜਕੜੀ ਜਿਹੀ ਖੜ੍ਹੀ ਸਾਂ।ਤੁਰਨਾ ਲਈ ਪੈਰ ਉੱਠ ਨਹੀਂ ਸੀ ਰਹੇ।ਲੱਗਦਾ ਸੀ ਕਿ ਮੈਂ ਕੁਝ ਭੁੱਲ ਆਈ ਹਾਂ।

ਪਤਾ ਨਹੀਂ ਲੱਗਦਾ ਸੀ ਕੀ ਭੁੱਲ ਆਈ ਹਾਂ, ਇਹੀ ਪਤਾ ਨਹੀਂ ਸੀ ਲੱਗ ਰਿਹਾ।

(**ਸੰਪਰਕ-** 94174-44202)

— — — — — — — — — — — —

ਕਹਾਣੀ

# ਅੱਪਡੇਟ

ਰਮਨਦੀਪ ਵਿਰਕ

— — — — — — — — — — — — —



ਅਲਾਰਮ ਦੀ ਤਿੱਖੀ ਅਵਾਜ਼ ਸੁਣ ਕੇ ਰਿਸ਼ਮ ਇੱਕ ਦਮ ਉੱਠ ਖੜ੍ਹੀ ਹੋਈ।

ਉਹ!!!

ਸ਼ਾਇਦ ਉਸ ਨੇ ਕੋਈ ਬੁਰਾ ਸੁਪਨਾ ਦੇਖਿਆ ਸੀ। ਵੱਡੀ ਸਾਰੀ ਅੰਗੜਾਈ ਲਈ ਤੇ ਬੈੱਡ 'ਤੋਂ ਖੜ੍ਹੀ ਹੀ ਹੋ ਗਈ। ਖਿੜਕੀ ਦੇ ਪਰਦੇ ਪਰੇ ਕਰਕੇ ਉਹ ਬਾਥ ਰੂਮ ਗਈ, ਮੂੰਹ ਹੱਥ ਧੋਤਾ ਤੇ ਸ਼ੀਸ਼ੇ 'ਚ ਆਪਣਾ ਆਪ ਨਿਹਾਰਨ ਲੱਗੀ। ਵਾਲਾਂ ਦਾ ਨਵਾਂ ਸਟਾਈਲ ਉਹਨੂੰ ਪਿਆਰਾ ਲੱਗ ਰਿਹਾ ਸੀ। ਆਪਣੇ ਚਿਹਰੇ ਵੱਲ ਦੇਖਦਿਆਂ ਉਸਦਾ ਚਿਹਰਾ ਹੋਰ ਵੀ ਮੁਸਕਰਾਹਟ ਨਾਲ ਭਰ ਗਿਆ।

"ਨਹੀਂ ਸੁਪਨਾ ਏਨਾ ਵੀ ਬੁਰਾ ਨਹੀਂ ਸੀ ਜਿੰਨਾ ...।"

ਇਹ ਖਿਆਲ ਉਸ ਵੇਲੇ ਰਿਸ਼ਮ ਦੇ ਦਿਮਾਗ਼ 'ਚ ਆਇਆ

ਪਰ ਫਿਰ ਵੀ ਹੁਣ ਉਹ ਖੁਸ਼ ਹੈ, ਮੁਸਕਰਾ ਰਹੀ ਹੈ, ਜਿਉਂ ਰਹੀ ਹੈ।

ਫਟਾਫਟ ਸਵੇਰ ਦੇ ਕੰਮ ਨਿਪਟਾਉਣ ਲੱਗੀ ਰਿਸ਼ਮ ਨੂੰ ਖਿਆਲ ਆਇਆ ਕਿ ਅੱਜ ਉਸਨੇ ਆਪਣੇ ਇਲਾਕੇ ਦੀ ਮੰਨੀ ਪ੍ਰਮੰਨੀ ਸੋਸ਼ਲ ਵਰਕਰ ਨਾਲ ਇੰਟਰਵਿਊ ਕਰਨੀ ਸੀ। ਉਹਦੇ ਲਈ ਉਹਨੇ ਬਹੁਤ ਸਾਰੇ ਸਵਾਲ ਡਾਇਰੀ 'ਚ ਨੋਟ ਵੀ ਕਰ ਲਏ ਸਨ ਤੇ ਕਈ ਸਵਾਲ ਅਜਿਹੇ ਵੀ ਸਨ ਜਿਹੜੇ ਉਹਦੇ ਦਿਮਾਗ਼ 'ਚ ਲਗਾਤਾਰ ਘੁਸ ਪੈਠ ਕਰ ਰਹੇ ਸੀ।

ਉਹ ਜਾਨਣਾ ਚਾਹੁੰਦੀ ਸੀ ਕਿ ਕੀ ਆਪਣੀਆਂ ਖੁਸ਼ੀਆਂ ਲਈ ਔਰਤ ਨੂੰ ਜੰਗ ਕਰਨੀ ਚਾਹੀਦੀ ਹੈ? ਸਮਾਜ ਨਾਲ਼, ਪਤੀ ਨਾਲ਼? ਬੱਚਿਆਂ ਨਾਲ਼? ਆਪਣੇ ਆਪ ਨਾਲ਼?

ਜੇ ਹਾਂ ਤਾਂ ਫਿਰ ਸਭ ਤੋਂ ਅਹਿਮ ਕਿਹੜੀ ਜੰਗ ਹੈ ਜੋ ਜਿੱਤ ਲਈ ਸਭ ਤੋਂ ਜ਼ਰੂਰੀ ਹੈ।

ਵਗੈਰਾ ਵਗੈਰਾ.... ਇਹ ਸਭ ਸੋਚਦਿਆਂ ਰਿਸ਼ਮ ਨੇ ਸਬਜ਼ੀ ਨੂੰ ਤੜਕਾ ਲਾਇਆ ਤੇ ਦੁਪਹਿਰ ਲਈ ਫੁਲਕੇ ਬਣਾ ਕੇ ਰੱਖ ਦਿੱਤੇ।

ਨਾਸ਼ਤਾ ਜਲਦੀ ਤਿਆਰ ਹੋ ਜਾਂਦਾ। ਸਭ ਨੇ ਆਂਡਾ ਬਰੈੱਡ ਹੀ ਖਾਣਾ ਹੁੰਦਾ, ਸੋ ਉਸਦੇ ਲਈ ਜ਼ਿਆਦਾ ਸਮਾਂ ਨਹੀਂ ਲਗਦਾ।

ਰਿਸ਼ਮ ਨੇ ਕੰਧ ਘੜ੍ਹੀ 'ਤੇ ਨਿਗਾਹ ਮਾਰੀ। ਉਹਦੇ ਤੁਰਨ ਵਿੱਚ ਅਜੇ ਪੰਜਤਾਲੀ ਮਿੰਟ ਬਾਕੀ ਸਨ।

ਆਪਣੇ ਲਈ ਚਾਹ ਦਾ ਕੱਪ ਬਣਾਇਆ। ਇਹ ਦੂਜੀ ਵਾਰ ਦੀ ਚਾਹ ਸੀ। ਬੱਚੇ ਤੇ ਪੁਸ਼ਪਿੰਦਰ ਅਜੇ ਸੁੱਤੇ ਪਏ ਸਨ।

ਰਿਸ਼ਮ ਨੇ ਇੱਕ ਦੋ ਨੋਟਸ ਹੋਰ ਬਣਾਏ ਤੇ ਅਲਮਾਰੀ 'ਚੋਂ ਆਪਣਾ ਪਸੰਦੀ ਦਾ ਸੂਟ ਕੱਢ ਕੇ ਨਹਾਉਣ ਚਲੀ ਗਈ।

ਹਫ਼ਤੇ 'ਚ ਚਾਰ ਕੁ ਦਿਨ ਉਹਨੂੰ ਆੱਫਿਸ ਜਾਣਾ ਪੈਂਦਾ ਸੀ ਤੇ ਬਾਕੀ ਦਿਨ ਉਹ ਉਹਨਾ ਲੋਕਾਂ ਬਾਰੇ ਸਟੱਡੀ ਕਰਦੀ , ਜਿਨ੍ਹਾਂ ਦੀ ਉਸਨੇ ਇੰਟਰਵਿਊ ਕਰਨੀ ਹੁੰਦੀ ਸੀ।



ਏਨੀ ਸਾਰੀ ਭੱਜ-ਨੱਠ 'ਚ ਉਹਦੇ ਕੋਲ਼ ਸਮਾਂ ਬਚਦਾ ਹੀ ਕਿੱਥੇ ਸੀ ਕਿ ਆਪਣੇ ਲਈ ਚਿੰਤਾ ਕਰਦੀ।

ਨਾਲ਼ੇ ਹੁਣ ਤਾਂ ਉਹ ਆਪਣੇ ਆਪ ਨਾਲ ਵਾਅਦਾ ਕਰ ਚੁੱਕੀ ਸੀ ਕਿ ਕਿਸੇ ਕਿਸਮ ਦੀ ਚਿੰਤਾ ਨੂੰ ਆਪਣੇ ਨੇੜੇ ਨਹੀਂ ਆਉਣ ਦੇਣਾ।

......

ਆੱਫਿਸ ਪਹੁੰਚ ਦਿਆਂ ਹੀ ਸਾਰਿਆਂ ਨੂੰ ਮੁਸਕੁਰਾ ਕੇ ਮਿਲਣਾ ਰਿਸ਼ਮ ਦਾ ਸੁਭਾਅ ਬਣ ਚੁੱਕਿਆ ਹੈ। ਪਰਸ ਅਲਮਾਰੀ 'ਚ ਰੱਖ ਦਿਆਂ ਉਹਨੇ ਮੈਡਮ ਨਿਰੂਪਮਾ ਨੂੰ ਫ਼ੋਨ ਕੀਤਾ। ਇੰਟਰਵਿਊ ਦਾ ਕਨਫਰਮ ਕੀਤਾ ਤੇ ਕੈਬਿਨ 'ਚੋਂ ਬਾਹਰ ਆ ਗਈ।

"ਅੱਜ ਵਾਲੀ ਇੰਟਰਵਿਊ ਬਹੁਤ ਵਧੀਆ ਹੋਣ ਵਾਲ਼ੀ ਐ।"

ਰਿਸ਼ਮ ਨੇ ਕੋਲ਼ ਬੈਠੇ ਕੈਮਰੇ ਵਾਲੇ ਮੁੰਡੇ ਨੂੰ ਕਿਹਾ।

ਇਹ ਸਾਰੀ ਟੀਮ ਹੁਣ ਇੱਕ ਪਰਿਵਾਰ ਦੀ ਤਰਾਂ ਹੀ ਸੀ। ਰੋਜ਼ ਨਵੇਂ ਨਵੇਂ ਲੋਕਾਂ ਨਾਲ ਇਕੱਠੇ ਇੰਟਰ ਵਿਊਜ ਕਰਨ ਜਾਂਦੇ। ਕਦੇ ਬਾਹਰ ਤੇ ਕਦੇ ਆੱਫਿਸ ਵਿੱਚ ਹੀ।

"ਹਾਂ ਜੀ ਮੈਮ, ਇਹ ਮੈਮ ਵੀ ਬਹੁਤ ਧੜੱਲੇਦਾਰ ਨੇ।"

ਮੁੰਡੇ ਨੇ ਉਸ ਲੇਡੀ ਬਾਰੇ ਜੋ ਸੁਣਿਆ ਸੀ ਉਹਦੇ ਅਧਾਰ 'ਤੇ ਜੁਆਬ ਦਿੱਤਾ।

"ਚਲੋ ਖ਼ੈਰ ਦੇਖਦੇ ਹਾਂ... ਮੈਂ ਸਵਾਲ ਬੜੇ ਤਿੱਖੇ ਲੈ ਕੇ ਆਈ ਹਾਂ।"

ਆਖ ਕੇ ਰਿਸ਼ਮ ਮੁਸਕਰਾਈ।

ਸੋਸ਼ਲ ਵਰਕਰ ਮੈਡਮ ਐਨ ਸਹੀ ਵਕਤ 'ਤੇ ਪਹੁੰਚ ਗਈ। ਆੱਫ ਕੈਮਰਾ ਉਹਨਾਂ ਕਾਫ਼ੀ ਗੱਲਾਂ ਕੀਤੀਆਂ। ਗੱਲਾਂ ਗੱਲਾਂ 'ਚ ਪਤਾ ਲੱਗਿਆ ਕਿ ਮੈਡਮ ਦਾ ਆਪਣਾ ਇਕਲੌਤਾ ਬੇਟਾ ਫ਼ੌਰਨ ਵਿੱਚ ਸੈਟਲ ਹੈ ਤੇ ਉਹ ਇੱਧਰ ਆਪਣੇ ਪਤੀ ਨਾਲ਼ੋਂ ਵੱਖ ਹੋ ਕੇ ਇਕੱਲੀ ਰਹਿ ਰਹੀ ਹੈ ਤੇ ਆਪਣੇ ਇਸ ਫ਼ੀਲਡ ਵਿੱਚ ਬਹੁਤ ਮਸਤ ਤੇ ਵਿਅਸਤ ਹੈ।

ਇੰਟਰਵਿਊ ਬਹੁਤ ਵਧੀਆ ਨਿਭ ਗਈ ਸੀ। ਕਈ ਸਵਾਲ ਨਵੇਂ ਸਨ, ਵੱਖਰੇ ਸਨ ,ਪਰ ਸਾਰਿਆਂ ਦਾ ਜੁਆਬ ਮੈਡਮ ਨਿਰੂਪਮਾ ਨੇ ਬਹੁਤ ਹੀ ਸਹਿਜਤਾ ਨਾਲ ਤੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਿੱਤਾ। ਰਿਸ਼ਮ ਨੂੰ ਖ਼ੁਦ ਵੀ ਇਹ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਦੇ ਆਪਣੇ ਵੀ ਕਈ ਸਵਾਲ ਹੱਲ ਹੋ ਗਏ ਹੋਣ।

.....

ਵਾਪਸੀ ਵੇਲੇ ਰਿਸ਼ਮ ਨੂੰ ਫਿਰ ਉਹ ਮੁੰਡਾ, ਮੁੰਡਾ ਨਹੀਂ ਰਿਸ਼ਮ ਦੇ ਹਾਣਦਾ ਹੀ ਹੋਣਾ, ਤਕਰੀਬਨ

ਚਾਲੀ ਕੁ ਸਾਲ ਦਾ, ਮਿਲ ਗਿਆ। ਉਹ ਕਿਸੇ ਸਰਕਾਰੀ ਮਹਿਕਮੇ ਵਿੱਚ ਹੈ ਤੇ ਤਕਰੀਬਨ ਰੋਜ਼ ਹੀ ਰਿਸ਼ਮ ਨੂੰ ਬੱਸ ਸਟੈਂਡ 'ਤੇ ਖੜ੍ਹੇ ਮਿਲ ਜਾਂਦਾ। ਇੱਕੋ ਬੱਸ ਚ ਵਾਪਸੀ ਦਾ ਸਫ਼ਰ ਕਰਦੇ ਨੇ ਉਹ। ਪਰ ਗੱਲ ਕਦੇ ਨਹੀਂ ਹੋਈ। ਇੱਕ ਦੋ ਵਾਰ ਉਸਨੇ ਰਿਸ਼ਮ ਨੂੰ ਬੁਲਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਰਿਸ਼ਮ ਨੇ ਕੋਈ ਬਹੁਤੀ ਦਿਲਚਸਪੀ ਨਹੀਂ ਲਈ।

"ਮੈਂ ਇੰਨੀ ਸਖ਼ਤ ਕਿਉਂ ਹਾਂ?"

ਕਈ ਵਾਰ ਰਿਸ਼ਮ ਸੋਚਦੀ।

"ਤੁਸੀਂ ਵੀ ਇੱਥੇ ਜੌਬ ਕਰਦੇ ਹੋ?"

ਉਸ ਬੰਦੇ ਨੇ ਆਹੀ ਤਾਂ ਇੱਕ ਸਵਾਲ ਪੁੱਛਿਆ ਸੀ ਤੇ ਰਿਸ਼ਮ ਨੂੰ ਬਹੁਤ ਖਿਝ ਆਈ ਸੀ,

"ਹਾਂਜੀ"

ਬੱਸ ਆਹ ਇੱਕੋ ਜੁਆਬ ਦਿੱਤਾ ਉਸ ਨੇ ਤੇ ਈਅਰ ਫੋਨ ਲਾ ਕੇ ਬੈਠ ਗਈ ਤਾਂ ਕਿ ਅਗਲਾ ਕੋਈ ਹੋਰ ਗੱਲ ਹੀ ਨਾ ਕਰੇ।

ਇਉਂ ਹਰ ਰੋਜ਼ ਹੁੰਦਾ, ਸ਼ਾਇਦ ਉਹਨੂੰ ਵੀ ਸਮਝ ਆ ਗਈ ਸੀ ਕਿ ਰਿਸ਼ਮ ਅਜਿਹੀ ਔਰਤ ਨਹੀਂ ਹੈ, ਕੁਝ ਫ਼ਰਕ ਹੈ ਉਸ ਵਿੱਚ ਆਮ ਔਰਤਾਂ ਨਾਲ਼ੋਂ। ਇਸੇ ਲਈ ਉਹ ਉਸੇ ਅਦਬ ਨਾਲ਼ ਮਿਲ਼ਦਿਆਂ ਹੀ ਇੱਕ ਮੁਸਕਰਾਹਟ ਜਿਹੀ ਜ਼ਰੂਰ ਦਿੰਦਾ ਪਰ ਗੱਲ ਨਾਂਹ ਦੇ ਬਰਾਬਰ ਹੀ ਕਰਦਾ।

ਇਸ ਤਰਾਂ ਪੂਰਾ ਸਾਲ ਗੁਜ਼ਰ ਗਿਆ। ਰਿਸ਼ਮ ਨਹੀਂ ਮਨ ਆਪਣੇ ਆਪ ਨੂੰ ਆਖਦੀ ਕਿ ਜਿਹੜੇ ਜੁਆਬ ਆਪਣੀ ਜ਼ਿੰਦਗੀ ਦੇ ਸਵਾਲ ਲਈ ਮੈਂ ਤਲਾਸ਼ ਰਹੀ ਰਹੀਂ ਹਾਂ ਉਹੀ ਸਵਾਲ ਬਣ ਕੇ ਕਿਸੇ ਹੋਰ ਦੇ ਰਾਹਾਂ 'ਚ ਕਿਉਂ ਖੜ੍ਹਾਂ ?

ਤੇ ਅੱਜ ਜਦੋਂ ਰਿਸ਼ਮ ਨੇ ਭੱਜ ਕੇ ਬੱਸ ਲਈ ਤਾਂ ਬਹੁਤ ਭੀੜ ਸੀ। ਸੀਟ ਕੋਈ ਖਾਲੀ ਨਹੀਂ ਸੀ। ਉਹਨੂੰ ਦੇਖਕੇ ਉਹ ਬੰਦਾ ਆਪਣੀ ਸੀਟ ਤੋਂ ਉੱਠ ਖੜਾ ਹੋਇਆ ਤੇ ਰਿਸ਼ਮ ਨੂੰ ਬੈਠਣ ਲਈ ਕਿਹਾ, ਰਿਸ਼ਮ ਨੇ ਬਹੁਤ ਨਾਂਹ ਕੀਤੀ ਪਰ ਉਹ ਨਾ ਮੰਨਿਆ ਤਾਂ ਰਿਸ਼ਮ ਨੂੰ ਬੈਠਣਾ ਪਿਆ।

"ਕੀ ਮੈਂ ਇਸਦਾ ਧੰਨਵਾਦ ਕਰਾਂ?"

ਰਿਸ਼ਮ ਨੇ ਮਨ ਹੀ ਮਨ ਸੋਚਿਆ।

"ਸ਼ਿਸ਼ਟਾਚਾਰ ਤਾਂ ਇਹੋ ਆਖਦਾ।"

ਰਿਸ਼ਮ ਦੇ ਮਨ ਨੇ ਕਿਹਾ

ਪਰ ਨਹੀਂ। ਰਿਸ਼ਮ ਬਿਨਾਂ ਇੱਕ ਵੀ ਲਫ਼ਜ਼ ਕਹੇ ਬੈਠੀ ਰਹੀ ਤੇ ਚੁੱਪ-ਚਾਪ ਆਪਣੇ ਸਟੌਪ 'ਤੇ ਉੱਤਰ ਗਈ।

"ਮੈਨੂੰ ਥੈਂਕਸ ਕਰਨਾ ਚਾਹੀਦਾ ਸੀ, ਪਰ ਜੇ ਮੈਂ ਇਹ ਇੱਕ ਲਫ਼ਜ਼ ਕਹਿ ਦਿੰਦੀ ਤਾਂ ਬਹਾਨੇ ਨਾਲ਼ ਡਾਇਲਾਗ ਸ਼ੁਰੂ ਹੋ ਜਾਣਾ ਸੀ। ਫਿਰ ਕੋਈ ਗੱਲ ਤੁਰਦੀ। ਤੇ ਇਸ ਤਰਾਂ ਮੈਂ ਜਾਣ ਪਛਾਣ ਨਹੀਂ ਵਧਾਉਣਾ ਚਾਹੁੰਦੀ।"

ਇਹ ਸੋਚਦਿਆਂ ਰਿਸ਼ਮ ਘਰ ਤੱਕ ਦਾ ਪੈਂਡਾ ਤਹਿ ਕਰ ਗਈ।

ਘਰ ਪਹੁੰਚਦਿਆਂ ਰੋਜ਼ ਵਾਂਗ ਬੱਚੇ ਇਕੱਲੇ ਹੀ ਸਨ।

ਪੁਸ਼ਪਿੰਦਰ ਸ਼ਾਮ ਨੂੰ ਅਕਸਰ ਘਰ ਨਹੀਂ ਰਹਿੰਦਾ। ਕਦੇ ਕਿਸੇ ਦੋਸਤ ਕੋਲ਼, ਕਦੇ ਸ਼ਾਮ ਨੂੰ ਪਾਰਕ ਦੀ ਸੈਰ ਤੇ ਕਦੇ ....।

ਇਸ਼ਕ ਦੇ ਬਾਰੇ ਰਿਸ਼ਮ ਬਹੁਤ ਸੋਚਦੀ। ਪਤਾ ਨਹੀਂ ਕਿੱਥੇ ਬਿਜੀ ਰਹਿੰਦਾ ਉਹ? ਇਹ ਸਵਾਲ ਜੇ ਕਦੇ

ਉਹਨੂੰ ਪੁੱਛ ਲੈਂਦੀ ਤਾਂ ਇੱਕੋ ਗੱਲ

"ਯਰ ਸੌ ਕੰਮ ਹੁੰਦੇ ਬੰਦੇ ਨੂੰ, ਹੁਣ ਘਰ ਥੋੜ੍ਹਾ ਬੈਠਾ ਰਹਿਣਾ।"

ਉਹ ਐਵੇਂ ਹੀ ਖਿਝ ਕੇ ਜੁਆਬ ਦਿੰਦਾ।

ਰਿਸ਼ਮ ਚੁੱਪ ਕਰ ਜਾਂਦੀ।

ਕੁਝ ਸਾਲ ਪਹਿਲਾਂ ਪੁਸ਼ਪਿੰਦਰ ਦੇ ਕਿਸੇ ਹੋਰ ਔਰਤ ਨਾਲ ਬਾਹਰ ਰਿਸ਼ਤਾ ਬਨਾਉਣ ਬਾਰੇ ਜਦੋਂ ਰਿਸ਼ਮ ਨੂੰ ਪਤਾ ਲੱਗਿਆ ਸੀ ਤਾਂ ਤੜਫ ਉੱਠੀ ਸੀ ਉਹ। ਫਿਰ ਇੱਕ ਦਿਨ ਹਿੰਮਤ ਜਿਹੀ ਕਰਕੇ ਉਸ ਔਰਤ ਕੋਲ਼ ਪਹੁੰਚ ਗਈ ਸੀ। ਬੜਾ ਰੁੱਖਾ ਤੇ ਗੰਦਾ ਲਹਿਜ਼ਾ ਅਖਤਿਆਰ ਕਰ ਲਿਆ ਸੀ ਰਿਸ਼ਮ ਨੇ ਉਸ ਕੁੜੀ ਨੂੰ ਦੇਖਦਿਆਂ। ਗੱਲੀਂ ਬਾਤੀਂ ਬਹੁਤ ਲਾਹਨਤਾਂ ਪਾਈਆਂ।

"ਬੀਬਾ ਕਿਸੇ ਭੁਲੇਖੇ 'ਚ ਨਾ ਰਹੀਂ, ਸਾਡੇ ਸਰਦਾਰਾਂ ਦੇ ਕਾਕਿਆਂ ਦੇ ਤਾਂ ਇਹ ਸ਼ੌਕ ਹੁੰਦੇ ਆ ਬਾਹਰ ਔਰਤਾਂ ਨਾਲ਼ ਰਿਸ਼ਤੇ ਗੰਢਣੇ, ਜੇ ਅਜਿਹਾ ਨਾ ਕਰਨ ਤਾਂ ਇਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਐ, ਭੁੱਲੀ ਫਿਰਦੀ ਹੋਵੇਂਗੀ ਕਿ ਤੈਨੂੰ ਰਾਣੀ ਬਣਾ ਲਊ, ਪਰ ਜੇ ਤੈਨੂੰ ਚਵਲ਼ ਨੂੰ ਕੋਈ ਫ਼ਰਕ ਨਹੀਂ ਪੈਂਦਾ ਤਾਂ ਆਵਦਾ ਪੜ੍ਹਿਆ ਵਿਚਾਰੀਂ।"

ਰਿਸ਼ਮ ਆਪਣੀ ਭੜਾਸ ਕੱਢ ਕੇ ਵਾਪਸ ਪਰਤ ਆਈ ਸੀ ਪਰ ਇਸ ਗੱਲ ਦਾ ਨਤੀਜਾ ਇਹ ਹੋਇਆ ਕਿ ਉਹ ਕੁੜੀ ਸੱਚ ਮੁੱਚ ਡਰ ਗਈ ਤੇ ਪੁਸ਼ਪਿੰਦਰ ਕੋਲ਼ੋਂ ਕਿਨਾਰਾ ਕਰ ਗਈ।

ਕੁਝ ਚਿਰ ਬਾਅਦ ਰਿਸ਼ਮ ਨੂੰ ਪਤਾ ਲੱਗਿਆ ਕਿ ਉਹ ਵਿਆਹੀ ਗਈ ਤੇ ਇੱਕ ਕੁੜੀ ਦੀ ਮਾਂ ਵੀ ਬਣ ਗਈ।

ਰਿਸ਼ਮ ਸੁਰਖ਼ਰੂ ਭਾਵੇਂ ਨਹੀਂ ਸੀ ਹੋਈ ਕਿਉਂਕਿ ਉਹ ਜਾਣਦੀ ਸੀ ਕਿ ਆਦਤਾਂ ਸੌਖਿਆਂ ਨਹੀਂ ਬਦਲਦੀਆਂ ਪਰ ਫਿਰ ਵੀ ਇੱਕ ਖ਼ੁਸ਼ਫਹਿਮੀ ਜਿਹੀ ਜ਼ਰੂਰ ਉਸਨੇ ਪਾਲ਼ ਲਈ ਸੀ ਉਸ ਵਕਤ।

.....

ਜ਼ਿੰਦਗੀ ਚੱਲਦੀ ਜਾ ਰਹੀ ਸੀ।

ਰਿਸ਼ਮ ਖੁਸ਼ ਹੁੰਦੀ ਜਾਂ ਉਦਾਸ, ਉਹਦਾ ਰਵੱਈਆ ਹਮੇਸ਼ਾ ਉਹੀ ਰਹਿੰਦਾ। ਬੱਚਿਆਂ ਲਈ ਵੰਨ ਸੁਵੰਨਾ ਖਾਣਾ ਬਣਾਉਂਦੀ, ਪੁਸ਼ਪਿੰਦਰ ਦੇ ਰਿਸ਼ਤੇਦਾਰਾਂ ਦੀ ਹੱਸ ਕੇ ਸੇਵਾ ਕਰਦੀ, ਉਹ ਦੇਰ ਸਵੇਰ ਲੇਟ ਆਉਂਦਾ ਤਾਂ ਉਹਦੀਆਂ ਸ਼ਰਾਬੀ ਹੋਏ ਦੀਆ ਗਾਲ੍ਹਾਂ ਵੀ ਜਰਦੀ ਰਹਿੰਦੀ ਤੇ ਉਹਦੀ ਖ਼ਾਨਾ ਖ਼ਰਾਬੀ ਸਮਝ ਕੇ ਇਗਨੋਰ ਕਰ ਦਿੰਦੀ।

ਪਰ ਹੁਣ ਉਹਨੇ ਆਪਣੇ ਲਈ ਵੀ ਸੋਚਣਾ ਸ਼ੁਰੂ ਕਰ ਦਿੱਤਾ ਸੀ। ਕੁਝ ਬਦਲਾਅ ਲਿਆਉਣੇ ਜ਼ਰੂਰੀ ਸਨ।

ਫਿਰ ਤੋਂ ਪੜ੍ਹਾਈ ਅਰੰਭੀ। ਪੱਤਰਕਾਰੀ ਦਾ ਕੋਰਸ ਕੀਤਾ ਤੇ ਨੌਕਰੀ ਵੀ ਲੱਭ ਲਈ। ਹੁਣ ਉਹ ਪੂਰੀ ਤਰਾਂ ਆਤਮ ਨਿਰਭਰ ਸੀ। ਬੱਚੇ ਵੱਡੇ ਹੋ ਰਹੇ ਸਨ। ਇਸ ਲਈ ਉਹ ਰਿਸ਼ਮ ਦੀਆਂ ਲਾਪਰਵਾਹੀਆਂ ਨੂੰ ਵੀ ਇਗਨੋਰ ਕਰਨ ਲੱਗੀ ਤਾਂ ਜੋ ਬੱਚਿਆਂ 'ਤੇ ਬੁਰਾ ਅਸਰ ਨਾ ਹੋਵੇ।

ਇਸ ਦੌਰਾਨ ਰਿਸ਼ਮ ਦਾ ਆਪਣਾ ਦਾਇਰਾ ਵੱਡਾ ਹੋਇਆ। ਬਿਜੀ ਰਹਿਣ ਲੱਗੀ। ਦਫਤਰ, ਘਰ ਤੇ ਬੱਚੇ। ਇਹੀ ਉਸਦੀਆਂ ਮੁੱਢਲੀਆਂ ਜ਼ੁੰਮੇਵਾਰੀਆਂ ਬਣ ਗਈਆਂ।

ਪੁਸ਼ਪਿੰਦਰ ਨੂੰ ਰਿਸ਼ਮ ਦੇ ਵਧਦੇ ਦਾਇਰੇ 'ਤੇ ਕੋਈ ਇਤਰਾਜ਼ ਨਹੀਂ ਸੀ, ਸਗੋਂ ਉਹ ਆਪ ਵੀ ਕਦੇ ਦਿਲਚਸਪੀ ਨਾਲ ਰਿਸ਼ਮ ਦੇ ਕੰਮ ਕਾਰ ਬਾਰੇ ਪੁੱਛਦਾ ਰਹਿੰਦਾ। ਉਸਨੂੰ ਕਦੇ ਕੋਈ ਮਿਲਣ ਆ ਜਾਂਦਾ ਤਾਂ ਵੀ ਉਹ ਹੱਸ ਕੇ ਸਵਾਗਤ ਕਰਦਾ।

ਇਸ ਸਭ ਦੇ ਦਰਮਿਆਨ ਹੀ ਰਿਸ਼ਮ ਨੂੰ ਪੁਸ਼ਪਿੰਦਰ ਦੇ ਤੌਰ ਤਰੀਕੇ ਜਿਹੇ ਫਿਰ ਤੋਂ ਬਦਲਦੇ ਲੱਗੇ।

ਉਹ ਜ਼ਿਆਦਾ ਵਕਤ ਘਰ ਤੋਂ ਬਾਹਰ ਬਿਤਾਉਣ ਲੱਗਾ। ਜੇ ਘਰ ਹੁੰਦਾ ਤਾਂ ਫ਼ੋਨ 'ਤੇ ਵਿਅਸਤ ਰਹਿੰਦਾ। ਕਦੇ ਮੈਸਜ ਪੜ੍ਹ ਰਿਹਾ ਹੁੰਦਾ ਤੇ ਕਦੇ ਲਿਖ ਰਿਹਾ ਹੁੰਦਾ।

ਰਿਸ਼ਮ ਸਮਝ ਗਈ ਸੀ ਕੁਝ ਤਾਂ ਹੈ ਜਿਸ ਦੀ ਰਿਸ਼ਮ ਨੂੰ ਸਮਝ ਨਹੀਂ ਲੱਗ ਰਹੀ। ਉਹ ਚੁੱਪ-ਚਾਪ ਦੇਖਦੀ ਰਹਿੰਦੀ। ਕਦੇ ਕੁਝ ਨਾ ਪੁੱਛਦੀ। ਉਹਨੂੰ ਪਤਾ ਸੀ ਕਿ ਪੁੱਛਣ 'ਤੇ ਉਹ ਸੌ ਬਹਾਨੇ ਬਣਾਏਗਾ।

ਇਸ ਤਰਾਂ ਹੀ ਕਈ ਮਹੀਨੇ ਗੁਜ਼ਰ ਗਏ। ਰਿਸ਼ਮ ਨੇ ਇੱਕ ਦਿਨ ਮੌਕਾ ਜਿਹਾ ਦੇਖ ਕੇ ਉਹਦਾ ਫ਼ੋਨ ਚੁੱਕ ਲਿਆ ਤੇ ਵਟਸ ਐਪ ਸਕੈਨ ਕਰ ਲਿਆ।

ਪੁਸ਼ਪਿੰਦਰ ਦੇ ਸਾਰੇ ਮੈਸਜ ਰਿਸ਼ਮ ਦੇ ਫ਼ੋਨ 'ਤੇ ਸ਼ੋ ਹੋਣ ਲੱਗੇ।

ਉਸਦੇ ਅੰਦਰ ਇੱਕ ਤੂਫ਼ਾਨ ਆ ਗਿਆ। ਉਹ ਪਿਛਲੇ ਕਈ ਮਹੀਨਿਆਂ ਤੋਂ ਕਿਸੇ ਔਰਤ ਨਾਲ ਇਸ਼ਕ ਲੜਾ ਰਿਹਾ ਸੀ। ਦੋਵਾਂ ਦੇ ਹਜ਼ਾਰਾਂ ਮੈਸਜ ਰਿਸ਼ਮ ਨੇ ਪੜ੍ਹੇ। ਕਿੰਨੇ ਪਿਆਰ ਤੇ ਕਿੰਨੇ ਮੁਹੱਬਤੀ ਸ਼ਬਦਾਂ ਨਾਲ ਉਹ ਗੱਲਾਂ ਕਰ ਰਿਹਾ ਸੀ ਕਿਸੇ ਹੋਰ ਔਰਤ ਨਾਲ। ਰਿਸ਼ਮ ਦੀ ਬਰਦਾਸ਼ਤ ਸ਼ਕਤੀ ਖਤਮ ਹੋ ਰਹੀ ਸੀ।

ਇੱਕ ਦਿਨ ਉਹਨੇ ਉਸ ਔਰਤ ਦਾ ਨੰਬਰ ਮਿਲ਼ਾਇਆ ਤੇ ਉਹਦੇ ਨਾਲ ਬਹੁਤ ਕੁੱਤੇ-ਖਾਣੀ ਕੀਤੀ।

ਉਹ ਗ਼ੈਰ ਔਰਤ ਸ਼ਾਦੀ ਸ਼ੁਦਾ ਸੀ ਤੇ ਇੱਕ ਮੁੰਡੇ ਦੀ ਮਾਂ।

ਰਿਸ਼ਮ ਦੇ ਗ਼ੁੱਸੇ ਤੋਂ ਡਰਦਿਆਂ ਉਹ ਅਗਲੇ ਦਿਨ ਹੀ ਉਹਦੇ ਘਰ ਉਹਨੂੰ ਮਿਲਣ ਆ ਗਈ।

ਉਹਦਾ ਪਹਿਰਾਵਾ ਦੇਖ ਕੇ ਰਿਸ਼ਮ ਨੂੰ ਗਿਲਿਆਨੀ ਜਿਹੀ ਆਈ। ਫਸੀ ਜਿਹੀ ਜੀਨ ਪਾਈ ਤੇ ਲੰਬੇ ਲੰਬੇ ਨਹੁੰਆਂ 'ਤੇ ਗੂੜ੍ਹੇ ਰੰਗ ਦੀ ਪੌਲਿਸ਼ ਲਾਈ ਉਹ ਔਰਤ ਰਿਸ਼ਮ ਦੇ ਸਾਹਮਣੇ ਸੋਫ਼ੇ 'ਤੇ ਬੈਠੀ ਸੀ।

ਰਿਸ਼ਮ ਨੂੰ ਆਪਣਾ ਖਿਆਲ ਆਇਆ ਜਿਸ ਬਾਰੇ ਪੁਸ਼ਪਿੰਦਰ ਅਕਸਰ ਆਖਿਆ ਕਰਦਾ ਸੀ ਕਿ ਤੂੰ ਸੋਬਰ ਸਿੰਪਲ ਜਿਹੀ ਹੀ ਬਹੁਤ ਪਿਆਰੀ ਲਗਦੀ ਏਂ,

ਪਰ ਆਹ ਕੀ ਸੀ? ਜਿਸ ਨਾਲ ਪੁਸ਼ਪਿੰਦਰ ਮਣਾ ਮੂੰਹੀ ਮੁਹੱਬਤ ਜਤਾ ਰਿਹਾ ਸੀ, ਉਹ ਤਾਂ ਸਾਦਗੀ ਦੇ ਨੇੜੇ ਤੇੜੇ ਵੀ ਨਹੀਂ ਸੀ।

ਖ਼ੈਰ ਰਿਸ਼ਮ ਨੇ ਭਰੀ ਪੀਤੀ ਨੇ ਦੋਵੇਂ ਆਸ਼ਕ ਆਪਣੇ ਸਾਹਮਣੇ ਬਿਠਾ ਲਏ ਤੇ ਜਿੰਨਾ ਜ਼ਲੀਲ ਕਰ ਸਕਦੀ ਸੀ ਕੀਤਾ।

ਉਹ ਔਰਤ ਸਾਰਾ ਦੋਸ਼ ਪੁਸ਼ਪਿੰਦਰ ਦੇ ਸਿਰ ਮੜ੍ਹ ਰਹੀ ਸੀ ਕਿ ਇਹੀ ਉਹਨੂੰ ਫ਼ੋਨ ਕਰਨ, ਮੈਸਜ ਕਰਨ ਲਈ ਉਕਸਾਉਂਦਾ ਹੈ। ਮੇਰਾ ਮੈਸਜ ਆਏ ਬਿਨਾ ਚਾਹ ਦੀ ਘੁੱਟ ਨਹੀਂ ਪੀਂਦਾ।

ਪੁਸ਼ਪਿੰਦਰ ਸਭ ਸੁਣ ਰਿਹਾ ਸੀ ਚੁੱਪ-ਚਾਪ।

ਅੱਗੋਂ ਕਦੇ ਨਾ ਮਿਲਣ ਦਾ ਕਹਿ ਕੇ ਉਹ ਔਰਤ ਉੱਥੋਂ ਤੁਰਦੀ ਲੱਗੀ ਤਾਂ ਪੁਸ਼ਪਿੰਦਰ ਸਫ਼ਾਈਆਂ ਦੇਣ ਲੱਗਾ।

ਮੁਆਫ਼ੀ ਵੀ ਮੰਗੀ ਤੇ ਇਹ ਵੀ ਕਿਹਾ ਕਿ ਗੱਲ ਉਨੀ ਵੱਡੀ ਨਹੀਂ ਸੀ, ਜਿੰਨੀ ਉਹ ਸਮਝ ਰਹੀ ਏ।

ਪਰ ਬੰਦਾ ਕਦੇ ਬੀਵੀ ਦਾ ਮਨ ਨਹੀਂ ਪੜ੍ਹ ਸਕਦਾ। ਉਹ ਨਹੀਂ ਸਮਝ ਸਕਦਾ ਕਿ ਔਰਤ ਲਈ ਕਿਹੜੀ ਗੱਲ ਵੱਡੀ ਹੁੰਦੀ ਹੈ।

ਉਸ ਸਮੇਂ ਉਹ ਗੱਲ ਟਲ਼ ਗਈ ਪਰ ਰਿਸ਼ਮ ਅੰਦਰੋਂ ਬੁਰੀ ਤਰਾਂ ਟੁੱਟ ਗਈ। ਉਹਨੂੰ ਲੱਗਿਆ ਕਿ ਉਸਦੇ ਐਨੇ ਸਾਲਾਂ ਦੀ ਮਿਹਨਤ ਜੋ ਉਸਨੇ ਇਸ ਘਰ ਨੂੰ ਵਧੀਆ ਵਸਾਉਣ ਲਈ ਕੀਤੀ , ਉਹਦਾ ਕੀ ਸਿਲਾ ਮਿਲ਼ਿਆ। ਉਹਦੀ ਵਫ਼ਾਦਾਰੀ, ਇਮਾਨਦਾਰੀ, ਸਮਝਦਾਰੀ ਸਭ ਖੂਹ 'ਚ ਪੈ ਗਈਆਂ।

ਕਈ ਮਹੀਨੇ ਰਿਸ਼ਮ ਫਿਰ ਅੱਪ ਸੈੱਟ ਰਹੀ। ਉਸਨੂੰ ਪੂਰਾ ਯਕੀਨ ਸੀ ਕਿ ਇਹ ਬਾਹਰੀ ਰਿਸ਼ਤਾ ਅਜੇ

ਵੀ ਚੱਲ ਰਿਹਾ ਸੀ।ਪਰ ਉਸਨੇ ਪੁਸ਼ਪਿੰਦਰ ਨਾਲ ਇਸਦਾ ਜ਼ਿਕਰ ਕਰਨਾ ਛੱਡ ਦਿੱਤਾ।ਕਦੇ ਕਦੇ ਉਬਾਲ ਉੱਠਦਾ ਤਾਂ ਉਹ ਉਸ ਔਰਤ ਨੂੰ ਫ਼ੋਨ ਕਰਕੇ ਭੜਾਸ ਜ਼ਰੂਰ ਕੱਢ ਲੈਂਦੀ ਸੀ।

ਆਖਰ ਹੰਭ ਹਾਰ ਕੇ ਉਹਨੇ ਉਹਨੂੰ ਵੀ ਫ਼ੋਨ ਕਰਨਾ ਛੱਡ ਦਿੱਤਾ।

ਉਹ ਹੋਰ ਦੁੱਖ ਨਹੀਂ ਦੇਣਾ ਚਾਹੁੰਦੀ ਸੀ ਆਪਣੇ ਆਪ ਨੂੰ ਤੇ ਨਾ ਹੀ ਆਪਣੀ ਤੜਪ ਉਸ ਗ਼ੈਰ ਔਰਤ ਅੱਗੇ ਜ਼ਾਹਰ ਕਰਨੀ ਚਾਹੁੰਦੀ ਸੀ।

ਵਕਤ ਬੀਤਿਆ ਤਾਂ ਰਿਸ਼ਮ ਨੂੰ ਪਤਾ ਲੱਗਿਆ ਉਸ ਔਰਤ ਨਾਲ ਤਾਂ ਪੁਸ਼ਪ ਦਾ ਵਿਆਹ ਤੋਂ ਪਹਿਲਾ ਹੀ ਅਫੇਅਰ ਸੀ।

ਇਸ ਗੱਲ ਨਾਲ ਰਿਸ਼ਮ ਨੂੰ ਜ਼ਿਆਦਾ ਝਟਕਾ ਲੱਗਿਆ। ਉਸਨੂੰ ਲੱਗਿਆ ਜਿਵੇਂ ਉਹ ਪਿਛਲੇ ਪੰਦਰਾਂ ਸਾਲਾਂ ਤੋਂ ਹੀ ਠੱਗੀ ਜਾ ਰਹੀ ਸੀ।

ਖ਼ੈਰ ! ਔਰਤ ਨੇ ਹੌਲੀ-ਹੌਲੀ ਖ਼ੁਦ ਨੂੰ ਹੀ ਸਮਝਾਉਣਾ ਹੁੰਦਾ, ਸੋ ਰਿਸ਼ਮ ਵੀ ਸਮਝ ਗਈ, ਸੰਭਲ਼ ਗਈ।

ਹੁਣ ਉਸਨੇ ਸਾਰਾ ਧਿਆਨ ਆਪਣੀ ਨੌਕਰੀ ਵੱਲ ਲਾ ਦਿੱਤਾ।ਪੁਸ਼ਪਿੰਦਰ ਨਾਲ ਲੜਨਾ ਝਗੜਨਾ ਤਾਂ ਦੂਰ , ਸਧਾਰਨ ਗੱਲ-ਬਾਤ ਵੀ ਬੰਦ ਕਰ ਦਿੱਤੀ। ਇੱਕ ਤਰਾਂ ਨਾਲ ਇਹ ਰਿਸ਼ਤਾ ਮਰਨ ਲੱਗਿਆ।

ਦਿਨ ਚੜ੍ਹਦ, ਛਿਪਦਾ ਤੇ ਗੁਜ਼ਰ ਜਾਂਦਾ। ਪੁਸ਼ਪਿੰਦਰ ਨੂੰ ਕੋਈ ਫ਼ਰਕ ਨਹੀਂ ਪੈ ਰਿਹਾ ਸੀ। ਉਹ ਆਪਣੀ ਜ਼ਿਦਗੀ ਪਹਿਲਾਂ ਵਾਂਗ ਹੀ ਜੀਅ ਰਿਹਾ ਸੀ।ਉਹ ਰਿਸ਼ਮ ਦੇ ਨਜ਼ਦੀਕ ਆਉਣੋਂ ਵੀ ਹਟ ਗਿਆ ਸੀ।ਘਰ ਦੇਰ ਨਾਲ ਆਉਂਦਾ ਤਾਂ ਚੁੱਪ-ਚਾਪ ਰੋਟੀ ਖ਼ਾ ਕੇ ਸੌਂ ਜਾਂਦਾ।ਗਾਲੀ ਗਲੋਚ ਤੇ ਭੰਨ-ਤੋੜ ਵੀ ਨਾ ਕਰਦਾ।

ਕਦੇ ਕਦੇ ਰਿਸ਼ਮ ਆਪਣੇ ਦਫ਼ਤਰ ਵਿੱਚ ਨਾਲ ਕੰਮ ਕਰਦੀ ਆਪਣੀ ਸਹੇਲੀ ਨਾਲ ਗੱਲਾਂ ਕਰਦੀ ਤੇ ਆਪਣੇ ਇਸ ਠੰਢੇ ਹੋ ਗਏ ਰਿਸ਼ਤੇ ਬਾਰੇ ਦੱਸਦੀ।

ਉਸ ਦੀ ਸਹੇਲੀ ਨੇ ਇੱਕ ਦਿਨ ਸਲਾਹ ਦਿੱਤੀ ਕਿ ਰਿਸ਼ਤਾ ਬਿਲਕੁਲ ਖਤਮ ਹੋਣ ਨਾਲ਼ੋਂ ਚੰਗਾ ਹੈ ਕਿ ਕੋਸ਼ਿਸ਼ ਕਰਕੇ ਪਤੀ ਦੇ ਨੇੜੇ ਹੋਇਆ ਜਾਵੇ। ਭਾਵੇਂ ਇਹ ਬਹੁਤ ਔਖਾ ਕਿ ਸਾਨੂੰ ਕੋਈ ਇਗਨੋਰ ਕਰੇ ਤੇ ਅਸੀਂ ਉਸ ਨਾਲ਼ ਨੇੜਤਾ ਦਿਖਾਈਏ ਪਰ ਔਰਤ ਅਜਿਹਾ ਬਹੁਤ ਕੁਝ ਕਰਦੀ ਹੈ ਆਪਣੇ ਪਤੀ ਨੂੰ ਆਪਣੇ ਨਾਲ ਜੋੜੀ ਰੱਖਣ ਲਈ, ਨਹੀਂ ਤਾਂ ਦੂਰ ਤਾਂ ਉਹ ਜਾ ਹੀ ਰਿਹਾ ਹੁੰਦਾ।

...

ਰਿਸ਼ਮ ਇੱਕ ਸਵੈਮਾਨੀ ਔਰਤ ਹੋਣ ਕਰਕੇ ਉਹਨੂੰ ਇਹ ਸਭ ਔਖਾ ਤਾਂ ਲਗਦਾ ਸੀ ਪਰ ਇੱਕ ਰਿਸ਼ਤੇ ਦੀ ਹੋਂਦ ਨੂੰ ਬਚਾਈ ਰੱਖਣ ਲਈ ਉਸਨੂੰ ਇਹ ਢੰਗ ਸਹੀ ਲੱਗਿਆ।

ਰਾਤ ਨੂੰ ਜਦੋਂ ਪੁਸ਼ਪਿੰਦਰ ਆਪਣੇ ਬੈੱਡ 'ਤੇ ਪਿਆ ਟੀ ਵੀ ਦੇਖ ਰਿਹਾ ਸੀ ਤਾਂ ਰਿਸ਼ਮ ਉਸਦੇ ਕੋਲ ਆ ਕੇ ਬੈਠ ਗਈ।ਉਹਨੂੰ ਟਿਕਟਿਕੀ ਲਾ ਕੇ ਦੇਖਣ ਲੱਗੀ ਤਾਂ ਪੁਸ਼ਪਿੰਦਰ ਦਾ ਧਿਆਨ ਖਿੰਡ ਗਿਆ। ਜਿਉਂ ਹੀ ਉਸਨੇ ਰਿਸ਼ਮ ਵੱਲ ਦੇਖਿਆ ਤਾਂ ਰਿਸ਼ਮ ਨੇ ਉਸਨੂੰ ਕਲ਼ਾਵੇ 'ਚ ਲੈਣਾ ਚਾਹਿਆ। ਥੋੜ੍ਹੀ ਹੋਰ ਕੋਲ਼ ਹੋਈ ਤਾਂ ਪੁਸ਼ਪਿੰਦਰ ਕੋਲ ਸੁੱਤੀ ਪਈ ਧੀ ਦਾ ਬਹਾਨਾ ਜਿਹਾ ਬਣਾ ਕੇ ਰਿਸ਼ਮ ਤੋਂ ਪਰ੍ਹੇ ਹੋ ਗਿਆ।

ਰਿਸ਼ਮ ਨੂੰ ਹੱਤਕ ਮਹਿਸੂਸ ਹੋਈ ਪਰ ਉਹ ਚੁੱਪ ਕਰ ਗਈ।

ਰਾਤ ਗੁਜ਼ਰ ਗਈ ਪਰ ਰਿਸ਼ਮ ਅਜੇ ਵੀ ਬੇਚੈਨ ਸੀ।ਸੋਚ ਸੋਚ ਕੇ ਉਹ ਹੋਰ ਵੀ ਪਰੇਸ਼ਾਨ ਹੋ ਰਹੀ ਸੀ।

ਪੁਸ਼ਪ ਤਾਂ ਪਹਿਲਾਂ ਕਦੇ ਅਜਿਹਾ ਇੱਕ ਵੀ ਮੌਕਾ ਨਹੀਂ ਸੀ ਗਵਾਉਂਦਾ, ਸਗੋਂ ਉਹ ਤਾਂ ਖ਼ੁਦ ਬਹਾਨੇ ਲੱਭਦਾ ਸੀ ਰਿਸ਼ਮ ਦੇ ਨਜ਼ਦੀਕ ਰਹਿਣ ਦੇ।

ਇਹ ਵਾਕਿਆ ਹੀ ਵੱਡੀ ਗੱਲ ਸੀ।

ਅਗਲੀ ਰਾਤ ਰਿਸ਼ਮ ਕੰਮ ਧੰਦਾ ਨਿਬੇੜ ਕੇ ਜਦੋਂ ਨਾਈਟ ਸੂਟ ਪਾਉਣ ਲਈ ਵਾਸ਼ਰੂਮ ਗਈ ਤਾਂ ਪੁਸ਼ਪਿੰਦਰ ਝੱਟ ਦੇਣੇ ਲਾਈਟ ਆੱਫ ਕਰਕੇ ਲੇਟ ਗਿਆ।

ਰਿਸ਼ਮ ਸਭ ਕੁਝ ਸਮਝਦੀ ਸੀ। ਫਿਰ ਵੀ ਉਸਨੇ ਸ਼ਰਾਰਤ ਜਿਹੀ ਨਾਲ ਪੁਸ਼ਪ ਦੇ ਮੱਥੇ ਤੇ ਆਪਣੇ ਹੋਂਠ ਰੱਖ ਦਿੱਤੇ ਪਰ ਉਹ ਪਾਸਾ ਜਿਹਾ ਲੈ ਕੇ , ਮੱਥੇ 'ਤੇ ਆਪਣੀ ਬਾਂਹ ਰੱਖ ਕੇ ਪਿਆ ਰਿਹਾ।

ਰਿਸ਼ਮ ਲਈ ਇਹ ਪਲ ਬਹੁਤ ਔਖਾ ਸੀ। ਇੰਨੀ ਜ਼ਲਾਲਤ ਉਹਨੂੰ ਕਦੇ ਨਹੀਂ ਸੀ ਮਿਲ਼ੀ।

ਇਹ ਬਹੁਤ ਵੱਡਾ ਧੱਕਾ ਸੀ ਜੋ ਰਿਸ਼ਮ ਆਪਣੇ ਆਪ ਨਾਲ਼ ਕਰ ਰਹੀ ਸੀ।

ਅਗਲੀ ਸਵੇਰ ਉਹਨੇ ਪੁਸ਼ਪ ਨੂੰ ਆਪਣੇ ਸਾਹਮਣੇ ਬਿਠਾ ਕੇ ਕੁਝ ਸਵਾਲ ਕੀਤੇ , ਕੁਝ ਆਪਣੇ ਮਨ ਅੰਦਰ ਪਏ ਸਵਾਲ ਸਾਂਝੇ ਕੀਤੇ ਪਰ ਪੁਸ਼ਪ ਹਰ ਗੱਲ ਤੇ ਇਹੀ ਕਹਿ ਰਿਹਾ ਸੀ ਕਿ ਉਹ ਜ਼ਰੂਰਤ ਤੋਂ ਜ਼ਿਆਦਾ ਸੋਚ ਰਹੀ ਹੈ, ਅਜਿਹੀ ਕੋਈ ਗੱਲ ਨਹੀਂ ਸੀ।

ਰਿਸ਼ਮ ਨੇ ਆਖਰੀ ਫੈਸਲਾ ਸੁਣਾਇਆ ਕਿ ਉਹ ਨੂੰ ਤਲਾਕ ਚਾਹੀਦਾ ਹੈ। ਉਹ ਆਪਣੀ ਜ਼ਿਦਗੀ ਵਧੀਆ ਜੀਅ ਸਕਦੀ ਹੈ। ਬੱਚਿਆ ਨਾਲ ਵਧੀਆ ਸਮਾਂ ਬਿਤਾ ਸਕਦੀ ਹੈ।

ਪੁਸ਼ਪਿੰਦਰ ਨੂੰ ਉਸ ਦੇ ਇਸ ਫ਼ੈਸਲੇ ਦਾ ਭੋਰਾ ਭਰ ਵੀ ਅੰਦਾਜ਼ਾ ਨਹੀਂ ਸੀ। ਉਹ ਜਿਵੇਂ ਬੌਖਲਾ ਗਿਆ ਤੇ ਵਾਰ ਵਾਰ ਭਰੋਸਾ ਜਤਾਉਣ ਲੱਗਿਆ।

"ਤੂੰ ਜ਼ਿਆਦਾ ਸੋਚਦੀ ਐਂ , ਅਜਿਹਾ ਕੁਝ ਵੀ ਨਹੀਂ।"

ਪੁਸ਼ਪ ਨੇ ਜਿਵੇਂ ਤਰਲੇ ਨਾਲ ਕਿਹਾ

"ਨਹੀਂ ਮੈ ਤੇਰੇ 'ਤੇ ਯਕੀਨ ਨਹੀਂ ਕਰ ਸਕਦੀ, ਤੂੰ ਹੁਣ ਬਦਲ ਚੁੱਕਾ ਏ।"

ਰਿਸ਼ਮ ਨੇ ਸਾਫ਼ ਗੱਲ ਕੀਤੀ।

"ਦੇਖ ਮੇਰਾ ਉਸ ਔਰਤ ਨਾਲ ਹੁਣ ਕੋਈ ਰਿਸ਼ਤਾ ਨਹੀਂ ਤੇ ਮੈ ਸਹੁੰ ਖ਼ਾ ਕੇ ਆਖਦਾਂ ਕਿ ਅੱਜ ਦੀ ਤਰੀਕ 'ਚ ਮੈਂ ਤੇਰੇ ਨਾਲ ਬਿਲਕੁਲ ਇਮਾਨਦਾਰ ਹਾਂ।"

ਪੁਸ਼ਪ ਇੱਕੋ ਸਾਹੇ ਬੋਲ ਗਿਆ।

ਰਿਸ਼ਮ ਚੁੱਪ ਰਹੀ। ਉਸ ਨੂੰ ਲੱਗਿਆ ਕਿ ਸ਼ਾਇਦ ਉਹ ਸੱਚੀਂ ਜ਼ਿਆਦਾ ਸੋਚਣ ਲੱਗੀ ਸੀ।

ਉਹਦਾ ਫੈਸਲਾ ਫ਼ਿਲਹਾਲ ਟਲ਼ ਗਿਆ ਤੇ ਉਹ ਦੋਵੇਂ ਫਿਰ ਤੋਂ ਨਾਰਮਲ ਹੋਣ ਦੀ ਕੋਸ਼ਿਸ਼ 'ਚ ਲੱਗ ਗਏ।

ਇਹ ਨਾਰਮਲ ਹੋਣਾ ਸਿਰਫ ਰਿਸ਼ਮ ਦੀ ਕੋਸ਼ਿਸ਼ ਸੀ ਪਰ ਅੰਦਰੋਂ ਉਹ ਬਹੁਤ ਇਕੱਲਾ ਪਨ ਮਹਿਸੂਸ ਕਰਦੀ। ਉਹਨੂੰ ਲਗਦਾ ਜਿਵੇਂ ਉਹ ਇੱਕ ਨਿਰੀ ਮਸ਼ੀਨ ਹੈ ਜੋ ਸਵੇਰ ਤੋਂ ਲੈ ਕੇ ਰਾਤ ਤੱਕ ਲਗਾਤਾਰ ਚੱਲਦੀ ਹੈ ਪਰ ਉਸ ਦੀ ਸਾਂਭ ਸੰਭਾਲ਼ ਲਈ ਕੋਈ ਕੁਝ ਨਹੀਂ ਕਰ ਰਿਹਾ। ਦਫਤਰ 'ਚ ਐਨੇ ਲੋਕਾਂ ਨਾਲ ਇੰਟਰਵਿਊ ਕਰਦੀ, ਉਹਨਾਂ ਦੀਆਂ ਸਮੱਸਿਆਵਾਂ ਸੁਣਦੀ, ਆਪਣੀ ਜ਼ਿੰਦਗੀ 'ਚ ਜਿਵੇਂ ਉਲ਼ਝਦੀ ਜਾ ਰਹੀ ਸੀ।

ਤੇ ਫਿਰ ਇੱਕ ਦਿਨ ਅਚਾਨਕ ਪੁਸ਼ਪਿੰਦਰ ਦੇ ਨਵੇਂ ਬਿਆਨ ਨੇ ਜਿਵੇਂ ਰਿਸ਼ਮ ਨੂੰ ਬਿਲਕੁਲ ਹੀ ਹਤਾਸ਼ ਕਰ ਦਿੱਤਾ।

ਉਹ ਰਿਸ਼ਮ ਨੂੰ ਪੁੱਛਣ ਲੱਗਿਆ, "ਤੈਨੂੰ ਯਾਦ ਆ ਇੱਕ ਮੇਰੀ ਕੁਲੀਗ ਕਈ ਸਾਲ ਪਹਿਲਾਂ ਇੱਥੋਂ ਟ੍ਰਾਂਸਫ਼ਰ ਹੋ ਕੇ ਜਾਣ ਤੋਂ ਪਹਿਲਾਂ ਆਪਣੇ ਘਰ ਆਈ ਸੀ, ਤੈਨੂੰ ਵੀ ਮਿਲ਼ੀ ਸੀ ?"

"ਹ ਮ ਮ"

ਰਿਸ਼ਮ ਨੂੰ ਯਾਦ ਸੀ।

"ਕੀ ਹੋਇਆ ਉਸਨੂੰ?"

ਰਿਸ਼ਮ ਨੇ ਸਵਾਲ ਕੀਤਾ।

"ਨਹੀਂ ਹੋਇਆ ਕੁਝ ਨਹੀਂ, ਅੱਜ ਕੱਲ੍ਹ ਉਹ ਮੇਰੀ ਬੌਸ ਬਣ ਗਈ ਹੈ, ਤਰੱਕੀ ਹੋ ਗਈ ਉਸਦੀ।"

ਪੁਸ਼ਪਿੰਦਰ ਨੇ ਦੱਸਿਆ।

"ਅੱਛਾ!"

"ਫਿਰ?"

ਰਿਸ਼ਮ ਜਾਨਣਾ ਚਾਹੁੰਦੀ ਸੀ ਕਿ ਪੁਸ਼ਪਿੰਦਰ ਨੇ ਗੱਲ ਕਿਉਂ ਸ਼ੁਰੂ ਕੀਤੀ ਉਸਦੀ।

"ਉਹ ਮੈਨੂੰ ਕੁਝ ਦਿਨਾਂ ਤੋਂ ਪਹਿਲਾਂ ਮੈਸਜ ਕਰਦੀ ਰਹੀ ਤੇ ਹੁਣ ਫ਼ੋਨ ਕਰਦੀ ਹੈ, ਰੋਜ਼ ਗੱਲ ਕਰਦੀ ਹੈ।"

ਪੁਸ਼ਪ ਨੇ ਦੱਸਿਆ

"ਅੱਛਾ! ਕੀ ਗੱਲਾਂ ਕਰਦੀ ਆ?"

ਰਿਸ਼ਮ ਨੇ ਹੈਰਾਨ ਹੋ ਕੇ ਪੁੱਛਿਆ

ਹਾਂ ਇਹੀ ਦੱਸਣ ਲੱਗਿਆਂ।" ਹੁਣ ਉਹ ਮੈਨੂੰ ਬਾਹਰ ਹੋਟਲ 'ਚ ਮਿਲਣਾ ਚਾਹੁੰਦੀ ਐ, ਕੁਝ ਵਕਤ ਬਿਤਾਉਣਾ ਚਾਹੁੰਦੀ ਐ, ਉਹਨੂੰ ਮੇਰੇ ਵਿੱਚ ਦਿਲਚਸਪੀ ਹੈ।"

ਪੁਸ਼ਪਿੰਦਰ ਪਤਾ ਨਹੀਂ ਕੀ ਸੋਚ ਕੇ ਇਹ ਸਭ ਦੱਸ ਰਿਹਾ ਸੀ।

ਸ਼ਾਇਦ ਇਮਾਨਦਾਰ ਹੋਣ ਦੀ ਕੋਸ਼ਿਸ਼ ਸੀ ਇਹ। ਵਾਅਦਾ ਜੋ ਕੀਤਾ ਸੀ ਇਮਾਨਦਾਰੀ ਦਾ।

ਰਿਸ਼ਮ ਇਹ ਸਭ ਸੁਣ ਕੇ ਤੜਪ ਉੱਠੀ।

ਕੋਈ ਕਿਸੇ 'ਤੇ ਕਿਸ ਹੱਦ ਤੱਕ ਯਕੀਨ ਕਰੇ! ਉਸ ਔਰਤ ਦੀ ਉਹਨੇ ਕਿੰਨੀ ਆਓ ਭਗਤ ਕੀਤੀ ਸੀ, ਇਹ ਸੋਚਕੇ ਕਿ ਉਹ ਉਸਦੇ ਪਤੀ ਦੀ ਕੁਲੀਗ ਸੀ। ਪਰ ਇਹ ਕੀ ਨਵੀਂ ਕਹਾਣੀ ਬਣਨ ਜਾ ਰਹੀ ਸੀ।

ਰਿਸ਼ਮ ਇੱਕ ਦਮ ਚੁੱਪ ਹੋ ਗਈ। ਕੁਝ ਨਾ ਬੋਲੀ। ਕੋਈ ਪ੍ਰਤਿਕਰਮ ਨਾ ਦਿੱਤਾ।

ਪੁਸ਼ਪਿੰਦਰ ਉਸਦੇ ਸੁਆਲ ਦੀ ਉਡੀਕ ਕਰ ਰਿਹਾ ਸੀ।

ਕੁਝ ਦੇਰ ਦੀ ਚੁੱਪ ਮਗਰੋਂ ਆਪ ਹੀ ਬੋਲਿਆ,

"ਉਹ ਮੈਨੂੰ ਕਹਿੰਦੀ ਸੀ ਕਿ ਤੇਰੀ ਵਾਈਫ਼ ਸਿਆਣੀ ਤਾਂ ਬਹੁਤ ਐ ਪਰ ਉਸਨੂੰ ਆਪਣੇ ਆਪ ਨੂੰ ਚੇਂਜ ਕਰਨਾ ਚਾਹੀਦਾ, ਥੋੜ੍ਹਾ 'ਅੱਪਡੇਟ' ਹੋਣ ਦੀ ਲੋੜ ਆ।"

ਇਹ ਸ਼ਬਦ ਸੁਣਦਿਆਂ ਹੀ ਰਿਸ਼ਮ ਦੇ ਅੰਦਰ ਇੱਕ ਤੂਫ਼ਾਨ ਜਿਹਾ ਆਇਆ।

ਉਹ ਉੱਥੋਂ ਉੱਠ ਕੇ ਚਲੀ ਗਈ ਬਿਨਾਂ ਕੁਝ ਕਹੇ।

ਉਹਦੇ ਅੰਦਰ ਵਾਰ ਵਾਰ ਬਦਲਵੇਂ ਖਿਆਲ ਚੱਲਣ ਲੱਗੇ। ਕਦੇ ਉਹਨੂੰ ਨਿਰੂਪਮਾ ਮੈਡਮ ਦਾ ਖਿਆਲ ਆਉਂਦਾ ਜੋ ਪਤੀ ਨਾਲ਼ੋਂ ਵੱਖ ਹੋ ਕੇ ਇਕੱਲੀ ਹੀ ਆਪਣੇ ਦਮ 'ਤੇ ਜੀਅ ਰਹੀ ਸੀ। ਤੇ ਕਦੇ ਉਸ ਅਣਜਾਣ ਹਮਸਫ਼ਰ ਦਾ ਖਿਆਲ ਆਉਂਦਾ ਜੋ ਪਿਛਲੇ ਇੱਕ ਸਾਲ ਤੋਂ ਜਿਵੇਂ ਉਸਦੇ ਜੁਆਬ ਦੀ ਉਡੀਕ ਕਰ ਰਿਹਾ ਸੀ ਦੋਸਤੀ ਦੇ ਸੁਆਲ ਲਈ।


ਹੋਰ ਵੀ ਅਨੇਕਾਂ ਘਟਨਾਵਾਂ ਰਿਸ਼ਮ ਦੇ ਮਨ ਅੰਦਰ ਕੁਰਬਲ਼ ਕੁਰਬਲ਼ ਕਰ ਰਹੀਆਂ ਸੀ ਇੱਕੋ ਵਕਤ 'ਤੇ ਸੋਚ ਰਹੀ ਸੀ ਕਿ ਕੀ ਵਾਕਿਆ ਹੀ ਉਸਨੂੰ ਅੱਪਡੇਟ ਹੋਣ ਦੀ ਜ਼ਰੂਰਤ ਹੈ?

(**ਸੰਪਰਕ** : 82646-91974)

ਸ਼ਬਦ ਚਿੱਤਰ

# ਵਿਲੱਖਣ ਅਤੇ ਰੌਚਿਕ ਸ਼ੈਲੀ ਵਾਲੀ ਲੇਖਕਾ ਹਰਕੀਰਤ ਕੌਰ ਚਹਿਲ

## ਪ੍ਰੇਮ ਮਾਨ



ਜੂਨ 2019 ਦੀ ਗੱਲ ਹੈ, ਇਕ ਦੋਸਤ ਦਾ ਫ਼ੋਨ ਆਇਆ ਅਤੇ ਉਸ ਨੇ ਪੁੱਛਿਆ, "ਤੁਸੀਂ ਫ਼ੇਸ-ਬੁੱਕ ਤੇ ...(ਇਕ ਭੱਦਰ ਪੁਰਸ਼ ਦਾ ਨਾਂ ਲੈ ਕੇ) ਦੀ ਪੋਸਟ ਪੜ੍ਹੀ ਹੈ ਜੋ ਹਰਕੀਰਤ ਕੌਰ ਚਹਿਲ ਦੇ ਨਾਵਲ 'ਆਦਮ ਗ੍ਰਹਿਣ' ਬਾਰੇ ਹੈ?"

"ਇਹ ਭੱਦਰ ਪੁਰਸ਼ ਫ਼ੇਸ-ਬੁੱਕ ਤੇ ਮੇਰਾ ਦੋਸਤ ਨਹੀਂ ਇਸ ਲਈ ਉਸ ਦੀ ਕੋਈ ਵੀ ਪੋਸਟ ਮੈਨੂੰ ਦਿਖਾਈ ਨਹੀਂ ਦਿੰਦੀ ਅਤੇ ਮੈਂ ਇਹ ਪੋਸਟ ਨਹੀਂ ਪੜ੍ਹੀ।" ਮੈਂ ਦੱਸਿਆ, "ਹਰਕੀਰਤ ਕੌਰ ਚਹਿਲ ਕੌਣ ਹੈ? ਇਸ ਭੱਦਰ ਪੁਰਸ਼ ਨੇ ਉਸ ਦੇ ਨਾਵਲ ਬਾਰੇ ਕੀ ਲਿਖਿਆ ਹੈ?" ਮੈਂ ਨਾਲ ਲਗਦੇ ਸਵਾਲ ਕੀਤੇ।

ਇਸ ਦੋਸਤ ਨੇ ਦੱਸਿਆ ਕਿ ਹਰਕੀਰਤ ਕੈਨੇਡਾ ਦੇ ਵੈਨਕੂਵਰ ਏਰੀਏ ਵਿਚ ਰਹਿੰਦੀ ਹੈ। ਇਸ ਭੱਦਰ ਪੁਰਸ਼ ਨੇ ਉਸ ਦੇ ਨਵੇਂ ਨਾਵਲ 'ਆਦਮ ਗ੍ਰਹਿਣ' ਵਿਚ ਕੁਝ ਗਲਤੀਆਂ ਕੱਢ ਕੇ ਫ਼ੇਸ-ਬੁੱਕ ਤੇ ਪੋਸਟ ਪਾਈ ਹੈ। ਇਹ ਪਹਿਲੀ ਵਾਰੀ ਸੀ ਕਿ ਮੈਂ ਹਰਕੀਰਤ ਕੌਰ ਚਹਿਲ ਦਾ ਨਾਂ ਸੁਣਿਆਂ ਸੀ। ਮੈਨੂੰ ਕੁਝ ਉਤਸੁਕਤਾ ਹੋਈ ਕਿ ਮੈਂ ਉਸ ਭੱਦਰ ਪੁਰਸ਼ ਦੀ ਹਰਕੀਰਤ ਬਾਰੇ ਲਿਖੀ ਟਿੱਪਣੀ ਪੜ੍ਹਾਂ। ਇਸ ਦਾ ਮੁੱਖ ਕਾਰਨ ਇਹ ਸੀ ਕਿ ਇਹ ਭੱਦਰ ਪੁਰਸ਼ (ਜਿਸ ਨੂੰ ਮੈਂ ਅਖੌਤੀ ਆਲੋਚਕ ਕਹਾਂਗਾ) ਅਤੇ ਮੈਂ ਦੋਵੇਂ ਹੀ ਨਿਊ ਯਾਰਕ ਰਹਿੰਦੇ ਹਾਂ। ਕਈ ਸਾਲ ਪਹਿਲਾਂ ਇਹ ਭੱਦਰ ਪੁਰਸ਼ ਸਾਲ ਕੁ ਲਈ ਮੇਰਾ ਦੋਸਤ ਸੀ ਪਰ ਅੰਦਰ-ਖਾਤੇ ਇਹ ਮੇਰੇ ਨਾਲ ਈਰਖਾ ਕਰਦਾ ਸੀ ਅਤੇ ਮੇਰੇ ਵਿਰੁੱਧ ਭੱਦੀਆਂ ਹਰਕਤਾਂ ਕਰਦਾ ਸੀ। ਇਸ ਕਾਰਨ ਮੈਂ ਉਸ ਦੀ ਨਿਊ ਯਾਰਕ ਦੀ ਇਕ ਸਾਹਿਤਕ ਸੰਸਥਾ ਵਿਚ ਸਬੂਤ ਪੇਸ਼ ਕਰ ਕੇ ਸ਼ਰੇਆਮ ਬਹੁਤ ਬੇ ਇੱਜ਼ਤੀ ਕੀਤੀ ਸੀ। ਮੈਥੋਂ ਬਾਅਦ ਦੋ-ਤਿੰਨ ਹੋਰ ਦੋਸਤਾਂ ਨੇ ਵੀ ਇਸ ਦੀ ਖ਼ੂਬ ਝੰਡ ਕੀਤੀ ਸੀ। ਇਹੋ ਜਿਹੀਆਂ ਈਰਖਾ ਵਾਲੀਆਂ ਗੱਲਾਂ ਕਰਨ ਲਈ। ਇਸੇ ਕਾਰਨ ਅਸੀਂ ਨਿਊ ਯਾਰਕ ਵਿਚ ਇਸ ਭੱਦਰ ਪੁਰਸ਼ ਨੂੰ ਸੱਪ ਦਾ ਖ਼ਿਤਾਬ ਦਿੱਤਾ ਹੋਇਆ ਹੈ।

ਖ਼ੈਰ, ਮੈਂ ਇਸ ਭੱਦਰ ਪੁਰਸ਼ ਦੇ ਫ਼ੇਸ-ਬੁੱਕ ਅਕਾਊਂਟ ਤੇ ਜਾ ਕੇ ਉਸ ਦੀ 'ਆਦਮ ਗ੍ਰਹਿਣ' ਬਾਰੇ ਲਿਖੀ ਟਿੱਪਣੀ ਪੜ੍ਹੀ। ਜਿਸ ਨੂੰ ਹਰ ਕੋਈ ਦੇਖ ਸਕਦਾ ਸੀ। ਇਸ ਟਿੱਪਣੀ ਵਿਚ ਇਸ ਅਖੌਤੀ ਆਲੋਚਕ ਨੇ ਹਰਕੀਰਤ ਚਹਿਲ ਦੇ ਇਸ ਨਾਵਲ ਵਿੱਚੋਂ ਦਸ ਕੁ ਗਲਤੀਆਂ ਕੱਢ ਕੇ ਲਿਖੀਆਂ ਹੋਈਆਂ ਸਨ ਪਰ 142 ਸਫ਼ਿਆਂ ਦੇ ਇਸ ਨਾਵਲ ਦਾ ਇਕ ਵੀ ਗੁਣ ਬਿਆਨ ਨਹੀਂ ਸੀ ਕੀਤਾ। ਕਮਾਲ ਦੀ ਗੱਲ ਸੀ। ਮੈਂ ਸੋਚਿਆ ਕਿ ਜੇ ਇਹ ਟਿੱਪਣੀ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਕੀਤੀ ਹੁੰਦੀ ਤਾਂ ਇਸ ਨਾਵਲ ਦੇ ਕੁਝ ਗੁਣ ਜ਼ਰੂਰ ਬਿਆਨ ਕੀਤੇ ਜਾਂਦੇ। ਇਸ ਟਿੱਪਣੀ ਦੇ ਹੇਠ ਇਸ ਅਖੌਤੀ ਆਲੋਚਕ ਦੇ ਕੁਝ ਸਮਰਥਕਾਂ ਵੱਲੋਂ ਇਸ ਦੇ ਹੱਕ ਵਿਚ ਲਿਖੇ ਵਿਚਾਰ ਪੜ੍ਹ ਕੇ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸਭ ਈਰਖਾ ਕਰਕੇ ਹੀ ਕੀਤਾ ਗਿਆ ਸੀ ਅਤੇ ਇਸ ਦੇ ਪਿੱਛੇ ਵੈਨਕੂਵਰ ਏਰੀਏ ਵਿਚ ਰਹਿੰਦੀ ਇਕ ਲੇਖਕਾ ਲਗਦੀ ਸੀ ਜੋ

**ਹਰਕੀਰਤ ਕੌਰ ਚਹਿਲ ਦੇ ਅੰਦਾਜ਼**

ਬਾਅਦ ਵਿਚ ਪਤਾ ਲੱਗਾ ਕਿ ਹਰਕੀਰਤ ਨਾਲ ਈਰਖਾ ਕਰਦੀ ਹੈ। ਮੈਂ ਇਹ ਟਿੱਪਣੀ ਪੜ੍ਹ ਕੇ ਫ਼ੇਸ-ਬੁੱਕ ਤੇ ਆਪਣੇ ਅਕਾਊਂਟ ਤੇ ਹਰਕੀਰਤ ਦੇ ਹੱਕ ਵਿਚ ਅਤੇ ਇਸ ਅਖੌਤੀ ਆਲੋਚਕ ਦੇ ਵਿਰੁੱਧ ਪੋਸਟ ਪਾਈ ਸੀ। ਟੋਰਾਂਟੋ ਵਸਦੇ ਕੁਲਜੀਤ ਮਾਨ ਨੇ ਵੀ ਬਹੁਤ ਠੋਕ ਕੇ ਇਸ ਆਲੋਚਕ ਦੇ ਵਿਰੁੱਧ ਪੋਸਟ ਪਾਈ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਹਰਕੀਰਤ ਚਹਿਲ ਪਾਠਕਾਂ ਅਤੇ ਲੇਖਕਾਂ ਵਿਚ ਹਰਮਨ-ਪਿਆਰੀ ਹੋ ਗਈ ਅਤੇ ਇਸ ਦੇ ਵਿਰੁੱਧ ਲਿਖਣ ਵਾਲੇ ਹਮੇਸ਼ਾ ਲਈ ਬਦਨਾਮ ਹੋ ਗਏ। ਗੱਲ ਇਹ ਹੈ ਕਿ ਹਰ ਕਿਤਾਬ ਵਿਚ ਕੁਝ ਗਲਤੀਆਂ ਰਹਿ ਜਾਂਦੀਆਂ ਹਨ ਜੇ ਇਸ ਅਖੌਤੀ ਆਲੋਚਕ ਨੂੰ ਇਸ ਨਾਵਲ ਵਿਚ ਕੁਝ ਗਲਤੀਆਂ ਲੱਭੀਆਂ ਸਨ ਤਾਂ ਉਸ ਨੂੰ ਚਾਹੀਦਾ ਸੀ ਕਿ ਉਹ ਹਰਕੀਰਤ ਨੂੰ ਫ਼ੋਨ ਜਾਂ ਈਮੇਲ ਰਾਹੀਂ ਇਨ੍ਹਾਂ ਗਲਤੀਆਂ ਬਾਰੇ ਦੱਸਦਾ। ਇਸ ਤਰ੍ਹਾਂ ਸ਼ਰੇ-ਆਮ ਫ਼ੇਸ-ਬੁੱਕ ਤੇ ਗਲਤੀਆਂ ਦਾ ਜ਼ਿਕਰ ਕਰਨਾ ਤਾਂ ਸਾਫ਼ ਉਨ੍ਹਾਂ ਦੋਹਾਂ ਇਨਸਾਨਾਂ (ਅਖੌਤੀ ਆਲੋਚਕ ਅਤੇ ਵੈਨਕੂਵਰ ਰਹਿੰਦੀ ਲੇਖਕਾ) ਦੀ ਨੀਅਤ ਨੂੰ ਬਿਆਨ ਕਰਦਾ ਸੀ

ਇਸ ਉਪਰ ਵਾਲੀ ਆਲੋਚਨਾ ਨਾਲ ਹਰਕੀਰਤ ਦਾ ਨਾਵਲ 'ਆਦਮ ਗ੍ਰਹਿਣ' ਧੜਾ-ਧੜ ਵਿਕਣ ਲੱਗਾ। ਪੰਜਾਬੀ ਪਾਠਕਾਂ ਵਿਚ ਉਤਸੁਕਤਾ ਜਾਗ ਪਈ ਇਹ ਦੇਖਣ ਲਈ ਕਿ ਕੀ ਇਹ ਆਲੋਚਨਾ ਇਮਾਨਦਾਰੀ ਨਾਲ ਕੀਤੀ ਗਈ ਹੈ? ਹਰਕੀਰਤ ਦੀ ਲਿਖਤ ਦੀਆਂ ਧੁੰਮਾਂ ਪੈ ਗਈਆਂ। ਅਨੇਕਾਂ ਪਾਠਕਾਂ ਅਤੇ ਲੇਖਕਾਂ ਨੇ ਇਹ ਨਾਵਲ ਪੜ੍ਹ ਕੇ ਹਰਕੀਰਤ ਨੂੰ ਪ੍ਰਸੰਸਾ ਦੇ ਫ਼ੋਨ ਕੀਤੇ ਅਤੇ ਸੁਨੇਹੇ ਭੇਜੇ। ਫ਼ੇਸ-ਬੁੱਕ ਤੇ ਵੀ ਇਸ ਨਾਵਲ ਦੇ ਹੱਕ ਵਿਚ ਅਤੇ ਇਸ ਦੀ ਪ੍ਰਸੰਸਾ ਵਿਚ ਬਹੁਤ ਕੁਝ ਲਿਖਿਆ ਗਿਆ ਸੀ। ਮੈਂ ਵੀ ਇਸ ਜਾਣਕਾਰੀ ਤੋਂ ਬਾਅਦ ਹੀ ਹਰਕੀਰਤ ਦਾ ਇਹ ਨਾਵਲ ਮੰਗਵਾ ਕੇ ਪੜ੍ਹਿਆ ਅਤੇ ਹਰਕੀਰਤ ਨੂੰ ਪ੍ਰਸੰਸਾ ਦਾ ਫ਼ੋਨ ਕੀਤਾ। ਇਸ ਤਰ੍ਹਾਂ ਮੇਰੀ ਜਾਣਕਾਰੀ ਹਰਕੀਰਤ ਨਾਲ ਅਤੇ ਉਸ ਦੀਆਂ ਲਿਖਤਾਂ ਨਾਲ ਹੋਈ।

'ਆਦਮ ਗ੍ਰਹਿਣ' ਨਾਵਲ ਤੋਂ ਬਾਅਦ ਮੈਂ ਹਰਕੀਰਤ ਦੀਆਂ ਦੋ ਨਵੀਆਂ ਕਿਤਾਬਾਂ ਪੜ੍ਹੀਆਂ – 'ਇੰਜ ਪ੍ਰਦੇਸਣ ਹੋਈ' ਅਤੇ 'ਲੱਠੇ ਲੋਕ ਲਾਹੌਰ ਦੇ' ਇਨ੍ਹਾਂ ਵਿੱਚੋਂ ਪਹਿਲੀ ਕਿਤਾਬ ਹਰਕੀਰਤ ਦੀ ਸਵੈ-ਜੀਵਨੀ ਦਾ ਬਹੁਤ ਸੰਖੇਪ ਵਿਚ ਵਰਨਣ ਹੈ। ਜਨਵਰੀ 2020 ਵਿਚ ਪਾਕਿਸਤਾਨ ਵਿਚ 'ਆਦਮ

ਗ੍ਰਹਿਣ' ਨਾਵਲ ਸ਼ਾਹਮੁਖੀ ਵਿਚ 'ਤੀਜੀ ਮਖ਼ਲੂਕ' ਨਾਂ ਹੇਠ ਛਪਿਆ ਸੀ। ਹਰਕੀਰਤ ਇਸ ਕਿਤਾਬ ਦੇ ਰਿਲੀਜ਼ ਹੋਣ ਦੇ ਮੌਕੇ ਤੇ ਜਨਵਰੀ 2020 ਵਿਚ ਪਾਕਿਸਤਾਨ ਗਈ ਸੀ ਜਿੱਥੇ ਉਸ ਨੇ ਇਕ ਹਫ਼ਤੇ ਦੇ ਕਰੀਬ ਸਮਾਂ ਗੁਜ਼ਾਰਿਆ ਅਤੇ ਉਥੇ ਦੇ ਮਸ਼ਹੂਰ ਲੇਖਕਾਂ ਨੂੰ ਮਿਲੀ। ਇਸ ਸਫ਼ਰ ਨੂੰ ਹਰਕੀਰਤ ਨੇ 'ਲੱਠੇ ਲੋਕ ਲਾਹੌਰ ਦੇ' ਕਿਤਾਬ ਵਿਚ ਬਿਆਨ ਕੀਤਾ ਹੈ ਜੋ ਉਸ ਦਾ ਪਾਕਿਸਤਾਨੀ ਸਫ਼ਰਨਾਮਾ ਹੈ। ਕੁਝ ਮਹੀਨੇ ਪਹਿਲਾਂ ਹਰਕੀਰਤ ਦੇ ਇਸ ਸਫ਼ਰਨਾਮੇ ਨੂੰ ਵੀ ਸ਼ਾਹਮੁਖੀ ਵਿਚ ਉਲੱਥਾ ਕੇ ਪਾਕਿਸਤਾਨ ਵਿਚ ਛਾਪਿਆ ਗਿਆ ਸੀ। ਉਸੇ ਵਕਤ ਹੀ ਉਸ ਦੇ ਇਕ ਪਹਿਲੇ ਨਾਵਲ 'ਥੋਹਰਾਂ ਦੇ ਫੁੱਲ' ਨੂੰ ਵੀ ਸ਼ਾਹਮੁਖੀ ਵਿਚ ਪਾਕਿਸਤਾਨ ਵਿਚ ਛਾਪਿਆ ਗਿਆ ਸੀ ਦਸੰਬਰ 2021 ਵਿਚ ਹਰਕੀਰਤ ਫਿਰ ਪਾਕਿਸਤਾਨ ਗਈ ਸੀ ਜਿੱਥੇ ਉਸ ਦੀਆਂ ਇਹ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਸਨ।

ਜਦੋਂ ਮੈਂ ਢਾਹਾਂ ਇਨਾਮ ਦੀ ਸਲਾਹਕਾਰ ਕਮੇਟੀ ਦਾ ਚੇਅਰਮੈਨ ਸੀ ਤਾਂ ਅਕਤੂਬਰ 2019 ਵਿਚ ਇਸ ਦੇ ਇਨਾਮ ਫੰਕਸ਼ਨ ਤੇ ਮੈਂ ਵੈਨਕੂਵਰ ਗਿਆ ਸੀ ਅਤੇ ਉਥੇ ਲਗਭਗ ਇਕ ਹਫ਼ਤਾ ਰਿਹਾ ਸੀ। ਇਸ ਸਮੇਂ ਦੌਰਾਨ ਇਕ ਸਾਹਿਤਕ ਇਕੱਠ ਵਿਚ ਮੈਂ ਹਰਕੀਰਤ ਨੂੰ ਪਹਿਲੀ ਵਾਰੀ ਮਿਲਿਆ ਸੀ। ਇਸੇ ਇਕੱਠ ਵਿਚ ਮੈਂ ਪਰਵੇਜ਼ ਸੰਧੂ ਹੁਰਾਂ ਨੂੰ ਪਹਿਲੀ ਵਾਰੀ ਮਿਲਿਆ ਸੀ। ਭਾਵੇਂ ਮੈਂ ਉਨ੍ਹਾਂ ਨੂੰ ਨਾਂ ਤੋਂ ਅਤੇ ਇਕ ਵਧੀਆ ਕਹਾਣੀਕਾਰ ਦੇ ਤੌਰ ਤੇ ਬਹੁਤ ਸਾਲਾਂ ਤੋਂ ਜਾਣਦਾ ਸੀ। ਇੱਥੇ ਹੀ ਮੈਂ ਵੈਨਕੂਵਰ ਏਰੀਏ ਦੀ ਮਸ਼ਹੂਰ ਲੇਖਕਾ ਇੰਦਰਜੀਤ ਕੌਰ ਸਿੱਧੂ ਹੁਰਾਂ ਨੂੰ ਪਹਿਲੀ ਵਾਰੀ ਮਿਲਿਆ ਸੀ। ਇਸੇ ਇਕੱਠ ਵਿਚ ਵੈਨਕੂਵਰ ਏਰੀਏ ਵਿਚ ਵਸਦੇ ਪੰਜਾਬੀ ਅਤੇ ਉਰਦੂ ਦੇ ਮਸ਼ਹੂਰ ਬਜ਼ੁਰਗ ਲੇਖਕ ਨਦੀਮ ਪਰਮਾਰ ਜੀ ਵੀ ਹਾਜ਼ਰ ਸਨ ਜੋ ਹਰਕੀਰਤ ਹੁਰਾਂ ਦੇ ਬਹੁਤ ਨੇੜੇ ਹਨ। ਅਸੀਂ ਬਹੁਤ ਸਾਰੀਆਂ ਸਾਹਿਤਕ ਗੱਲਾਂ ਕੀਤੀਆਂ ਅਤੇ ਇਹ ਗੱਲਾਂ ਕਰਦਿਆਂ 'ਆਦਮ ਗ੍ਰਹਿਣ' ਅਤੇ ਉਸ ਅਖੌਤੀ ਲੇਖਕ ਦੀ ਗੱਲ ਚੱਲ ਪਈ। ਨਦੀਮ ਪਰਮਾਰ ਹੁਰਾਂ ਨੇ ਦੱਸਿਆ ਕਿ ਨਿਊ ਯਾਰਕ ਵਾਲਾ ਅਖੌਤੀ ਆਲੋਚਕ ਪਹਿਲਾਂ ਉਨ੍ਹਾਂ ਨੂੰ ਕਦੇ ਕਦੇ ਫ਼ੋਨ ਕਰ ਲੈਂਦਾ ਸੀ ਪਰ ਜਦੋਂ ਉਸ ਆਲੋਚਕ ਨੇ ਫ਼ੇਸ-ਬੁੱਕ ਤੇ 'ਆਦਮ ਗ੍ਰਹਿਣ' ਬਾਰੇ ਲਿਖਿਆ ਸੀ ਤਾਂ ਉਸ ਤੋਂ ਬਾਅਦ ਨਦੀਮ ਪਰਮਾਰ ਹੁਰਾਂ ਨੇ ਉਸ ਨੂੰ ਇਸ ਨਾਵਲ ਬਾਰੇ ਅਤੇ ਉਸ ਦੀ ਆਲੋਚਨਾ ਬਾਰੇ ਦਸ ਸਵਾਲ ਲਿਖ ਕੇ ਭੇਜੇ ਸਨ ਅਤੇ ਉਨ੍ਹਾਂ ਦਾ ਜਵਾਬ ਮੰਗਿਆ ਸੀ ਪਰ ਉਸ ਵੱਲੋਂ ਕੋਈ ਜਵਾਬ ਨਹੀਂ ਸੀ ਆਇਆ। ਨਦੀਮ ਪਰਮਾਰ ਹੁਰਾਂ ਨੇ ਇਸ ਆਲੋਚਕ ਨੂੰ ਕਈ ਵਾਰੀ ਫ਼ੋਨ ਵੀ ਕੀਤੇ ਪਰ ਉਸ ਨੇ ਕੋਈ ਜਵਾਬ ਨਾ ਦਿੱਤਾ।ਪਰਮਾਰ ਹੁਰਾਂ ਦਾ ਵੀ ਕਹਿਣਾ ਸੀ ਕਿ ਇਹ ਆਲੋਚਨਾ ਦੋ ਇਨਸਾਨਾਂ ਦੀ ਈਰਖਾ ਦਾ ਹੀ ਨਤੀਜਾ ਸੀ। ਵੈਨਕੂਵਰ ਵਿਚ ਮਿਲੇ ਹੋਰ ਕਈ ਲੇਖਕਾਂ ਦੀ ਰਾਏ ਵੀ ਇਹੋ ਸੀ ਕਿ ਹਰਕੀਰਤ ਬਹੁਤ ਹੀ ਮਿਲਾਪੜੇ ਅਤੇ ਸੱਚੇ-ਸੁੱਚੇ ਸੁਭਾਅ ਵਾਲੀ ਵਧੀਆ ਇਨਸਾਨ ਹੈ ਜਿਸ ਦੇ ਸੁਭਾਅ ਵਿਚ ਕੋਈ ਹੰਕਾਰ ਜਾਂ ਈਰਖਾ ਨਾਂ ਦੀ ਚੀਜ਼ ਨਹੀਂ।ਉਥੇ ਦੇ ਕੁਝ ਲੇਖਕ ਹਰਕੀਰਤ ਨਾਲ ਇਸ ਕਰ ਕੇ ਈਰਖਾ ਕਰਦੇ ਹਨ ਕਿ ਉਸ ਨੇ ਕੁਝ ਸਾਲਾਂ ਵਿਚ ਹੀ ਬਹੁਤ ਵਧੀਆ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਹਰਕੀਰਤ ਦੀ ਲਿਖਣ ਸ਼ੈਲੀ ਕਮਾਲ ਦੀ ਹੈ ਜਿਸ ਵਿਚ ਬੇਹੱਦ ਰੌਚਿਕਤਾ ਹੈ।ਉਸ ਦੀ ਕਿਸੇ ਵੀ ਲਿਖਤ ਨੂੰ ਪੜ੍ਹਨ ਲੱਗ ਜਾਓ ਤਾਂ ਛੱਡਣ ਨੂੰ ਜੀਅ ਨਹੀਂ ਕਰਦਾ। ਬਹੁਤ ਸਾਰੇ ਲੇਖਕ ਅਨੇਕਾਂ ਕਿਤਾਬਾਂ ਲਿਖ ਕੇ ਵੀ ਉਥੇ ਨਹੀਂ ਪਹੁੰਚ ਸਕਦੇ ਜਿੱਥੇ ਹਰਕੀਰਤ ਕੁਝ ਕਿਤਾਬਾਂ ਲਿਖ ਕੇ ਪਹੁੰਚ ਗਈ ਹੈ। ਖ਼ਾਸਕਰ ਕੇ ਉਸ ਦੇ ਦੋ ਨਾਵਲ 'ਥੋਹਰਾਂ ਦੇ ਫੁੱਲ' ਅਤੇ 'ਆਦਮ ਗ੍ਰਹਿਣ' ਪਾਠਕਾਂ ਵੱਲੋਂ ਬਹੁਤ ਸਲਾਹੇ ਗਏ ਹਨ। ਜਿਵੇਂ ਕਈ ਪੰਜਾਬੀ ਲੇਖਕਾਂ ਦਾ ਸੁਭਾਅ ਹੈ, ਹਰਕੀਰਤ ਦੀ ਸਫ਼ਲਤਾ ਨੇ ਕਈ ਲੇਖਕਾਂ ਵਿਚ, ਖ਼ਾਸਕਰ ਕੇ ਕੈਨੇਡਾ ਵਸਦੇ ਕੁਝ ਪੰਜਾਬੀ ਲੇਖਕਾਂ ਵਿਚ, ਉਸ ਦੇ ਖ਼ਿਲਾਫ਼ ਈਰਖਾ ਪੈਦਾ ਕਰ ਦਿੱਤੀ ਹੈ।

ਕਈ ਲੋਕ ਇੱਟ ਦਾ ਜਵਾਬ ਪੱਥਰ ਨਾਲ ਦਿੰਦੇ ਹਨ ਜੇ ਕੋਈ ਉਨ੍ਹਾਂ ਦੇ ਖ਼ਿਲਾਫ਼ ਕੁਝ ਥੋੜ੍ਹਾ ਜਿਹਾ

ਵੀ ਆਖ ਦੇਵੇ ਤਾਂ ਉਹ ਅੱਗ-ਭਬੂਕਾ ਹੋ ਕੇ ਉਸ ਦਾ ਜਵਾਬ ਗੁੱਸੇ ਨਾਲ ਬੁਰਾ-ਭਲਾ ਆਖ ਕੇ ਦਿੰਦੇ ਹਨ। ਜਦੋਂ ਇਸ ਅਖੌਤੀ ਆਲੋਚਕ ਨੇ 'ਆਦਮ ਗ੍ਰਹਿਣ' ਬਾਰੇ ਟਿੱਪਣੀ ਫ਼ੇਸ-ਬੁੱਕ ਤੇ ਪਾਈ ਤਾਂ ਕੁਝ ਦੋਸਤਾਂ ਨੇ ਹਰਕੀਰਤ ਨੂੰ ਕਿਹਾ ਕਿ ਉਹ ਇਸ ਆਲੋਚਕ ਨੂੰ ਇਸ ਅਲੋਚਨਾ ਦਾ ਜਵਾਬ ਦੇਵੇ। ਪਰ ਹਰਕੀਰਤ ਦਾ ਕਹਿਣਾ ਸੀ, "ਜਦੋਂ ਮੇਰੇ ਇੰਨੇ ਸਮਰਥਕ ਜਵਾਬ ਦੇ ਰਹੇ ਹਨ ਤਾਂ ਮੈਨੂੰ ਜਵਾਬ ਦੇਣ ਦੀ ਕੋਈ ਲੋੜ ਨਹੀਂ। ਮੈਂ ਜਵਾਬ ਤਾਂ ਦੇਵਾਂ ਜੇ ਇਹ ਟਿੱਪਣੀ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਲਿਖੀ ਗਈ ਹੋਵੇ।" ਵੈਸੇ ਵੀ ਇਹੋ ਜਿਹੇ ਲੋਕਾਂ ਨੂੰ ਉਨ੍ਹਾਂ ਦੀ ਬੇਈਮਾਨੀ ਨਾਲ ਕੀਤੀ ਆਲੋਚਨਾ ਦਾ ਜਵਾਬ ਦੇਣਾ ਉਨ੍ਹਾਂ ਦੀ ਮਹੱਤਤਾ ਵਿਚ ਵਾਧਾ ਕਰਨਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਲਿਖਿਆ ਹੈ ਕਿ 'ਮੂਰਖੈ ਨਾਲਿ ਨ ਲੁਝੀਐ' ਮੂਰਖਾਂ ਨਾਲ ਮੱਥਾ ਮਾਰਨਾ ਸਿਆਣਪ ਦੀ ਗੱਲ ਨਹੀਂ ਹੁੰਦੀ। ਇਸ ਸਾਰੇ ਮਸਲੇ ਵੇਲੇ ਵੈਨਕੂਵਰ ਏਰੀਏ ਵਿਚ ਵਸਦੀ ਉਸ ਈਰਖਾਲੂ ਔਰਤ ਨੇ ਵੀ ਹਰਕੀਰਤ ਅਤੇ ਉਸ ਦੇ ਕੁਝ ਸਮਰਥਕਾਂ ਬਾਰੇ ਬਹੁਤ ਕੁਝ ਗੰਦ ਲਿਖਿਆ ਸੀ ਜਿਸ ਦਾ ਜਵਾਬ ਕਿਸੇ ਨੇ ਨਹੀਂ ਸੀ ਦਿੱਤਾ। ਇਸ ਦਾ ਅਸਰ ਇਹ ਹੋਇਆ ਸੀ ਕਿ ਸਾਰੇ ਸਿਆਣੇ ਲੇਖਕ ਅਤੇ ਪਾਠਕ ਉਸ ਦੇ ਖ਼ਿਲਾਫ਼ ਹੋ ਗਏ ਸਨ।


**ਹਰਕੀਰਤ ਕੌਰ ਚਹਿਲ**

ਸਾਲ 2020 ਵਿਚ ਗੁਰਮੁਖੀ ਵਿਚ ਛਪੇ 'ਆਦਮ ਗ੍ਰਹਿਣ' ਨੂੰ ਢਾਹਾਂ ਇਨਾਮ ਨਾਲ ਸਨਮਾਨਿਆ ਗਿਆ ਸੀ ਸ਼ਾਹਮੁਖੀ ਵਿਚ "ਤੀਜੀ ਮਖ਼ਲੂਕ" ਨਾਂ ਹੇਠ ਛਪੇ ਇਸ ਨਾਵਲ ਨੂੰ ਪਾਕਿਸਤਾਨ ਦੀ ਦਿਲ ਦਰਿਆ ਸੰਸਥਾ ਨੇ ਸਾਲ 2021 ਦਾ ਸਰਵੋਤਮ ਪੰਜਾਬੀ ਨਾਵਲ ਐਲਾਨ ਕਰ ਕੇ ਸਨਮਾਨਿਆ ਸੀ। ਬਹੁਤ ਸਾਰੇ ਦੋਸਤਾਂ ਨੇ 'ਆਦਮ ਗ੍ਰਹਿਣ' ਨੂੰ ਢਾਹਾਂ ਇਨਾਮ ਮਿਲਣ ਤੋਂ ਬਾਅਦ ਮੈਨੂੰ ਵੀ ਪ੍ਰਸੰਸਾ ਦੇ ਫ਼ੋਨ ਕੀਤੇ ਸਨ ਜਾਂ ਸੁਨੇਹੇ ਭੇਜੇ ਸਨ ਅਤੇ ਇਸ ਨਾਵਲ ਦੀ ਤਾਰੀਫ਼ ਕੀਤੀ ਸੀ। ਹਰਕੀਰਤ ਨੂੰ ਤਾਂ ਸੈਂਕੜੇ ਦੋਸਤਾਂ ਅਤੇ ਪਾਠਕਾਂ ਨੇ ਮੁਬਾਰਕਬਾਦ ਦੇ ਫ਼ੋਨ ਕੀਤੇ ਸਨ ਅਤੇ ਸੁਨੇਹੇ ਭੇਜੇ ਸਨ। ਉਨ੍ਹਾਂ ਦਿਨਾਂ ਵਿਚ ਹੀ ਮੈਨੂੰ ਹਿੰਦੁਸਤਾਨ ਤੋਂ ਇਕ ਪ੍ਰੋਫ਼ੈਸਰ ਦਾ ਫ਼ੋਨ ਆਇਆ ਸੀ। ਜਿਸ ਨੇ ਆਪਣੀ ਕਿਤਾਬ ਵੀ ਢਾਹਾਂ ਇਨਾਮ ਲਈ ਭੇਜੀ ਸੀ ਪਰ ਉਹ ਛੋਟੀ ਲਿਸਟ ਵਿਚ ਨਹੀਂ ਸੀ ਆਈ।

"ਤੁਸੀਂ 'ਆਦਮ ਗ੍ਰਹਿਣ' ਨੂੰ ਇਨਾਮ ਕਿਵੇਂ ਦੇ ਦਿੱਤਾ? ਇਹ ਤਾਂ ਘਟੀਆ ਨਾਵਲ ਹੈ।" ਉਸ ਪ੍ਰੋਫ਼ੈਸਰ ਨੇ ਕਿਹਾ।

"ਤੁਸੀਂ ਇਹ ਨਾਵਲ ਪੜ੍ਹਿਆ ਹੈ?" ਮੈਂ ਪੁੱਛਿਆ

"ਨਹੀਂ।"

"ਫਿਰ ਤੁਸੀਂ ਇਸ ਨਾਵਲ ਨੂੰ ਪੜ੍ਹ ਕੇ ਗੱਲ ਕਰਿਓ। ਨਾਲੇ ਇਹ ਫ਼ੈਸਲਾ ਜਿਊਰੀ ਦਾ ਹੈ, ਮੇਰਾ ਜਾਂ


ਢਾਹਾਂ ਸੰਸਥਾ ਦਾ ਨਹੀਂ।" ਮੇਰਾ ਜਵਾਬ ਸੀ

" ... ਦਾ ਕਹਿਣਾ ਹੈ ਕਿ ਇਹ ਨਾਵਲ ਵਧੀਆ ਨਹੀਂ ਅਤੇ ਢਾਹਾਂ ਇਨਾਮ ਦੇ ਯੋਗ ਨਹੀਂ।" ਉਸ ਨੇ ਇਕ ਬਜ਼ੁਰਗ ਸਾਹਿਤ ਕਾਰ ਦਾ ਨਾਂ ਲੈ ਕੇ ਕਿਹਾ।

"ਉਸ ਨੂੰ ਪੁੱਛਿਓ ਕਿ ਉਸ ਨੇ ਮੈਨੂੰ ਕੀ ਕਿਹਾ ਸੀ। ਉਸ ਦਾ ਕਹਿਣਾ ਸੀ ਕਿ ਉਸ ਨੇ 'ਆਦਮ ਗ੍ਰਹਿਣ' ਵਰਗਾ ਵਧੀਆ ਨਾਵਲ ਪਹਿਲਾਂ ਕਦੇ ਨਹੀਂ ਪੜ੍ਹਿਆ। ਮੇਰੇ ਕੋਲ ਇਸ ਦਾ ਸਬੂਤ ਹੈ।' ਅਸਲ ਵਿਚ ਇਹ ਬਜ਼ੁਰਗ ਸਾਹਿਤਕਾਰ ਇਸ ਲੇਖ ਵਿਚ ਦੱਸੇ ਗਏ ਅਖੌਤੀ ਆਲੋਚਕ ਦਾ ਦੋਸਤ ਹੈ। ਮੈਨੂੰ ਲਗਦਾ ਕਿ ਮੇਰੇ ਕੋਲ 'ਆਦਮ ਗ੍ਰਹਿਣ' ਦੀ ਤਾਰੀਫ਼ ਕਰਨ ਤੋਂ ਬਾਅਦ ਇਸ ਬਜ਼ੁਰਗ ਸਾਹਿਤਕਾਰ ਨੇ ਉਸ ਆਲੋਚਕ ਨਾਲ ਗੱਲ ਕੀਤੀ ਹੋਣੀ ਹੈ ਅਤੇ ਉਸ ਆਲੋਚਕ ਦੇ ਕਹਿਣ ਤੇ ਆਪਣਾ ਪੈਂਤੜਾ ਬਦਲ ਲਿਆ ਹੋਣਾ। ਇਸ ਗੱਲ-ਬਾਤ ਤੋਂ ਬਾਅਦ ਮੈਂ ਉਸ ਬਜ਼ੁਰਗ ਸਾਹਿਤਕਾਰ ਅਤੇ ਉਸ ਪ੍ਰੋਫੈਸਰ ਨਾਲ ਕਦੇ ਕੋਈ ਗੱਲ ਨਹੀਂ ਕੀਤੀ। ਮੈਂ ਅਜਿਹੇ ਲੋਕਾਂ ਨਾਲ ਕੋਈ ਵਾਸਤਾ ਜਾਂ ਸੰਬੰਧ ਨਹੀਂ ਰੱਖਦਾ। ਇਹ ਪ੍ਰੋਫੈਸਰ ਉਸ ਵੇਲੇ ਫ਼ੇਸ-ਬੁੱਕ ਤੇ ਮੇਰਾ ਦੋਸਤ ਸੀ ਪਰ ਇਸ ਗੱਲ-ਬਾਤ ਤੋਂ ਬਾਅਦ ਉਸ ਨੇ ਆਪ ਹੀ ਇਹ ਦੋਸਤੀ ਖ਼ਤਮ ਕਰ ਦਿੱਤੀ ਜਿਸ ਦਾ ਮੈਨੂੰ ਕੋਈ ਰੋਸ ਨਹੀਂ ਸਗੋਂ ਖੁਸ਼ੀ ਹੈ।

ਹਰਕੀਰਤ ਨੂੰ ਉਸ ਦੀਆਂ ਲਿਖਤਾਂ ਲਈ ਕੈਨੇਡਾ, ਹਿੰਦੁਸਤਾਨ, ਅਤੇ ਪਾਕਿਸਤਾਨ ਦੀਆਂ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ ਰੇਡੀਉ, ਟੀ.ਵੀ., ਅਤੇ ਯੂ-ਟਿਊਬ ਆਦਿ ਲਈ ਉਸ ਦੀਆਂ ਅਨੇਕਾਂ ਇੰਟਰਵਿਊ ਕੀਤੀਆਂ ਗਈਆਂ ਹਨ। ਇਸ ਦਾ ਮੁੱਖ ਕਾਰਨ ਹੈ ਕਿ ਉਸ ਦੀਆਂ ਲਿਖਤਾਂ ਵਿਚ ਬਹੁਤ ਜਾਨ ਹੈ; ਉਸ ਦੀਆਂ ਲਿਖਤਾਂ ਬਹੁਤ ਪ੍ਰਭਾਵਸ਼ਾਲੀ ਹਨ; ਅਤੇ ਉਸ ਦੀ ਸ਼ੈਲੀ ਅਤੇ ਲਿਖਣ-ਢੰਗ ਕਮਾਲ ਦੇ ਹਨ। ਹਰ ਇੰਟਰਵਿਊ ਵਿਚ ਉਸ ਵੱਲੋਂ ਕੀਤੀਆਂ ਗੱਲਾਂ ਸੁਣਨ ਵਾਲੀਆਂ ਹੁੰਦੀਆਂ ਹਨ। ਉਹ ਸਰੋਤਿਆਂ ਨੂੰ ਕੀਲ ਕੇ ਬਿਠਾ ਲੈਂਦੀ ਹੈ।

ਭਾਵੇਂ ਹਰਕੀਰਤ ਦੀ ਪੰਜਾਬੀ ਦੇ ਕਈ ਵਧੀਆ ਲੇਖਕਾਂ ਨਾਲ ਪਹਿਲਾਂ ਵੀ ਨੇੜਤਾ ਸੀ ਪਰ 'ਆਦਮ ਗ੍ਰਹਿਣ' ਨੂੰ ਮਿਲੇ ਮਾਨ-ਸਨਮਾਨ ਤੋਂ ਬਾਅਦ ਤਾਂ ਉਸ ਦੀ ਜਾਣਕਾਰੀ ਬਹੁਤ ਲੇਖਕਾਂ ਨਾਲ ਹੋ ਗਈ ਹੈ ਡਾ. ਦਲੀਪ ਕੌਰ ਟਿਵਾਣਾ ਨਾਲ ਹਰਕੀਰਤ ਦੀ ਕਾਫ਼ੀ ਦੇਰ ਤੋਂ ਬਹੁਤ ਨੇੜਤਾ ਰਹੀ ਸੀ।




ਨਵੰਬਰ, 2021 ਵਿਚ ਹਰਕੀਰਤ ਕੈਨੇਡਾ ਤੋਂ ਪੰਜਾਬ ਨੂੰ ਗਈ ਸੀ। ਉਸ ਦੀ ਬੇਟੀ ਜੈਸਮੀਨ ਦਾ ਵਿਆਹ ਫਰਵਰੀ ਵਿਚ ਹਿੰਦੁਸਤਾਨ ਵਿਚ ਹੋਣਾ ਸੀ। ਜਨਵਰੀ 2022 ਵਿਚ ਹਰਕੀਰਤ ਅਤੇ ਜੈਸਮੀਨ ਹਿੰਦੁਸਤਾਨ ਤੋਂ ਪਾਕਿਸਤਾਨ ਗਈਆਂ ਸਨ ਜਿੱਥੇ ਹਰਕੀਰਤ ਦੀਆਂ ਸ਼ਾਹਮੁਖੀ ਵਿਚ ਛਪੀਆਂ 'ਲੱਠੇ ਲੋਕ ਲਾਹੌਰ ਦੇ' ਅਤੇ 'ਥੋਹਰਾਂ ਦੇ ਫੁੱਲ' ਕਿਤਾਬਾਂ ਰਿਲੀਜ਼ ਕੀਤੀਆਂ ਜਾਣੀਆਂ ਸਨ। ਉਨ੍ਹਾਂ ਨੇ 10 ਕੁ ਦਿਨ ਪਾਕਿਸਤਾਨ ਵਿਚ ਸਾਹਿਤਕ ਸਰਗਰਮੀਆਂ ਵਿਚ ਬਿਤਾਏ ਅਤੇ ਜੈਸਮੀਨ ਦੇ ਵਿਆਹ ਲਈ ਕੁਝ ਸ਼ਾਪਿੰਗ ਵੀ ਕੀਤੀ। ਫਰਵਰੀ 2022 ਵਿਚ ਜੈਸਮੀਨ ਦਾ



ਪ੍ਰੇਮ ਸਿੰਘ ਮਾਨ, ਜਤਿੰਦਰ ਹਾਂਸ, ਹਰਕੀਰਤ ਕੌਰ ਚਹਿਲ ਤੇ ਪਰਵੇਜ਼ ਸੰਧੂ

ਵਿਆਹ ਪੰਜਾਬ ਵਿਚ ਬੜੀ ਧੂਮ-ਧਾਮ ਨਾਲ ਹੋਇਆ।

ਮਾਰਚ 2022 ਵਿਚ ਮੈਂ ਫ਼ੇਸ-ਬੁੱਕ ਤੇ ਹਰਕੀਰਤ ਵੱਲੋਂ ਪਾਈਆਂ ਕੁਝ ਫ਼ੋਟੋ ਦੇਖੀਆਂ ਜੋ ਪੰਜਾਬੀ ਯੂਨੀਵਰਸਿਟੀ ਵਿਚ ਹੋਏ ਕਿਸੇ ਸਮਾਗਮ ਬਾਰੇ ਸਨ। ਇਨ੍ਹਾਂ ਫ਼ੋਟੋਆਂ ਵਿਚ ਹਰਕੀਰਤ ਸਟੇਜ ਤੇ ਬੈਠੀ ਸੀ ਅਤੇ ਨਾਲ ਵਾਲੀ ਕੁਰਸੀ ਤੇ ਡਾ. ਬਲਦੇਵ ਸਿੰਘ ਧਾਲੀਵਾਲ ਬੈਠਾ ਸੀ। ਮੈਂ ਹਰਕੀਰਤ ਨੂੰ ਇਸ ਸਮਾਗਮ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮਾਰਚ ਦੇ ਸ਼ੁਰੂ ਵਿਚ ਪੰਜਾਬੀ ਯੂਨੀਵਰਸਿਟੀ ਨੇ ਤਿੰਨ ਕਿਤਾਬਾਂ ਤੇ ਇਕ ਸਮਾਗਮ ਰੱਖਿਆ ਸੀ ਜਿਸ ਵਿਚ ਹਰਕੀਰਤ ਦਾ ਨਾਵਲ 'ਆਦਮ ਗ੍ਰਹਿਣ' ਵੀ ਵਿਚਾਰਿਆ ਜਾਣਾ ਸੀ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕੀਤੀ ਸੀ।

"ਪੰਜਾਬੀ ਯੂਨੀਵਰਸਿਟੀ ਵਾਲਿਆਂ ਨੇ ਤਿੰਨ ਕਿਤਾਬਾਂ ਬਾਰੇ ਸਮਾਗਮ ਕੀਤਾ ਸੀ। ਜਿਸ ਵਿਚ ਮੇਰਾ ਨਾਵਲ ਵੀ ਸ਼ਾਮਲ ਸੀ। ਉਨ੍ਹਾਂ ਨੇ ਮੈਨੂੰ ਵੀ ਬੁਲਾਇਆ ਸੀ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕਰਨੀ ਸੀ। ਮੈਨੂੰ ਲਗਦਾ ਸੀ ਕਿ ਸ਼ਾਇਦ ਉਹ ਮੇਰੇ ਨਾਵਲ ਦੇ ਹੱਕ ਵਿਚ ਨਾ ਬੋਲਣ।" ਮੇਰੇ ਪੁੱਛਣ ਤੇ ਹਰਕੀਰਤ ਨੇ ਮੈਨੂੰ ਦੱਸਿਆ।


"ਫਿਰ ਡਾ. ਧਾਲੀਵਾਲ ਤੁਹਾਡੇ ਨਾਵਲ ਦੇ ਹੱਕ ਵਿਚ ਬੋਲੇ ਜਾਂ ਵਿਰੁੱਧ ਬੋਲੇ?" ਮੈਂ ਹੱਸ ਕੇ ਪੁੱਛਿਆ।

"ਕਮਾਲ ਹੀ ਹੋ ਗਈ, ਡਾ. ਧਾਲੀਵਾਲ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਮੇਰੇ ਨਾਵਲ ਦੀ ਅਤੇ ਮੇਰੀ ਸ਼ੈਲੀ ਦੀ ਬਹੁਤ ਤਾਰੀਫ਼ ਕੀਤੀ। ਉਸ ਨੇ ਆਪਣੇ ਭਾਸ਼ਨ ਵਿਚ ਕੋਈ ਪੰਦਰਾਂ ਵਾਰੀ ਮੇਰਾ ਨਾਂ ਲਿਆ ਅਤੇ ਮੇਰੀਆਂ ਲਿਖਤਾਂ ਨੂੰ ਸਲਾਹਿਆ। ਸਮਾਗਮ ਤੋਂ ਬਾਅਦ ਖਾਣਾ ਖਾਂਦਿਆਂ ਵੀ ਉਸ ਨੇ ਮੇਰੀਆਂ ਕਿਤਾਬਾਂ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਤੂੰ ਜਦੋਂ ਵੀ ਪੰਜਾਬ ਆਉਂਦੀ ਏਂ, ਮਿਲ ਕੇ ਜਾਇਆ ਕਰ।" ਹਰਕੀਰਤ ਨੇ ਦੱਸਿਆ। ਮੈਨੂੰ ਕੋਈ ਹੈਰਾਨੀ ਨਾ ਹੋਈ ਕਿਉਂਕਿ ਮੈਨੂੰ ਡਾ. ਧਾਲੀਵਾਲ ਤੋਂ

ਇਹੋ ਉਮੀਦ ਸੀ।


"ਡਾ. ਧਾਲੀਵਾਲ ਬਹੁਤ ਵਿਦਵਾਨ ਹੈ। ਉਸ ਨੂੰ ਕਹਾਣੀ ਅਤੇ ਨਾਵਲ ਬਾਰੇ ਬਹੁਤ ਜਾਣਕਾਰੀ ਹੈ। ਬੱਸ ਇਕੋ ਨੁਕਸ ਹੈ ਕਿ ਉਹ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਫ਼ੈਸਲੇ ਅਤੇ ਆਲੋਚਨਾ ਨਹੀਂ ਕਰਦਾ। ਉਹ ਹਮੇਸ਼ਾ ਆਪਣੇ ਦੋਸਤਾਂ ਦੇ ਹੱਕ ਵਿਚ ਨਿੱਤਰਦਾ ਹੈ। ਉਹ ਦੋਸਤੀਆਂ ਨਿਭਾਉਂਦਾ ਹੈ। ਇਸੇ ਲਈ ਉਹ ਬਦਨਾਮ ਹੈ। ਜੇ ਉਹ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਕੰਮ ਕਰੇ ਤਾਂ ਪੰਜਾਬੀ ਸਾਹਿਤ ਵਿਚ ਉਸ ਦੀ ਇੱਜ਼ਤ ਬਹੁਤ ਜ਼ਿਆਦਾ ਹੋਵੇ। ਜੇ ਉਹ ਕੋਈ ਕਹਾਣੀਆਂ ਦੀ ਕਿਤਾਬ ਵੀ ਸੰਪਾਦਿਤ ਕਰਦਾ ਹੈ ਤਾਂ ਉਸ ਵਿਚ ਆਪਣੇ ਦੋਸਤਾਂ ਨੂੰ ਜ਼ਰੂਰ ਸ਼ਾਮਲ ਕਰਦਾ ਹੈ ਭਾਵੇਂ ਉਨ੍ਹਾਂ ਦੀਆਂ ਕਹਾਣੀਆਂ ਚੰਗੀਆਂ ਹੋਣ ਜਾਂ ਨਾ।" ਮੈਂ ਹਰਕੀਰਤ ਨੂੰ ਡਾ. ਧਾਲੀਵਾਲ ਬਾਰੇ ਆਪਣੇ ਵਿਚਾਰ ਬਹੁਤ ਸਪਸ਼ਟ ਸ਼ਬਦਾਂ ਵਿਚ ਦੱਸੇ।

ਹਰਕੀਰਤ ਦਾ ਕਹਿਣਾ ਹੈ ਕਿ ਬਚਪਨ ਤੋਂ ਹੀ ਉਸ ਦੇ ਪਰਵਾਰ ਨੇ ਉਸ ਨੂੰ ਰੱਜੀ-ਪੁੱਜੀ ਹੋਣ ਦਾ ਅਹਿਸਾਸ ਕਰਾਇਆ ਹੈ। ਹਰਕੀਰਤ ਅਤੇ ਉਸ ਦੇ ਤਾਏ ਦੀ ਬੇਟੀ ਸ਼ਰਟ, ਟਾਈ, ਅਤੇ ਸਕਰਟ ਪਾ ਕੇ ਅਤੇ ਸਿਰਾਂ ਤੇ ਰੁਮਾਲ ਬੰਨ੍ਹ ਕੇ ਰਿਕਸ਼ੇ ਤੇ ਪੰਜਾਬ ਵਿਚ ਕੈਨੇਡੀ ਪਬਲਿਕ ਸਕੂਲ ਅਹਿਮਦਗੜ੍ਹ ਵਿਚ ਪੜ੍ਹਨ ਜਾਂਦੀਆਂ ਸਨ। ਉਨ੍ਹਾਂ ਦੇ ਘਰ ਦੇ ਦੋਵੇਂ ਪਾਸੇ ਅੰਗੂਰ, ਅਮਰੂਦ, ਮੁਸੰਮੀ, ਨਿੰਬੂ, ਅਤੇ ਬੇਰਾਂ ਆਦਿ ਦੇ ਬਾਗ਼ ਸਨ। ਉਸ ਦੀਆਂ ਪੰਜ ਭੂਆ ਦੇ ਚਾਰ-ਪੰਜ ਬੱਚੇ ਪੱਕੇ ਤੌਰ ਤੇ ਨਾਨਕੀਂ ਰਹਿੰਦੇ ਸਨ। ਘਰ ਵਿਚ ਹਮੇਸ਼ਾ ਮਾੜੇ ਵਿਆਹ ਜਿੰਨਾ ਇਕੱਠ ਹੁੰਦਾ ਸੀ। ਘਰ ਵਿਚ ਬਹੁਤ ਕੁਝ ਸੀ। ਹਰਕੀਰਤ ਦੇ ਪਿਤਾ ਨੇ ਅਫ਼ਰੀਕਾ ਤੋਂ ਬਹੁਤ ਸਾਰੀਆਂ ਚੀਜ਼ਾਂ ਸਮੁੰਦਰੀ ਜਹਾਜ਼ ਰਾਹੀਂ ਘਰ ਨੂੰ ਭੇਜੀਆਂ ਸਨ ਜਿੱਥੇ ਉਨ੍ਹਾਂ ਦਾ ਇਲੈਕਟਰਾਨਿਕਸ ਦਾ ਹੋਲ਼-ਸੇਲ ਦਾ ਬਿਜ਼ਨਸ ਸੀ। ਪਰ ਫਿਰ ਪਰਵਾਰ ਦੇ ਕੁਝ ਮੈਂਬਰਾਂ ਦੀਆਂ ਮਾੜੀਆਂ ਨੀਤਾਂ ਅਤੇ ਘਟੀਆ ਸੋਚ ਨੇ ਘਰ ਨੂੰ ਖੇਰੂੰ ਖੇਰੂੰ ਕਰ ਦਿੱਤਾ। ਤਾਈਆਂ ਨੇ ਬਾਹਰੋਂ ਆਈਆਂ ਚੀਜ਼ਾਂ ਦੇ ਟਰੰਕ ਭਰ ਭਰ ਕੇ ਲੁਕੋ ਲਏ। ਹਰਕੀਰਤ ਦੇ ਮਾਤਾ ਜੋ ਸਾਰਾ ਘਰ ਸਾਂਭਦੇ ਸਨ ਦੇ ਹਿੱਸੇ ਕੁਝ ਵੀ ਨਾ ਆਇਆ। ਹਰਕੀਰਤ ਦੇ ਪਾਪਾ ਜਦੋਂ ਵਾਪਸ ਆਏ ਤਾਂ ਹੈਰਾਨ ਰਹਿ ਗਏ। ਪਰ ਮਾਤਾ ਨੇ ਕਿਹਾ ਕਿ ਉਸ ਲਈ ਤਾਂ ਉਨ੍ਹਾਂ ਦਾ ਵਾਪਸ ਆਉਣਾ ਹੀ ਸਭ ਕੁਝ ਸੀ।




ਹਰਕੀਰਤ ਅਨੁਸਾਰ ਉਸ ਦੀ ਨਾਨੀ ਮੋਹ ਅਤੇ ਪਿਆਰ ਦਾ ਛੱਲਾਂ ਮਾਰਦਾ ਸਮੁੰਦਰ ਸੀ। ਹਰਕੀਰਤ ਉਸ ਦੀ ਸ਼ਹਿਜ਼ਾਦੀ ਸੀ। ਹਰਕੀਰਤ ਨੂੰ ਆਪਣੀ ਨਾਨੀ ਕੋਲੋਂ ਬੇਹੱਦ ਲਾਡ-ਪਿਆਰ ਮਿਲਿਆ ਸੀ। ਨਾਨੀ ਦਮੇ ਦੀ ਮਰੀਜ਼ ਸੀ। ਉਨ੍ਹਾਂ ਦਿਨਾਂ ਵਿਚ ਦਮੇ ਦਾ ਕੋਈ ਵਧੀਆ ਇਲਾਜ ਨਹੀਂ ਸੀ। ਹਰਕੀਰਤ ਹੁਣ ਜਦ ਵੀ ਇਨਹੇਲਰ ਦੇਖਦੀ ਹੈ ਤਾਂ ਹਉਕਾ ਲੈ ਕੇ ਸੋਚਦੀ ਹੈ, "ਕਾਸ਼! ਜੇ ਇਹ ਇਨਹੇਲਰ ਉਦੋਂ ਮਿਲਦੇ ਹੁੰਦੇ ਤਾਂ ਮੇਰੀ ਨਾਨੀ ਵੀ ਸੌਖੇ ਸਾਹ ਲੈ ਲੈਂਦੀ। ਖੰਘ ਖੰਘ ਕੇ ਉਸ ਦੀਆਂ ਵੱਖੀਆਂ ਵਿਚ ਕੜਿੱਲ ਨਾ ਪੈਂਦੇ।" ਨਾਨੀ ਦੇ ਹਰਕੀਰਤ ਨੂੰ ਬਣਾ ਕੇ ਦਿੱਤੇ ਕੰਗਣ ਉਸ ਦੀਆਂ ਬਾਂਹਾਂ ਵਿਚ 20 ਸਾਲ ਰਹੇ। ਉਨ੍ਹਾਂ ਦੇ ਟੁੱਟਣ ਤੇ ਜਦੋਂ ਹਰਕੀਰਤ ਨੇ ਉਨ੍ਹਾਂ ਨੂੰ ਦੁਬਾਰਾ ਘੜਵਾਇਆ ਤਾਂ ਉਸ ਨੂੰ ਰੋਣਾ ਆ ਗਿਆ।

ਹਰਕੀਰਤ ਕਹਿੰਦੀ ਹੈ ਕਿ ਉਸ ਨੂੰ ਪਦਾਰਥਵਾਦੀ ਅਤੇ ਮੋਹ-ਮਮਤਾ ਦੀ ਅਮੀਰੀ ਨੇ ਸਬਰ ਅਤੇ ਸੰਤੋਖ ਨਾਲ ਨੱਕੋ-ਨੱਕ ਭਰੀ ਰੱਖਿਆ ਹੈ। ਉਹ ਘਰ ਵਿਚ ਪੈਸੇ ਦੀ ਜ਼ਿੰਮੇਵਾਰੀ ਲੈ ਕੇ ਰਾਜ਼ੀ ਨਹੀਂ। ਬੱਸ ਲੋੜ ਵੇਲੇ ਪੈਸੇ ਮਿਲ ਜਾਣ ਤਾਂ ਠੀਕ ਲਗਦਾ ਹੈ। ਜਦੋਂ ਉਹ ਅਧਿਆਪਕ ਸੀ ਤਾਂ ਬੱਚਿਆਂ ਦੇ ਮਾਪਿਆਂ ਨੂੰ ਪੈਸੇ ਨਾਲੋਂ ਸਮਾਂ ਅਤੇ ਵੱਧ ਪਿਆਰ ਦੇਣ ਦਾ ਸੁਨੇਹਾ ਦਿੰਦੀ ਹੁੰਦੀ ਸੀ।




ਹਰਕੀਰਤ 12 ਸਾਲ ਦੀ ਉਮਰ ਵਿਚ ਲੁਧਿਆਣੇ ਦੇ ਖ਼ਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਹੋਸਟਲ ਵਿਚ ਰਹਿਣ ਲੱਗ ਪਈ ਸੀ। ਫਿਰ 14 ਸਾਲ ਦੀ ਉਮਰ ਵਿਚ ਦਸਵੀਂ ਕਰ ਕੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਡਿਗਰੀ ਪ੍ਰੋਗਰਾਮ ਵਿਚ ਸਭ ਤੋਂ ਛੋਟੀ ਉਮਰ ਦੀ ਵਿਦਿਆਰਥਣ ਵਜੋਂ ਦਾਖ਼ਲ ਹੋ ਗਈ ਸੀ। ਉਸ ਤੋਂ ਬਾਅਦ 18 ਸਾਲ ਦੀ ਉਮਰ ਵਿਚ ਬੀ.ਐੱਸ. ਸੀ. ਕਰ ਕੇ ਉਸ ਨੇ ਐਗਰੀਕਲਚਰ ਕਾਲਜ ਤੋਂ ਬੀ.ਐੱਡ. ਕੀਤੀ ਸੀ।

ਪੜ੍ਹਨ ਦੇ ਨਾਲ ਨਾਲ ਹਰਕੀਰਤ ਖੇਡਾਂ ਵਿਚ ਵੀ ਕਾਫ਼ੀ ਹਿੱਸਾ ਲੈਂਦੀ ਰਹੀ ਸੀ। ਉਹ ਯੂਨੀਵਰਸਿਟੀ ਦੀ ਲੜਕੀਆਂ ਦੀ ਹਾਕੀ ਟੀਮ ਦੀ ਮੈਂਬਰ ਸੀ ਅਤੇ ਯੂਨੀਵਰਸਿਟੀ ਦੀ ਗਿੱਧੇ ਦੀ ਟੀਮ ਦੀ ਤਿੰਨ ਸਾਲ ਕਪਤਾਨ ਰਹੀ ਸੀ। ਇਕ ਵਾਰੀ ਉਸ ਨੇ ਬੈਸਟ ਡਾਂਸਰ ਦਾ ਇਨਾਮ ਵੀ ਜਿੱਤਿਆ ਸੀ। ਛਣਕਾਟਾ ਪ੍ਰੋਗਰਾਮ ਵਾਲੇ ਬਾਲ ਮੁਕੰਦ ਸ਼ਰਮਾ ਅਤੇ ਜਸਵਿੰਦਰ ਭੱਲਾ ਯੂਨੀਵਰਸਿਟੀ ਵਿਚ ਹਰਕੀਰਤ ਦੇ ਸਮਕਾਲੀ ਸਨ ਹਰਕੀਰਤ ਨੇ ਕਈ ਵਾਰੀ ਦੂਰਦਰਸ਼ਨ ਤੇ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਸੀ ਅਤੇ ਓਪੇਰਿਆਂ ਵਿਚ ਵੀ ਕੰਮ ਕੀਤਾ ਸੀ।

ਹਰਕੀਰਤ ਦੀ ਬੀ.ਐੱਡ. ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ 19 ਸਾਲ ਦੀ ਉਮਰ ਵਿਚ ਉਸ ਦਾ ਵਿਆਹ ਡਾ. ਕੁਲਦੀਪ ਸਿੰਘ ਚਹਿਲ ਨਾਲ ਹੋ ਗਿਆ ਸੀ ਜੋ ਵੈਟਰਨਰੀ ਡਾਕਟਰ ਹਨ। ਹਰਕੀਰਤ ਨੇ ਪੰਜਾਬੀ ਯੂਨੀਵਰਸਿਟੀ ਦੇ ਦੂਰ-ਸੰਚਾਰ ਵਿਭਾਗ ਰਾਹੀਂ ਪੰਜਾਬੀ ਦੀ ਐਮ.ਏ. ਦਾ ਪਹਿਲਾ ਸਾਲ ਪੂਰਾ ਕਰ ਲਿਆ ਸੀ ਪਰ ਪਰਿਵਾਰਕ ਜ਼ਿੰਮੇਵਾਰੀਆਂ ਖ਼ਾਤਰ ਡਿਗਰੀ ਪੂਰੀ ਨਾ ਕਰ ਸਕੀ। ਉਨ੍ਹਾਂ ਦੇ ਦੋਨੋਂ ਬੱਚੇ, ਕੰਵਰ ਅਤੇ ਜੈਸਮੀਨ, ਉਨ੍ਹਾਂ ਦੇ ਨਾਭੇ ਰਹਿੰਦਿਆਂ ਪੈਦਾ ਹੋਏ ਸਨ ਜਿੱਥੇ ਡਾ. ਚਹਿਲ ਨੌਕਰੀ ਕਰ ਰਹੇ ਸਨ। ਨਾਭੇ ਹੀ ਹਰਕੀਰਤ ਨੇ 1994 ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਫਿਰ ਉਹ ਪਟਿਆਲੇ ਬੁੱਢਾ ਦਲ ਸਕੂਲ ਦੇ ਜੂਨੀਅਰ ਵਿੰਗ ਵਿਚ ਪ੍ਰਿੰਸੀਪਲ ਵੀ ਰਹੀ ਸੀ।

ਵੈਸੇ ਤਾਂ ਵੈਨਕੂਵਰ ਏਰੀਏ ਵਿਚ ਹਰਕੀਰਤ ਬਹੁਤੇ ਲੇਖਕਾਂ ਨੂੰ ਜਾਣਦੀ ਹੈ ਪਰ ਸਾਹਿਤਕ ਖੇਤਰ ਵਿਚ ਉਸ ਦੀ ਜ਼ਿਆਦਾ ਨੇੜਤਾ ਪਰਵੇਜ਼ ਸੰਧੂ, ਇੰਦਰਜੀਤ ਕੌਰ ਸੰਧੂ, ਅਤੇ ਨਦੀਮ ਪਰਮਾਰ ਹੁਰਾਂ ਨਾਲ ਹੈ। ਪਰਵੇਜ਼ ਸੰਧੂ ਪੰਜਾਬੀ ਦੀ ਸਮਰੱਥ ਕਹਾਣੀਕਾਰ ਹੈ। ਜਿਸ ਨੇ ਪੰਜਾਬੀ ਸਾਹਿਤ ਨੂੰ ਕਈ ਬਹੁਤ ਵਧੀਆ ਕਹਾਣੀਆਂ ਦਿੱਤੀਆਂ ਹਨ। ਉਸ ਦੇ ਚਾਰ ਕਹਾਣੀ ਸੰਗ੍ਰਹਿ ਅਤੇ ਇਕ ਲੇਖਾਂ ਦੀ ਕਿਤਾਬ ਛਪ ਚੁੱਕੀਆਂ ਹਨ। ਪਰਵੇਜ਼ ਅਮਰੀਕਾ-ਕੈਨੇਡਾ ਬਾਰਡਰ ਤੋਂ ਕਾਰ ਵਿਚ 20 ਕੁ ਮਿੰਟ ਦੇ ਫ਼ਾਸਲੇ ਤੇ ਅਮਰੀਕਾ ਵਿਚ

ਰਹਿੰਦੀ ਹੈ ਜਿੱਥੋਂ ਹਰਕੀਰਤ ਦਾ ਘਰ ਸ਼ਾਇਦ 60 ਕੁ ਕਿੱਲੋਮੀਟਰ ਹੈ। ਹਰਕੀਰਤ ਅਤੇ ਪਰਵੇਜ਼ ਫ਼ੇਸ-ਬੁੱਕ ਰਾਹੀਂ ਮਿਲੀਆਂ ਸਨ ਅਤੇ ਹੌਲੀ ਹੌਲੀ ਉਨ੍ਹਾਂ ਦੀ ਦੋਸਤੀ ਇੰਨੀ ਗੂੜ੍ਹੀ ਹੋ ਗਈ ਕਿ ਹੁਣ ਉਨ੍ਹਾਂ ਦਾ ਰਿਸ਼ਤਾ ਭੈਣਾਂ ਵਰਗਾ ਹੈ। ਉਹ ਰੋਜ਼ਾਨਾ ਹੀ ਕਈ ਕਈ ਵਾਰੀ ਫ਼ੋਨ ਤੇ ਗੱਲਾਂ ਕਰਦੀਆਂ ਹਨ। ਹਰਕੀਰਤ ਕਹਿੰਦੀ ਹੈ ਕਿ ਭਾਵੇਂ ਪਰਵੇਜ਼ ਦੇ ਹਾਸਿਆਂ ਪਿੱਛੇ ਦੁੱਖਾਂ ਦੇ ਅੰਬਾਰ ਲੱਗੇ ਪਏ ਹਨ ਪਰ ਉਹ ਹਰ ਮਿਲਣ ਵਾਲੇ ਨੂੰ ਹਾਸਿਆਂ ਦੀ ਪਟਾਰੀ ਖੋਲ੍ਹ ਕੇ ਮਿਲਦੀ ਹੈ। ਪਰਵੇਜ਼ ਹਾਸੇ ਵਿਚ ਕਹਿੰਦੀ ਹੈ, "2015 'ਚ ਮੈਂ ਹਰਕੀਰਤ ਨੂੰ ਮਿਲੀ ਸੀ। ਜਦੋਂ ਪਹਿਲੀ ਵਾਰ ਅਸੀਂ ਦੋਵੇਂ ਇਕੱਠੀਆਂ ਹੋਈਆਂ ਸੀ ਉਦੋਂ ਹਰਕੀਰਤ ਤੇ ਮੈਂ ਇਕ ਦੂਜੇ ਨੂੰ ਬਹੁਤ ਸਿਆਣੀਆਂ ਸਮਝਦੀਆਂ ਸੀ। ਪਰ ਫੇਰ ਜਲਦੀ ਹੀ ਸਾਡੇ ਭਰਮ ਟੁੱਟ ਗਏ। ਹੁਣ ਅਸੀਂ ਦੁਨੀਆ ਜਹਾਨ ਦਾ ਕਮਲ ਕੁੱਟ ਲੈਂਦੀਆਂ ਹਾਂ। ਦੁੱਖ, ਸੁੱਖ, ਹਾਸਾ, ਮਖੌਲ ਤੇ ਸਾਹਿਤ ਬਾਰੇ ਗੱਲ ਬਾਤ ਤੇ ਸਾਹਿਤਕਾਰਾਂ 'ਚ ਹੁੰਦੀਆਂ ਗਤੀਵਿਧੀਆਂ - ਜਾਣੀ ਕਿ ਹਰ ਵਿਸ਼ੇ ਤੇ ਗੱਲ ਕਰ ਲੈਂਦੀਆਂ ਹਾਂ। ਦੋਸਤੀ ਇਹੀ ਤਾਂ ਹੁੰਦੀ ਹੈ ਜਿੱਥੇ ਕੋਈ ਲੁਕ ਲੁਕਾ ਨਹੀਂ। ... ਲੋੜ ਪੈਣ ਤੇ ਇਕ ਦੂਜੇ ਨਾਲ ਖੜ੍ਹਨਾ ... ਇਕ ਦੂਜੇ ਦੀ ਗੱਲ ਸੁਣਨੀ ... ਜੇ ਇਕ ਉਦਾਸ ਹੈ, ਦੂਜੇ ਨੇ ਹਸਾ ਦੇਣਾ ... ਬੱਸ ਹੋਰ ਕੁਝ ਚਾਹੀਦਾ ਵੀ ਨਹੀਂ। ਕੁਦਰਤ ਨੇ ਬਹੁਤ ਕੁਝ ਦਿੱਤਾ ਹੈ।" ਇੰਦਰਜੀਤ ਕੌਰ ਸਿੱਧੂ ਵੈਨਕੂਵਰ ਵਿਚ ਸਭ ਤੋਂ ਮਸ਼ਹੂਰ ਲੇਖਕਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਦੀਆਂ ਹੁਣ ਤੱਕ 15 ਕੁ ਕਿਤਾਬਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਲੇਖਾਂ, ਕਹਾਣੀਆਂ, ਅਤੇ ਕਵਿਤਾਵਾਂ ਦੀਆਂ ਕਿਤਾਬਾਂ ਸ਼ਾਮਲ ਹਨ ਉਨ੍ਹਾਂ ਦੀ ਕਲਮ ਦੀ ਨੋਕ ਤਲਵਾਰ ਨਾਲੋਂ ਵੀ ਤਿੱਖੀ ਅਤੇ ਤੇਜ਼ ਹੈ ਜੋ ਗ਼ਲਤ ਕੰਮ ਕਰਨ ਵਾਲੇ ਕਿਸੇ ਵੀ ਇਨਸਾਨ ਨੂੰ ਨਹੀਂ ਬਖਸ਼ ਦੀ। ਉਨ੍ਹਾਂ ਦੇ ਇਹੋ ਜਿਹੇ ਲੇਖ ਵੈਨਕੂਵਰ ਤੋਂ ਛਪਦੇ ਹਫ਼ਤਾਵਾਰੀ ਪੇਪਰ ਇੰਡੋ-ਕੈਨੇਡੀਅਨ ਟਾਈਮਜ਼ ਵਿਚ ਆਮ ਹੀ ਛਪਦੇ ਰਹਿੰਦੇ ਹਨ। ਲਗਭਗ ਪਿਛਲੇ ਇਕ ਸਾਲ ਉਨ੍ਹਾਂ ਦੇ ਲੇਖ 'ਏਤੀ ਮਾਰ ਪਈ ਕੁਰਲਾਣੈ' ਨਾਂ ਹੇਠ ਲਗਾਤਾਰ ਛਪੇ ਹਨ। ਵੈਨਕੂਵਰ ਏਰੀਏ ਵਿਚ ਹੀ ਰਹਿੰਦੇ ਨਦੀਮ ਪਰਮਾਰ ਜੀ ਪੰਜਾਬੀ ਅਤੇ ਉਰਦੂ ਗ਼ਜ਼ਲ ਦੇ ਉਸਤਾਦ ਸ਼ਾਇਰ ਮੰਨੇ ਜਾਂਦੇ ਹਨ। ਉਨ੍ਹਾਂ ਨੇ ਗ਼ਜ਼ਲਾਂ ਦੀਆਂ ਕਈ ਕਿਤਾਬਾਂ ਛਪਾਉਣ ਤੋਂ ਇਲਾਵਾ ਕੁਝ ਨਾਵਲ ਵੀ ਲਿਖੇ ਹਨ। ਇਨ੍ਹਾਂ ਤੋਂ ਇਲਾਵਾ ਹਰਕੀਰਤ ਦੀ ਨੇੜਤਾ ਵੈਨਕੂਵਰ ਏਰੀਏ ਦੇ ਕਈ ਹੋਰ ਲੇਖਕਾਂ ਨਾਲ ਵੀ ਹੈ ਜਿਨ੍ਹਾਂ ਵਿਚ ਰਿਟਾਇਰਡ ਪ੍ਰਿੰਸੀਪਲ ਸੁਰਿੰਦਰ ਕੌਰ ਬਰਾੜ, ਹਰਚੰਦ ਸਿੰਘ ਬਾਗੜੀ, ਅਤੇ ਮਿਸਿਜ਼ ਬਾਗੜੀ ਵੀ ਹਨ। ਵੈਨਕੂਵਰ ਤੋਂ ਬਾਹਰ ਉਨ੍ਹਾਂ ਦੀ ਨੇੜਤਾ ਕੈਲਗਰੀ ਕੋਲ ਵਸਦੀ ਪਰਮਜੀਤ ਗਰੇਵਾਲ ਨਾਲ ਬਹੁਤ ਹੈ। ਪਰਮਜੀਤ ਹੁਰੀਂ ਪੰਜਾਬੀ ਦੀ ਐਮ. ਏ. ਕਰ ਕੇ ਪੀ. ਐੱਚ. ਡੀ. ਸ਼ੁਰੂ ਕੀਤੀ ਸੀ ਪਰ ਉਹ ਇਹ ਵਿਚੇ ਹੀ ਛੱਡ ਕੇ ਕੈਨੇਡਾ ਆ ਗਏ ਸਨ। ਹਰਕੀਰਤ ਕੈਲਗਰੀ ਰਹਿੰਦੀ ਡਾ. ਬਲਵਿੰਦਰ ਕੌਰ ਬਰਾੜ ਦੇ ਵੀ ਕਾਫ਼ੀ ਨੇੜੇ ਹੈ ਜੋ ਪੰਜਾਬੀ ਯੂਨਵਿਰਸਿਟੀ ਤੋਂ ਪੰਜਾਬੀ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਸਨ। ਹਰਕੀਰਤ ਦੀ ਟਰਾਂਟੋ ਰਹਿੰਦੇ ਕਈ ਲੇਖਕਾਂ ਨਾਲ ਵੀ ਵਧੀਆ ਦੋਸਤੀ ਹੈ ਜਿਨ੍ਹਾਂ ਵਿਚ ਡਾ. ਸੰਦੀਪ ਕੌਰ ਚੌਹਾਨ ਖ਼ਾਸ ਦੋਸਤ ਹਨ। ਪੰਜਾਬ ਵਿਚ ਉਹ ਡਾ. ਦਲੀਪ ਕੌਰ ਟਿਵਾਣਾ ਹੁਰਾਂ ਦੇ ਬਹੁਤ ਨੇੜੇ ਸਨ। ਹੋਰ



ਜਿਨ੍ਹਾਂ ਨਾਲ ਹਰਕੀਰਤ ਦੀ ਦੋਸਤੀ ਹੈ ਉਨ੍ਹਾਂ ਵਿਚ ਸੁਰਿੰਦਰ ਕੌਰ ਜੈਪਾਲ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ।





ਹਰਕੀਰਤ ਅਤੇ ਡਾ. ਕੁਲਦੀਪ ਸਿੰਘ ਚਹਿਲ ਦੋਵੇਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਚ ਪੜ੍ਹੇ ਸਨ ਜਿੱਥੇ ਦੋਹਾਂ ਨੇ 1983 ਵਿਚ ਪੜ੍ਹਾਈ ਸ਼ੁਰੂ ਕੀਤੀ ਸੀ ਉਹ ਦੋਵੇਂ ਯੂਨੀਵਰਸਿਟੀ ਦੇ ਸਪੋਰਟਸ ਦੇ ਟਰੈਕ ਤੇ ਮਿਲੇ ਸਨ ਪਰ ਉਨ੍ਹਾਂ ਨੇ ਇਕ ਦੂਜੇ ਨੂੰ ਬੁਲਾਇਆ ਨਹੀਂ ਸੀ। ਪਰ ਦੋ ਸਾਲਾਂ ਬਾਅਦ ਇਕ ਸਮਰ ਕੈਂਪ ਦੌਰਾਨ ਦੋਹਾਂ ਦੀ ਦੋਸਤੀ ਹੋ ਗਈ ਸੀ ਕੁਝ ਦੇਰ ਬਾਅਦ ਡਾ. ਚਹਿਲ ਨੇ ਹਰਕੀਰਤ ਨੂੰ ਪਰਪੋਜ਼ ਕੀਤਾ ਤਾਂ ਦੋਵੇਂ ਬੋਲਣੋਂ ਵੀ ਹਟ ਗਏ। ਪਰ ਫਿਰ ਹੌਲੀ ਹੌਲੀ ਦੋਵੇਂ ਫਿਰ ਇਕ ਦੂਜੇ ਦੇ ਨੇੜੇ ਆ ਗਏ। ਹਰਕੀਰਤ ਦੇ ਪਾਪਾ ਨੂੰ ਪਹਿਲਾਂ ਇਹ ਗੱਲ ਪਸੰਦ ਨਾ ਆਈ ਪਰ ਫਿਰ ਹਰਕੀਰਤ ਦੇ ਅੜੀ ਕਰਨ ਤੇ ਉਹ ਮੰਨ ਗਏ। ਹੁਣ ਪਾਪਾ ਅਤੇ ਡਾ. ਚਹਿਲ ਦੀ ਦੋਸਤੀ ਪੈੱਗ ਤੋਂ ਲੈ ਕੇ ਜ਼ਿੰਦਗੀ ਦੇ ਹਰ ਛੋਟੇ-ਵੱਡੇ ਫ਼ੈਸਲੇ ਕਰਨ ਤੱਕ ਹੈ। ਹਰਕੀਰਤ ਅਤੇ ਡਾ. ਚਹਿਲ ਦੀ ਇਕ ਦੂਜੇ ਨਾਲ ਕਾਫ਼ੀ ਸਾਂਝ ਅਤੇ ਪਿਆਰ ਹੈ। ਉਹ ਹਮੇਸ਼ਾ ਇਕ ਦੂਜੇ ਲਈ ਔਖੇ-ਸੌਖੇ ਸਮਿਆਂ ਵਿਚ ਤਾਕਤ ਬਣੇ ਹਨ। ਹਰਕੀਰਤ ਕਹਿੰਦੀ ਹੈ ਕਿ ਡਾ. ਚਹਿਲ ਜਿਹੜੇ ਕਦੇ ਸਿਲੇਬਸ ਤੋਂ ਬਾਹਰ ਵਾਲੀ ਕੋਈ ਵੀ ਕਿਤਾਬ ਨਹੀਂ ਸੀ ਪੜ੍ਹਦੇ ਹੁਣ ਹਰਕੀਰਤ ਦੀਆਂ ਲਿਖਤਾਂ ਦੇ ਪਹਿਲੇ ਪਾਠਕ ਹਨ।


ਹਰਕੀਰਤ ਤਿੰਨ ਭੈਣ-ਭਰਾਵਾਂ ਵਿਚ ਸਭ ਤੋਂ ਵੱਡੀ ਹੈ। ਉਸ ਦਾ ਛੋਟਾ ਭਰਾ ਡਾ. ਗੁਰਬਖਸ਼ੀਸ਼ ਸਿੰਘ ਆਸਟ੍ਰੇਲੀਆ ਵਿਚ ਡਾਕਟਰ ਹੈ। ਛੋਟੀ ਭੈਣ ਡਾ. ਨਿਰਲੇਪ ਕੌਰ ਸਿੱਧੂ ਵੀ ਆਸਟ੍ਰੇਲੀਆ ਵਿਚ ਡਾਕਟਰ ਹੈ। ਹਰਕੀਰਤ ਦਾ ਭਰਾਵਾਂ ਵਰਗਾ ਭੂਆ ਦਾ ਲੜਕਾ ਗੁਰਦੀਪ ਸਿੰਘ ਮੁੰਡੀ ਨਾਰਥ ਇੰਡੀਆ ਵਿਚ ਚਲਦੇ 'ਫਾਸਟਵੇਅ' ਦੇ ਸਾਰੇ ਚੈਨਲਾਂ ਦਾ ਮਾਲਕ ਹੈ।

ਹਰਕੀਰਤ ਦੇ ਦੋਵੇਂ ਬੱਚੇ ਡਾਕਟਰ ਹਨ। ਬੇਟੀ ਜੈਸਮੀਨ ਨੇ ਐਮ.ਬੀ.ਬੀ.ਐੱਸ. ਕੀਤੀ ਹੈ ਅਤੇ ਬੇਟਾ ਕੰਵਰਨੈਨ ਵੈਟਰਨਰੀ ਡਾਕਟਰ ਹੈ ਅਤੇ ਡਾ. ਚਹਿਲ ਨਾਲ ਉਨ੍ਹਾਂ ਦੇ ਕਲੀਨਿਕ ਵਿਚ ਹੀ ਕੰਮ ਕਰ ਰਿਹਾ ਹੈ ਕੰਵਰ ਨੂੰ ਗਾਉਣ ਦਾ ਵੀ ਸ਼ੌਕ ਹੈ। ਉਸ ਦੇ ਪੰਜ ਗੀਤ 'ਸਪੀਡ ਰੈਕਰਡਜ਼' ਕੰਪਨੀ ਨੇ ਰਿਲੀਜ਼ ਕੀਤੇ ਸਨ ਜਿਨ੍ਹਾਂ ਦੀਆਂ ਵੀਡੀਓ ਵੀ ਬਣੀਆਂ ਸਨ ਅਤੇ ਇਹ ਸਭ ਗੀਤ ਯੂ-ਟਿਊਬ ਤੇ ਹਨ। ਕੰਵਰ ਵੈਟਰਨਰੀ ਕਾਲਜ ਦਾ ਬੈਸਟ ਸਿੰਗਰ ਅਤੇ ਬੈਸਟ ਡਾਂਸਰ ਵੀ ਰਿਹਾ ਹੈ। ਜੈਸਮੀਨ ਵੀ ਨੱਚਣ ਗਾਉਣ ਦੀ ਸ਼ੌਕੀਨ ਹੈ। ਉਸ ਨੂੰ 2006-2007 ਵਿਚ ਕੈਨੇਡਾ ਦੇ ਮਿਸਵਲਡ ਪੰਜਾਬਣ ਮੁਕਾਬਲੇ ਵਿਚ ਰਨਰ-ਅੱਪ ਪੁਜ਼ੀਸ਼ਨ ਮਿਲੀ ਸੀ। ਕੰਵਰ ਦਾ ਵਿਆਹ ਇੰਡੀਆ ਵਿਚ 2020 ਵਿਚ ਜਸਮੀਤ ਕੌਰ ਨਾਲ ਹੋਇਆ ਸੀ ਜੋ ਸਾਈਕਾਲੋਜਿਸਟ ਹੈ। ਜੈਸਮੀਨ ਦਾ ਵਿਆਹ ਇੰਡੀਆ ਵਿਚ ਹੀ ਫਰਵਰੀ 2022 ਵਿਚ ਅੰਕੇਸ਼ਵਰ ਨਾਲ ਹੋਇਆ ਸੀ। ਜੋ ਪੰਜਾਬ ਯੂਨੀਵਰਸਿਟੀ ਤੋਂ ਫੂਡ ਟੈਕਨਾਲੋਜੀ ਦੀ ਐਮ.ਟੈੱਕ. ਕਰਨ ਤੋਂ ਬਾਅਦ ਬਿਜ਼ਨਸ ਕਰ ਰਿਹਾ ਹੈ ਅਤੇ ਗਾਉਣ ਦਾ ਸ਼ੌਕ ਵੀ ਰੱਖਦਾ ਹੈ।

ਹਰਕੀਰਤ ਦਾ ਸਾਰਾ ਪਰਵਾਰ 2005 ਵਿਚ ਪੁਆਇੰਟ ਸਿਸਟਮ ਦੇ ਅਧਾਰ ਤੇ ਕੈਨੇਡਾ ਆਇਆ ਸੀ। ਕੈਨੇਡਾ ਆ ਕੇ ਉਹ ਕੁਝ ਦਿਨ ਇਕ ਦੋਸਤ ਦੇ ਘਰ ਰਹੇ ਅਤੇ ਫਿਰ ਇਕ ਘਰ ਵਿਚ ਬੇਸਮੈਂਟ ਕਿਰਾਏ ਤੇ ਲੈ ਲਈ। ਦੋਸਤ ਦੀ ਪਤਨੀ ਨੇ ਘਰ ਵਿਚ ਵਰਤਣ ਵਾਲੀਆਂ ਕਾਫ਼ੀ ਪੁਰਾਣੀਆਂ ਚੀਜ਼ਾਂ ਦਿੱਤੀਆਂ ਅਤੇ ਗਰਾਸਰੀ ਵਗੈਰਾ ਖ਼ਰੀਦਣੀ ਵੀ ਸਿਖਾਈ। ਇਕ ਦਿਨ ਇਸ ਦੋਸਤ ਦੀ ਪਤਨੀ ਹਰਕੀਰਤ ਨੂੰ ਇਕ ਗੈਰਾਜ ਸੇਲ ਤੇ ਲੈ ਗਈ ਜਿਸ ਵਿਚ ਲੋਕ ਆਪਣੀਆਂ ਪੁਰਾਣੀਆਂ ਚੀਜ਼ਾਂ ਵੇਚਦੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਹੁਣ ਲੋੜ ਨਹੀਂ ਰਹਿੰਦੀ। ਹਰਕੀਰਤ ਨੇ ਇਕ ਪਰਵਾਰਕ ਡਾਕਟਰ ਦੋਸਤ ਦੇ ਵੈਟਰਨਰੀ ਕਲੀਨਿਕ ਤੇ ਰਿਸੈਪਸ਼ਨਿਸਟ ਦੀ ਨੌਕਰੀ ਲੈ ਲਈ ਜਿਸ ਵਿਚ ਇਗਜ਼ਾਮ ਰੂਮ ਵਿਚ ਝਾੜੂ-ਪੋਚਾ ਫੇਰਨਾ, ਕੁੱਤੇ-ਬਿੱਲੀਆਂ ਨੂੰ ਫੜਨਾ, ਫਾਈਲਾਂ ਤਿਆਰ ਕਰਨੀਆਂ, ਬਿੱਲ ਲੈਣੇ-ਦੇਣੇ, ਅਤੇ ਫ਼ੋਨ ਤੇ ਅਪੁਆਇੰਟਮੈਂਟਸ ਬੁੱਕ ਕਰਨੀਆਂ ਆਦਿ ਉਸ ਦਾ ਕੰਮ ਸੀ। ਹਰਕੀਰਤ ਨੂੰ ਇਹ ਕੰਮ ਔਖਾ ਲਗਦਾ ਸੀ। ਹਰਕੀਰਤ ਦੇ ਨਾਲ ਕੰਮ ਕਰਨ ਵਾਲੇ ਉਸ ਨੂੰ ਥੱਕੀ ਦੇਖ ਕੇ ਮਖ਼ੌਲ ਕਰਦੇ ਰਹਿੰਦੇ। ਹਰਕੀਰਤ ਨੇ ਮਹਿਸੂਸ ਕੀਤਾ ਕਿ ਪੁਰਾਣੇ ਆਏ ਲੋਕ ਨਵੇਂ ਆਇਆਂ ਨੂੰ ਜ਼ਲੀਲ ਹੁੰਦੇ ਦੇਖ ਕੇ ਖੁਸ਼ ਹੁੰਦੇ ਹਨ। ਜਿੱਥੇ ਹਰਕੀਰਤ ਹੁਰੀਂ ਕਿਰਾਏ ਤੇ ਰਹਿੰਦੇ ਸਨ, ਉਸ ਘਰ ਦੀ ਮਾਲਕਣ ਵੀ ਤੜਕਾ ਵਗੈਰਾ ਲੱਗਣ ਤੇ ਨੱਕ ਚਾੜ੍ਹਦੀ ਰਹਿੰਦੀ। ਸਾਲ 2006 ਵਿਚ ਹਰਕੀਰਤ ਨੂੰ ਟੀਚਿੰਗ ਲਾਇਸੈਂਸ ਮਿਲ ਗਿਆ ਅਤੇ ਉਸ ਨੂੰ ਇਕ ਮੁਸਲਿਮ ਸਕੂਲ ਵਿਚ ਪੜ੍ਹਾਉਣ ਦੀ ਨੌਕਰੀ ਮਿਲ ਗਈ। ਕਲਾਸ ਦੇ ਵਿਦਿਆਰਥੀ ਸ਼ਰਾਰਤੀ ਸਨ ਪਰ ਹਰਕੀਰਤ ਨੇ ਕੁਝ ਪਿਆਰ ਅਤੇ ਕੁਝ ਰੋਹਬ ਨਾਲ ਉਨ੍ਹਾਂ ਤੇ ਕਾਬੂ ਪਾ ਲਿਆ ਸੀ। ਸਾਲ 2012 ਵਿਚ ਹਰਕੀਰਤ ਨੇ ਇਹ ਨੌਕਰੀ ਛੱਡ ਦਿੱਤੀ ਸੀ।

ਸਾਲ 2011 ਵਿਚ ਡਾ. ਚਹਿਲ ਹੁਰੀਂ ਵੈਨਕੂਵਰ ਤੋਂ ਥੋੜ੍ਹਾ ਦੂਰ ਇਕ ਵੈਟਰਨਰੀ ਹਸਪਤਾਲ ਖ਼ਰੀਦ ਲਿਆ ਸੀ। ਹਰਕੀਰਤ ਨੇ ਆਪਣੀ ਪੜ੍ਹਾਉਣ ਦੀ ਨੌਕਰੀ ਛੱਡ ਕੇ ਇਸ ਹਸਪਤਾਲ ਵਿਚਲਾ ਮੈਨੇਜਮੈਂਟ ਦਾ ਕੰਮ ਸੰਭਾਲ ਲਿਆ ਸੀ। ਹਰਕੀਰਤ ਨੇ ਚਾਰ ਸਾਲ ਡਾ. ਚਹਿਲ ਹੁਰਾਂ ਨਾਲ ਇਸ ਹਸਪਤਾਲ ਵਿਚ ਸੱਤੇ ਦਿਨ ਬਾਰਾਂ-ਬਾਰਾਂ ਘੰਟੇ ਰੋਜ਼ਾਨਾ ਕੰਮ ਕੀਤਾ। ਹੁਣ ਇਹ ਹਸਪਤਾਲ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਸਭ ਤੋਂ ਵੱਡਾ ਵੈਟਰਨਰੀ ਹਸਪਤਾਲ ਹੈ। ਇਸ ਹਸਪਤਾਲ ਦੇ ਵਧੀਆ ਚੱਲਣ ਤੋਂ ਬਾਅਦ ਹਸਪਤਾਲ ਦੀ ਮੈਨੇਜਮੈਂਟ ਨੂੰ ਸੰਭਾਲਣ ਲਈ ਹੋਰ ਮੁਲਾਜ਼ਮ ਰੱਖ ਲਏ ਗਏ ਸਨ ਅਤੇ ਹਰਕੀਰਤ ਨੇ ਇਹ ਕੰਮ ਛੱਡ ਕੇ ਘਰ ਸੰਭਾਲਣ ਅਤੇ ਸਾਹਿਤ ਵੱਲ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ ਹੁਣ ਹਰਕੀਰਤ ਕਦੇ ਕਦੇ ਹੀ ਲੋੜ ਪੈਣ ਤੇ ਹਸਪਤਾਲ ਵਿਚ ਕੋਈ ਮਦਦ ਕਰਨ ਲਈ ਜਾਂਦੀ ਹੈ। ਹਰਕੀਰਤ ਨੇ 2016 ਵਿਚ ਆਪਣੀ ਪਹਿਲੀ ਕਿਤਾਬ 'ਪਰੀਆਂ ਸੰਗ ਪਰਵਾਜ਼' ਛਪਾਈ ਜੋ ਕਹਾਣੀ ਸੰਗ੍ਰਹਿ ਹੈ। ਡਾ. ਸਤੀਸ਼ ਵਰਮਾ ਵਰਮਾ ਦੇ ਕਹਿਣ ਤੇ ਹਰਕੀਰਤ ਨੇ ਨਾਵਲ ਵੱਲ ਧਿਆਨ ਮੋੜਿਆ ਅਤੇ 2017 ਵਿਚ ਪਹਿਲਾ ਨਾਵਲ 'ਤੇਰੇ ਬਾਝੋਂ' ਛਪਵਾਇਆ। ਉਸ ਤੋਂ ਬਾਅਦ 2018 ਵਿਚ






ਹਰਕੀਰਤ ਦਾ ਨਾਵਲ 'ਥੋਹਰਾਂ ਦੇ ਫੁੱਲ' ਛਪਿਆ ਸੀ ਜਿਸ ਨੂੰ ਪੜ੍ਹ ਕੇ ਡਾ. ਦਲੀਪ ਕੌਰ ਟਿਵਾਣਾ ਨੇ ਹਰਕੀਰਤ ਨੂੰ ਥਾਪੜਾ ਦਿੱਤਾ ਸੀ ਅਤੇ ਇਸ ਨਾਵਲ ਨੂੰ ਬਹੁਤ ਸਲਾਹਿਆ ਸੀ। ਸਾਲ 2019 ਵਿਚ ਹਰਕੀਰਤ ਨੇ 'ਆਦਮ ਗ੍ਰਹਿਣ' ਨਾਵਲ ਛਪਵਾਇਆ ਸੀ ਜਿਸ ਵਿਚ ਹਰਕੀਰਤ ਨੇ ਤੀਜੇ ਵਰਗ ਪ੍ਰਤੀ ਸੰਵੇਦਨਾ ਨੂੰ ਜ਼ਾਹਿਰ ਕੀਤਾ ਸੀ। ਇਸ ਨਾਵਲ ਨੂੰ ਢਾਹਾਂ ਇਨਾਮ ਨਾਲ ਅਤੇ ਪਾਕਿਸਤਾਨ ਦੇ ਦਿਲ ਦਰਿਆ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਨਾਵਲ ਦੀ ਬਹੁਤ ਚਰਚਾ ਹੋਈ ਹੈ ਅਤੇ ਇਹ ਪਾਠਕਾਂ ਅਤੇ ਆਲੋਚਕਾਂ ਵੱਲੋਂ ਬੇਹੱਦ ਸਲਾਹਿਆ ਗਿਆ ਹੈ। ਮੈਂ ਖ਼ੁਦ ਇਸ ਨਾਵਲ ਨੂੰ ਪੜ੍ਹਿਆ ਹੈ ਅਤੇ ਇਸ ਨਾਵਲ ਨੂੰ ਪੰਜਾਬੀ ਦੇ ਕੁਝ ਕੁ ਬੇਹਤਰੀਨ ਨਾਵਲਾਂ ਵਿਚ ਗਿਣਦਾ ਹਾਂ। ਪਰ ਹਰਕੀਰਤ ਕਹਿੰਦੀ ਹੈ ਕਿ ਉਸ ਦਾ 'ਥੋਹਰਾਂ ਦੇ ਫੁੱਲ' ਨਾਵਲ 'ਆਦਮ ਗ੍ਰਹਿਣ' ਨਾਲੋਂ ਵਧੀਆ ਹੈ। ਕੁਝ ਦੋਸਤ ਜਿਨ੍ਹਾਂ ਨੇ ਇਹ ਦੋਵੇਂ ਨਾਵਲ ਪੜ੍ਹੇ ਹਨ ਵੀ ਹਰਕੀਰਤ ਦੀ ਇਸ ਗੱਲ ਨਾਲ ਸਹਿਮਤ ਹਨ ਮੈਂ 'ਥੋਹਰਾਂ ਦੇ ਫੁੱਲ' ਨਾਵਲ ਹਾਲੇ ਨਹੀਂ ਪੜ੍ਹਿਆ ਭਾਵੇਂ ਇਹ ਮੇਰੀ ਬੁੱਕ-ਸ਼ੈਲਫ ਤੇ ਪਿਆ ਹੈ। ਇਹ ਨਾਵਲ ਮੇਰੀਆਂ ਪੜ੍ਹਨ ਵਾਲੀਆਂ ਕੁਝ ਕਿਤਾਬਾਂ ਦੀ ਲਿਸਟ ਵਿਚ ਸ਼ਾਮਲ ਹੈ ਅਤੇ ਉਮੀਦ ਹੈ ਕਿ ਛੇਤੀ ਹੀ ਇਸ ਨੂੰ ਪੜ੍ਹਾਂਗਾ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਸਾਲ 2020 ਵਿਚ ਹਰਕੀਰਤ ਨੇ ਆਪਣੀ ਸਵੈ-ਜੀਵਨੀ ਦੇ ਕੁਝ ਅੰਸ਼ਾਂ ਦੇ ਅਧਾਰ ਤੇ ਆਪਣੀ ਕਿਤਾਬ 'ਇੰਜ ਪ੍ਰਦੇਸਣ ਹੋਈ' ਛਪਾਈ ਸੀ ਅਤੇ 2021 ਵਿਚ ਆਪਣੇ ਪਾਕਿਸਤਾਨ ਦੇ ਸਫ਼ਰ ਤੇ ਅਧਾਰਿਤ ਸਫ਼ਰਨਾਮਾ 'ਲੱਠੇ ਲੋਕ ਲਾਹੌਰ ਦੇ' ਛਪਵਾਇਆ ਸੀ। ਉਸ ਦੀਆਂ ਤਿੰਨ ਕਿਤਾਬਾਂ 'ਆਦਮ ਗ੍ਰਹਿਣ', 'ਥੋਹਰਾਂ ਦੇ ਫੁੱਲ' ਅਤੇ 'ਲੱਠੇ ਲੋਕ ਲਾਹੌਰ ਦੇ' ਪਾਕਿਸਤਾਨ ਵਿਚ ਸ਼ਾਹ ਮੁਖੀ ਵਿਚ ਵੀ ਛਾਪੀਆਂ ਗਈਆਂ ਹਨ। ਨਾਵਲ 'ਆਦਮ ਗ੍ਰਹਿਣ' ਹਿੰਦੀ ਵਿਚ ਵੀ ਛਪ ਚੁੱਕਾ ਹੈ।

ਜਿਵੇਂ ਮੈਂ ਪਹਿਲਾਂ ਕਿਹਾ ਹੈ, ਹਰਕੀਰਤ ਦੀ ਸ਼ੈਲੀ ਬਹੁਤ ਪ੍ਰਭਾਵਸ਼ਾਲੀ ਅਤੇ ਰੌਚਿਕ ਹੈ। ਹਰਕੀਰਤ ਦੇ ਨਾਵਲ 'ਥੋਹਰਾਂ ਦੇ ਫੁੱਲ' ਵਿੱਚੋਂ ਉਸ ਦੀ ਲਿਖਤ ਦਾ ਇਕ ਨਮੂਨਾ ਪੇਸ਼ ਹੈ:

"ਸੁਣ ਉਏ ਜੱਗਿਆ, ਰਿਸ਼ਤਿਆਂ ਦੀ ਸੰਗ-ਸ਼ਰਮ ਤੇ ਸਤਿਕਾਰ ਮੰਨੀਦਾ ਐ ਨਾ ਭਰਜਾਈ ਬਰਫ਼ ਦੀ ਡਲੀ ਹੁੰਦੀ ਐ ਤੇ ਨਾ ਹੀ ਮਾਂ ਧੂੰਏਂ ਰੰਗੀ ਹੁੰਦੀ ਐ। ਇਹ ਸੋਹਣੇ ਰੰਗਾਂ ਵਾਲੇ ਪਵਿੱਤਰ ਰਿਸ਼ਤੇ ਤਾਂ ਨਸੀਬਾਂ ਵਾਲਿਆਂ ਨੂੰ ਮਿਲਦੇ ਨੇ। ਸਾਡੇ ਖ਼ਾਨਦਾਨ ਨੂੰ ਤਾਂ ਕੁਦੇਸਣ ਕੁੱਖਾਂ ਨੇ ਹੀ ਵਫ਼ਾ ਕੀਤਾ ਹੈ। ਭਾਵੇਂ ਤੁਹਾਡੇ ਸਭ ਦੀ ਨਜ਼ਰ ਵਿਚ ਮੇਰੀ ਦਾਦੀ ਸਿੱਖ ਔਰਤ, ਦੇਸੀ ਤੇ ਕਣਕਵੰਨੇ ਰੰਗ ਦੀ ਸੀ, ਤੇ ਮੇਰੀ ਮਾਂ ਹਿੰਦੂ ਕੁਦੇਸਣ ਤੇ ਕਾਲੇ ਰੰਗ ਦੀ ਅਤੇ ਮੇਰੀ ਪਤਨੀ ਇਸਾਈ, ਪ੍ਰਦੇਸਣ ਅਤੇ ਗੋਰੇ ਰੰਗ ਦੀ ਔਰਤ ਹੈ। ਹੁਣ ਹੋ ਸਕਦਾ ਮੇਰੇ ਪੋਤੇ ਦੀ ਆਮਦ ਲਈ ਅੱਲਾ ਵੀ ਹਾਜ਼ਰੀ ਲਵਾਉਣ ਆਵੇ। ਕੀ ਹੁੰਦੇ ਨੇ ਰੰਗ, ਧਰਮ ਤੇ ਜਾਤ? ਮਾਂ ਤਾਂ ਮਾਂ ਹੁੰਦੀ ਹੈ। ਕੁੱਖ ਦੀ ਕੋਈ ਜਾਤ ਨਹੀਂ ਹੁੰਦੀ। ਮੇਰੇ ਲਈ ਤਾਂ ਇਹ ਕੁੱਖਾਂ ਰੱਬ ਸਮਾਨ ਹਨ। ਤੇ ਆਹ ਜਿਸ ਨੂੰ ਤੁਸੀਂ ਧੂੰਏਂ ਰੰਗੀ ਕੁਦੇਸਣ ਕਹਿੰਦੇ ਹੋ, ਮੈਨੂੰ ਇਸ ਦਾ ਪੁੱਤ ਹੋਣ ਦਾ ਢੇਰਾਂ ਮਾਣ ਹੈ। ਸੋ ਬੋਲਣ ਵੇਲੇ ਮਾੜਾ ਮੋਟਾ ਵੇਖ ਲਿਆ ਕਰੋ।"

ਹਰਕੀਰਤ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਾਪਾ ਪੜ੍ਹਾਈ ਵਿਚ ਢਿੱਲ ਕਦੇ ਵੀ ਬਰਦਾਸ਼ਤ ਨਹੀਂ ਸੀ ਕਰਦੇ ਬੱਚਿਆਂ ਦੇ ਬਚਪਨ ਵੇਲੇ ਉਹ ਕਾਫ਼ੀ ਸਖ਼ਤ ਸਨ ਪਰ ਉਮਰ ਦੇ ਨਾਲ ਉਨ੍ਹਾਂ ਦੇ ਸੁਭਾਅ ਵਿਚ ਕਾਫ਼ੀ ਨਰਮੀ ਆ ਗਈ ਸੀ, ਸ਼ਾਇਦ ਇਸ ਕਰ ਕੇ ਕਿ ਸਾਰੇ ਬੱਚੇ ਪੜ੍ਹਾਈ ਕਰ ਕੇ ਵਧੀਆ ਨੌਕਰੀਆਂ ਤੇ ਲੱਗ ਗਏ ਸਨ। ਹਰਕੀਰਤ ਦਾ ਕਹਿਣਾ ਹੈ ਕਿ ਹੁਣ ਉਸ ਦਾ ਪਾਪਾ ਨਾਲ ਰਿਸ਼ਤਾ ਪਿਉ-ਧੀ ਨਾਲੋਂ ਵੱਧ ਦੋਸਤਾਂ ਵਰਗਾ ਹੈ। ਉਹ ਦੋਵੇਂ ਇਕੱਠੇ ਬੈਠ ਕੇ ਘੰਟਿਆਂ ਬੱਧੀ ਉਦੋਂ ਤੱਕ ਗੱਲਾਂ ਕਰਦੇ ਰਹਿੰਦੇ ਹਨ ਜਦੋਂ ਤੱਕ ਮਨ ਖਾਲੀ ਨਾ ਹੋ ਜਾਵੇ। ਹਰਕੀਰਤ ਦੇ ਪਾਪਾ ਨੇ ਆਪਣੀ ਜ਼ਿੰਦਗੀ ਦੇ ਕਈ ਸਾਲ ਹਿੰਦੁਸਤਾਨ ਤੋਂ ਬਾਹਰ ਗੁਜ਼ਾਰੇ ਸਨ ਜਦੋਂ ਕਿ ਉਨ੍ਹਾਂ ਦਾ ਪਰਵਾਰ ਪੰਜਾਬ ਵਿਚ ਹੀ ਰਹਿੰਦਾ ਸੀ ਪਰ ਉਹ ਛੇਤੀ ਛੇਤੀ ਹਿੰਦੁਸਤਾਨ ਵਾਪਸ ਆ ਜਾਂਦੇ ਸਨ। ਉਨ੍ਹਾਂ ਨੇ ਗੁਰੂ ਨਾਨਕ ਕਾਲਜ ਲੁਧਿਆਣਾ ਤੋਂ ਇਲੈਕਟ੍ਰਿਕ ਇੰਜੀਨੀਅਰਿੰਗ ਦੀ ਬੀ.ਟੈੱਕ. ਡਿਗਰੀ ਕੀਤੀ ਹੋਈ ਹੈ। ਉਨ੍ਹਾਂ ਨੇ ਅਫ਼ਰੀਕਾ ਦੇ ਮੁਲਕ ਕਾਂਗੋ ਵਿਚ ਕਈ ਸਾਲ ਗੁਜ਼ਾਰੇ ਸਨ ਜਿੱਥੇ ਉਨ੍ਹਾਂ ਦਾ ਬਹੁਤ ਸਫ਼ਲ ਹੋਲ-ਸੇਲ ਦਾ ਬਿਜ਼ਨਸ ਸੀ। ਉਹ ਕੁਝ ਦੇਰ ਕੀਨੀਆ ਦੇ ਸ਼ਹਿਰ ਨੈਰੋਬੀ ਵਿਚ ਵੀ ਰਹੇ ਅਤੇ ਯੂਰਪ ਵਿਚ ਬੈਲਜੀਅਮ ਵਿਚ ਵੀ ਰਹੇ। ਫਿਰ ਉਹ 1975 ਵਿਚ ਅਮਰੀਕਾ ਵੀ ਗਏ ਸਨ ਜਿੱਥੇ ਉਨ੍ਹਾਂ ਨੇ ਮਾਸਟਰ ਦੀ ਡਿਗਰੀ ਕਰਨ ਲਈ ਦਾਖ਼ਲਾ ਵੀ ਲਿਆ ਸੀ ਅਤੇ ਉਨ੍ਹਾਂ ਨੂੰ ਗਰੀਨ ਕਾਰਡ (ਇਮੀਗਰੇਸ਼ਨ) ਵੀ ਮਿਲ ਗਿਆ ਸੀ। ਪਰ ਉਨ੍ਹਾਂ ਦਾ ਅਮਰੀਕਾ ਵਿਚ ਦਿਲ ਨਾ ਲੱਗਾ ਅਤੇ ਉਹ ਵਾਪਸ ਹਿੰਦੁਸਤਾਨ ਚਲੇ ਗਏ ਸਨ।

ਹਰਕੀਰਤ ਨੂੰ ਆਪਣੇ ਪਾਪਾ ਦੀ ਜ਼ਿੰਦਗੀ ਬਾਰੇ ਜਾਨਣ ਦੀ ਬਹੁਤ ਖ਼ਾਹਿਸ਼ ਰਹਿੰਦੀ ਹੈ ਅਤੇ ਇਸੇ ਕਰ ਕੇ ਉਹ ਆਪਣੇ ਪਾਪਾ ਨੂੰ ਉਸ ਦੀ ਹਿੰਦੁਸਤਾਨ ਤੋਂ ਬਾਹਰ ਗੁਜ਼ਾਰੇ ਸਾਲਾਂ ਦੀ ਜ਼ਿੰਦਗੀ ਬਾਰੇ ਆਮ ਪੁੱਛਦੀ ਰਹਿੰਦੀ ਹੈ। ਅਸਲ ਵਿਚ ਹਰਕੀਰਤ ਦਾ ਨਾਂ ਵੀ ਉਸ ਦੇ ਪਾਪਾ ਨੇ ਕਾਲਜ ਵਿਚ ਆਪਣੇ ਨਾਲ ਪੜ੍ਹਦੀ ਇਕ ਲੜਕੀ ਦੇ ਨਾਂ ਤੇ ਰੱਖਿਆ ਸੀ। ਹਰਕੀਰਤ ਅਤੇ ਉਸ ਦੇ ਪਾਪਾ ਦੀ ਇਕ ਦਿਨ ਵਾਲੀ ਹੇਠ ਲਿਖੀ ਗੱਲ-ਬਾਤ ਬਹੁਤ ਪਿਆਰੀ ਹੈ।

"ਪਾਪਾ, ਤੁਸੀਂ ਕਾਲਜਾਂ ਵਿਚ ਪੜ੍ਹੇ ਹੋ; ਚੰਗੇ ਰੱਜਦੇ-ਪੁੱਜਦੇ ਘਰੋਂ ਸੀ; ਪੜ੍ਹਾਈ ਵਿਚ ਵੀ ਹੁਸ਼ਿਆਰ ਸੀ; ਤੁਹਾਨੂੰ ਕਾਲਜ ਵਿਚ ਕੋਈ ਕੁੜੀ ਚੰਗੀ ਨਹੀਂ ਲੱਗੀ?" ਇਕ ਦਿਨ ਹਰਕੀਰਤ ਨੇ ਗੱਲਾਂ ਕਰਦਿਆਂ ਆਪਣੇ ਪਾਪਾ ਨੂੰ ਪੁੱਛ ਲਿਆ। ਇਸ ਗੱਲ-ਬਾਤ ਵੇਲੇ ਹਰਕੀਰਤ ਦੇ ਮਾਤਾ ਵੀ ਕੋਲ ਹੀ ਬੈਠੇ ਸਨ।

"ਮੈਨੂੰ ਤਾਂ ਪਤਾ ਹੀ ਨਹੀਂ ਸੀ ਲੱਗਿਆ। ਪਰ ਮਲੇਰਕੋਟਲੇ ਕਾਲਜ ਦੀ ਇਕ ਲੜਕੀ ਮੈਨੂੰ ਪਸੰਦ ਕਰਦੀ ਸੀ। ਉਹ ਕਦੇ ਕਦੇ ਤੇਰੀ ਭੂਆ ਨਾਲ ਆਪਣੇ ਘਰ ਵੀ ਆ ਜਾਂਦੀ ਸੀ ਪਰ ਮੈਂ ਸੋਚਦਾ ਸੀ ਜਿੰਦਰ ਦੀ ਸਹੇਲੀ ਹੈ। ਲੰਬੀ, ਪਤਲੀ, ਕਣਕ ਵੰਨਾ ਰੰਗ ਅਤੇ ਲੰਬੀ ਸਾਰੀ ਗੁੱਤ ਕੀਤੀ ਹੁੰਦੀ ਸੀ।" ਪਾਪਾ ਨੇ ਕੁਝ ਹੱਸ ਕੇ ਦੱਸਿਆ।

"ਲਓ ਤੁਹਾਨੂੰ ਪਤਾ ਹੀ ਨਹੀਂ ਲੱਗਿਆ?" ਹਰਕੀਰਤ ਨੇ ਹੈਰਾਨੀ ਦਿਖਾਉਂਦਿਆਂ ਮਜ਼ਾਕ ਕੀਤਾ।

"ਉਸ ਵੇਲੇ ਮੇਰਾ ਮੰਗਣਾ ਤੇਰੀ ਮੰਮੀ ਨਾਲ ਹੋ ਗਿਆ ਸੀ। ਇਸ ਲਈ ਘਰਦਿਆਂ ਤੋਂ ਡਰਦਾ ਮੈਂ ਤਾਂ ਅਜਿਹਾ ਖ਼ਿਆਲ ਕਦੇ ਮਨ ਵਿਚ ਲਿਆਂਦਾ ਹੀ ਨਹੀਂ ਸੀ।"

"ਫਿਰ ਤੁਹਾਨੂੰ ਇਸ ਬਾਰੇ ਪਤਾ ਕਿੱਦਾਂ ਲੱਗਾ?"

"ਕਈ ਸਾਲਾਂ ਬਾਅਦ ਮੈਂ ਤੇਰੀ ਵੱਡੀ ਭੂਆ ਦੇ ਮੁੰਡੇ ਨੂੰ ਰਾੜਾ ਸਾਹਿਬ ਕਾਲਜ ਵਿਚ ਦਾਖ਼ਲ ਕਰਾਉਣ ਗਿਆ ਤਾਂ ਉਹ ਉੱਥੇ ਮਿਲ ਗਈ। ਉਹ ਉੱਥੇ ਇੰਗਲਿਸ਼ ਦੀ ਲੈਕਚਰਾਰ ਸੀ। ਅਸੀਂ ਮਿਲਦਿਆਂ ਹੀ ਇਕ ਦੂਜੇ ਨੂੰ ਪਛਾਣ ਲਿਆ। ਉਹ ਮੈਨੂੰ ਆਪਣੇ ਦਫ਼ਤਰ ਵਿਚ ਲੈ ਗਈ। ਮੈਂ ਉਸ ਨੂੰ ਸਧਾਰਨ ਹੀ ਪੁੱਛਿਆ, 'ਫਿਰ ਕੀ ਹਾਲ ਹੈ ਅਤੇ ਕਿਵੇਂ ਚੱਲ ਰਹੀ ਹੈ ਜ਼ਿੰਦਗੀ?' ਮੇਰਾ ਸਵਾਲ ਸੁਣ ਕੇ ਉਹ ਰੋ ਪਈ। ਮੈਂ

ਹੈਰਾਨ ਪਰੇਸ਼ਾਨ ਜਿਹਾ ਹੋ ਗਿਆ। ਉਸ ਨੇ ਦੱਸਿਆ ਕਿ ਉਸ ਨੇ ਹਾਲੇ ਵਿਆਹ ਨਹੀਂ ਸੀ ਕਰਾਇਆ ਕਿਉਂਕਿ ਉਸ ਨੂੰ ਹਾਲੇ ਕੋਈ ਆਦਮੀ ਪਸੰਦ ਨਹੀਂ ਸੀ ਆਇਆ।" ਹਰਕੀਰਤ ਨੇ ਦੇਖਿਆ ਕਿ ਇਹ ਕਹਿੰਦਿਆਂ ਪਾਪਾ ਦਾ ਗੱਚ ਭਰ ਆਇਆ ਸੀ।




"ਹੁਣ ਕਿੱਥੇ ਹੈ ਉਹ?" ਹਰਕੀਰਤ ਨੇ ਪੁੱਛਿਆ।

"ਬਾਅਦ ਵਿਚ ਉਸ ਦਾ ਵਿਆਹ ਰਾਜਸਥਾਨ ਦੇ ਇਕ ਅਮੀਰ ਜੱਟਾਂ ਦੇ ਘਰ ਹੋ ਗਿਆ ਸੀ। ਕੁਝ ਦੇਰ ਬਾਅਦ ਉਸ ਦੇ ਪਤੀ ਦਾ ਜਾਇਦਾਦ ਦੇ ਰੌਲ਼ੇ ਵਿਚ ਕਤਲ ਹੋ ਗਿਆ ਸੀ। ਉਸ ਦਾ ਇਕ ਲੜਕਾ ਸੀ ਅਤੇ ਉਹ ਕਿਸੇ ਬਾਹਰਲੇ ਦੇਸ਼ ਚਲੇ ਗਿਆ ਸੀ। ਉਹ ਘਰ ਵਿਚ ਇਕੱਲੀ ਹੀ ਰਹਿੰਦੀ ਸੀ। ਫਿਰ ਘਰ ਦੇ ਇਕ ਨੌਕਰ ਨੇ ਹੀ ਉਸ ਦਾ ਕਤਲ ਕਰ ਦਿੱਤਾ ਅਤੇ ਉਹ ਸਭ ਕੁਝ ਲੁੱਟ ਕੇ ਲੈ ਗਿਆ।"

"ਹਾਏ!" ਹਰਕੀਰਤ ਅਤੇ ਉਸ ਦੀ ਮਾਤਾ ਦੇ ਮੂੰਹੋਂ ਇਕੱਠਿਆਂ ਹੀ ਇਹ ਬੋਲ ਨਿਕਲਿਆ

"ਪਰ ਬੇਟਾ, ਰੱਬ ਜੋ ਕਰਦਾ ਹੈ, ਉਹੀ ਬੈਸਟ ਹੁੰਦਾ ਹੈ। ਮੇਰੇ ਨਾਲ ਤੇਰੀ ਮੰਮੀ ਤੋਂ ਬਿਨਾਂ ਸ਼ਾਇਦ ਕੋਈ ਹੋਰ ਕੱਟ ਵੀ ਨਾ ਸਕਦੀ ... ਨਾਲੇ ਮੇਰੇ ਮੁਕੱਦਰ ਵਿਚ ਤਾਂ ਤੁਹਾਡੀਆਂ ਸਭ ਦੀਆਂ ਖੁਸ਼ੀਆਂ ਲਿਖੀਆਂ ਸਨ ...।"

ਅਖੀਰ ਵਿਚ ਹਰਕੀਰਤ ਦੇ ਆਪਣੇ ਸ਼ਬਦਾਂ ਵਿਚ ਉਸ ਦੇ ਆਪਣੇ ਬਾਰੇ ਕੁਝ ਵਿਚਾਰ :

(1). ਮੇਰੇ ਸ਼ੌਂਕ ਸਮੇਂ ਦੇ ਹਿਸਾਬ ਨਾਲ ਬਦਲਦੇ ਰਹੇ। ਜਦੋਂ ਮੈਂ ਯੂਨੀਵਰਸਿਟੀ ਵਿਚ ਪੜ੍ਹਦੀ ਸੀ ਤਾਂ ਮੇਰੀ ਰੁਚੀ ਸਭਿਆਚਾਰਕ ਅਤੇ ਖੇਡਾਂ ਪ੍ਰਤੀ ਬਹੁਤ ਹੁੰਦੀ ਸੀ। ਮੈਂ ਘੰਟਿਆਂ ਬੱਧੀ ਗਿੱਧੇ ਦੀ ਪ੍ਰੈਕਟਿਸ ਕਰਦੀ ਥੱਕਦੀ ਨਹੀਂ ਸੀ। ਵਿਆਹੁਤਾ ਜੀਵਨ ਦੌਰਾਨ ਮੈਂ ਅਲੱਗ ਅਲੱਗ ਤਰ੍ਹਾਂ ਦੀਆਂ ਕਢਾਈਆਂ ਕਰਨ ਵੱਲ ਹੋ ਤੁਰੀ। ਚੁੰਨੀਆਂ, ਸੂਟ, ਅਤੇ ਘਰ ਦੀ ਸਜਾਵਟ ਲਈ ਮੈਂ ਬਹੁਤ ਕੁਝ ਬਣਾਇਆ ਜਿਨ੍ਹਾਂ ਕਰਕੇ ਮੇਰਾ ਘਰ ਕਿਸੇ ਸਮੇਂ ਆਰਟ ਗੈਲਰੀ ਵਾਂਗਰ ਸਜਿਆ ਹੁੰਦਾ ਸੀ। ਪੜ੍ਹਾਉਣ ਦੀ ਰੁਚੀ ਮੇਰਾ ਸਦਾ ਬਰਕਰਾਰ ਸ਼ੌਂਕ ਰਿਹਾ ਹੈ। ਪਰ ਹੁਣ ਪਿਛਲੇ ਪੰਦਰਾਂ ਕੁ ਸਾਲਾਂ ਤੋਂ ਪੜ੍ਹਨਾ ਅਤੇ ਲਿਖਣਾ ਮੇਰੀ ਰੂਹ ਦੀ ਖ਼ੁਰਾਕ ਹੋ ਨਿੱਬੜਿਆ ਹੈ।

(2). ਸਮਾਂ ਬਤੀਤ ਕਰਨਾ ਆਮ ਲੋਕਾਂ ਲਈ ਵੱਡੀ ਮੁਸੀਬਤ ਹੁੰਦੀ ਹੈ ਪਰ ਮੈਨੂੰ ਕਦੇ ਵੀ ਔਖਿਆਈ ਨਹੀਂ ਆਈ। ਕਿਤਾਬਾਂ ਇਨਸਾਨ ਦੀਆਂ ਸਭ ਤੋਂ ਵਧੀਆ ਦੋਸਤ ਹੁੰਦੀਆਂ ਹਨ। ਮੇਰੇ ਸਟੱਡੀ ਰੂਮ ਵਿੱਚ ਮੇਰਾ ਦਿਲ ਕਿਸੇ ਵੱਡੇ ਸ਼ਾਪਿੰਗ ਮਾਲ ਤੋਂ ਵੀ ਵੱਧ ਲਗਦਾ ਹੈ। ਲਿਖਣ ਤੋਂ ਸਿਵਾਏ ਮੈਨੂੰ ਡਾਕੂਮੈਂਟਰੀ ਫ਼ਿਲਮਾਂ ਦੇਖਣਾ ਅਤੇ ਸਵੈ-ਜੀਵਨੀਆਂ ਪੜ੍ਹਨਾ ਬੇਹੱਦ ਪਸੰਦ ਹਨ। ਸ਼ਾਮ ਦੇ ਸਮੇਂ ਮੈਂ ਕਾਫ਼ੀ ਚਿਰ ਫੁਲਵਾੜੀ ਵਿਚ ਉੱਗੀਆਂ ਸਬਜ਼ੀਆਂ ਅਤੇ ਬੂਟਿਆਂ ਸੰਗ ਬਿਤਾ ਲੈਂਦੀ ਹਾਂ ਵੈਸੇ ਘਰ ਦੀ ਸਾਂਭ ਸੰਭਾਲ਼ ਲਈ ਸਮਾਂ ਕਿੰਨਾ ਵੀ ਹੋਵੇ, ਥੋੜ੍ਹਾ ਹੀ ਹੁੰਦਾ ਹੈ। ਕਿਸੇ ਵੀ ਰਚਨਾ ਦੀ ਸਿਰਜਣਾ ਵੇਲੇ ਮੈਂ ਘਰ ਦੇ ਕੰਮਾਂ ਨੂੰ ਸੰਖੇਪ ਕਰ ਦਿੰਦੀ ਹਾਂ। ਮੇਰੇ ਕੋਲ ਮੇਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਕਤ ਦੀ ਕਿੱਲਤ ਸਦਾ ਹੀ ਰਹੀ ਹੈ।

(3). ਹਿੰਦੁਸਤਾਨ ਅਤੇ ਕੈਨੇਡਾ ਦੇ ਵਿਦਿਅਕ ਢਾਂਚੇ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਜਿੱਥੇ

ਹਿੰਦੁਸਤਾਨ ਵਿੱਚ ਅਸੀਂ ਅੱਜ ਵੀ ਰੱਟੂ ਤੋਤੇ ਪੈਦਾ ਕਰ ਰਹੇ ਹਾਂ ਉੱਥੇ ਪੱਛਮੀ ਵਿੱਦਿਅਕ ਪ੍ਰਨਾਲ਼ੀ ਬੱਚਿਆਂ ਦੇ ਸਰਬ-ਪੱਖੀ ਵਿਕਾਸ ਵੱਲ ਵੱਧ ਕੇਂਦਰਿਤ ਹੈ। ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਉਣਾ ਅਤੇ ਵਿਸ਼ਵ ਪੱਧਰ ਦੇ ਚਲੰਤ ਮਾਮਲਿਆਂ ਤੋਂ ਜਾਣੂੰ ਕਰਵਾਉਣਾ ਵੀ ਸਿਲੇਬਸ ਪੜ੍ਹਾਉਣ ਜਿੰਨਾ ਹੀ ਜ਼ਰੂਰੀ ਹੈ। ਅਧਿਆਪਕ ਲਿਖਤ ਪੜ੍ਹਤ ਦੇ ਨਾਲ Hands on activities and Audio visual aids ਰਾਹੀਂ ਸੌਖੇ ਤਰੀਕੇ ਅਪਣਾ ਕੇ ਪੜ੍ਹਾਉਂਦੇ ਹਨ। ਕਲਾਸ-ਰੂਮ ਬਹੁਤ well equipped ਹਨ। ਸਕੂਲਾਂ ਵਿੱਚ ਪੜ੍ਹਾਈ ਮੁਫ਼ਤ ਹੈ। ਹਰ ਵਰਗ ਦੇ ਲੋਕਾਂ ਦੇ ਬੱਚੇ ਉਸ ਏਰੀਏ ਦੇ ਸਕੂਲ ਵਿਚ ਇਕੱਠੇ ਹੀ ਪੜ੍ਹਦੇ ਹਨ। ਇਮਤਿਹਾਨਾਂ ਦਾ ਬੋਝ ਘੱਟ ਹੈ Mentally and physically challenged ਸਰੀਰਕ ਅਤੇ ਮਾਨਸਿਕ ਤੌਰ ਤੇ ਜੂਝਦੇ ਬੱਚਿਆਂ ਲਈ ਆਮ ਸਕੂਲਾਂ ਵਿੱਚ ਹੀ ਸਪੈਸ਼ਲ ਸਿਲੇਬਸ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਉਹ ਨਾਕਾਮੀ ਦੇ ਡਰ ਤੋਂ ਮੁਕਤ ਹੋ ਕੇ ਵਿੱਦਿਆ ਗ੍ਰਹਿਣ ਕਰਨ। ਸਕੂਲਾਂ ਵਿਚ ਸਾਈਕਾਲੋਜਿਸਟ/ਕਾਊਂਸਲਰ ਲਗਾਏ ਗਏ ਹਨ ਜੋ ਲੋੜ ਪੈਣ ਉੱਤੇ ਬੱਚਿਆਂ ਦੀ ਮਦਦ ਕਰਦੇ ਹਨ। ਅਧਿਆਪਕਾਂ ਨੂੰ ਇੱਥੇ up to date ਰੱਖਣ ਲਈ ਵਰਕਸ਼ਾਪਾਂ ਤੇ ਜਾਣ ਦਾ ਪ੍ਰਬੰਧ ਸਰਕਾਰ ਕਰਦੀ ਹੈ। ਮੇਰੇ ਲਈ ਵੱਡਾ ਫ਼ਰਕ student-teacher relationship ਵੀ ਰਿਹਾ। ਇੱਥੇ ਬੱਚਿਆਂ ਦੇ ਦੋਸਤ ਬਣ ਕੇ ਵਿਚਰਨਾ ਪੈਂਦਾ ਹੈ ਅਤੇ ਕਿਸੇ ਤਰ੍ਹਾਂ ਦੇ ਟੌਰਚਰ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਹਿੰਦੁਸਤਾਨ ਵਿਚ ਵਿਦਿਆਰਥੀ ਅਤੇ ਅਧਿਆਪਕ ਵਿਚ ਸਤਿਕਾਰ ਅੱਜ ਵੀ ਗੁਰੂ ਚੇਲੇ ਵਰਗਾ ਹੀ ਹੈ।

(4). ਮੇਰੇ ਹਿਸਾਬ ਨਾਲ ਧਰਮ ਕਿਸੇ ਖ਼ਾਸ ਤਰੀਕੇ ਨਾਲ ਜੀਵਨ ਜਿਊਣ ਦੀ ਜਾਂਚ ਦਾ ਨਾਮ ਹੈ। ਇਨਸਾਨ ਨੂੰ ਨਿਯਮਾਂ ਵਿਚ ਬੰਨ੍ਹ ਕੇ ਕੁਦਰਤ ਨਾਲ ਜੋੜੀ ਰੱਖਣ ਦਾ ਉਪਰਾਲਾ ਹੈ। ਰੂਹ ਇਕ ਐਨਰਜੀ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਧਰਤੀ ਤੇ ਆਪਣਾ ਰੋਲ ਅਦਾ ਕਰਦੀ ਹੈ ਅਤੇ ਕੁਦਰਤ ਉਸ ਦਾ ਰੱਬ ਹੈ ਜੋ ਵਸੀਲੇ ਪੈਦਾ ਕਰਦੀ ਹੈ। ਸੋ ਜੋ ਮਨੁੱਖ ਧਰਤੀ ਤੇ ਜੀਵ ਜੰਤੂਆਂ, ਰੁੱਖਾਂ, ਫੁੱਲਾਂ, ਪੌਦਿਆਂ, ਮਿੱਟੀ, ਅਤੇ ਪਾਣੀ ਨੂੰ ਪਿਆਰ ਕਰਦਾ ਹੈ ਉਹ ਇਬਾਦਤ ਹੀ ਕਰ ਰਿਹਾ ਹੈ। ਉਸ ਦਾ ਰੱਬ ਕਦੇ ਨਹੀਂ ਰੁੱਸੇਗਾ।

(5). ਮਨ ਦਾ ਸਕੂਨ ਤਾਂ ਹਰ ਪਲ ਹਰ ਦਿਨ ਭਾਵੇਂ ਅਲੱਗ ਹੁੰਦਾ ਹੈ ਅਤੇ ਹਰ ਥਾਂ ਦੇ ਆਪਦੇ ਗੁਣ ਔਗੁਣ ਹੁੰਦੇ ਹਨ ਜੇ ਮੈਂ ਤੁਲਨਾ ਕਰਾਂ ਤਾਂ ਸਭ ਤੋਂ ਪਹਿਲਾਂ ਚੰਗੀ ਸਿਹਤ ਆਉਂਦੀ ਹੈ ਜੋ ਕਿ ਕੈਨੇਡਾ ਦੇ ਚੰਗੇ ਪੌਣ-ਪਾਣੀ ਨਾਲ ਦਰੁਸਤ ਰਹਿੰਦੀ ਹੈ। ਅਨੇਕਾਂ ਸਹੂਲਤਾਂ ਅਤੇ ਸਕੇ ਸੰਬੰਧੀਆਂ ਦੀ ਮੌਜੂਦਗੀ ਵਿੱਚ ਅਗਰ ਇਨਸਾਨ ਤੰਦਰੁਸਤ ਹੀ ਨਹੀਂ ਤਾਂ ਉਹ ਸਕੂਨ ਵਿਚ ਨਹੀਂ ਰਹਿ ਸਕਦਾ। ਭੂ-ਹੇਰਵਾ ਜ਼ਰੂਰ ਤੰਗ ਕਰਦਾ ਸੀ ਪਰ ਤਕਨਾਲੋਜੀ ਦੁਆਰਾ ਹਰ ਹੱਥ ਵਿਚ ਫੜੇ ਫ਼ੋਨਾਂ ਰਾਹੀਂ ਫੇਸ-ਟਾਈਮ ਅਤੇ ਹੋਰ ਸੁਵਿਧਾਵਾਂ ਨੇ ਸੰਸਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਹੁਣ ਮੈਂ ਸਕੂਨ ਨਾਲ ਕੈਨੇਡਾ ਵਿੱਚ ਹੀ ਰਹਿ ਸਕਦੀ ਹਾਂ। ਇੱਥੇ ਮਿਹਨਤਾਂ ਦੇ ਮੁੱਲ ਪੈਂਦੇ ਨੇ, ਕਿਸੇ ਤਰ੍ਹਾਂ ਦੀ ਭੁੱਖਮਰੀ,ਚੋਰ ਬਜ਼ਾਰੀ ਜਾਂ ਧੋਖਾ ਧੜੀ ਨਹੀਂ ਹੈ।

(6). ਲਿਖਣਾ ਮੇਰੇ ਲਈ ਰੂਹ ਦੀ ਖ਼ੁਰਾਕ ਹੈ। ਹਰ ਰਚਨਾ ਜਿੱਥੇ ਸਿਰਜਕ ਨੂੰ ਖ਼ੁਸ਼ੀ ਬਖ਼ਸ਼ਦੀ ਹੈ, ਉੱਥੇ ਹੀ ਸਮਾਜ ਲਈ ਰਾਹ-ਦਸੇਰੂ ਵੀ ਹੁੰਦੀ ਹੈ। ਮੈਂ ਕਦੇ ਵੀ ਕੋਈ ਕਿਰਤ ਕਿਸੇ ਮਾਨ-ਸਨਮਾਨ ਨੂੰ ਅੱਗੇ ਰੱਖ ਕੇ ਨਹੀਂ ਕੀਤੀ ਬਲਕਿ ਮਨ ਦਾ ਰਾਂਝਾ ਰਾਜ਼ੀ ਕਰਨ ਦਾ ਵਸੀਲਾ ਹੀ ਹੁੰਦਾ ਹੈ। ਸਿਰਜਣਾਤਮਿਕ ਪਲਾਂ ਵਿਚ ਮੈਂ ਕਿਸੇ ਨਵੀਂ ਦੁਨੀਆ ਵਿਚ ਹੋਣ ਦਾ ਅਹਿਸਾਸ ਹੰਢਾਉਂਦੀ ਹਾਂ। ਪਾਤਰ ਮੇਰੇ ਦੋਸਤ, ਸਕੇ ਸੰਬੰਧੀ ਅਤੇ ਰਿਸ਼ਤੇਦਾਰਾਂ ਵਰਗੇ ਹੁੰਦੇ ਹਨ ਜਿਨ੍ਹਾਂ ਨੂੰ ਮੇਰੇ ਤੋਂ ਇਲਾਵਾ ਹੋਰ ਕੋਈ ਮੇਰੇ ਜਿੰਨਾਂ ਨਹੀਂ ਜਾਣਦਾ ਹੁੰਦਾ। ਉਹ ਮੇਰੇ ਘੜੇ ਬੁੱਤ ਵਰਗੇ ਹੁੰਦੇ ਹਨ ਪਰ ਕਈ ਵਾਰ ਵਿਰੋਧੀ ਧਿਰ ਬਣ ਕੇ ਤਕਰਾਰ ਵੀ ਪੈਦਾ ਕਰਦੇ ਹਨ। ਨੋਕ ਝੋਕ, ਪਿਆਰ-ਮੁਹੱਬਤ, ਤੰਗੀਆਂ-ਤੁਰਸ਼ੀਆਂ, ਸੰਸੇ-ਝੋਰੇ ਸਭ ਕੁਝ ਬਹੁਤ ਅਲੌਕਿਕ ਵਰਤਾਰਾ ਹੁੰਦਾ ਹੈ। ਇਹ ਸਵਾਦ ਤਾਂ ਚੱਖਣ ਵਾਲਾ ਹੀ ਦੱਸ ਸਕਦਾ ਹੈ। ਬਹੁਤ ਵਾਰ ਹੈਰਾਨੀ ਹੁੰਦੀ ਹੈ ਕਿ ਰੂਹ ਤੋਂ ਲਿਖੇ



**ਹਰਕੀਰਤ ਕੌਰ ਚਹਿਲ ਬਾਬਾ ਨਜ਼ਮੀ ਤੇ ਇਕ ਹੋਰ ਲੇਖਕ ਨਾਲ**

ਸ਼ਬਦ ਕਿਵੇਂ ਕਠਪੁਤਲੀ ਬਣ ਕੇ ਤੁਹਾਡੇ ਅੱਗੇ ਨੱਚਦੇ ਹਨ ਅਤੇ ਕਾਗਜ਼ ਦੀ ਹਿੱਕ ਤੇ ਇਬਾਰਤ ਬਣ ਕੇ ਉੱਕਰਦੇ ਹਨ। ਲਿਖਣਾ ਵੀ ਇਕ ਅਨੋਖੀ ਰਹਿਮਤ ਹੈ ਜਿਸ ਦਾ ਤਿਲ਼-ਫੁੱਲ ਕੁਦਰਤ ਨੇ ਮੇਰੀ ਝੋਲੀ ਪਾਇਆ ਹੈ। ਬੱਸ ਇਕੋ ਰੀਝ ਹੈ ਕਿ ਸਿੱਖਦਿਆਂ ਸਿੱਖਦਿਆਂ ਇਹ ਕਲਮੀ ਸਫ਼ਰ ਆਖ਼ਰੀ ਸਾਹ ਤੱਕ ਕਾਇਮ ਰਹੇ।

(7). ਦੋਸਤੀ ਸਿਰਫ਼ ਥੋੜ੍ਹੇ ਜਿਹੇ ਲੋਕਾਂ ਨਾਲ ਹੀ ਹੁੰਦੀ ਹੈ ਜਿੱਥੇ ਤੁਸੀਂ ਦੁੱਖ ਸੁੱਖ ਸਾਂਝਾ ਕਰਨ ਦੇ ਨਾਲ ਅੰਦਰੋਂ ਬਾਹਰੋਂ ਇਕ ਹੋ ਕੇ ਮਿਲਦੇ ਹੋ। ਜਿੱਥੇ ਕਿਸੇ ਤਰ੍ਹਾਂ ਦਾ ਡਰ ਨਹੀਂ ਹੁੰਦਾ। ਦੋਸਤ ਉਸ ਘਣ ਛਾਵੇਂ ਬੂਟੇ ਵਰਗਾ ਹੁੰਦਾ ਜੋ ਤੁਹਾਡੀ ਜਿੰਦ—ਜਾਨ ਨੂੰ ਤਿੱਖੜ ਦੁਪਹਿਰਾਂ ਵੇਲੇ ਵੀ ਠੰਢਾ ਬੁੱਲਾ ਬਣ ਕੇ ਟੱਕਰਦਾ ਹੈ। ਮੇਰੀਆਂ ਦੋਸਤੀਆਂ ਤਾਂ ਬਹੁਤ ਸਹਿਜੇ ਬਣ ਜਾਂਦੀਆਂ ਹਨ ਪਰ ਸਦੀਵੀ ਉਹੀ ਰਹੀਆਂ ਜੋ ਸੁਆਰਥ ਤੋਂ ਪਰੇ ਰਹੀਆਂ। ਬਾਕੀ ਬੇਮੌਸਮੇ ਪੱਤੇ ਬਣ ਕੇ ਝੜ ਜਾਂਦੀਆਂ ਰਹੀਆਂ। ਪਿੱਛੇ ਜਿਹੇ ਨਾਲ ਪੜ੍ਹਦੇ ਦੋਸਤ ਕਈ ਦਹਾਕਿਆਂ ਬਾਅਦ ਮਿਲੇ ਜੋ ਅੱਜ ਵੀ ਉਸੇ ਪਲੇਟ ਫ਼ਾਰਮ ਤੇ ਖੜ੍ਹੇ ਮਿਲੇ। ਸਮਾਂ ਅਤੇ ਵਕਫ਼ਾ ਮੇਰੀ ਦੋਸਤੀ ਅੱਗੇ ਬੇਵੱਸ ਹੋ ਜਾਂਦਾ ਹੈ।

(8). ਮੇਰਾ ਸੁਭਾਅ ਆਮ ਤੌਰ ਤੇ ਠੰਢਾ ਅਤੇ ਸਹਿਜ ਹੀ ਹੈ। ਮੈਂ ਤਕਰਾਰ ਤੋਂ ਪਾਸੇ ਹੀ ਰਹਿੰਦੀ ਹਾਂ। ਪਰ ਜੇ ਕੋਈ ਨਿੱਜੀ ਤੌਰ ਤੇ ਵਧੀਕੀ ਕਰੇ ਤਾਂ ਗਰਮ ਵੀ ਹੋ ਜਾਂਦੀ ਹਾਂ। ਮੈਂ ਆਮ ਤੌਰ ਤੇ ਪਾਸਾ ਵੱਟ ਕੇ ਛੱਡ ਦਿੰਦੀ ਹਾਂ। ਨਫ਼ਰਤ ਸ਼ਾਇਦ ਉਸ ਤੋਂ ਅਗਲੀ ਸਟੇਜ ਹੈ। ਹੌਲ਼ੇ ਕਿਰਦਾਰ ਜਾਂ ਕੁਰਪਟ ਲੋਕ ਮੇਰੇ ਮਨੋਂ ਇਉਂ ਲੱਥਦੇ ਹਨ ਕਿ ਵਾਪਸੀ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਮੇਰੇ ਹਿਸਾਬ ਨਾਲ ਇਨਸਾਨ ਇਕ ਵਾਰ ਪਰਖਿਆ ਹੀ ਕਾਫ਼ੀ ਹੁੰਦਾ ਕਿਉਂਕਿ ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ। ਗਿਣਵੇਂ ਕੁ ਲੋਕ ਮੇਰੀ ਨਫ਼ਰਤ ਦੇ ਭਾਗੀਦਾਰ ਵੀ ਬਣੇ ਹਨ।

(9). ਮੈਨੂੰ ਨੇਕ, ਰਹਿਮ ਦਿਲ,ਅਤੇ ਸ਼ਾਂਤੀ ਪਸੰਦ ਲੋਕ ਹੀ ਚੰਗੇ ਲੱਗਦੇ ਹਨ ਜੋ ਸੁਆਰਥ ਤੋਂ ਦੂਰ ਹੋਣ ਮੇਰੀ ਦੋਸਤੀ ਵਿਚ ਹਉਮੈ, ਹੰਕਾਰ,ਅਤੇ ਚਤੁਰਾਈ ਲਈ ਕੋਈ ਥਾਂ ਨਹੀਂ। ਮੈਂ ਦੋਸਤੀ ਵਿਚ ਜਾਨ ਹਾਜ਼ਰ ਕਰਨ ਦੀ ਹਿੰਮਤ ਰੱਖਦੀ ਹਾਂ ਅਤੇ ਮੁੜਵੇਂ ਰੂਪ ਵਿੱਚ ਸਿਰਫ਼ ਪਿਆਰ ਅਤੇ ਸਤਿਕਾਰ ਦੀ ਉਮੀਦ ਤੋਂ ਬਿਨਾਂ ਕੁਝ ਵੀ ਨਹੀਂ ਚਾਹੁੰਦੀ। (ਫਰਵਰੀ, 2022)

(**ਸੰਪਰਕ** +1 (860) 983-5002)

## ਜਨ ਬੋਧ

# ਦਲਿਤ ਸਿੱਖ ਇਤਿਹਾਸ ਦੀ ਪੜਚੋਲ ਕਰਦਿਆਂ




### ਮੂਲ : ਰਾਜ ਕੁਮਾਰ ਹੰਸ

### ਅਨੁਵਾਦ: ਮੰਗਤ ਰਾਮ


ਉੱਤਰੀ ਭਾਰਤ ਵਿੱਚ ਚੌਧਵੀਂ ਅਤੇ ਪੰਦਰਵੀਂ ਸਦੀ ਦੀ ਸ਼ਕਤੀਸ਼ਾਲੀ, ਜਾਤ-ਪਾਤ ਵਿਰੋਧੀ ਸੰਤ ਪ੍ਰੰਪਰਾ ਵਿੱਚੋਂ ਉਪਜਿਆ, ਗੁਰੂ ਨਾਨਕ (1469-1539) ਅਤੇ ਉਸਦੇ ਵਾਰਿਸਾਂ ਦਾ ਪੰਥ ਸੋਲ੍ਹਵੀਂ ਅਤੇ ਸਤਾਰਵੀਂ ਸਦੀ ਦੇ ਪੰਜਾਬ ਵਿੱਚ ਸੰਸਥਾਗਤ ਧਰਮ ਵਜੋਂ ਵਿਕਸਿਤ ਹੋਇਆ।[1] ਇਹ ਅਛੂਤਾਂ ਅਤੇ ਨੀਵੀਆਂ ਜਾਤਾਂ ਦੀ ਸਤਿਕਾਰਯੋਗ ਹਸਤੀ ਦੀ ਇੱਛਾ ਖਾਤਰ ਇਕੱਠੇ ਹੋਣ ਲਈ ਸਾਂਝੀ ਅਵਾਜ਼ ਬਣ ਗਿਆ। ਉਪ-ਮਹਾਂਦੀਪ ਦੇ ਨਵੇਂ ਅਤੇ ਕ੍ਰਾਂਤੀਕਾਰੀ ਧਰਮ ਵਜੋਂ ਸਿੱਖ ਧਰਮ ਨੇ ਕਈ ਉਚਾਣਾਂ-ਨਿਵਾਣਾਂ ਦੇਖੀਆਂ ਹਨ। ਸਤਾਰਵੀਂ ਸਦੀ ਵਿੱਚ ਆ ਕੇ ਪੰਜਾਬ ਦੇ ਦਲਿਤ ਇਸ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਗਏ ਅਤੇ ਇਸਦੇ ਸਾਂਝੀਵਾਲਤਾ ਵਾਲੇ ਸੰਦੇਸ਼ ਵਿੱਚ ਇਹਨਾਂ ਨੂੰ ਬਰਾਬਰੀ ਤੇ ਮਾਣ-ਤਾਣ ਦਿਖਾਈ ਦਿੱਤਾ। ਪਰ ਅਠਾਰਵੀਂ ਸਦੀ ਦੀ ਆਖਰੀ ਚੌਥਾਈ ਅਤੇ ਉੱਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਗਿਣਤੀ 'ਚ ਵਾਧੇ ਤੇ ਵਿਕਾਸ ਦੌਰਾਨ ਇਸਦੇ ਸਿਆਸੀ ਢਾਂਚੇ ਵਿੱਚ ਜਾਤੀਵਾਦ ਅਤੇ ਛੂਤਛਾਤ ਮੁੜ ਆ ਵੜਿਆ, ਜਿਸਤੋਂ ਮਹਾਨ ਗੁਰੂਆਂ ਨੇ ਆਪਣੇ ਸਿੱਖਾਂ ਨੂੰ ਮੁਕਤ ਕਰਨ ਦਾ ਤਹੱਈਆ ਕੀਤਾ ਸੀ।



ਅਨੁਵਾਦ: ਮੰਗਤ ਰਾਮ

ਭਾਰਤੀ ਪ੍ਰੰਪਰਾ ਦਾ ਧਰਮ ਹੋਣ ਕਾਰਨ, ਪਿਛਲੇ ਸੌ ਸਾਲਾਂ ਵਿੱਚ ਸਿੱਖ ਧਰਮ ਨੇ ਦੁਨੀਆਂ ਭਰ ਦੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪਿਛਲੇ ਪੰਜਾਹ ਸਾਲਾਂ ਵਿੱਚ ਸਿੱਖ ਧਰਮ ਤੇ ਇਸਦੇ ਇਤਿਹਾਸ ਅਤੇ ਸਮਾਜ ਬਾਰੇ ਮਾਣ ਕਰਨ ਯੋਗ ਸਾਹਿਤ ਲਿਖਿਆ ਗਿਆ ਹੈ। ਅਕਾਦਮਿਕ ਇਤਿਹਾਸਕਾਰਾਂ ਦੇ ਨਾਲ-ਨਾਲ ਸਮਾਜ ਸ਼ਾਸਤਰੀ ਤੇ ਲੇਖਕ, ਪੰਥ ਸੇਵਕ ਤੇ ਅਫ਼ਸਰ ਵੀ ਇਸ ਖੇਤਰ ਵਿੱਚ ਆਏ ਤੇ ਸਿੱਖ ਇਤਿਹਾਸ ਵਿੱਚ ਜ਼ਿਕਰਯੋਗ ਵਾਧਾ ਕੀਤਾ। ਪੱਛਮੀ ਮੁਲਕਾਂ ਚੋਂ ਉੱਠੇ ਪੰਜਾਬੀ ਤੇ ਸਿੱਖ ਡਾਇਸਪੋਰਾ ਨੇ ਸਿੱਖ ਧਰਮ ਦੇ ਵੱਖ-ਵੱਖ ਪਹਿਲੂਆਂ ਦੇ ਸਾਹਿਤ ਦੀ ਇਸ ਵੱਡੀ ਢੇਰੀ 'ਚ ਹੋਰ ਵੀ ਯੋਗਦਾਨ ਪਾਇਆ ਹੈ।[2]



**ਖੇਜ ਮਜਦੂਰ ਵਿੱਚ ਤਬਦੀਲ ਹੋਏ ਦਲਿਤ ਸਿੱਖ**

ਇਹ ਸਿੱਖੀ ਦੀ ਸਾਂਝੀਵਾਲਤਾ ਦੀ ਸ਼ਕਤੀਸ਼ਾਲੀ ਸਿਧਾਂਤਕ ਪੁਜੀਸ਼ਨ ਕਾਰਨ ਹੋਵੇ ਜਾਂ ਜੱਟ ਸਿੱਖਾਂ ਦੇ ਦਾਬੇ ਕਾਰਨ, ਦਰਅਸਲ ਸਿੱਖੀ ਵਿੱਚ ਜਾਤ ਅਤੇ ਛੂਤਛਾਤ ਦੇ ਮੁੱਦੇ ਵੱਲ ਬਹੁਤ ਹੀ ਘੱਟ ਧਿਆਨ ਦਿੱਤਾ ਗਿਆ ਹੈ; ਉੱਤੋਂ ਦੀ ਇਹਨਾਂ ਦੇ ਬੰਦਿਆਂ ਦੇ ਅਕਾਦਮਿਕ ਕੰਮਾਂ ਤੇ ਹੀ ਗੌਰ ਹੁੰਦੀ ਹੈ। ਸਿੱਖੀ ਦੀ ਮੁੱਖਧਾਰਾ ਦੀ ਚਰਚਾ ਵਿੱਚ ਦਲਿਤਾਂ ਵੱਲੋਂ ਸਿੱਖੀ ਵਿੱਚ ਪਾਏ ਸ਼ਾਨਦਾਰ ਯੋਗਦਾਨ ਵੱਲ ਮਾਮੂਲੀ ਧਿਆਨ ਦਿੱਤਾ ਜਾਂਦਾ ਹੈ। ਦਲਿਤ ਸਿੱਖ ਇਤਿਹਾਸਕਾਰ, ਨਿਰੰਜਨ ਆਰਿਫ਼ੀ ਸਿੱਖ ਇਤਿਹਾਸਕਾਰਾਂ ਦੇ ਇਸ ਦੁਜੈਲੇ ਨਜ਼ਰੀਏ ਤੋਂ ਦੁਖੀ ਹੈ। ਉਹ ਲਿਖਦਾ ਹੈ, “ਜੇ ਸਿੱਖ ਇਤਿਹਾਸਕਾਰ ਇਮਾਨਦਾਰੀ ਨਾਲ ਨਿਰਪੱਖ ਰਹਿ ਕੇ ਇਤਿਹਾਸ ਨੂੰ ਇਤਿਹਾਸ ਲੇਖਣ ਦੀ ਦ੍ਰਿਸ਼ਟੀ ਤੋਂ ਹੀ ਅੰਕਤ ਕਰਦੇ ਤਾਂ ਅੱਜ ਦੇ ਆਮ ਪਾਠਕ ਬਹੁਤ ਸਾਰੇ ਵਿਸ਼ਿਆਂ ਤੇ ਭੰਬਲ-ਭੂਸੇ ਵਿੱਚ ਨਾ ਪੈਂਦੇ।”[3] ਸਿੱਖਾਂ ਅਤੇ ਸਿੱਖ ਗੁਰੂਆਂ ਦੇ ਇਤਿਹਾਸਿਕ ਅਤੇ ਸ਼ਰਧਾਮਈ ਕੰਮਾਂ ਦੀ ਪੜ੍ਹਤ ਤੇ ਉਹਨਾਂ ਦੇ ਅਧਿਐਨ ਦੇ ਅਧਾਰ ਤੇ ਆਰਿਫ਼ੀ ਚਾਹੁੰਦਾ ਹੈ ਕਿ “ਸਿੱਖ ਇਤਿਹਾਸ ਮੁੱਢ ਤੋਂ ਹੀ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ ਜਿਸ ਵਿੱਚੋਂ ਸਭ ਕਰਾਮਾਤਾਂ, ਕਰਿਸ਼ਮੇ ਕੱਢ ਕੇ ਇਤਿਹਾਸ ਨੂੰ ਵਿਗਿਆਨਿਕ ਤੇ ਵਿਸ਼ਲੇਸ਼ਣਾਤਮਿਕ ਸੇਧ ਦਿੱਤੀ ਜਾਵੇ।”[4] ਸਿੱਖ ਇਤਿਹਾਸ ਵਿਚਲੇ ਦਲਿਤ ਨਾਇਕਾਂ ਦੀ ਖੋਜ ਕਰਦਿਆਂ ਤੇ 1993 ਵਿੱਚ ਰੰਘਰੇਟਿਆਂ ਜਾਂ ਮਜ਼ਹਬੀਆਂ (ਅਛੂਤਾਂ) ਦੇ ਇਤਿਹਾਸ ਦਾ ਪਹਿਲਾ ਭਾਗ ਪੂਰਾ ਕਰਦਿਆਂ ਆਰਿਫ਼ੀ ਨੂੰ ਸਿੱਖ ਇਤਿਹਾਸ ਵਿਚਲੇ ਇਹਨਾਂ ਮਸਲਿਆਂ ਦੀ ਪੂਰੀ ਸਮਝ ਆਈ। ਸਿੱਖੀ ’ਚ ਬਰਾਬਰੀ ਦੇ ਸਿਧਾਂਤ ਕਾਰਨ ਇਹ ਅਧਿਆਇ ਸਭ ਤੋਂ ਪਹਿਲਾਂ ਦਲਿਤਾਂ ਦੀ ਸਿੱਖੀ ਵੱਲ ਵੱਡੀ ਖਿੱਚ ਦੀ ਗੱਲ ਕਰਦਾ ਹੈ। ਦੂਸਰਾ, ਸਿੱਖ ਰਵਾਇਤ ਵਿਚ ਭੁੱਲ-ਭੁਲਾ ਦਿੱਤੇ ਗਏ ਦਲਿਤ ਸਿੱਖਾਂ ਦੇ ਸ਼ਾਨਦਾਰ ਵੇਲਿਆਂ ਦੀ, ਉਹਨਾਂ ਦੇ ਨਾਇਕਾਂ ਤੇ ਉਹਨਾਂ ਦੀਆਂ ਪ੍ਰਾਪਤੀਆਂ ਦੇ ਵੱਖ-ਵੱਖ ਪਹਿਲੂਆਂ ਦੀ ਗੱਲ ਕਰਦਾ ਹੈ। ਆਖਰ ’ਚ ਆਰਿਫ਼ੀ, ਅਠਾਰਵੀਂ ਸਦੀ ਦੇ ਪਹਿਲੇ ਅੱਧ ਤੋਂ ਬਾਅਦ ਸਿੱਖਾਂ ਚ ਪਰਤ ਆਈ ਹਿੰਦੂਵਾਦੀ ਜਾਤੀ ਪ੍ਰਥਾ ਤੇ ਛੂਤਛਾਤ ਦੇ ਉਭਾਰ ਦੇ ਨਤੀਜੇ ਵਜੋਂ ਦਲਿਤ ਸਿੱਖਾਂ ਸਾਹਮਣੇ ਪੇਸ਼ ਆਈਆਂ ਰੁਕਾਵਟਾਂ ਤੇ ਮੁਸ਼ਕਿਲਾਂ ਦੀ ਗੱਲ ਕਰਦਾ ਹੈ। ਇਹ ਭਾਗ ਸਿੱਖ

ਸੁਧਾਰਵਾਦੀਆਂ ਦੀ ਸਿੱਖਾਂ ਅੰਦਰ ਮੁੜ ਪਰਤ ਆਈ ਛੂਤਛਾਤ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਦੀ ਵੀ ਗੱਲ ਕਰਦਾ ਹੈ।

**ਸਿੱਖੀ ਵਿੱਚ ਬਰਾਬਰਤਾ ਅਤੇ ਜਾਤਪਾਤੀ ਦਰਜੇਬੰਦੀ:**

ਬਹੁਤ ਸਾਰੇ ਦਲਿਤਾਂ ਦਾ ਬੁੱਧ ਧਰਮ, ਇਸਲਾਮ, ਈਸਾਈ ਧਰਮ ਅਤੇ ਸਿੱਖੀ ਵਿੱਚ ਧਰਮ ਪਰਿਵਰਤਨ ਦਾ ਕਾਰਨ ਸਮਾਨਤਾ ਅਤੇ ਮਨੁੱਖੀ ਸ਼ਾਨ ਦੀ ਬਹਾਲੀ ਦੀ ਖਾਹਿਸ਼ ਸੀ। ਹਿੰਦੂ ਧਰਮ ਵਿੱਚ ਇਹ ਅਨਹੋਣੀ ਗੱਲ ਹੈ। ਡਾ. ਬੀ ਆਰ. ਅੰਬੇਦਕਰ ਦਾ ਵਿਸ਼ਵਾਸ਼ ਸੀ ਕਿ ਬੁਰਜ਼ੂਆ ਰਾਸ਼ਟਰਵਾਦ, ਗਣਤੰਤਰਵਾਦ ਅਤੇ ਪ੍ਰੰਪਰਾਗਤ ਮਾਰਕਸਵਾਦ ਨੇ ਜਾਤ ਅਤੇ ਛੂਤਛਾਤ ਦੀ ਸਮੱਸਿਆ ਦਾ ਕੋਈ ਵਿਹਾਰਿਕ ਹੱਲ ਨਹੀਂ ਸੁਝਾਇਆ। ਇਸ ਲਈ ਉਹ ਧਰਮ ਵੱਲ ਚੜ੍ਹਦੀ ਕਲਾ 'ਚ ਰਹਿਣ ਤੇ ਆਤਮਿਕ ਸਕੂਨ ਲਈ ਮੁੜੇ। ਬੋਧੀ ਹੋਣ ਤੋਂ ਪਹਿਲਾਂ ਡਾ. ਅੰਬੇਦਕਰ ਨੇ ਆਪਣੇ ਸਾਥੀਆਂ ਨਾਲ ਸਿੱਖੀ ਵਿੱਚ ਸ਼ਾਮਿਲ ਹੋਣ ਦੇ ਵਿਕਲਪ ਬਾਰੇ ਵੀ ਸੋਚਿਆ ਸੀ। ਇਸ ਤਰ੍ਹਾਂ ਉਹਨਾਂ ਨੇ ਇਸ ਉਪ-ਮਹਾਂਦੀਪ ਦੇ ਦਲਿਤਾਂ ਲਈ ਵੀ ਇਹ ਰਾਹ ਖੋਲ੍ਹਿਆ। ਵੀਹਵੀਂ ਸਦੀ ਦੇ ਇੱਕ ਚੰਗੇ ਵਿਦਵਾਨ ਹੋਣ ਦੇ ਨਾਤੇ ਉਹਨਾਂ ਨੇ ਗੈਰ-ਹਿੰਦੂ ਧਰਮਾਂ ਵੱਲ ਮੁੜਨ ਤੋਂ ਪਹਿਲਾਂ ਬੜੀ ਗਹੁ ਨਾਲ ਅਜਿਹੇ ਕਦਮ ਦੀਆਂ ਬਾਰੀਕੀਆਂ ਦਾ ਲੇਖਾ-ਜੋਖਾ ਕੀਤਾ। ਉਹ ਸਿੱਖੀ ਦੇ ਸ਼ਕਤੀਸ਼ਾਲੀ ਬ੍ਰਾਹਮਣਵਾਦ-ਵਿਰੋਧੀ ਸਿਧਾਂਤਾਂ ਅਤੇ ਵਿਹਾਰ ਪ੍ਰਤੀ ਸੁਚੇਤ ਸਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਸਾਂ ਵਿੱਚੋਂ ਛੇ ਗੁਰੂ ਸਾਹਿਬਾਨਾਂ ਦੇ ਨਾਲ ਹੀ ਵੱਖ-ਵੱਖ ਸਮਾਜਿਕ, ਨਸਲੀ ਤੇ ਧਾਰਮਿਕ ਪਿਛੋਕੜ ਵਾਲੇ ਪੰਦਰ੍ਹਾਂ ਸਿੱਖ ਸੰਤਾਂ ਤੇ ਪੰਦਰ੍ਹਾਂ ਹੀ ਗੈਰ-ਸਿੱਖ ਸੰਤ ਕਵੀਆਂ ਦੀ ਬਾਣੀ ਵੀ ਦਰਜ ਹੈ। ਇਹਨਾਂ ਵਿੱਚ ਮੁਸਲਿਮ ਸੂਫ਼ੀ ਸ਼ੇਖ ਫ਼ਰੀਦ ਵੀ ਸ਼ਾਮਿਲ ਹੈ। ਇਹ ਸਭ ਇਸ ਪਵਿੱਤਰ ਗ੍ਰੰਥ ਨੂੰ ਸੰਸਾਰ ਦੇ ਬਾਕੀ ਧਰਮ ਗ੍ਰੰਥਾਂ ਦੇ ਇਤਿਹਾਸ ਵਿੱਚ ਵੱਖਰੀ ਪਛਾਣ ਪ੍ਰਦਾਨ ਕਰਦਾ ਹੈ। 1450 ਸਫ਼ਿਆਂ ਦਾ ਇਹ ਗ੍ਰੰਥ ਅਧਿਆਤਮਿਕ ਗਿਆਨ, ਜੀਵਨ ਜਾਚ ਅਤੇ ਮਨੁੱਖੀ ਜਾਤੀ ਦੀ ਮੁਕਤੀ ਤੇ ਸ਼ਕਤੀ ਦੀ ਸਿੱਖਿਆ ਦਿੰਦਾ ਹੈ। ਇਸ ਗ੍ਰੰਥ ਦੇ ਸੰਦੇਸ਼ ਦੇ ਸਿੱਟੇ ਤੇ ਪੁੱਜਣ ਲਈ ਲਾਤੀਨੀ ਅਮਰੀਕਾ ਦੇ ਵਿਦਵਾਨ ਐਨਰਿਕ ਡਸੇਲ ਦੇ ਕਹਿਣ ਵਾਂਗ ਇਸਨੂੰ 'ਮੁਕਤੀ ਦਰਸ਼ਨ' ਕਿਹਾ ਜਾ ਸਕਦਾ ਹੈ। ਉਹ ਕਹਿੰਦਾ ਹੈ:

"ਮੁਕਤੀ ਦਰਸ਼ਨ ਅਜਿਹਾ ਸਿੱਖਿਆਦਾਇਕ ਅਮਲ ਹੈ, ਜਿਸਦੀਆਂ ਜੜ੍ਹਾਂ ਗੁਰੂ-ਸ਼ਿਸ਼, ਵਿਦਵਾਨ ਤੇ ਲੋਕਾਈ ਦੀ ਨੇੜਤਾ ਨਾਲ ਜੁੜੀਆਂ ਹੋਈਆਂ ਹਨ। ਇਹ ਸਿਆਸੀ ਅਮਲ (ਤੇ ਮਿਲਾਪ) ਦੇ ਅਮਲ ਵਿੱਚੋਂ ਨਿਸ਼ਚਿਤ ਹੋਇਆ ਹੈ। ਇਸ ਸਿੱਖਿਆਦਾਇਕ ਜੋੜ ਦਾ ਨਤੀਜਾ ਵਿਹਾਰਿਕ ਤੇ ਸੋਚਮਈ ਹੈ। ਵਿਹਾਰਿਕ ਕਰਮ, ਦਾਰਸ਼ਨਿਕਾਂ ਦੇ ਕਾਵਿਕ ਵਿਦਵਤਾ ਭਰਪੂਰ ਕਾਰਜ, ਗਿਆਨ ਦੀ ਭਾਲ ਕਰਨ ਤੇ ਉਸ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦੇ ਹਨ; ਇੱਕ ਅਜਿਹੀ ਵਿਵਸਥਾ ਵਿੱਚ ਵੀ ਜਿੱਥੇ ਹਰ ਚੀਜ਼ ਨੂੰ ਨਕਾਰਾਤਮਿਕ ਨਜ਼ਰੀਏ ਤੋਂ ਦੇਖਿਆ ਜਾਵੇ ਤੇ ਜਿੱਥੇ ਨਿਆਂ ਪੂਰੀ ਤਰ੍ਹਾਂ ਨਾ ਮਿਲਦਾ ਹੋਵੇ। ਇਸੇ ਕਾਰਨ ਇਹ ਮੁਕਤੀ ਦੀ ਵਿਸ਼ਲੇਸ਼ਣੀ ਵਿਧੀ ਹੈ। ਇਹ ਤਾਂ ਬੜੇ ਜਜ਼੍ਬੇ ਨਾਲ ਗਰੀਬਾਂ, ਦਬਾਇਆਂ ਹੋਇਆਂ ਦੀ ਗੱਲ ਕਰਦਾ ਹੈ, ਤੇ ਸਿਸਟਮ 'ਚ ਬੱਝੇ ਹੋਏ ਸਮੁੱਚ ਦੇ ਅੰਧ-ਵਿਸ਼ਵਾਸ਼ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਨਾਲ ਹੀ ਮੁਕਤੀਦਾਤਿਆਂ ਦੇ ਧੌਂਸਮਈ ਵਤੀਰੇ ਕਾਰਨ ਇਸਦੇ ਖ਼ਾਤਮੇ ਵੱਲ ਵਧਣ ਦੀ ਭਵਿੱਖਬਾਣੀ ਵੀ ਕਰਦਾ ਹੈ।"[5]

ਇਸ 'ਸਿੱਖਿਆਦਾਇਕ' ਅਮਲ ਨੂੰ ਮੰਨਦਿਆਂ ਸਿੱਖੀ ਸ਼ਬਦ, ਸਿੱਖ, ਗੁਰੂ ਅਤੇ ਚੇਲੇ ਦੇ ਆਪਸੀ ਸਬੰਧ ਦੀ ਗੱਲ ਕਰਦੀ ਹੈ।ਸਾਰੀ ਸਿੱਖ ਲਹਿਰ ਗੁਰੂਆਂ ਦੀ ਲੋਕਾਈ ਨਾਲ ਨੇੜਤਾ, ਗੁਰੂ ਅਤੇ

ਉਸਦੇ ਚੇਲਿਆਂ ਵਿਚਲੇ ਸਜੀਵ ਤੇ ਸਹਿਜ ਸਬੰਧਾਂ ਦੀ ਲਹਿਰ ਸੀ। ਸਿੱਖ ਦਰਸ਼ਨ 'ਚ ਦੋਹਾਂ ਦਾ ਮੇਲ (ਆਪੇ ਗੁਰ ਚੇਲਾ) ਭਾਰਤੀ ਪ੍ਰੰਪਰਾ 'ਚ ਕ੍ਰਾਂਤੀਕਾਰੀ ਪੁਜ਼ੀਸ਼ਨ ਨੂੰ ਪਹੁੰਚ ਜਾਂਦਾ ਹੈ। ਜੇ.ਪੀ.ਐਸ. ਓਬਰਾਏ ਗੁਰੂ ਗੋਬਿੰਦ ਸਿੰਘ (1666–1708) ਜੀ ਸਬੰਧੀ ਬੜੇ ਢੁੱਕਵੇਂ ਸ਼ਬਦਾਂ 'ਚ ਕਹਿੰਦਾ ਹੈ: "ਸਿੱਖਾਂ ਦੇ ਦਸਵੇਂ ਗੁਰੂ...ਆਪਣੇ ਚੇਲਿਆਂ ਦੇ ਚੇਲੇ ਬਣ ਗਏ। ਉਹਨਾਂ ਸਮਿਆਂ 'ਚ ਗੁਰੂ–ਚੇਲੇ ਦੇ ਸਬੰਧਾਂ ਦਾ ਅਜਿਹਾ ਅਕਸ ਕ੍ਰਾਂਤੀਕਾਰੀ ਕਦਮ ਸੀ।"[6] ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਮੁਕਤੀ ਦੀ ਸਿੱਖਿਆ ਬੜੇ ਜ਼ੋਰਦਾਰ ਸ਼ਬਦਾਂ 'ਚ ਥੁੜ੍ਹਾਂ ਮਾਰਿਆਂ ਤੇ ਥੋਪੇ ਗਏ ਦਾਬੇ ਤੇ ਅਨਿਆਂ ਦੀ ਵਿਵਸਥਾ ਨੂੰ ਨਕਾਰਦੀ ਹੈ। ਦੱਬਿਆਂ ਕੁਚਲਿਆਂ ਦੇ ਹੱਕ ਵਿੱਚ ਅਵਾਜ਼ ਉਠਾਉਣ ਕਾਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਮੁਕਤੀ ਦਰਸ਼ਨ ਹੈ। ਮੁਕਤੀ ਦਰਸ਼ਨ ਦੀ ਇਹ ਮਿਸਾਲ ਗੁਰੂ ਨਾਨਕ ਦੇਵ ਜੀ ਜੋ ਆਪ ਖੱਤਰੀ ਜਾਤ ਨਾਲ ਸਬੰਧਿਤ ਸਨ, ਭਾਰਤੀ ਸਮਾਜਿਕ ਦਰਜੇਬੰਦੀ ਦੇ ਸਭ ਤੋਂ ਨੀਵਿਆਂ, ਦਲਿਤਾਂ ਨਾਲ ਆਪਣੀ ਪਛਾਣ ਸਥਾਪਿਤ ਕਰਦੇ ਹੋਏ ਕਹਿੰਦੇ ਹਨ:



**ਸਿੱਖੀ ਵਿੱਚ ਬਰਾਬਰਤਾ ਅਤੇ ਜਾਤਪਾਤੀ ਦਰਜੇਬੰਦੀ**

ਨੀਚਾਂ ਅੰਦਰਿ ਨੀਚ ਜਾਤ, ਨੀਚੀ ਹੂੰ ਅਤਿ ਨੀਚ,
ਨਾਨਕ ਤਿਨ ਕੇ ਸੰਗ ਸਾਥ, ਵੱਡਿਆਂ ਸਿਓਂ ਕਿਆ ਰੀਸ,
ਜਿਥੇ ਨੀਚ ਸਮਾਲੀਐ, ਤਿਥੇ ਨਦਰਿ ਤੇਰੀ ਬਖਸੀਸ॥[7]

ਸਿੱਖ ਗੁਰੂਆਂ ਨੇ ਹਿੰਦੂ ਜਾਤ ਪ੍ਰਥਾ ਨੂੰ ਵੰਗਾਰਣ ਲਈ ਅਛੂਤਾਂ ਨੂੰ ਆਪਣੇ ਕਲਾਵੇ ਵਿੱਚ ਲਿਆ। ਉਹਨਾਂ ਨੇ ਹਿੰਦੂ ਸਮਾਜਿਕ ਤੇ ਸਿਆਸੀ ਦਰਜੇਬੰਦੀ ਵਾਲੀ ਵਿਵਸਥਾ ਨੂੰ ਨਕਾਰਿਆ। ਇਸ ਪ੍ਰਥਾ ਦਾ ਖਾਤਮਾ 1699 ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਨਾਲ ਪੂਰਨ ਤੌਰ ਤੇ ਹੋ ਗਿਆ। ਮੁਕਤੀ ਦੇ ਲੰਬੇ ਅਮਲ ਅਤੇ ਦਰਸ਼ਨ ਵਿੱਚੋਂ ਅਜਿਹੀ ਇਤਿਹਾਸਿਕ ਤਾਕਤ ਸਾਹਮਣੇ ਆਈ ਜਿਸਨੇ ਅਛੂਤਾਂ ਨੂੰ ਮੁਕਤੀ ਦੇ ਇਸ ਸੰਘਰਸ਼ ਵਿੱਚ ਨਾਲ ਹੀ ਨਹੀਂ ਰਲਾਇਆ ਬਲਕਿ ਸਿੱਖੀ ਵਿੱਚੋਂ ਛੂਤਛਾਤ ਨੂੰ ਖਤਮ ਕਰਨ ਵਿੱਚ ਵੀ ਸਫ਼ਲ ਹੋਈ। ਇਹ ਅਲੱਗ ਮਸਲਾ ਹੈ ਕਿ ਅਠਾਰਵੀਂ ਸਦੀ ਦੇ ਅੱਧ ਵਿੱਚ ਛੂਤਛਾਤ ਸਿੱਖੀ ਵਿੱਚ ਦੁਬਾਰਾ ਆ ਵੜੀ ਤੇ ਉੱਨੀਵੀਂ ਸਦੀ ਵਿੱਚ ਇਹ ਹੋਰ ਵੀ ਜ਼ੋਰ ਫੜ ਗਈ।

ਸਭ ਤੋਂ ਵੱਡੀ ਗੱਲ, ਪੰਜਾਬ ਅਤੇ ਸਿੱਖ ਅਧਿਐਨ ਨਾਲ ਸਬੰਧਿਤ ਸਾਹਿਤ ਵਿੱਚ ਸਿੱਖੀ ਵਿਚਲੇ

ਜਾਤਪਾਤੀ ਭੇਦਭਾਵ ਦੀ ਅਣਦੇਖੀ ਕੀਤੀ ਗਈ। ਪਰ ਸਮਾਜ ਸ਼ਾਸ਼ਤਰੀ ਤੇ ਦੂਸਰੀਆਂ ਤੱਥ ਅਧਾਰਿਤ ਖੋਜਾਂ ਦੇ ਅਧਿਐਨ ਨੇ ਸਿੱਖਾਂ ਅੰਦਰ ਪ੍ਰਚੱਲਤ ਜਾਤਪਾਤ ਅਤੇ ਛੂਆ ਛਾਤ ਦੀ ਗੱਲ ਸਾਹਮਣੇ ਲਿਆਂਦੀ ਹੈ।[8] ਪਿਛਲੀਆਂ ਪੰਜਾਹ ਸਾਲਾਂ ਦੀਆਂ ਲਿਖਤਾਂ ਨੂੰ ਖੰਗਾਲਦਿਆਂ ਇਸ ਸ਼ਰਮਨਾਕ ਤੱਥ ਤੋਂ ਮੁੱਕਰਣਾ ਜਾਂ ਇਸਤੋਂ ਅੱਖਾਂ ਮੀਟਣਾ ਸੰਭਵ ਨਹੀਂ ਹੈ। ਡਬਲਿਊ. ਐਚ. ਮੈਕਲੋਅਡ ਨੇ ਪੰਜਾਹ ਸਾਲ ਦੇ ਸਿੱਖ ਇਤਿਹਾਸ ਦਾ ਅਧਿਐਨ ਕਰਨ ਪਿੱਛੋਂ ਇਸ ਗੱਲ ਦਾ ਖੁਲਾਸਾ ਕੀਤਾ ਹੈ :

"ਸਿੱਖ ਇਤਿਹਾਸ ਤੇ ਧਰਮ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਿੱਖ ਸਮਾਜ ਦੇ ਯਥਾਰਥਕ ਵਿਵਹਾਰ ਨੂੰ ਸਮਝਣਾ ਜ਼ਰੂਰੀ ਹੈ। ਇੱਥੇ ਆ ਕੇ ਜਾਤ ਅਹਿਮ ਹੋ ਜਾਂਦੀ ਹੈ। ਸਿੱਖ ਸਮਾਜ ਨੂੰ ਸਮਝਣ ਲਈ ਸਾਨੂੰ ਪੰਥ ਤੇ ਪੈਂਦੇ ਜਾਤ ਦੇ ਪ੍ਰਭਾਵ ਨੂੰ ਸਮਝਣਾ ਪੈਣਾ ਹੈ। ਸਿੱਖ ਧਰਮ ਦੇ ਭਵਿੱਖੀ ਵਿਕਾਸ ਨੂੰ ਸਮਝਣ ਲਈ, ਸਿੱਖਾਂ ਵੱਲੋਂ ਜਾਤਪਾਤ ਦੇ ਵਿਹਾਰਕ ਰੂਪ ਨੂੰ ਸਮਝਣਾ ਜ਼ਰੂਰੀ ਹੈ। ਸਮਾਜ ਸ਼ਾਸ਼ਤਰੀ ਪਹਿਲਾਂ ਹੀ ਇਸਨੂੰ ਮੰਨਦੇ ਹਨ, ਭਾਵੇਂ ਕਿ ਉਹਨਾਂ ਦੀਆਂ ਕੁਝ ਕਿਤਾਬਾਂ ਜਾਂ ਲੇਖ ਇਸ ਵਰਤਾਰੇ ਦੀ ਗੋਲਮੋਲ ਗੱਲ ਕਰਦੇ ਜਾਂ ਇਸਦੀ ਬਿਲਕੁਲ ਹੀ ਅਣਦੇਖੀ ਕਰਦੇ ਹਨ। ਇਤਿਹਾਸਕਾਰਾਂ ਲਈ ਵੀ ਇਹ ਬਹੁਤ ਜ਼ਰੂਰੀ ਹੈ। ਬਗੈਰ ਇਸਦੇ ਸਾਡੀ ਸਿੱਖ ਪੰਥ ਅਤੇ ਧਰਮ ਦੀ ਸਮਝ ਅਧੂਰੀ ਹੋਵੇਗੀ।"[9]

ਆਪਣੀ ਕਥਨੀ ਤੇ ਕਰਨੀ ਦੇ ਪੂਰੇ, ਗੁਰੂ ਆਪਣੇ ਸੰਦੇਸ਼ ਦੀ ਆਦਰਸ਼ ਮਿਸਾਲ ਬਣ ਗਏ। ਗੁਰੂ ਨਾਨਕ ਨੂੰ ਲੱਗਦਾ ਸੀ ਕਿ ਲੋਕਾਂ ਦੇ ਦੁੱਖਾਂ ਦਾ ਅਸਲੀ ਕਾਰਨ ਉਹਨਾਂ ਨਾਲ ਜਾਤੀ ਭੇਦਭਾਵ ਤੇ ਵਖਰੇਵੇਂ ਕਾਰਨ ਸੀ। ਜਾਤੀ ਵਖਰੇਵਿਆਂ ਤੇ ਮੱਤਭੇਦਾਂ ਨੂੰ ਦੂਰ ਕਰਨ ਲਈ ਉਹਨਾਂ ਨੇ ਸੰਗਤ ਤੇ ਪੰਗਤ ਦਾ ਸੰਕਲਪ ਪੇਸ਼ ਕੀਤਾ। ਇਸ ਤਰ੍ਹਾਂ ਦਸਾਂ ਗੁਰੂਆਂ ਨੇ ਵਰਨ ਤੇ ਜਾਤ ਦੇ ਵਖਰੇਵੇਂ ਨੂੰ ਮਿਟਾਉਣ ਲਈ ਜ਼ਰੂਰੀ ਕਦਮ ਚੁੱਕੇ। ਉੱਚੇ ਦਰਜੇ ਜਾਂ ਉੱਚੀ ਜਾਤ ਨੂੰ ਕੋਈ ਖਾਸ ਥਾਂ ਨਹੀਂ ਸੀ ਦਿੱਤੀ। ਪੰਗਤ ਨੂੰ ਖਾਸ ਤੌਰ ਤੇ ਉਤਸ਼ਾਹਿਤ ਕੀਤਾ ਗਿਆ ਤੇ ਗੁਰੂ ਅਮਰਦਾਸ ਨੇ ਇਸਨੂੰ ਹੋਰ ਮਜ਼ਬੂਤ ਕੀਤਾ। ਉਹਨਾਂ ਨੇ ਸੰਗਤ ਵਿੱਚ ਆਉਣ ਲਈ ਹਰੇਕ ਲਈ ਲੰਗਰ ਛਕਣਾ ਜ਼ਰੂਰੀ ਕਰ ਦਿੱਤਾ। ਕੱਟੜ ਬ੍ਰਾਹਮਣ ਅਤੇ ਖੱਤਰੀ ਇਸ ਤੋਂ ਏਨਾ ਡਰ ਗਏ ਕਿ ਉਹਨਾਂ ਨੇ ਅਕਬਰ ਨੂੰ ਸ਼ਿਕਾਇਤ ਕਰ ਦਿੱਤੀ: "ਗੋਇੰਦਵਾਲ ਵਿੱਚ ਗੁਰੂ ਅਮਰਦਾਸ (1479-1574) ਨੇ ਹਿੰਦੂਆਂ ਦੀਆਂ ਧਾਰਮਿਕ ਤੇ ਸਮਾਜਿਕ ਰੀਤਾਂ ਦਾ ਤਿਆਗ ਕਰਕੇ ਚਾਰ ਵਰਨਾਂ ਦੇ ਫ਼ਰਕ ਨੂੰ ਖਤਮ ਕਰ ਦਿੱਤਾ ਹੈ। ਉਹ ਆਪਣੇ ਸਾਰੇ ਚੇਲਿਆਂ ਨੂੰ ਇੱਕੋ ਪੰਗਤ ਵਿੱਚ ਬਿਠਾਕੇ ਉਹਨਾਂ ਨੂੰ ਸਾਂਝੀ ਰਸੋਈ ਵਿੱਚੋਂ ਲੰਗਰ ਛਕਾਉਂਦੇ-ਭਾਵੇਂ ਉਹ ਜੱਟ, ਮਿਰਾਸੀ, ਮੁਸਲਿਮ, ਬ੍ਰਾਹਮਣ, ਖੱਤਰੀ, ਦੁਕਾਨਦਾਰ, ਭੰਗੀ, ਨਾਈ, ਧੋਬੀ, ਮਛੇਰੇ ਜਾਂ ਤਰਖਾਣ ਹੋਣ।"[11]

ਗੁਰੂਆਂ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਨ ਬਾਅਦ ਮੈਕਲੋਅਡ ਨੇ ਕਿਹਾ ਕਿ ਗੁਰੂਆਂ ਨੇ "ਵਰਨ ਦੇ ਸਿਧਾਂਤ ਨੂੰ ਸਵੀਕਾਰ ਕੀਤਾ, ਪਰ ਕਦੇ ਵੀ ਉੱਚੇ-ਨੀਵੇਂ ਦਰਜੇ ਦੀ ਸੋਚ ਅਨੁਸਾਰ ਨਹੀਂ। ਮੁਕਤੀ ਪ੍ਰਾਪਤੀ ਲਈ ਉਹ ਸਾਰੇ ਇੱਕੋ ਜਿਹੇ ਸਨ ਅਤੇ ਇਸ ਸਬੰਧੀ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਅਤੇ ਉਹਨਾਂ ਤੋਂ ਅਗਲੇ ਗੁਰੂਆਂ ਨੇ ਸਿੱਖਾਂ ਚ ਹਿੰਦੂ ਵਰਨ ਵਿਵਸਥਾ ਦੇ ਖਾਤਮੇ ਦਾ ਪ੍ਰਚਾਰ ਕੀਤਾ।"[12] ਪਰ ਸਿੱਖਾਂ ਵਿੱਚ ਪ੍ਰਚੱਲਿਤ ਅਤੇ ਨਿਰੰਤਰ ਚੱਲਦੀ ਛੂਆ ਛੂਤ ਲਈ, ਮੈਕਲੋਅਡ 'ਸਿੱਖੀ ਵਿੱਚ ਜਾਤਪਾਤ ਦੇ ਸਿਧਾਂਤ' ਦੀ ਗੱਲ ਸ਼ੁਰੂ ਕਰਦਾ ਹੈ ਜਿਹੜਾ ਉਸ ਅਨੁਸਾਰ ਸੱਚੀਂ ਹੀ ਦਰਜੇਬੰਦੀ ਵਾਲਾ ਹੈ; ਪਰ ਉਹ ਇਸ ਦਰਜੇਬੰਦੀ ਨੂੰ ਆਰਥਿਕ ਤਾਕਤ (ਘੱਟੋ-ਘੱਟ) ਤੇ ਵਿਅਕਤੀਗੱਤ ਜਾਤੀਆਂ ਦੇ ਅਕਾਰ ਦੇ ਅਧਾਰ ਤੇ ਉਸਰਿਆ ਦੱਸਦਾ ਹੈ। ਇਹ ਇਸਨੂੰ ਰਵਾਇਤੀ ਜਾਤ ਦੇ ਸਿਧਾਂਤ ਤੋਂ ਵੱਖਰਾ ਦਰਸਾਉਂਦਾ ਹੈ। ਇਸ ਵਿੱਚ ਨਿੱਕੀ ਜਿਹੀ ਛੋਟ (ਅਸਲ 'ਚ ਵੱਡੀ)...ਉੱਚ

ਜਾਤੀਏ ਸਿੱਖਾਂ ਵੱਲੋਂ ਦਲਿਤ ਸਿੱਖਾਂ ਨਾਲ ਆਮ ਵਰਤੋਂ-ਵਿਹਾਰ ਹੈ।[13] ਇਸਦਾ ਸਿੱਧਾ ਸਬੂਤ ਮਹਾਨ ਦਲਿਤ ਸਿੱਖ ਭਾਈ ਜੈਤਾ (1657–1704 ) ਦੀ ਮਹਾਂ ਕਾਵਿਕ ਰਚਨਾ 'ਸ਼੍ਰੀ ਗੁਰ ਕਥਾ' ਤੋਂ ਮਿਲ ਜਾਂਦਾ ਹੈ, ਜਿਹੜੀ ਉਹਨਾਂ ਨੇ ਖਾਲਸੇ ਦੀ ਸਾਜਨਾ ਤੋਂ ਬਾਅਦ ਅਤੇ ਆਪਣੀ ਮੌਤ (1704) ਤੋਂ ਪਹਿਲਾਂ ਰਚੀ ਸੀ। ਖਾਲਸੇ ਦੀ ਸਥਾਪਨਾ ਤੋਂ ਬਾਅਦ ਭਾਈ ਜੈਤੇ ਨੂੰ ਨਵਾਂ ਨਾਂ ਜੀਵਨ ਸਿੰਘ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਦੁਆਰਾ 1699 ਵਿੱਚ ਸਿੱਖਾਂ ਨੂੰ ਨਵੀਂ ਪਹਿਚਾਣ ਦਿੱਤੀ ਗਈ ਸੀ (ਪਰ ਮੈਂ ਉਸਦਾ ਦਲਿਤ ਨਾਂਅ ਹੀ ਵਰਤਾਂਗਾ)। ਉਹਨਾਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਸਿੱਖ ਵਰਨ ਤੇ ਜਾਤ ਦੇ ਵਖਰੇਵਿਆਂ ਨੂੰ ਨਹੀਂ ਮੰਨਦੇ, ਬਲਕਿ ਉਹ ਚੰਗੇ ਕਰਮਾਂ ਨੂੰ ਹੀ ਚੰਗਾ ਵਰਨ ਮੰਨਦੇ ਹਨ।"[14] ਮੈਕਲੋਅਡ ਦੀ ਸਿੱਖ ਰਹਿਤਨਾਮਿਆਂ ਪ੍ਰਤੀ ਸੋਚ ਦੇ ਉਲਟ ਇਹ ਰਹਿਤਨਾਮੇ ਜਾਤਪਾਤ ਦੀ ਬਹੁਤੀ ਗੱਲ ਨਹੀਂ ਕਰਦੇ। ਭਾਈ ਜੈਤਾ ਦੀ 'ਸ਼੍ਰੀ ਗੁਰ ਕਥਾ' ਵਿਚਲੀ ਰਹਿਤ, ਜਾਤ ਦੇ ਤਿੱਖੇ ਵਿਰੋਧ ਨਾਲ ਸ਼ੁਰੂ ਹੁੰਦੀ ਹੈ:


ਖੇਜ ਮਜਦੂਰ ਵਿੱਚ ਤਬਦੀਲ ਹੋਏ ਦਲਿਤ

ਅਬ ਰਹਿਤ ਸੁਨਹੁ ਗੁਰ ਸਿੰਘਨ ਕੀ
ਹਰਿ ਧਿਆਨ ਧਰੇ ਉਰ ਜੁਧ ਚਿਤਾਰੇ।
ਜਬ ਆਰਿਤ ਅਇ ਪੁਕਾਰ ਕਰਹਿ
ਨਿਜ ਸੂਖ ਤਜੇ ਤਿਨ ਦੂਖ ਨਿਵਾਰੇ।
ਨਹਿ ਜਾਤ ਸੁਜਾਤ ਬਿਚਾਰ ਕਰਹਿ
ਅਬ ਪੂਤ ਖੁਦਾਇ ਜਨਾਹਿ ਸਬਾਰੇ।
ਰਹੁ ਰਤਿ ਗਹਿ ਨਹਿ ਬਿਪਰਨ ਕੀ
ਅਰ ਗੁਰਮਤਿ ਪ੍ਰਾਪਤ ਮੋਖ ਦੁਆਰ।[15]

**ਸਿੱਖੀ ਵਿੱਚ ਦਲਿਤਾਂ ਦਾ ਪ੍ਰਵੇਸ਼**

ਕਿਉਂਕਿ ਬਹੁਤਾ ਸਿੱਖ ਇਤਿਹਾਸ ਤੇ ਧਰਮ ਦਲਿਤਾਂ ਬਾਰੇ ਗੱਲ ਨਹੀਂ ਕਰਦਾ ਇਸ ਲਈ ਜੋਹਨ ਵੈਬਸਟਰ ਦੀ ਲੀਹ ਪਾਊ "ਦਲਿਤ ਇਤਿਹਾਸਕ ਪਹੁੰਚ" ਬਹੁਤ ਲਾਭਦਾਇਕ ਹੈ। ਜਦੋਂ ਉਸਨੇ 1992 ਵਿੱਚ "ਦਲਿਤ ਈਸਾਈ: ਇੱਕ ਇਤਿਹਾਸ"[16] ਦਾ ਪਹਿਲਾ ਐਡੀਸ਼ਨ ਛਾਪਿਆ ਤਾਂ ਉਹ ਇਸ ਗੈਰ ਹਿੰਦੂ ਧਰਮ ਵਿੱਚ ਆਪਣੇ 'ਦਲਿਤ' ਸਿਧਾਂਤ ਨੂੰ ਬੜੀ ਗਹਿਰਾਈ ਨਾਲ ਘੋਖ ਰਿਹਾ ਸੀ ਅਤੇ ਆਪਣੇ ਨਵੇਂ ਲੇਖ ਵਿੱਚ ਸਿੱਖ ਇਤਿਹਾਸ ਦੀਆਂ ਮੁਸ਼ਕਿਲਾਂ ਦੀ ਗੱਲ ਕਰਦਾ ਹੈ।[17] ਉਹਨਾਂ ਅਨੁਸਾਰ, "ਦਲਿਤ ਇਤਿਹਾਸਕ ਪਹੁੰਚ, ਦੋ ਧਾਰਨਾਵਾਂ ਤੇ ਟਿਕੀ ਹੋਈ ਹੈ। ਪਹਿਲੀ ਧਾਰਨਾ ਦਲਿਤ ਸ਼ਕਤੀ ਦੀ ਹੈ। ਇਸ ਵਿੱਚ ਦਲਿਤ ਸਿੱਖ ਉੱਭਰਕੇ ਸਾਹਮਣੇ ਆਉਂਦੇ ਤੇ ਇਤਿਹਾਸ ਦੇ ਮੁੱਖ ਐਕਟਰ ਤੇ ਸਿਰਜਕ

ਬਣਦੇ ਹਨ; ਇਸ ਲਈ ਇਤਿਹਾਸਕਾਰ ਉਹਨਾਂ ਤੇ ਕੇਂਦਰਿਤ ਹੋਣਗੇ, ਉਹਨਾਂ ਦੇ ਵਿਚਾਰਾਂ, ਉਹਨਾਂ ਦੇ ਸੰਘਰਸ਼, ਉਹਨਾਂ ਦੇ ਕੰਮਾਂ ਤੇ। ਦੂਸਰੀ, ਸਮਾਜ ਦਾ ਵਿਰੋਧਭਾਸੀ ਨਜ਼ਰੀਆ ਕਿ ਜਾਤ ਸਿਰਫ਼ ਭਾਰਤੀ ਸਮਾਜ ਦਾ ਬਹੁਤ ਮਹੱਤਵਪੂਰਨ ਵਿਰੋਧ ਹੀ ਨਹੀਂ, ਇਤਿਹਾਸ ਦੀ ਸਮਝ ਲਈ ਬੜੀ ਅਹਿਮ ਮਿਸਾਲ ਵੀ ਪ੍ਰਦਾਨ ਕਰਦੀ ਹੈ।[18]

ਸਿੱਖ ਇਤਿਹਾਸ ਅਤੇ ਪ੍ਰੰਪਰਾ ਸਬੰਧੀ ਅੰਗਰੇਜ਼ੀ ਵਿੱਚ ਦਲਿਤ ਨਜ਼ਰੀਏ ਤੋਂ ਕੋਈ ਲਿਖਤ ਨਹੀਂ ਹੈ। ਬਹੁਤੀਆਂ ਇਤਿਹਾਸਿਕ ਲਿਖਤਾਂ ਵੈਬਸਟਰ ਦੀ 'ਸਿੱਖ ਇਤਿਹਾਸਿਕ ਪਹੁੰਚ'[19] ਦਾ ਝਲਕਾਰਾ ਮਾਤਰ ਹੀ ਹਨ। ਸਿਰਫ਼ ਪੰਜਾਬੀ 'ਚ ਉਪਲਬਧ ਕੁਝ ਕੁ ਪੁਸਤਕਾਂ -ਜੋ ਕਿ ਸਾਰੀਆਂ ਪੇਸ਼ਾਵਰ ਇਤਿਹਾਸਕਾਰਾਂ ਦੁਆਰਾ ਨਹੀਂ ਲਿਖੀਆਂ ਗਈਆਂ- ਉਹ ਹੀ ਦਲਿਤ ਨਜ਼ਰੀਏ ਤੋਂ ਲਿਖੀਆਂ ਗਈਆਂ ਲੱਗਦੀਆਂ ਹਨ। ਸਥਾਪਿਤ ਇਤਿਹਾਸਿਕ ਲਿਖਤਾਂ ਨੂੰ ਸਿਰਫ਼ ਉੱਚ ਜਾਤੀ ਦੇ ਇਤਿਹਾਸਾਂ ਤੋਂ ਬਿਨ੍ਹਾਂ ਕੁਝ ਵੀ ਨਾ ਹੋਣ ਕਾਰਨ ਨਕਾਰਦਿਆਂ ਐਸ. ਐਲ. ਵਿਰਦੀ ਦਲਿਤ ਇਤਿਹਾਸ ਦੀ ਲੋੜ ਤੇ ਜ਼ੋਰ ਦਿੰਦਾ ਹੈ। "ਭਾਰਤੀ **ਸਮਾਜ** ਨੂੰ ਅੱਜ ਐਸੇ ਇਤਿਹਾਸ ਦੀ ਜ਼ਰੂਰਤ ਹੈ, ਜੋ ਸਮਾਜ ਵਿੱਚ ਇਨਕਲਾਬੀ ਚੇਤਨਾ ਪੈਦਾ ਕਰ ਸਕੇ। ਸਮਾਜ ਪ੍ਰੀਵਰਤਨ ਦੀ ਭਾਵਨਾ ਨੂੰ ਪੈਦਾ ਕਰ ਸਕੇ ਕਿਉਂਕਿ ਸਮਾਜ ਪ੍ਰੀਵਰਤਨ ਲਈ ਇਤਿਹਾਸ ਦੀ ਬੜੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜਿਸ ਸਮਾਜ ਦਾ ਜੈਸਾ ਇਤਿਹਾਸ ਹੋਵੇਗਾ, ਉਸ ਸਮਾਜ ਦਾ ਸਵਰੂਪ ਵੀ ਵੈਸਾ ਹੀ ਹੋਵੇਗਾ। ਇਸ ਦ੍ਰਿਸ਼ਟੀ ਤੋਂ ਦਲਿਤ ਇਤਿਹਾਸ ਦੀ ਬੜੀ ਮਹੱਤਵਪੂਰਨ ਭੂਮਿਕਾ ਹੈ। ਭਾਰਤੀ ਸਮਾਜ ਵਿੱਚ ਇਨਕਲਾਬ ਦਾ ਦੂਸਰਾ ਨਾਂ ਦਲਿਤ ਇਤਿਹਾਸ ਹੀ ਹੈ।"[21]

ਸ਼ਮਸ਼ੇਰ ਸਿੰਘ ਅਸ਼ੋਕ ਨੇ ਇੰਗਲੈਂਡ ਵਸਦੇ ਦਲਿਤ ਸਿੱਖ ਐਸ. ਕੇ. ਨਈਅਰ ਦੇ ਕਹਿਣ ਤੇ 'ਮਜ਼੍ਹਬੀਆਂ ਦਾ ਇਤਿਹਾਸ' ਲਿਖਿਆ।[22] ਪੰਜਾਬ ਸਰਕਾਰ ਦੇ ਮਾਲ ਮਹਿਕਮੇ ਦੇ ਮੁਲਾਜ਼ਿਮ ਨਿਰੰਜਣ ਆਰਿਫ਼ੀ ਨੇ ਵੱਡੀ ਖੋਜ ਬਾਅਦ ਦਲਿਤ ਸਿੱਖਾਂ ਦੇ ਇਤਿਹਾਸ ਬਾਰੇ ਕਿਤਾਬ ਲਿਖੀ। ਉਹ ਰੰਘਰੇਟਿਆਂ ਜਾਂ ਸਿੱਖ ਬਣੇ ਮਜ਼੍ਹਬੀਆਂ ਦਾ ਪੰਜਵੇਂ ਗੁਰੂ ਅਰਜਨ ਦੇਵ (1563-1606) ਦੇ ਸਮੇਂ ਤੋਂ ਹੀ ਵੇਰਵਾ ਦਿੰਦਾ ਹੈ। ਆਰਿਫ਼ੀ ਅਠਾਰਵੀਂ ਸਦੀ ਤੋਂ ਮਿਲਦੇ ਇਤਿਹਾਸ ਵਿੱਚੋਂ ਬੜੀ ਮਿਹਨਤ ਨਾਲ ਦਲਿਤਾਂ ਨਾਲ ਸਬੰਧਿਤ ਸੂਚਨਾਵਾਂ ਇਕੱਤਰ ਕਰਦਾ ਹੈ। ਇਸ ਸੰਸਕਰਣ ਵਿੱਚ ਉਹ ਉੱਨੀਵੀਂ ਸਦੀ ਦੇ ਅੱਧ ਤੱਕ ਦੇ ਰੰਘਰੇਟਿਆਂ ਬਾਰੇ ਬੜੀ ਹੈਰਾਨੀਜਨਕ ਜਾਣਕਾਰੀ ਦਿੰਦਾ ਹੈ, ਉਨਾਂ ਦੇ ਨਾਂਅ, ਉਹਨਾਂ ਦੀ ਅਵਾਜ਼ ਬਣਦਾ ਤੇ ਉਹਨਾਂ ਦੀ ਵਿਅਕਤੀਗੱਤ ਅਤੇ ਸਮੂਹਿਕ ਸ਼ਮੂਲੀਅਤ ਨੂੰ ਖਾਲਸੇ ਦੇ ਵਿਕਾਸ ਵਿੱਚ ਸਹਾਈ ਹੁੰਦਿਆਂ ਤੇ ਵਡਿਆਉਂਦਿਆ।

ਇਹ ਸੱਚ ਕਿ ਬਹੁਤ ਸਾਰੇ ਦਲਿਤ ਜਿਹੜੇ ਵਖਰੇਵੇਂ ਅਤੇ ਨਿਰਾਦਰ ਤੋਂ ਮੁਕਤੀ ਚਾਹੁੰਦੇ ਸਨ, ਉਹ ਖਾਲਸੇ ਸਜ ਗਏ। ਉਹਨਾਂ ਦੀ ਸਿੱਖ ਸਮਾਜ ਵਿੱਚ ਆਦਰਯੋਗ ਦਰਜੇ ਦੀ ਉਦਾਹਰਣ ਇਹ ਹੈ ਕਿ ਉਹਨਾਂ ਵਿੱਚੋਂ ਕਈ ਦਲਿਤ ਪਰਿਵਾਰਾਂ ਨਾਲ ਗੁਰੂਆਂ ਦੇ ਖਾਸ ਸਬੰਧ ਸਨ। ਖਾਸ ਪਰਿਵਾਰ ਭਾਈ ਜੈਤੇ ਹੋਰਾਂ ਦਾ ਸੀ। ਉਹਨਾਂ ਦਾ ਪੜਦਾਦਾ, ਭਾਈ ਕਲਿਆਣਾ ਅੰਮ੍ਰਿਤਸਰ ਲਾਗਲੇ ਕੱਥੂਨੰਗਲ ਪਿੰਡ ਦਾ ਵਸਨੀਕ ਸੀ। ਉਹ ਅਕਬਰ ਦੇ ਸਮੇਂ ਸਿੱਖ ਬਣਿਆ ਸੀ। ਉਸਨੇ ਪੰਜਵੇਂ ਤੇ ਛੇਵੇਂ ਗੁਰੂ ਦੀ ਬਹੁਤ ਸੇਵਾ ਕੀਤੀ। ਉਹਨਾਂ ਦਾ ਪੁੱਤਰ ਸੁੱਖਭਾਨ ਦਿੱਲੀ ਜਾ ਕੇ ਵੱਡਾ ਸੰਗੀਤਕਾਰ ਬਣ ਗਿਆ ਤੇ ਨੇੜਲੇ ਪਿੰਡ ਰਾਏਸੀਨਾ ਵਿੱਚ ਆਪਣੇ ਬਾਪ ਦੇ ਨਾਂਅ ਤੇ ਕਲਿਆਣ ਆਸ਼ਰਮ ਸੰਗੀਤ ਸਕੂਲ ਚਲਾਇਆ। ਕਲਿਆਣ ਆਸ਼ਰਮ ਬਾਅਦ ਵਿੱਚ ਕਲਿਆਣੇ ਦੀ ਧਰਮਸ਼ਾਲਾ ਕਰਕੇ ਪ੍ਰਸਿੱਧ ਹੋਇਆ ਤੇ ਦਿੱਲੀ ਜਾਣ ਵਾਲੇ ਸਿੱਖ ਯਾਤਰੀ ਉੱਥੇ ਠਹਿਰਦੇ। ਸੁੱਖਭਾਨ ਦਾ ਪੁੱਤਰ, ਜੱਸਭਾਨ ਵੀ

ਬਹੁਤ ਵਧੀਆ ਸੰਗੀਤਕਾਰ ਤੇ ਦਿੱਲੀ ਦਾ ਨਾਂਅ ਵਾਲਾ ਸਿੱਖ ਸੀ। ਉਹ ਸੱਤਵੇਂ ਤੇ ਅੱਠਵੇਂ ਗੁਰੂ ਦੇ ਨੇੜੇ ਸੀ। ਜੱਸਭਾਨ ਦੇ ਦੋ ਪੁੱਤਰ, ਆਗਿਆ ਰਾਮ ਤੇ ਸਦਾਨੰਦ ਨੇ ਦਿੱਲੀ ਦੀਆਂ ਸਿੱਖ ਸੰਗਤਾਂ ਲਈ ਗੁਰਬਾਣੀ ਗਾਇਨ ਜਾਰੀ ਰੱਖਿਆ। ਸਦਾਨੰਦ ਬਹੁਤ ਵਧੀਆ ਗਵੱਈਆ ਤੇ ਗੁਰੂ ਤੇਗ ਬਹਾਦਰ (1621-75)[23] ਦਾ ਸੰਗੀ ਸੀ।



**ਬੇਘਰ ਹੋਈ ਦਲਿਤ ਨਾਰੀ ਤਰਸਯੋਗ ਸਥਿਤੀ ਵਿੱਚ**

ਗੁਰੂਆਂ ਨਾਲ ਏਨੀ ਪਰਿਵਾਰਿਕ ਨੇੜਤਾ ਨੇ ਹੀ ਭਾਈ ਜੈਤੇ ਨੂੰ 1675 ਦੇ ਉਸ ਮਾਰ-ਵੱਢ ਵਾਲੇ ਔਖੇ ਸਮਿਆਂ ਵਿੱਚ ਨੌਵੇਂ ਗੁਰੂ ਦਾ ਸੀਸ ਦਿੱਲੀ ਤੋਂ ਆਨੰਦਪੁਰ ਲਿਆਉਣ ਲਈ ਪ੍ਰੇਰਿਤ ਕੀਤਾ। ਬੜੇ ਮੋਹ ਨਾਲ ਛੋਟੇ ਗੁਰੂ ਗੋਬਿੰਦ ਸਿੰਘ (1666-1708) ਨੇ ਭਾਈ ਜੈਤੇ ਨੂੰ ਬੁੱਕਲ 'ਚ ਲਿਆ ਤੇ ਉਹਨਾਂ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਆਸ਼ੀਰਵਾਦ ਦਿੱਤਾ। ਜੈਤਾ ਬੜਾ ਨਿਡਰ ਯੋਧਾ ਸੀ ਤੇ ਉਹ ਗੁਰੂ ਨੂੰ ਏਨਾ ਪਿਆਰਾ ਸੀ ਕਿ ਆਪਣੇ ਚਾਰ ਪੁੱਤਰਾਂ ਤੋਂ ਬਾਅਦ ਗੁਰੂ ਨੇ ਉਹਨਾਂ ਨੂੰ ਪੰਜਵਾਂ ਸਾਹਿਬਜ਼ਾਦਾ ਕਿਹਾ ਸੀ।[24] 1699 ਵਿੱਚ ਖਾਲਸੇ ਦੀ ਸਥਾਪਨਾ ਸਮੇਂ ਉਹਨਾਂ ਦਾ ਨਵਾਂ ਨਾਂਅ ਭਾਈ ਜੀਵਨ ਸਿੰਘ ਰੱਖਿਆ ਗਿਆ। ਉਹ 1704 ਦੀ ਮੁਗਲਾਂ ਨਾਲ ਚਮਕੌਰ ਦੀ ਗਹਿਗੱਚ ਲੜਾਈ ਵਿੱਚ ਸ਼ਹੀਦ ਹੋ ਗਿਆ।

ਸਿੱਖ, ਸਿੱਖ ਗੁਰੂਆਂ, ਨਾਇਕਾਂ ਅਤੇ ਸ਼ਹੀਦਾਂ ਨਾਲ ਸਬੰਧਿਤ ਵਸਤਾਂ ਤੇ ਥਾਵਾਂ ਨੂੰ ਸਾਂਭਣ ਵੱਲ ਬਹੁਤ ਧਿਆਨ ਦਿੰਦੇ ਹਨ, ਪਰ ਉਹਨਾਂ ਨੇ ਇਸ ਮਹਾਨ ਨਾਇਕ ਭਾਈ ਜੈਤੇ ਨੂੰ ਗੌਲਿਆ ਹੀ ਨਹੀਂ। ਭਾਵੇਂ ਕਿ ਉਹਨਾਂ ਨਾਲ ਸਬੰਧਤ ਬਹੁਤ ਥਾਵਾਂ ਤੇ ਗੁਰਦੁਆਰੇ ਬਣ ਗਏ ਹਨ।[25] ਇਹ ਵੀ ਖ਼ਬਰਾਂ ਹਨ ਕਿ ਦਲਿਤ ਪਰਿਵਾਰ ਜਿਹੜੇ ਇਹਨਾਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਦੇ ਹਨ ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਿੰਦਿਆਂ ਵੱਲੋਂ ਤੰਗ ਕੀਤਾ ਜਾਂਦਾ ਹੈ। ਕਾਨੂੰਨ ਅਨੁਸਾਰ ਇਹ ਕਮੇਟੀ ਸਿੱਖ ਮਸਲਿਆਂ ਦੇ ਪ੍ਰਬੰਧ ਲਈ ਖਾਸ ਕਰਕੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਭ ਤੋਂ ਵੱਡੀ ਸੰਸਥਾ ਹੈ।[26] ਭਾਈ ਜੈਤੇ ਨੂੰ ਇਸ ਹੱਦ ਤੱਕ ਅਣਗੌਲਿਆ ਗਿਆ ਹੈ ਕਿ ਕੋਈ ਇਹ ਕਹਿਣ ਜਾਂ ਮੰਨਣ ਲਈ ਵੀ ਤਿਆਰ ਨਹੀਂ ਕਿ ਉਹ ਇੱਕ ਵਿਦਵਾਨ ਕਵੀ ਸੀ। ਉਹਨਾਂ ਦੀ ਮਹਾਂਕਾਵਿਕ ਰਚਨਾ 'ਸ਼੍ਰੀ ਗੁਰ ਕਥਾ' ਵਿੱਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੇ ਅੱਖੀਂ ਡਿੱਠੇ ਵੇਰਵਿਆਂ ਦਾ ਬਿਆਨ ਹੈ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਇਹ ਰਚਨਾ ਸਿੱਖ ਵਿਦਵਾਨਾਂ ਦੇ ਨਜ਼ਰੀਂ ਹੀ ਨਹੀਂ ਚੜ੍ਹੀ, ਜਿਹਨਾਂ ਦੀਆਂ ਸਿੱਖ ਸਾਹਿਤ ਤੇ ਹੋਰ ਚੀਜ਼ਾਂ ਨੂੰ ਭਾਲਣ ਲਈ ਕੀਤੀਆਂ ਜਾਂਦੀਆ ਕੋਸ਼ਿਸ਼ਾਂ ਆਹਲਾ ਦਰਜੇ ਦੀਆਂ ਹਨ।[27] ਸਿਰਫ਼ ਦਲਿਤ ਸਿੱਖ ਪਿਛੋਕੜ ਨੂੰ ਲੱਭਣ ਦੀ ਕੋਸ਼ਿਸ਼ ਵਜੋਂ ਤੇ ਦਲਿਤ ਵਿਦਵਤਾ ਦੇ ਉਭਾਰ ਕਾਰਨ ਹੁਣੇ ਜਿਹੇ ਹੀ ਭਾਈ ਜੈਤੇ ਨਾਲ ਸਬੰਧਤ ਸਾਹਿਤ ਸਾਹਮਣੇ ਆਇਆ ਹੈ। ਜਿਸ ਤਰ੍ਹਾਂ ਭਾਈ ਜੈਤੇ ਨੂੰ ਸਿੱਖ ਧਰਮ ਤੇ ਗੁਰੂ ਗੋਬਿਦ ਸਿੰਘ ਦੇ ਪਰਿਵਾਰ ਨਾਲ ਜੋੜਿਆ ਗਿਆ ਇਸ ਤੋਂ ਇਹ ਸਮਝ ਬਣਦੀ ਹੈ ਕਿ ਉਹਨਾਂ ਲਈ ਕਿਸੇ ਹੋਰ ਪਹਿਚਾਣ ਦਾ ਕੋਈ ਅਰਥ ਨਹੀਂ ਹੈ। ਉਹਨਾਂ ਦੀ ਰੰਘਰੇਟਾ ਪਹਿਚਾਣ ਨੇ ਉਹਨਾਂ ਦੀ ਸਿੱਖ ਪਹਿਚਾਣ ਨੂੰ ਨਿਗਲ ਲਿਆ ਹੈ। "ਜੈਤੇ

ਤਾਰਨਹਾਰ ਗੁਰ ਤਾਰ ਦੀਏ ਰੰਘਰੇਟੜੇ, ਗੁਰ ਪਾਰਸ ਨੇ ਕਰ ਦੀਏ ਰੰਘਰੇਟੜੇ ਗੁਰ ਬੇਟੜੇ।" [28]

ਸਿੱਖ ਬਣੇ ਦਲਿਤਾਂ ਦੀ ਗਿਣਤੀ ਦਾ ਅੰਦਾਜ਼ਾ ਗੁਰੂ ਦੀ ਸੈਨਾ ਵਿਚਲੀ ਉਹਨਾਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ। ਆਰਿਫ਼ੀ ਦਲਿਤ ਯੋਧਿਆਂ ਦੇ ਬੜੇ ਹੈਰਾਨੀਜਨਕ ਵੇਰਵੇ ਦਿੰਦਾ ਹੈ। ਉਹਨਾਂ ਵਿੱਚੋਂ ਕੁਝ ਗੁਰੂ ਦੇ 52 ਦਰਬਾਰੀ ਕਵੀਆਂ ਵਿੱਚੋਂ ਵੀ ਸਨ। ਉਹਨਾਂ ਚੋਂ ਨਾਂਅ ਵਾਲੇ ਕਵੀ ਧੰਨਾ ਸਿੰਘ ਘਈ, ਆਲਮ ਸਿੰਘ, ਧੱਕੜ ਸਿੰਘ, ਧਰਮ ਸਿੰਘ, ਗਰਜਾ ਸਿੰਘ, ਮਾਨ ਸਿੰਘ ਅਤੇ ਨਿਗਾਹੀ ਸਿੰਘ ਸਨ।[29] ਅਠਾਰਵੀਂ ਸਦੀ ਦੇ ਅੱਧ ਤੱਕ ਜਦੋਂ ਮੁਗਲਾਂ ਦੇ ਲਗਾਤਾਰ ਅੱਤਿਅਚਾਰਾਂ ਕਾਰਨ ਸਿੱਖਾਂ ਨੇ ਆਪਣੇ ਆਪ ਨੂੰ ਪੰਜ ਜਥਿਆਂ ਵਿੱਚ ਵੰਡ ਲਿਆ, ਤਾਂ ਇਹਨਾਂ ਵਿੱਚੋਂ ਇੱਕ ਨਿਰੋਲ ਮਜ਼ਹਬੀਆ ਜਾਂ ਰੰਘਰੇਟਿਆਂ ਦਾ ਜਥਾ ਸੀ ਜਿਸਦਾ ਮੁਖੀ ਬੀਰ ਸਿੰਘ ਰੰਘਰੇਟਾ ਸੀ। ਉਸ ਕੋਲ 1300 ਸਿਪਾਹੀਆਂ ਦੀ ਫੌਜ ਸੀ। ਅਠਾਰਵੀਂ ਸਦੀ ਦੇ ਦਲਿਤ ਇਤਿਹਾਸ ਦਾ ਪੁਨਰਵਿਸ਼ਲੇਸ਼ਣ ਉਸਦੇ ਉਭਾਰ ਦੀ ਗੱਲ ਬੜੇ ਜ਼ੋਰ ਨਾਲ ਕਰਦਾ ਹੈ। ਉਹ ਬੜਾ ਪ੍ਰਭਾਵਸ਼ਾਲੀ ਕਮਾਂਡਰ ਸੀ ਜਿਸਨੂੰ ਜੱਟ ਕਮਾਂਡਰਾਂ ਨੇ ਧੋਖੇ ਨਾਲ ਖਤਮ ਕਰ ਦਿੱਤਾ। ਆਰਿਫ਼ੀ ਅਨੁਸਾਰ, 1760 ਤੱਕ ਸਿੱਖ ਆਪਣਾ ਅਜ਼ਾਦ ਰਾਜ ਕਾਇਮ ਕਰਨ ਵਿੱਚ ਕਾਮਯਾਬ ਹੋ ਗਏ ਤੇ ਉਹਨਾਂ ਦੇ ਕੁਝ ਕਮਾਂਡਰ ਵੱਖ-ਵੱਖ ਭਾਗਾਂ ਵਿੱਚ ਆਪਣੇ ਵਿਅਕਤੀਗੱਤ ਰਾਜ ਚਾਹੁੰਦੇ ਸਨ ਜਿਸਦਾ ਬੀਰ ਸਿੰਘ ਰੰਘਰੇਟਾ ਨੇ ਵਿਰੋਧ ਕੀਤਾ। ਉਹਨਾਂ ਨੇ ਗੁਰੂ ਦੇ ਹੁਕਮ ਤੇ ਲੋਕਤੰਤਰੀ ਸਿਧਾਂਤਾਂ ਨੂੰ ਮੰਨਣ ਦੀ ਜਿੱਦ ਕੀਤੀ ਕਿ ਸੱਤਾ ਸਰਬੱਤ ਖਾਲਸੇ ਕੋਲ ਗੁਰੂ ਪੰਥ ਵਿੱਚ ਨਿਹਿੱਤ ਰਹਿਣੀ ਚਾਹੀਦੀ ਹੈ। ਚੜ੍ਹਤ ਸਿੰਘ -ਰਣਜੀਤ ਸਿੰਘ ਦਾ ਬਾਬਾ- ਅਤੇ ਬਾਬਾ ਆਲਾ ਸਿੰਘ, ਪਟਿਆਲੇ ਦੇ ਸੰਸਥਾਪਕ ਨੇ ਬੀਰ ਸਿੰਘ ਰੰਘਰੇਟਾ ਨੂੰ ਪਿਸ਼ਾਵਰ ਤੋਂ ਅੰਮ੍ਰਿਤਸਰ ਬੁਲਾਉਣ ਦੀ ਸਾਜ਼ਿਸ਼ ਘੜੀ ਤੇ ਧੋਖੇ ਨਾਲ ਉਸਦੇ ਸੈਨਿਕਾਂ ਤੋਂ ਹਥਿਆਰ ਲੈ ਲਏ (ਕਾਰਨ ਇਹ ਦੱਸਿਆ ਕਿ ਉਹ ਦਰਬਾਰ ਸਾਹਿਬ ਅੰਦਰ ਹਥਿਆਰ ਲੈ ਕੇ ਨਹੀਂ ਆ ਸਕਦੇ) ਤੇ ਉਹਨਾਂ ਨੂੰ ਪੰਜ-ਪੰਜ ਕਰਕੇ ਦਰਬਾਰ ਸਾਹਿਬ ਦੀ ਹੱਦ ਅੰਦਰ ਕਤਲ ਕਰ ਦਿੱਤਾ ਗਿਆ। ਉਹਨਾਂ ਨੂੰ ਪੰਜ-ਪੰਜ ਕਰਕੇ ਹੀ ਅੰਦਰ ਆਉਣ ਦਿੱਤਾ ਗਿਆ ਸੀ। ਉਸਤੋਂ ਬਾਅਦ ਮਜ਼ਹਬੀਆਂ ਨੂੰ ਕੋਈ ਵੀ ਉੱਚੀ ਸੈਨਿਕ ਪਦਵੀ ਨਹੀਂ ਦਿੱਤੀ ਗਈ, ਹਾਲਾਂਕਿ ਉਹਨਾਂ ਦੀ ਸੈਨਿਕ ਤਾਕਤ ਦਾ ਬਹੁਤੀਆਂ ਮਿਸਲਾਂ ਨੇ ਇਸਤੇਮਾਲ ਕੀਤਾ।[31] ਨਿਸ਼ਾਨਵਾਲੀਆ ਮਿਸਲ ਦੀ ਕਮਾਂਡ ਹਿੰਦੂ ਖੱਤਰੀਆਂ ਦੇ ਹੱਥਾਂ ਵਿੱਚ ਹੋਣ ਦੇ ਬਾਵਜੂਦ ਇਸ ਵਿੱਚ ਮਜ਼ਹਬੀ ਸਿੱਖ ਵੱਡੀ ਗਿਣਤੀ ਵਿੱਚ ਸਨ। ਡੱਲੇਵਾਲੀਆ ਮਿਸਲ ਵਿੱਚ ਤਾਰਾ ਸਿੰਘ ਘੇਬਾ ਨੇ ਇਸਦੇ ਸੰਸਥਾਪਕ, ਗੁਲਾਬ ਸਿੰਘ ਦੀ ਮੌਤ ਬਾਅਦ ਇਸਦੀ ਕਮਾਂਡ ਸੰਭਾਲੀ। ਉਸਨੇ ਆਪਣੇ ਹੈੱਡਕੁਆਰਟਰ ਰਾਹੋਂ ਤੋਂ ਆਪਣੀ ਮੌਤ (1807) ਤੱਕ ਉੱਥੇ ਰਾਜ ਕੀਤਾ।[32]

ਸਿੱਖ ਲਹਿਰ ਵਿੱਚ ਦਲਿਤਾਂ ਦੀ ਸ਼ਮੂਲੀਅਤ ਬਾਰੇ ਫ਼ਾਰਸੀ ਦੇ ਸਰੋਤਾਂ ਤੋਂ ਵਧੇਰੇ ਜਾਣਕਾਰੀ ਮਿਲਦੀ ਹੈ, ਪਰ ਸਿਆਸੀ ਕਾਰਨਾਂ ਕਰਕੇ ਇਹ ਪੂਰੀ ਤਰ੍ਹਾਂ ਸਿੱਖ ਵਿਰੋਧੀ ਹਨ। ਗੁਰੂ ਗੋਬਿੰਦ ਸਿੰਘ ਦੀ ਮੌਤ ਬਾਅਦ, ਬੰਦਾ ਬਹਾਦਰ (1670-1716) ਨੂੰ ਗੁਰੂ ਨੇ ਮਹਾਂਰਾਸ਼ਟਰ ਤੋਂ ਪੰਜਾਬ ਵਿੱਚ ਸਿੱਖਾਂ ਤੇ ਹੁੰਦੇ ਜ਼ੁਲਮਾਂ ਤੋਂ ਉਹਨਾਂ ਨੂੰ ਬਚਾਉਣ ਲਈ ਭੇਜਿਆ ਸੀ। ਬੰਦਾ ਸਿੰਘ ਸਿੱਖਾਂ ਨੂੰ ਮੁਗਲ ਸੂਬੇਦਾਰਾਂ ਵਿਰੁੱਧ ਲੜ੍ਹਨ ਲਈ ਲਾਮਬੰਦ ਕਰਨ ਵਿੱਚ ਕਾਮਯਾਬ ਹੋ ਗਿਆ।[33] ਮੁਹੰਮਦ ਸ਼ਫ਼ੀ ਵਾਰਿਦ ਬੰਦਾ ਬਹਾਦਰ ਦੀ ਸਰਹੰਦ ਫਤਿਹ ਤੋਂ ਬਾਅਦ ਉਸਦੀਆਂ ਸਮਾਨਤਾ ਦੀਆਂ ਨੀਤੀਆਂ ਦਾ ਡਟਕੇ ਵਿਰੋਧ ਕਰਦਾ ਹੈ:

"ਵਜ਼ੀਰ ਖਾਨ ਦੇ ਕਤਲ ਬਾਅਦ, ਉਸਨੇ (ਬੰਦਾ ਬਹਾਦਰ) ਕਿਹਾ ਕਿ ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ, ਜੋ ਵੀ ਸਿੱਖ ਬਣ ਗਏ, ਉਹ ਇੱਕ ਹੋਣਗੇ ਤੇ ਸਾਰੇ ਇਕੱਠੇ ਲੰਗਰ ਛਕਣਗੇ ਤਾਂ ਕਿ ਉੱਚੇ

ਨੀਵੇਂ ਦਾ ਕੋਈ ਫਰਕ ਨਾ ਰਹੇ ਤੇ ਸਾਰੇ ਰਲ-ਮਿਲਕੇ ਰਹਿਣ ਤੇ ਇੱਕਠੇ ਹੋ ਕੇ ਕੰਮ ਕਰਨ। ਇੱਕ ਰਾਜਾ ਤੇ ਭੰਗੀ ਇਕੱਠੇ ਬੈਠਦੇ ਸਨ ਤੇ ਉਹਨਾਂ ਵਿੱਚ ਕੋਈ ਵੈਰ ਭਾਵ ਨਹੀਂ ਸੀ...।

ਜਿੱਥੇ ਇਹ ਹੈਰਾਨੀਜਨਕ ਲੱਗਦਾ ਹੈ ਉੱਥੇ ਇਹ ਰੱਬੀ ਮਾਰ ਵੀ ਲੱਗਦੀ ਹੈ ਕਿ ਇਹਨਾਂ ਇਲਾਕਿਆਂ ਦੇ ਬਾਸ਼ਿੰਦਿਆਂ ਦੀ ਬਹਾਦਰੀ ਕਿੱਧਰ ਚਲੇ ਗਈ ਸੀ। ਭਾਵੇਂ ਉਹ ਨੀਵੀਂ ਜਾਤ ਦਾ ਭੰਗੀ ਹੋਵੇ ਜਾਂ ਚਮਾਰ, ਜਿਹੜੇ ਅਵਰਣ ਸਨ ਭਾਵ ਜਿਹਨਾਂ ਦੀ ਹਿੰਦੁਸਤਾਨ ਵਿੱਚ ਕੋਈ ਜਾਤ ਵੀ ਨਹੀਂ ਸੀ, ਉਹ ਜਦੋਂ ਉਸ (ਬੰਦੇ) ਕੋਲ ਜਾਂਦੇ, ਤਾਂ ਬੰਦਾ ਉਹਨਾਂ ਨੂੰ ਆਪਣੇ ਇਲਾਕੇ ਦਾ ਰਾਜ-ਕਾਜ ਦੇਖਣ ਲਈ ਸਨਦ (ਰਾਜ ਕਰਨ ਦੀ ਪ੍ਰਵਾਨਗੀ) ਭੇਂਟ ਕਰਦਾ... ਉਹ (ਬੰਦੇ ਦੁਆਰਾ ਨਿਯੁਕਤ ਕਰਮਚਾਰੀ) ਘਰਾਂ ਵਿੱਚ ਪਈਆਂ ਕੀਮਤੀ ਚੀਜ਼ਾਂ ਲਿਆ ਕੇ ਗੁਰੂ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦਾ ਹੁਕਮ ਦਿੰਦਾ।[34]

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਪੂਰੀ ਅਠਾਰਵੀਂ ਸਦੀ ਵਿੱਚ ਇਹ ਰੁਝਾਨ ਜਾਰੀ ਰਿਹਾ। ਦਲਿਤਾਂ ਦੀ ਸਿੱਖ ਪੰਥ ਅਤੇ ਰਣਜੀਤ ਸਿੰਘ ਦੀ ਫੌਜ ਵਿੱਚ ਗਿਣਤੀ ਜ਼ਿਕਰਯੋਗ ਸੀ। ਸਾਡੇ ਕੋਲ ਗੁਲਾਮ ਅਲੀ ਦੁਆਰਾ 1808 ਵਿੱਚ ਲਿਖੇ ਉੱਤਰੀ ਭਾਰਤ ਦੇ ਅਵਧ ਸੂਬੇ ਦੇ ਇਤਿਹਾਸ ਦੇ ਵੇਰਵੇ ਹਨ। ਉਹ ਕਹਿੰਦਾ ਹੈ :

ਆਖਰ, ਹੁਣ (1808 ਈਸਵੀ) ਤੱਕ ਅਟਕ (ਸਿੰਧੂ) ਨਦੀ ਤੱਕ ਸਾਰਾ ਪੰਜਾਬ ਪ੍ਰਦੇਸ਼ ਅਤੇ ਇਸ ਪਾਸੇ ਮੁਲਤਾਨ ਤੱਕ ਅਤੇ ਸਤਲੁਜ ਦੇ ਕੰਢੇ ਤੋਂ ਲੈ ਕੇ ਕਰਨਾਲ ਤੱਕ... ਇਸ ਪੰਥ ਦੇ ਕਬਜ਼ੇ ਹੇਠ ਹੈ। ਉਹਨਾਂ ਦੇ ਉੱਚੇ ਰੁਤਬੇ ਵਾਲੇ ਨੇਤਾ ਜ਼ਿਆਦਾਤਰ ਨੀਵੀਆਂ ਜਾਤਾਂ ਵਿੱਚੋਂ ਸਨ ਜਿਵੇਂ ਕਿ ਤਰਖਾਣ, ਚਮਾਰ ਅਤੇ ਜੱਟ...।

ਉਸ ਸੈਨਾ ਦੇ ਨਾਲ ਜਿਸਨੂੰ ਉਹ ਦਲ ਕਹਿੰਦੇ ਸਨ, ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਲੱਖਾਂ ਤੱਕ ਪਹੁੰਚ ਗਈ ਸੀ, ਕਿਉਂਕਿ ਫੇਰੀ ਵਾਲੇ, ਬਿਸਕੁਟ ਬਨਾਉਣ ਵਾਲੇ, ਘਾਹੀ, ਅਨਾਜ ਵੇਚਣ ਵਾਲੇ, ਨਾਈ, ਧੋਬੀ, ਸਾਰੇ ਕੇਸ ਰੱਖਦੇ ਤੇ ਵਾਹਿਗੁਰੂ ਦੀ ਫਤਿਹ ਕਹਿੰਦੇ ਤੇ ਇਕੱਠੇ ਭੋਜਨ ਛਕਦੇ ਸਨ। ਉਹ ਸਿਰਫ਼ ਪੰਜਾਬ ਵਿੱਚ ਹੀ ਨਹੀਂ ਹਨ; ਸ਼ਾਹਜਹਾਨਬਾਦ (ਦਿੱਲੀ) ਤੋਂ ਲੈ ਕੇ ਕਲਕੱਤਾ, ਹੈਦਰਾਬਾਦ ਅਤੇ ਚੇਨਾਪਟਨ (ਚੇਨੱਈ) ਭਾਵ ਸਾਰੇ ਹਿੰਦੁਸਤਾਨ ਵਿੱਚ ਸਮੂਹਾਂ ਦੇ ਸਮੂਹ ਇਸ ਪੰਥ ਨਾਲ ਸਬੰਧਿਤ ਹਨ। ਪਰ ਉਹਨਾਂ ਵਿੱਚੋਂ ਬਹੁਤੇ ਵਣਜਾਰੇ ਹਨ ਤੇ ਉਹ ਕਿਸੇ ਉੱਚੀ ਕੁਲ ਵਿੱਚ ਪੈਦਾ ਨਹੀਂ ਹੋਏ।[35]

ਭਾਵੇਂ ਕਿ ਉਹਨਾਂ ਦੇ ਫ਼ੌਜੀ ਰੁਤਬਿਆਂ ਵਿੱਚ ਕਮੀ ਕਰ ਦਿੱਤੀ ਗਈ, ਪਰ ਦਲਿਤ ਸਿੱਖ ਸਿਪਾਹੀਆਂ ਅਤੇ ਲੜਾਕਿਆਂ ਵਜੋਂ ਮਸ਼ਹੂਰ ਰਹੇ। ਉਹਨਾਂ ਦਾ ਪ੍ਰਭਾਵ ਰਣਜੀਤ ਸਿੰਘ ਵੇਲੇ ਵੀ ਬਣਿਆ ਰਿਹਾ ਜਿਸਨੇ ਉਹਨਾਂ ਨੂੰ 1826 ਵਿੱਚ ਦਰਬਾਰ ਸਾਹਿਬ ਦੇ ਵਿਹੜੇ ਵਿੱਚ ਮਜ਼੍ਹਬੀ ਸਿੰਘਾਂ ਦਾ ਬੁੰਗਾ ਬਨਾਉਣ ਦੇ ਸਮਰਥ ਬਣਾਇਆ। ਮਜ਼ਹਬੀ ਬੁੰਗਾ ਬਾਅਦ ਵਿੱਚ ਢਾਹ ਦਿੱਤਾ ਗਿਆ ਤੇ ਉਸਨੂੰ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਮਿਲਾ ਲਿਆ ਗਿਆ। ਮਜ਼੍ਹਬੀਆਂ ਦਾ ਬੁੰਗਾ ਤਰਨਤਾਰਨ ਦੇ ਪਵਿੱਤਰ ਅਸਥਾਨ ਤੇ ਵੀ ਸੀ।[36] ਪੰਜਾਬ ਦੇ 1849 ਵਿੱਚ ਬਰਤਾਨਵੀ ਕਬਜ਼ੇ ਹੇਠ ਆਉਣ ਕਾਰਨ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਤੋਂ ਮਜ਼੍ਹਬੀ ਸਿੰਘਾਂ ਨੂੰ ਹਟਾ ਕੇ ਇਹਨਾਂ ਦਾ ਪ੍ਰਬੰਧ ਹਿੰਦੂ ਮਹੰਤਾਂ ਨੂੰ ਦੇ ਦਿੱਤਾ ਗਿਆ।[37] ਉਸਤੋਂ ਬਾਅਦ ਹਿੰਦੂ-ਸਿੱਖਾਂ ਦਾ ਇਹਨਾਂ ਧਾਰਮਿਕ ਸਥਾਨਾਂ ਤੇ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ।

ਸਿਰਜਣਸ਼ੀਲਤਾ, ਖਾਸ ਕਰਕੇ ਸਾਹਿਤਿਕ ਸਿਰਜਣਸ਼ੀਲਤਾ, ਇੱਕ ਹੋਰ ਖੇਤਰ ਹੈ ਜਿੱਥੇ ਸਿੱਖ ਧਰਮ ਨੇ ਦਲਿਤਾਂ ਦੀ ਜ਼ਿੰਦਗੀ ਵਿੱਚ ਹਾਂ-ਪੱਖੀ ਭੂਮਿਕਾ ਨਿਭਾਈ। ਭਾਈ ਜੈਤਾ ਲਿਖਤ 'ਸ਼੍ਰੀ

ਗੁਰ ਕਥਾ' ਦਾ ਪਹਿਲਾਂ ਹੀ ਹਵਾਲਾ ਦਿੱਤਾ ਜਾ ਚੁੱਕਾ ਹੈ। ਇਹ ਮਹਾਂਕਾਵਿ ਅਠਾਰਵੀਂ ਸਦੀ ਦੇ ਸ਼ੁਰੂ ਵਿੱਚ ਰਚਿਆ ਗਿਆ ਸੀ। ਦੂਸਰੇ ਦਲਿਤ ਕਵੀ ਸੰਤ ਵਜ਼ੀਰ ਸਿੰਘ (1790–1859) ਨੇ ਪੰਜਾਬੀ ਤੇ ਬ੍ਰਜ ਦੋਹਾਂ ਭਾਸ਼ਾਵਾਂ ਵਿੱਚ ਤਾਤਵਿਕ, ਆਲੌਕਿਕ ਤੇ ਸਮਾਜਿਕ ਕਾਵਿ ਦੀ ਵਾਹਵਾ ਰਚਨਾ ਕੀਤੀ। ਬਹੁਤ ਸਾਰੇ ਲੋਕ ਉਸਦੇ ਚੇਲੇ ਬਣ ਗਏ ਜਿਹਨਾਂ ਵਿੱਚ ਪੰਜ ਉੱਚ ਜਾਤੀ ਦੇ ਚੇਲੇ ਕਵੀ ਵੀ ਸਨ। ਉਹਨਾਂ ਪੰਜਾਂ ਕਵੀਆਂ ਵਿੱਚੋਂ ਇੱਕ ਸੀ ਨੁਰੰਗ ਦੇਵੀ, ਜਿਹੜੀ ਸੰਤ ਵਜ਼ੀਰ ਸਿੰਘ ਦੀ ਦੇਖ ਰੇਖ ਹੇਠ ਬਣੀ ਪਹਿਲੀ ਪੰਜਾਬੀ ਕਵਿਤਰੀ ਸੀ।[38] ਅਗਲਾ ਦਲਿਤ ਦਾਨਿਸ਼ਵਰ ਲੇਖਕ ਗਿਆਨੀ ਦਿੱਤ ਸਿੰਘ (1852–1901) ਇੱਕ ਕਵੀ, ਅਧਿਆਪਕ, ਵਾਦ-ਵਿਵਾਦ ਦਾ ਸ਼ੌਕੀਨ, ਪੱਤਰਕਾਰ, ਬੁਲਾਰਾ ਤੇ ਪੱਕਾ ਸਿੱਖ ਪ੍ਰਚਾਰਕ ਸੀ, ਜੋ ਸਿੰਘ ਸਭਾ ਲਹਿਰ ਦਾ ਥੰਮ੍ਹ ਸਾਬਿਤ ਹੋਇਆ।[39] ਸਾਧੂ ਦਇਆ ਸਿੰਘ ਆਰਿਫ਼ (1894–1946) ਗੁਰਮੁਖੀ, ਉਰਦੂ, ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਜ਼ੁਬਾਨਾਂ ਦਾ ਗਿਆਤਾ ਸੀ। ਉਹ ਆਪਣੇ ਵੇਲੇ ਦਾ ਪੰਜਾਬ ਦਾ ਸਭ ਤੋਂ ਜਾਣਿਆ-ਪਹਿਚਾਣਿਆਂ ਦਾਨਿਸ਼ਵਰ ਕਵੀ ਸੀ। ਉਹਨਾਂ ਦੀ ਪਹਿਲੀ ਕਾਵਿ ਰਚਨਾ "ਫ਼ਨਾਹ-ਦਰ-ਮਕਾਨ" ਉਸ ਸਮੇਂ ਛਪ ਗਈ ਸੀ ਜਦੋਂ ਉਹ ਅਜੇ ਵੀਹ ਸਾਲਾਂ ਦਾ ਹੀ ਸੀ। ਉਹ ਰਚਨਾ ਜਿਸ ਨਾਲ ਉਹ ਪੰਜਾਬ ਦੇ ਘਰ-ਘਰ ਜਾਣਿਆ ਜਾਣ ਲੱਗਾ, ਉਹ ਸੀ "ਜ਼ਿੰਦਗੀ ਬਿਲਾਸ", ਜਿਹੜੀ 1916 ਵਿੱਚ ਪੂਰੀ ਹੋਈ ਸੀ। ਇਹ ਉਪਦੇਸ਼ਾਤਮਿਕ ਕਾਵਿ ਸੀ  ਜਿਸਨੇ ਲੋਕਾਂ ਦੀ ਸੋਚ ਨੂੰ ਟੁੰਬਿਆ। 'ਜ਼ਿੰਦਗੀ ਬਿਲਾਸ' ਵਾਰਿਸ ਸ਼ਾਹ ਦੀ ਹੀਰ ਤੋਂ ਬਾਅਦ ਸਭ ਤੋਂ ਵਧ ਛਪੀ, ਪੜ੍ਹੀ ਅਤੇ ਸੁਣੀ ਜਾਂਦੀ ਸਾਹਿਤਿਕ ਕਿਰਤ ਸੀ। ਇਹ ਸਭ ਕਿਰਤਾਂ ਪੰਜਾਬ ਦੇ ਸਾਹਿਤ ਦੇ ਇਤਿਹਾਸ ਵਿੱਚੋਂ ਗੁੰਮ ਹੀ ਰਹੀਆਂ। ਵੀਹਵੀਂ ਸਦੀ ਦੇ ਮੁੱਢ ਤੋਂ ਹੀ ਕੁਝ ਦਲਿਤ ਲੇਖਕ ਸਪਸ਼ਟ ਦਲਿਤ ਚੇਤਨਾ ਤਹਿਤ ਲਿਖ ਰਹੇ ਹਨ।[40] ਜਾਤ ਤੇ ਛੂਤਛਾਤ ਨੇ ਸਿੱਖਾਂ ਨੂੰ ਵੀ ਪ੍ਰਭਾਵਿਤ ਕੀਤਾ, ਖਾਸ ਕਰਕੇ ਪਿਛਲੀਆ ਦੋ ਸਦੀਆਂ ਵਿੱਚ। ਅਠਾਰਵੀਂ ਸਦੀ ਦੇ ਦੂਜੇ ਅੱਧ ਵਿੱਚ ਸਨਾਤਨ ਸਿੱਖੀ ਭਾਵ ਸਿੱਖੀ ਵਿੱਚ ਹਿੰਦੂ ਜਾਤ ਅਧਾਰਿਤ ਰੀਤਾਂ-ਰਸਮਾਂ ਦਾ ਹੌਲੀ-ਹੌਲੀ ਪ੍ਰਚਲਨ ਹੋ ਰਿਹਾ ਸੀ। ਉੱਨੀਵੀਂ ਸਦੀ ਦੇ ਅੰਤ ਤੱਕ ਇਸਨੇ ਬਹੁਤ ਭੈੜਾ ਰੂਪ ਅਖਤਿਆਰ ਕਰ ਲਿਆ। ਸਨਾਤਨ ਸਿੱਖੀ[41] ਦੇ ਚਿੰਨ੍ਹ ਸਭ ਤੋਂ ਪਹਿਲਾਂ ਸਿੱਖ ਗੁਰੂਆਂ ਦੇ ਪੂਰਵਜਾਂ ਸਬੰਧੀ ਲਿਖੇ ਇਤਿਹਾਸ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿੱਚ ਮਿਲਦੇ ਹਨ ਜਿਹੜੀ 1769 ਵਿੱਚ ਸਿਰੇ ਚੜ੍ਹੀ।[42] ਛਿੱਬਰ ਜੰਮੂ ਦੇ ਬ੍ਰਾਹਮਣ ਪਰਿਵਾਰ ਨਾਲ ਸਬੰਧਿਤ ਸੀ। ਉਹ ਗੁਰੂ ਗੋਬਿੰਦ ਸਿੰਘ ਦੀ ਤਾਕਤ ਤੇ ਸਫ਼ਲਤਾ ਨੂੰ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਦੀ ਦੇਣ ਮੰਨਦਾ ਹੈ। ਇਸੇ ਲਈ ਉਹ ਸਿੱਖ ਗੁਰੂਆਂ ਦੇ ਵੇਰਵਿਆਂ ਵਿੱਚ ਬ੍ਰਾਹਮਣਾਂ ਦੀ ਭੂਮਿਕਾ ਨੂੰ ਅਹਿਮ ਥਾਂ ਦਿੰਦਾ ਹੈ। ਆਰਿਫ਼ੀ ਆਪਣੀ ਕਿਤਾਬ ਦੇ ਸੌ ਤੋਂ ਵੱਧ ਸਫ਼ੇ ਛਿੱਬਰ ਦੀ ਕਿਤਾਬ ਦੀ ਪੁਣਛਾਣ ਲੇਖੇ ਲਾ ਦਿੰਦਾ ਹੈ ਤੇ ਉਸਦੇ ਕੰਮ ਤੋਂ ਖਿੱਝਕੇ ਕਹਿੰਦਾ ਹੈ ਕਿ ਇਹ ਲਿਖਤ ਸਿੱਖ ਗੁਰੂਆਂ ਦੇ ਦਰਸ਼ਨ ਖਿਲਾਫ਼ ਸਾਜ਼ਿਸ਼ ਹੈ ਕਿਉਂਕਿ ਇਸਦਾ ਉਦੇਸ਼ ਸਿਰਫ਼ ਤੇ ਸਿਰਫ਼ ਬ੍ਰਾਹਮਣੀ ਵਿਚਾਰਾਂ ਦਾ ਪ੍ਰਚਾਰ ਕਰਨਾ ਹੈ। ਇੱਥੋਂ ਤੱਕ ਕਿ ਇਹ ਝੂਠ ਦਾ ਪੁਲੰਦਾ ਹੈ ਜਿਸ ਵਿੱਚ 80–90 ਪ੍ਰਤੀਸ਼ਤ ਤਾਰੀਖਾਂ ਗਲਤ ਹਨ। ਗੁਰੂਆਂ ਦੇ ਸਿਧਾਂਤਾਂ ਅਤੇ ਰਵਾਇਤਾਂ ਤੇ ਬ੍ਰਾਹਮਣੀ ਰੰਗ ਚਾੜ੍ਹਿਆ ਹੋਇਆ ਹੈ।[43] ਇਤਿਹਾਸਕਾਰ ਜੇ. ਐਸ. ਗਰੇਵਾਲ ਵੀ ਛਿੱਬਰ ਦੀ ਲਿਖਤ ਦੀ ਨਿਖੇਧੀ ਕਰਦਾ ਹੈ ਤੇ ਇਸਨੂੰ ਸਿੱਖ ਪ੍ਰੰਪਰਾ ਦਾ ਬ੍ਰਾਹਮਣੀਕਰਨ ਕਰਨਾ ਕਹਿੰਦਾ ਹੈ। ਸੁਚੇਤ ਜਾਂ ਅਚੇਤ ਛਿੱਬਰ ਖਾਲਸੇ ਦੀ ਪ੍ਰੰਪਰਾ ਦਾ ਬ੍ਰਾਹਮਣੀਕਰਨ ਕਰਨ ਦੀ ਲਗਾਤਾਰ ਤੇ ਗੰਭੀਰ ਕੋਸਿਸ਼ ਕਰਦਾ ਹੈ।"[44]

ਕਿੱਡਾ ਵਿਅੰਗ ਹੈ ਕਿ ਹਿੰਦੂ ਜਾਤ ਕੇਂਦਰਿਤ ਰਹੁ-ਰੀਤਾਂ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਰਣਜੀਤ ਸਿੰਘ (1780–1839) ਦੇ ਰਾਜ ਵਿੱਚ ਸਿੱਖੀ ਅੰਦਰ ਆਈਆਂ। ਉੱਨੀਵੀਂ ਸਦੀ ਦੇ ਪਹਿਲੇ

ਦਹਾਕੇ ਤੱਕ ਵੀ ਖਾਲਸੇ ਦੀ ਸਾਂਝੀਵਾਲਤਾ ਵਾਲੀ ਭਾਵਨਾ ਕਾਇਮ ਰਹੀ, ਜਿਵੇਂ ਕਿ ਜੌਹਨ ਮੈਲਕਮ ਨੇ ਕਿਆਸਿਆ ਹੈ, "ਜਿੱਥੇ ਵੀ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦਾ ਬੋਲਬਾਲਾ ਹੈ, ਬ੍ਰਹਮਾ ਦੀ ਸੰਸਥਾ ਡਿੱਗ ਜਾਏਗੀ। ਨਵਧਰਮੀਆਂ ਦਾ ਦਾਖਲਾ, ਜਾਤ ਤੇ ਵਖਰੇਵੇਂ ਦਾ ਖਾਤਮਾ, ਸਿਵਾਇ ਗਾਂ ਦੇ ਸਭ ਤਰ੍ਹਾਂ ਦਾ ਮਾਸ ਖਾਣਾ, ਧਾਰਮਿਕ ਪੂਜਾ ਦਾ ਢੰਗ ਤੇ ਸਾਰੇ ਸਿੰਘਾਂ ਦਾ ਹਥਿਆਰਾਂ ਪ੍ਰਤੀ ਪ੍ਰੇਮ, ਇਹ ਸਾਰੇ ਹਿੰਦੂ ਮਿਥਿਹਾਸ ਨਾਲ ਮੇਲ ਨਹੀਂ ਖਾਂਦੇ। ਇਸੇ ਲਈ ਸਿੱਖ ਧਰਮ ਉੱਚ ਜਾਤੀਏ ਹਿੰਦੂਆਂ ਲਈ ਨਿੰਦਿਆਯੋਗ ਹੋ ਗਿਆ ਤੇ ਨਾਲ ਦੀ ਨਾਲ ਇਹ ਬਹੁਤ ਸਾਰੇ ਨੀਵੇਂ ਤਬਕਿਆਂ ਵਿੱਚ ਲੋਕਪ੍ਰਿਯ ਹੋ ਗਿਆ।[45]

ਰਣਜੀਤ ਸਿੰਘ ਦੇ ਇੱਕ ਸਿਪਾਹੀ ਹੈਨਰੀ ਸਟੈਨਬੈਕ ਨੇ ਉਸ ਗੱਲ ਦਾ ਬੜਾ ਚਤੁਰ ਨਿਰੀਖਣ ਕੀਤਾ ਹੈ ਜਿਸ ਵਿੱਚ ਮੈਲਕਮ ਦੇ ਬਿਆਨ ਬਾਅਦ ਬਦਲਾਅ ਆ ਗਿਆ ਸੀ, "ਰਣਜੀਤ ਸਿੰਘ ਦੁਆਰਾ ਗੈਰ-ਜ਼ਿੰਮੇਵਾਰ ਤਰੀਕੇ ਨਾਲ ਸੱਤਾ ਤੇ ਕਬਜ਼ੇ ਨੇ ਕਿਸੇ ਹੱਦ ਤੱਕ ਖਾਲਸੇ ਦੀ ਤਾਕਤ ਨੂੰ ਬਰਬਾਦ ਕਰ ਦਿੱਤਾ।"[46] ਇੱਕ ਹੋਰ ਯੂਰਪੀਨ ਯਾਤਰੀ ਬੈਰਨ ਚਾਰਲਸ ਹਿਊਗਲ ਨੇ ਦੇਖਿਆ ਕਿ ਰਣਜੀਤ ਸਿੰਘ ਦੇ ਸਮੇਂ ਹਿੰਦੂ ਰੀਤਾਂ-ਰਸਮਾਂ ਬੜੀ ਤੇਜ਼ੀ ਨਾਲ ਸਿੱਖ ਸੱਭਿਆਚਾਰ ਅੰਦਰ ਆ ਰਹੀਆਂ ਸਨ, ਜਿਸਨੇ ਇਹ ਵੀ ਨੋਟ ਕੀਤਾ ਕਿ "ਹਰ ਉਸ ਧਰਮ ਵਾਂਗ ਜੋ ਦੇਵਵਾਦ ਵਿੱਚ ਨਿਹਿੱਤ ਸੀ, ਸਿੱਖ ਧਰਮ ਪਹਿਲਾਂ ਹੀ ਭ੍ਰਸ਼ਟ ਹੋ ਗਿਆ ਹੈ : ਮੂਰਤੀ ਪੂਜਾ ਤੇ ਜਾਤਾਂ ਦਾ ਵਖਰੇਵਾਂ ਹੌਲੀ-ਹੌਲੀ ਉਹਨਾਂ ਦੀਆਂ ਮੁਢਲੀਆਂ ਸੰਸਥਾਵਾਂ ਵਿੱਚ ਘਰ ਕਰ ਰਿਹਾ ਹੈ।"[47]

ਮੁਸਲਮਾਨਾਂ ਲਈ ਮੱਕੇ ਵਾਂਗ ਹੀ ਸਵਰਨ ਮੰਦਰ ਸਿੱਖਾਂ ਲਈ ਸਭ ਤੋਂ ਪਵਿੱਤਰ ਸਥਾਨ ਹੈ। ਅਠਾਰਵੀਂ ਸਦੀ ਵਿੱਚ ਇਸਦੀ ਪਵਿੱਤਰਤਾ ਨੂੰ ਬਚਾਉਂਦਿਆਂ ਬਹੁਤ ਜਾਨਾਂ ਚਲੇ ਗਈਆਂ ਸਨ। ਇਸਨੇ ਪੰਜਾਬ ਦੇ ਸਿਆਸੀ ਤੇ ਧਾਰਮਿਕ ਜੀਵਨ ਵਿੱਚ ਏਨੀ ਮਹੱਤਤਾ ਪ੍ਰਾਪਤ ਕਰ ਲਈ ਸੀ ਕਿ ਰਣਜੀਤ ਸਿੰਘ ਨੇ ਗੁਰਮਤੇ ਨੂੰ ਬੰਦ ਕਰਕੇ ਇਸਦਾ ਪ੍ਰਬੰਧਕ ਆਪ ਥਾਪਣ ਦਾ ਹੱਕ ਪ੍ਰਾਪਤ ਕਰ ਲਿਆ। ਇਸੇ ਗੱਲ ਨੂੰ ਪੰਜਾਬ ਦੇ ਇੱਕ ਬਾਅਦ ਦੇ ਸ਼ਾਸ਼ਕ ਲੈਫਟੀਨੈਂਟ ਗਵਰਨਰ ਸਰ ਰਾਬਰਟ ਐਗਰਟਨ ਨੇ ਵੀ 1881 ਵਿੱਚ ਪ੍ਰਬੰਧਕ ਥਾਪਣ ਸਮੇਂ ਜਾਰੀ ਰੱਖਿਆ।[48] ਇਸ ਸਮੇਂ ਤੱਕ ਮਹੰਤ ਪਹਿਲਾਂ ਹੀ ਸਵਰਨ ਮੰਦਿਰ ਦੀ ਹੱਦ ਅੰਦਰ ਆਪਣੀਆਂ ਗੈਰ-ਸਿੱਖ ਪ੍ਰੰਪਰਾਵਾਂ ਸ਼ੁਰੂ ਕਰ ਚੁੱਕੇ ਸਨ ਤੇ ਅੰਮ੍ਰਿਤਸਰ ਡਿਵੀਜ਼ਨ ਦਾ ਕਮਿਸ਼ਨਰ, ਰੌਬਰਟ ਨੀਦਮ ਕੱਸਟ 1858 ਤੱਕ ਇਹ ਅੰਦਾਜ਼ਾ ਲਾ ਲੈਂਦਾ ਸੀ ਕਿ ਇਸ ਧਰਮ ਵਿੱਚ ਅੱਗੇ ਕੀ ਹੋਣ ਵਾਲਾ ਹੈ। ਉਸਨੇ ਦੇਖਿਆ ਕਿ "ਰਾਜ ਵਲੋਂ ਕੋਈ ਮਦਦ ਨਾ ਹੋਣ ਕਾਰਨ ਤੇ ਇਸਦੇ ਰਖਵਾਲਿਆਂ ਵਲੋਂ ਆਪ ਹੀ ਲੁੱਟੇ ਜਾਣ ਕਾਰਨ, ਆਉਣ ਵਾਲੇ ਸਮੇਂ ਵਿੱਚ ਸਵਰਨ ਮੰਦਿਰ ਤਬਾਹ ਹੋ ਜਾਵੇਗਾ; ਬਾਬੇ ਨਾਨਕ ਦੁਆਰਾ ਸ਼ੁਰੂ ਕੀਤੇ ਗਏ ਪੰਥ ਦੀ ਹੋਂਦ ਹੀ ਖਤਮ ਹੋ ਜਾਵੇਗੀ, ਗੁਰੂ ਗੋਬਿੰਦ ਸਿੰਘ ਵੱਲੋਂ ਸਿਰਜਿਆ ਰਾਸ਼ਟਰਵਾਦ ਖਿੰਡ ਜਾਵੇਗਾ ਅਤੇ ਨਵੇਂ ਤੇ ਕੱਟੜ ਸਿੱਖ ਨਿਰਉਤਸ਼ਾਹੀ ਹੋਣ ਕਾਰਨ ਸਿੱਖ ਧਰਮ ਫੇਰ ਤੋਂ ਆਲਸੀ ਹਿੰਦੂਆਂ ਦੇ ਕਲਾਵੇ ਵਿੱਚ ਚਲਾ ਜਾਵੇਗਾ।"[49] ਸਵਰਨ ਮੰਦਿਰ ਵਿੱਚ ਮੂਰਤੀਆਂ ਰੱਖੀਆਂ ਗਈਆਂ ਤੇ ਦਲਿਤਾਂ ਨੂੰ ਸਰੋਵਰ ਵਿੱਚ ਇਸ਼ਨਾਨ ਕਰਨੋਂ ਰੋਕ ਦਿੱਤਾ ਗਿਆ। 1877 ਵਿੱਚ ਸਵਰਨ ਮੰਦਿਰ ਦੇ ਕਰਮਚਾਰੀਆਂ ਵਿੱਚ ਘਬਰਾਹਟ ਫੈਲ ਗਈ ਜਦੋਂ ਕੁਝ ਮਜ਼ਹਬੀ ਸਿਪਾਹੀਆਂ ਤੇ ਉਹਨਾਂ ਦੇ ਪਰਿਵਾਰਾਂ ਨੇ ਸਰੋਵਰ 'ਚ ਇਸ਼ਨਾਨ ਕਰਨ ਦੀ ਕੋਸ਼ਿਸ਼ ਕੀਤੀ।[50] ਭਾਰਤੀ ਮਹਾਂਕਾਵਿਾਂ, ਰਹੱਸਵਾਦ, ਭਗਤੀ ਤੇ ਇਸ ਨਾਲ ਸਬੰਧਿਤ ਹੋਰ ਵਿਸ਼ਿਆਂ ਦੇ ਗੰਭੀਰ ਵਿਦਿਆਰਥੀ ਜੌਹਨ ਓਮਾਨ ਕੈਂਬੈਲ ਨੇ ਵੀ ਵੀਂਹਵੀਂ ਸਦੀ ਦੇ ਸ਼ੁਰੂ 'ਚ ਸਿੱਖ ਧਰਮ ਅੰਦਰ ਆਈ ਗਿਰਾਵਟ ਨੂੰ ਮਹਿਸੂਸ ਕੀਤਾ। ਆਪਣੀਆਂ ਸਵਰਨ ਮੰਦਿਰ ਦੀਆਂ

ਬਹੁਤ ਸਾਰੀਆਂ ਫੇਰੀਆਂ ਦੌਰਾਨ ਓਮਾਨ ਨੇ ਇਸਦੀ ਹੱਦ ਅੰਦਰ ਬਹੁਤ ਸਾਰੀਆਂ ਹਿੰਦੂ ਰਸਮਾਂ ਵੱਲ ਧਿਆਨ ਦਿੱਤਾ। ਅਕਾਲ ਬੁੰਗੇ ਸਾਹਮਣੇ ਦੁਸਹਿਰੇ ਦੇ ਤਿਉਹਾਰ ਮੌਕੇ ਬੱਕਰੇ ਵੱਢੇ ਜਾਂਦੇ ਸਨ। ਉਸਨੇ ਦੇਖਿਆ ਕਿ ਸਰੋਵਰ ਦੇ ਉੱਤਰੀ ਸਿਰੇ ਤੇ ਇੱਕ ਬ੍ਰਾਹਮਣ ਗਣੇਸ਼ ਤੇ ਕ੍ਰਿਸ਼ਨ ਦੀਆਂ ਛੋਟੀਆਂ-ਛੋਟੀਆਂ ਮੂਰਤੀਆਂ ਦੀ ਪੂਜਾ ਕਰ ਰਿਹਾ ਸੀ। ਤਲਾਅ ਦੇ ਉੱਤਰੀ-ਪੂਰਬੀ ਸਿਰੇ ਤੇ ਬਣਾਏ ਮੰਦਿਰ 'ਚ ਸ਼ਿਵਲਿੰਗ ਰੱਖਿਆ ਹੋਇਆ ਸੀ ਤੇ ਪੂਰਬੀ ਸਿਰੇ ਵਾਲੇ ਦੇਵੀ ਦੇ ਮੰਦਿਰ ਵਿੱਚ ਪੁਜਾਰੀ ਵੱਖਰੇ ਤੌਰ ਤੇ ਪੂਜਾ ਕਰ ਰਿਹਾ ਸੀ। ਇਕ ਹੋਰ ਪੁਜਾਰੀ ਨੇ ਸ਼ਿਲਾ ਤੇ ਬਦਰੀਨਾਥ ਦੀ ਤਸਵੀਰ ਰੱਖੀ ਹੋਈ ਸੀ, ਜਦਕਿ ਇੱਕ ਸ਼ਿਲਾ ਤੇ ਤੁਲਸੀ ਦੀ ਪੂਜਾ ਕਰ ਰਿਹਾ ਸੀ। ਕੁਝ ਹੋਰ ਪੁਜਾਰੀ ਬੜੇ ਅਰਾਮ ਨਾਲ ਗੁਰਦੁਆਰੇ ਦੀ ਹੱਦ ਅੰਦਰ ਬੈਠੇ ਸਨ। ਉਹ ਸੰਖ ਨਾਲ ਉੱਚੀਆਂ-ਉੱਚੀਆਂ ਅਵਾਜ਼ਾਂ ਕੱਢ ਰਹੇ ਸਨ, ਜਿਸ ਵਿੱਚੋਂ ਤਿੰਨ ਜਾਂ ਚਾਰ ਅਲੱਗ-ਅਲੱਗ ਤਰ੍ਹਾਂ ਦੀਆਂ ਧੁਨਾਂ ਆ ਰਹੀਆਂ ਸਨ।[51] ਸਵਰਨ ਮੰਦਿਰ ਵਾਲੇ ਅਧਿਆਇ ਦੇ ਆਪਣੇ ਅਖੀਰਲੇ ਪੈਰ੍ਹੇ ਵਿੱਚ ਉਹ ਦੱਸਦਾ ਹੈ ਕਿ ਮੋਹਰੀ ਦਲ ਜੋ ਸਿੰਘ ਸਭਾ ਦੇ ਤਿੱਖੇ ਮੈਂਬਰਾਂ ਵੱਲ ਇਸ਼ਾਰਾ ਕਰਦਾ ਸੀ, ਉਹ 1905 ਵਿੱਚ ਹਿੰਦੂ ਮੂਰਤੀਆਂ ਨੂੰ ਹਟਾਉਣ ਵਿੱਚ ਕਾਮਯਾਬ ਰਹੇ। ਪਰ ਉਹ ਲਿਖਦਾ ਹੈ, "ਤਦ ਵੀ ਅਖੀਰਲੇ ਸਾਲ (1907) ਵਿੱਚ ਸਪਸ਼ਟ ਤੌਰ ਤੇ ਇੱਕ ਬਹੁਤ ਹੀ ਸਿਆਣੇ ਸਿਵਲ ਤੇ ਮਿਲਟਰੀ ਗਜ਼ਟੀਅਰ ਲਾਹੌਰ ਦੇ ਲੇਖਕ ਨੇ ਇਸ ਸਚਾਈ ਤੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਿੱਖੀ ਅਤੇ ਹਿੰਦੂਵਾਦ ਵਿੱਚ ਖਾਸ ਫ਼ਰਕ ਘਟ ਰਹੇ ਹਨ। ਇਹ ਇਸ ਗੱਲ ਵੱਲ ਇਸ਼ਾਰਾ ਸੀ ਜਿਸ ਤੇ ਮੈਂ ਕੁਝ ਸਾਲ ਪਹਿਲਾਂ ਆਪਣੇ ਤੌਰ ਤੇ ਹੀ ਪਹੁੰਚਿਆ ਸੀ।[52]

ਜਾਤੀ ਨਿਰਾਦਰ ਤੇ ਛੂਆ ਛੂਤ ਹਿੰਦੂ ਧਰਮ ਦਾ ਕੇਂਦਰੀ ਥੀਮ ਹੈ। ਕਿਸੇ ਵਿਅਕਤੀ, ਸੰਸਥਾ ਜਾਂ ਵਿਚਾਰਧਾਰਾ ਵੱਲੋਂ ਇਸਤੇ ਸਵਾਲ ਕਰਨ ਵਾਲੇ ਨੂੰ ਦੁਸ਼ਮਣ ਸਮਝਕੇ ਉਸਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਂਦੀ। 1920 ਵਿੱਚ ਏ. ਈ. ਬਾਰਸਟੋਅ ਨੇ ਲਿਖਿਆ ਕਿ ਸਿੱਖ ਧਰਮ ਦੇ ਵਿਰੋਧ ਵਿੱਚ 'ਹਿੰਦੂ ਧਰਮ ਨੇ ਆਪਣੇ ਲਚਕੀਲੇ ਸੁਭਾਅ ਕਾਰਨ ਸਿੱਖੀ ਦੇ ਵੱਡੇ ਹਿੱਸੇ ਨੂੰ ਦੁਆਰਾ ਆਪਣੇ ਆਪ ਵਿੱਚ ਜਜ਼ਬ ਕਰ ਲਿਆ ਸੀ, ਜਿਵੇਂ ਕਿ ਪਹਿਲਾਂ ਇਸਨੇ ਬੁੱਧ ਧਰਮ ਨੂੰ ਜਜ਼ਬ ਕੀਤਾ ਸੀ ਬਜਾਇ ਇਸਦੇ ਕਿ ਇਹ ਧਰਮ ਜਾਤ ਅਤੇ ਬ੍ਰਾਹਮਣ ਧਰਮ ਦੀ ਸਰਵਉੱਚਤਾ ਦਾ ਡਟਕੇ ਵਿਰੋਧ ਕਰਦਾ ਸੀ।[53] ਵਿਦਵਾਨ ਤੇ ਸੁੱਘੜ ਭਗਤ ਲਕਸ਼ਮਨ ਸਿੰਘ (1863-1944) ਜੋ ਨਵਾਂ-ਨਵਾਂ ਸਿੱਖ ਬਣਿਆ ਸੀ ਦਾ ਵਿਸ਼ਵਾਸ਼ ਸੀ ਕਿ ਸਿੱਖ ਨਸਲ ਦਾ ਬ੍ਰਾਹਮਣੀਕਰਨ ਸਿੱਖ ਰਾਜ ਦੀ ਸਥਾਪਨਾ ਤੋਂ ਬਾਅਦ ਹੋਇਆ। ਉੱਚ ਜਾਤੀ ਦੇ ਹਿੰਦੂਆਂ ਨੇ ਨਵੀਂ ਸ਼ਕਤੀ ਨਾਲ ਰਲਣ ਵਿੱਚ ਪਹਿਲ ਕੀਤੀ ਤੇ ਉਹਨਾਂ 'ਚ ਸਮਝੌਤਾ ਹੋ ਗਿਆ ਜਿਸ ਰਾਹੀਂ ਸਿੱਖਾਂ ਨੇ ਆਪਣੇ ਕ੍ਰਾਂਤੀਕਾਰੀ ਪ੍ਰੋਗਰਾਮ ਦਾ ਤਿਆਗ ਕਰ ਦਿੱਤਾ।[54] ਸਿੱਖਾਂ ਨੇ ਆਪਣੀ ਅਲੱਗ ਪਹਿਚਾਣ ਤਿਆਗਣੀ ਸ਼ੁਰੂ ਕਰ ਦਿੱਤੀ। ਖੁਸ਼ਵੰਤ ਸਿੰਘ ਇਹ ਮੰਨਣ ਵਿੱਚ ਬੜਾ ਬੇਬਾਕ ਹੈ ਕਿ "ਸਿੱਖੀ ਜਾਤ ਪ੍ਰਥਾ ਨੂੰ ਤੋੜਨ ਵਿੱਚ ਸਫ਼ਲ ਨਹੀਂ ਹੋਈ...ਤੇ ਉੱਚੀ ਜਾਤੀ ਦੇ ਸਿੱਖਾਂ ਨੇ ਅਛੂਤ ਸਿੱਖਾਂ ਨਾਲ ਖਾਣ-ਪੀਣ ਤੋਂ ਇਨਕਾਰ ਕਰ ਦਿੱਤਾ ਤੇ ਪਿੰਡਾਂ ਵਿੱਚ ਉਹਨਾਂ ਲਈ ਵੱਖਰੇ ਖੂਹ ਬਣਾ ਦਿੱਤੇ।"[55]

ਸਾਡੇ ਕੋਲ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਦੀਆਂ ਅਖ਼ਬਾਰਾਂ ਦੇ ਕੁਝ ਹਵਾਲੇ ਹਨ ਜਿਹੜੇ ਸਿੱਖੀ ਦੇ ਹਿੰਦੂਕਰਨ ਨਾਲ ਆਈਆਂ ਸਮੱਸਿਆਵਾਂ ਦਾ ਸਬੂਤ ਦਿੰਦੇ ਹਨ। ਦਲਿਤ ਸਿੱਖਾਂ ਨੇ ਜਾਂ ਤਾਂ ਆਰੀਆ ਸਮਾਜੀਆਂ ਵੱਲੋਂ ਪ੍ਰਚਾਰੇ ਜਾਂਦੇ ਜਾਤਪਾਤ ਰਹਿਤ ਅਖੌਤੀ ਹਿੰਦੂ ਵੈਦਿਕ ਧਰਮ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਜਾਂ ਫਿਰ ਈਸਾਈ ਬਨਣ ਲੱਗੇ। ਇਸਨੇ ਸਿੱਖ ਸੁਧਾਰਕਾਂ ਨੂੰ ਜਾਤੀ ਨਾਬਰਾਬਰੀ ਦੇ ਮੁੱਦੇ ਤੇ ਗੱਲ ਕਰਨ ਤੇ ਇਸ ਤੂਫ਼ਾਨ ਨੂੰ ਕੁਝ ਕੁ ਠੱਲਣ ਲਈ ਮਜ਼ਬੂਰ ਕੀਤਾ। ਸਿੰਘ ਸਭਾਵਾਂ ਨੇ

ਇਹ ਪ੍ਰਕਿਰਿਆ ਸ਼ੁਰੂ ਕੀਤੀ, ਪਰ ਜਾਤੀ ਵਖਰੇਵੇਂ ਮਨਾਂ ਵਿੱਚ ਡੂੰਘੇ ਧਸੇ ਹੋਣ ਕਾਰਨ ਇਸ ਨਾਲ ਕੋਈ ਫਰਕ ਨਹੀਂ ਪਿਆ। ਸਿੱਖ ਪ੍ਰੈਸ ਨੇ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਇੱਕ ਸੰਪਾਦਕੀ ਜਿਸਦਾ ਟਾਈਟਲ ਸੀ "ਈਸਾਈ ਹੋਣ ਦੇ ਕਾਰਨ" ਜੋ ***ਪੰਜਾਬ ਦਰਪਨ*** ਦੇ 10 ਅਕਤੂਬਰ 1917 ਦੇ ਅੰਕ ਵਿੱਚ ਛਪਿਆ ਸੀ ਰਾਹੀਂ ਸਿੱਖਾਂ ਨੂੰ ਆਪਣੇ ਤੌਰ-ਤਰੀਕਿਆਂ ਵਿੱਚ ਸੁਧਾਰ ਕਰਨ ਲਈ ਕਿਹਾ ਗਿਆ ਸੀ।



**ਭਾਈ ਜੈਤਾ ਜੀ**

"ਪਿਛਲੇ ਅੱਠ ਮਹੀਨਿਆਂ ਵਿੱਚ 1600 ਹਿੰਦੂ ਈਸਾਈ ਬਣ ਗਏ ਹਨ... ਇਸ ਮਿਸ਼ਨ ਲਈ ਪਾਦਰੀਆਂ ਨੇ ਆਪਣੇ ਮਿਸ਼ਨ ਕਾਲਜਾਂ ਦੀਆਂ ਪ੍ਰੋਫੈਸਰੀਆਂ ਤੱਕ ਤਿਆਗ ਦਿੱਤੀਆਂ, ਜਿਵੇਂ ਉਹਨਾਂ ਨੇ ਆਪਣੀਆਂ ਚਰਚਾਂ ਵਿਚਲੀਆਂ ਸਹੂਲਤਾਂ ਨੂੰ ਛੱਡਿਆ ਸੀ। ਇਸਦੀ ਸਿੱਖ ਸਮਾਜ ਨਾਲ ਤੁਲਨਾ ਕਰੋ: ਹਜ਼ਾਰਾਂ ਨਵੇਂ ਬਣੇ ਸਿੱਖ ਜਿਹਨਾਂ ਨੂੰ ਮਜ਼ਹਬੀ, ਰਾਮਦਾਸੀਏ ਤੇ ਸਾਜ਼ਾਂ ਤੇ ਬਾਣੀ ਗਾਉਣ ਵਾਲੇ ਬਾਸਿਠ ਕਿਹਾ ਜਾਂਦਾ ਸੀ। ਪਰ ਉੱਚੀ ਜਾਤੀ ਦੇ ਸਿੱਖ ਹਮੇਸ਼ਾਂ ਉਹਨਾਂ ਤੇ ਜ਼ੁਲਮ ਕਰਦੇ ਜੋ ਸਿਰਫ਼ ਰੋਜ਼ੀ-ਰੋਟੀ ਲਈ ਆਪਣੀ ਮਿਹਨਤ ਕਰਦੇ ਸਨ... ਤੇ ਅਨਪੜ੍ਹ ਸਿੱਖ ਇਹਨਾਂ ਨੂੰ ਮੁਸਲਮਾਨਾਂ ਨਾਲੋਂ ਵੀ ਵੱਧ ਨਫ਼ਰਤ ਕਰਦੇ ਸਨ। ਪਿੰਡਾਂ ਵਿੱਚ ਸਿੱਖ ਸਰਦਾਰਾਂ, ਲੰਬੜਦਾਰਾਂ ਅਤੇ ਜ਼ੈਲਦਾਰਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਆਪਣੇ ਧਰਮ ਭਰਾਵਾਂ ਨੂੰ ਬੁਰਾ-ਭਲਾ ਕਹਿਕੇ ਆਪਣੇ ਦੁਸ਼ਮਣ ਬਣਾਈ ਜਾਣ ਦੀ ਥਾਂ ਉਹਨਾਂ ਨਾਲ ਰਲ ਕੇ ਰਹਿਣ।[56]

ਪੜ੍ਹੇ-ਲਿਖੇ ਸਿੱਖਾਂ ਵਿੱਚ ਛੂਆ ਛੂਤ ਦੇ ਇਸ ਜ਼ਹਿਰ ਪ੍ਰਤੀ ਚਿੰਤਾ ਬਹੁਤ ਸਾਰੇ ਜਾਤ ਕੇਂਦਰਿਤ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਦਿਖਾਈ ਦਿੰਦੀ ਹੈ। ਸੇਵਾ ਸਿੰਘ ਬੀ.ਏ. ਨਾਂਅ ਦੇ ਇੱਕ ਪਾਠਕ ਨੇ 1923 ਵਿੱਚ ***ਖਾਲਸਾ ਅਖ਼ਬਾਰ*** ਨੂੰ ਚਿੱਠੀ ਲਿਖੀ ਜਿਸ ਵਿੱਚ ਉਸਨੇ ਸਿੱਖਾਂ ਨੂੰ ਛੂਆ ਛੂਤ ਦੀ ਸਮੱਸਿਆ ਵੱਲ ਧਿਆਨ ਦੇਣ ਲਈ ਕਿਹਾ ਸੀ।[57] ਆਰੀਆ ਸਮਾਜ ਦਾ ਹਵਾਲਾ ਦਿੰਦਿਆਂ ਲੇਖਕ ਨੇ ਅਛੂਤ ਜਾਤਾਂ ਦੇ ਵਿਕਾਸ ਲਈ ਦੀਵਾਨ ਲਾਉਣ ਲਈ ਕਿਹਾ। ***ਖਾਲਸਾ ਅਖ਼ਬਾਰ*** ਨੇ 21 ਜੂਨ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਸ਼ੁੱਧੀ ਲਈ ਲੱਗੇ ਦੀਵਾਨ ਦੀ ਰਿਪੋਰਟ 24 ਜੂਨ, 1923 ਨੂੰ ਛਾਪੀ ਸੀ। ਦੀਵਾਨ ਦਾ ਮਕਸਦ ਸਿਰਫ਼ ਤੇ ਸਿਰਫ਼ ਛੂਤ ਛਾਤ ਨੂੰ ਖਤਮ ਕਰਨਾ ਸੀ। ਰਿਪੋਰਟ ਵਿੱਚ ਕਿਹਾ ਗਿਆ ਸੀ:

"ਦੀਵਾਨ ਦੇ ਸਕੱਤਰ ਸਰਦਾਰ ਦਲੀਪ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਵੱਲੋਂ ਸਿੱਖ

ਬਣਾਏ ਮਜ਼੍ਹਬੀ, ਰਾਮਦਾਸੀਏ ਤੇ ਚੂਹੜਿਆਂ ਨੂੰ ਲੰਗਰ ਵਿੱਚ ਨਹੀਂ ਵੜਨ ਦਿੱਤਾ ਜਾਂਦਾ ਤੇ ਨਾ ਹੀ ਗੁਰਦੁਆਰਿਆਂ ਵਿੱਚ ਉਹਨਾਂ ਦਾ ਪ੍ਰਸਾਦ ਸਵੀਕਾਰ ਕੀਤਾ ਜਾਂਦਾ ਹੈ। ਇਸੇ ਬਿਮਾਰੀ ਦੇ ਇਲਾਜ ਲਈ ਅੱਜ ਦਾ ਦੀਵਾਨ ਲਗਾਇਆ ਗਿਆ ਹੈ।...

ਬਾਅਦ ਵਿੱਚ ਭਾਈ ਮਹਿਤਾਬ ਸਿੰਘ ਬੀਰ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਾਡੀ ਨਲਾਇਕੀ ਕਾਰਨ ਸੈਂਕੜੇ ਅਛੂਤ ਭਰਾ ਦੂਸਰੇ ਧਰਮਾਂ ਵਾਲਿਆਂ ਵੱਲੋਂ ਵਰਗਲਾ ਲਏ ਗਏ ਹਨ। 1923 ਵਿੱਚ 25 ਤੇ ਉਸਤੋਂ ਬਾਅਦ 10000 ਹੋਰ ਰਹਿਤੀਏ ਆਰੀਆ ਸਮਾਜੀ ਬਣ ਗਏ।[58]

ਉਸ ਸਮੇਂ ਤੱਕ ਸਿੱਖ ਲੀਡਰਸ਼ਿਪ ਬ੍ਰਾਹਮਣ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਮੁਕਤ ਕਰਾਉਣ ਵਿੱਚ ਏਨਾ ਰੁੱਝ ਗਈ ਕਿ ਸਿੱਖ ਮਨਾਂ 'ਚੋਂ ਜਾਤੀਵਾਦ ਨੂੰ ਕੱਢਣ ਦਾ ਏਜੰਡਾ ਇੱਕ ਪਾਸੇ ਹੀ ਰਹਿ ਗਿਆ। ਇਹਨਾਂ ਬੇਵੱਸ ਹਾਲਤਾਂ ਵਿੱਚ, ਸਵਰਨ ਮੰਦਿਰ ਦੇ ਮੁੱਖ ਗ੍ਰੰਥੀ ਭਾਈ ਪ੍ਰਤਾਪ ਸਿੰਘ ਨੂੰ ਇਸ ਮੁੱਦੇ ਤੇ ਇਕ ਲੇਖ ਲਿਖਣਾ ਪਿਆ।[59] ਸਿੱਖ ਪ੍ਰੰਪਰਾ ਵਿੱਚ ਛੂਆ ਛੂਤ ਵਿਰੁੱਧ ਧਾਰਮਿਕ ਤੇ ਵਿਹਾਰਿਕ ਮੁੱਦਿਆਂ ਦੇ ਨਾਲ-ਨਾਲ, ਉਹਨਾਂ ਨੇ 1921 ਤੋਂ 1923 ਤੱਕ ਐਸ.ਜੀ.ਪੀ.ਸੀ. ਦੀਆਂ ਛੂਤਛਾਤ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਵੀ ਸੰਖੇਪ ਵਿੱਚ ਲਿਖਿਆ।

ਡਾ. ਬੀ ਆਰ ਅੰਬੇਦਕਰ ਦੀ ਸਿੱਖਾਂ ਨਾਲ ਗੱਲਬਾਤ ਵੀ ਇੱਕ ਅਜਿਹਾ ਕਾਰਨ ਸੀ ਜਿਸਨੇ ਛੂਤਛਾਤ ਦਾ ਵਿਰੋਧ ਕਰਦੇ ਸਿੱਖ ਸੁਧਾਰਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ। ਇਹ ਉਸ ਸਮੇਂ ਸ਼ੁਰੂ ਹੋਇਆ ਜਦੋਂ ਡਾ. ਅੰਬੇਦਕਰ ਨੇ 1936 ਵਿੱਚ ਦਲਿਤਾਂ ਲਈ ਸਿੱਖੀ ਵਿੱਚ ਰਲਕੇ ਇੱਜ਼ਤ-ਮਾਣ ਵਾਲੀ ਜ਼ਿੰਦਗੀ ਜਿਉਣ ਬਾਰੇ ਵਿਚਾਰ ਕੀਤੀ। ਸਰਦਾਰ ਅਮਰ ਸਿੰਘ, ਸਕੱਤਰ ਸ਼੍ਰੀ ਗੁਰੂ ਸਿੰਘ ਸਭਾ ਸ਼ਿਲੋਂਗ (ਅਸਾਮ) ਨੇ ਮਾਰਚ 17 ਅਤੇ 22, 1936 ਨੂੰ ***ਖਾਲਸਾ ਸਮਾਚਾਰ*** ਵਿੱਚ ਦੋ ਲੇਖ ਲਿਖੇ (ਇਹਨਾਂ ਲੇਖਾਂ ਦਾ ਸਿਰਲੇਖ ਸੀ 'ਸਿੱਖਾਂ ਦੀ ਅਛੂਤਾਂ ਵਿੱਚ ਪ੍ਰਚਾਰ ਕਰਨ ਦੀ ਲੋੜ ਤੇ ਇਸ ਲਈ ਕੁਝ ਸੁਝਾਅ')।[60] ***ਖਾਲਸਾ ਸਮਾਚਾਰ*** ਦੇ 7 ਮਾਰਚ, 1936 ਦੇ ਇੱਕ ਲੇਖ ਤੋਂ ਪਤਾ ਲੱਗਦਾ ਹੈ ਕਿ ਡਾ. ਅੰਬੇਦਕਰ ਨੇ ਐਸ.ਜੀ.ਪੀ.ਸੀ. ਨੂੰ ਚਿੱਠੀ ਲਿਖੀ, ਪਰ ਅਫ਼ਸੋਸ ਜ਼ਾਹਿਰ ਕਰਦਾ ਹੈ ਕਿ ਕਮੇਟੀ ਦਾ ਰਵੱਈਆ ਸੰਤੁਸ਼ਟੀਜਨਕ ਨਹੀਂ ਸੀ। ਇਸ ਲੇਖ ਵਿੱਚ ਸਿੱਖਾਂ ਦੀ ਲਾਪਰਵਾਹੀ ਤੇ ਵਿਅੰਗ ਕਰਦਿਆਂ ਕਿਹਾ ਗਿਆ ਹੈ ਕਿ ਉਹ ਲਿਖਤਾਂ ਚ ਫੜ੍ਹਾਂ ਮਾਰੀ ਜਾਂਦੇ ਹਨ; ਕੋਈ ਅਮਲੀ ਕਦਮ ਨਹੀਂ ਪੁੱਟਿਆ ਗਿਆ।[61]

ਸਿੱਖੀ ਵਿੱਚ ਵੀ ਜਾਤ ਅਤੇ ਛੂਤਛਾਤ ਸਬੰਧੀ ਦਲਿਤ ਅਵਾਜ਼ਾਂ ਹੀ ਜ਼ੋਰ ਨਾਲ ਉੱਠਦੀਆਂ ਹਨ। ਪੰਡਿਤ ਬਖ਼ਸ਼ੀ ਰਾਮ, ਜੋ ਉਨੀਵੀਂ ਸਦੀ ਦੇ ਅਖੀਰ ਵਿੱਚ ਬਾਲਮੀਕ ਪਰਿਵਾਰ ਵਿੱਚ ਪੈਦਾ ਹੋਇਆ, ਆਪਣੀਆਂ ਯਾਦਾਂ ਵਿੱਚ ਅਛੂਤਾਂ ਦੀਆਂ ਹਾਲਤਾਂ ਬਾਰੇ ਦੱਸਦਾ ਹੈ। ਉਹ ਆਪਣੇ ਪਿੰਡ ਦੀਆਂ ਦੋ ਘਟਨਾਵਾਂ ਦਾ ਇਹ ਦੱਸਣ ਲਈ ਜ਼ਿਕਰ ਕਰਦਾ ਹੈ ਕਿ ਪਿੰਡ ਦੇ ਪ੍ਰਭਾਵਸ਼ਾਲੀ ਜੱਟਾਂ ਦਾ ਦਲਿਤਾਂ ਪ੍ਰਤੀ ਵਤੀਰਾ ਕਿਹੋ-ਜਿਹਾ ਸੀ। ਇੱਕ ਵਾਰ ਕਿਸੇ ਰਹਿਤੀਏ (ਦਲਿਤ ਜੋ ਸਿੱਖੀ ਅਸੂਲਾਂ ਨੂੰ ਮੰਨਦਾ ਸੀ) ਮੁੰਡੇ ਨੂੰ ਜੱਟ ਮੁੰਡਿਆਂ ਨੇ ਇਸ ਕਰਕੇ ਕੁੱਟਿਆ ਕਿ ਉਹ ਪਿੰਡ ਦੇ ਸਕੂਲ ਵਾਲੇ ਖੂਹ ਤੋਂ ਪਾਣੀ ਕੱਢ ਰਿਹਾ ਸੀ। ਇੱਕ ਹੋਰ ਘਟਨਾ ਵਿੱਚ ਜਦੋਂ ਰਹਿਤੀਏ ਮੁੰਡੇ ਦੇ ਵਿਆਹ ਤੇ ਆਏ ਪ੍ਰਾਹੁਣੇ ਪਿੰਡ ਦੇ ਛੱਪੜ 'ਚ ਜੰਗਲ-ਪਾਣੀ ਬਾਅਦ ਹੱਥ ਧੋ ਰਹੇ ਸਨ ਤਾਂ ਜੱਟਾਂ ਨੇ ਉਹਨਾਂ ਨੂੰ ਬਹੁਤ ਕੁੱਟਿਆ।[62] "ਛੂਤਛਾਤ ਜੱਟ ਪ੍ਰਭਾਵ ਵਾਲੇ ਪਿੰਡਾਂ ਵਿੱਚ ਮਨਾਂ ਚ ਡੂੰਘੀ ਧਸੀ ਹੋਈ ਸੀ," ਬਖਸ਼ੀ ਰਾਮ ਪੁੱਛਦਾ ਹੈ, "ਜਾਤਪਾਤ ਮੰਨਣੀ, ਛੂਤ ਛਾਤ ਕਰਨੀ ਕੀ ਇਹ ਗੁਰਮਤ ਦੇ ਉਲਟ ਅਵਗਿਆ ਕਰਨਾ ਮਨ ਮਤ ਨਹੀਂ?"[63] ਇਹ ਦੇਖਦਿਆਂ ਕਿ ਅਜ਼ਾਦੀ ਬਾਅਦ ਜੱਟਾਂ ਨੇ ਦਲਿਤਾਂ ਦੀਆਂ

ਆਰਥਿਕ ਮੰਗਾਂ ਦਾ ਵਿਰੋਧ ਕਰਦਿਆਂ, ਪੰਜਾਬ ਦੀ ਸਿਆਸਤ ਤੇ ਆਰਥਿਕਤਾ ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ, ਬਖਸ਼ੀ ਰਾਮ ਪੁੱਛਦਾ ਹੈ, "ਜੱਟ ਸਿੱਖ ਫ਼ਸਲਾਂ ਦੇ ਜ਼ਿਆਦਾ ਭਾ ਮੰਗਦੇ ਹਨ ਤੇ ਖੇਤ ਮਜ਼ਦੂਰਾਂ ਦਾ ਕੋਈ ਹੱਕ ਨਹੀਂ ਕਿ ਉਨ੍ਹਾਂ ਨੂੰ ਵਧ ਉਜ਼ਰਤ ਦਿੱਤੀ ਜਾਵੇ? ਜੇ ਉਹ ਉਜ਼ਰਤ ਲਈ ਘੋਲ ਕਰਦੇ ਹਨ, ਤਾਂ ਉਨ੍ਹਾਂ ਦਾ ਬਾਈ ਕਾਟ ਕੀਤਾ ਜਾਂਦਾ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਜੇ ਅਕਾਲੀ ਵਧ ਅਧਿਕਾਰਾਂ ਲਈ ਮੋਰਚਾ ਲਾਉਂਦੇ ਹਨ ਤਾਂ ਦਲਤ ਜਾਤੀਆਂ ਦਾ ਕੋਈ ਹੱਕ ਨਹੀਂ ਕਿ ਉਹ ਵੀ ਆਪਣੇ ਲਈ ਕੁਛ ਮੰਗਣ?[64]

ਪ੍ਰਸਿੱਧ ਪੰਜਾਬੀ ਕਹਾਣੀਕਾਰ ਪ੍ਰੇਮ ਗੋਰਖੀ ਜੋ ਦਿਹਾੜੀਦਾਰ ਤੋਂ ਪੜ੍ਹਦਿਆਂ-ਪੜ੍ਹਦਿਆਂ ਪੱਕਾ ਮੁਲਾਜ਼ਿਮ ਬਣਿਆ, ਪਹਿਲਾਂ ਲਾਇਬਰੇਰੀ ਦਾ ਚਪੜਾਸੀ ਤੇ ਫੇਰ ਇੱਕ ਸਤਿਕਾਰਯੋਗ ਪੱਤਰਕਾਰ, ਬੜੀ ਕੜਵਾਹਟ ਨਾਲ ਦੱਸਦਾ ਹੈ :

"ਮੈਂ ਦੇਖਿਆ ਹੈ ਪੰਜਾਬੀ ਲੇਖਕਾਂ ਅੰਦਰ ਜਿੰਨੀਆਂ ਗੂਹੜੀਆਂ ਯਾਰੀਆਂ ਹਨ ਓਨੀ ਹੀ ਗੂੜ੍ਹੀ ਜਾਤ-ਪਾਤ ਦੀ ਕਾਲਖ ਮਨਾਂ ਤੇ ਪੋਚੀ ਪਈ ਹੈ... ਮੇਰੀ ਨੇੜਤਾ ਉੱਤੋਂ ਲੈ ਕੇ ਹੇਠਾਂ ਤੱਕ ਹੈ। ਮਾਣ ਵੀ ਬਥੇਰਾ ਕਰਦੇ ਆ... ਮੈਂ ਸਾਰਿਆਂ ਦੇ ਘਰੀਂ ਰਾਤਾਂ ਰਹਿੰਦਾ ਹਾਂ, ਖਾਂਦਾ ਪੀਂਦਾ ਹਾਂ... ਉਹ ਹਾਲਤ ਜੋ ਇੱਕ ਸਦੀ ਪਹਿਲਾਂ ਸੀ, ਉਸ ਵਿੱਚ ਬਹੁਤਾ ਅੰਤਰ ਨਹੀਂ ਆਇਆ... ਬਸ ਛੂਤਛਾਤ ਕਰਨ ਦੇ ਢੰਗ ਬਦਲ ਗਏ ਹਨ। ਅੱਜ ਇੱਕੋ ਥਾਲੀ ਵਿੱਚ ਖਾਧਾ ਜ਼ਰੂਰ ਜਾਂਦਾ ਹੈ ਪਰ ਮਾਰਿਆ ਵੀ ਉਸੇ ਨੂੰ ਜਾਂਦਾ ਹੈ... ਤੇ ਅੱਜ ਜਿਹਨੂੰ ਤੁਸੀਂ ਦਲਿਤ ਕਹਿੰਦੇ ਹੋ, ਉਹ ਸਦੀ ਪਹਿਲਾਂ ਵਾਲਾ, ਸੋਚ ਵਿਹੂਣਾ, ਹਊਮੇ ਵਿਹੂਣਾ ਨਹੀਂ ਰਿਹਾ। ਉਹ ਨਿਰਣਾ ਕਰਨ ਦੀ ਹਾਲਤ ਤੱਕ ਪਹੁੰਚ ਚੁੱਕਾ ਹੈ ਕਿ ਉਹਨੇ ਆਪਣੀ ਬਿਹਤਰੀ ਲਈ ਕੀ ਪੈਂਤੜਾ ਲੈਣਾ ਹੈ।" [65]

ਗੁਰਨਾਮ ਅਕੀਦਾ, ਪੰਜਾਬੀ ਲੇਖਕ ਤੇ ਪੱਤਰਕਾਰ, ਜੱਟਾਂ ਦੀ ਧੌਂਸ ਬਾਰੇ ਬੜਾ ਸਪਸ਼ਟ ਹੈ: "ਜਿਹਨਾਂ ਲੋਕਾਂ ਨੇ ਸਮਾਜ ਦੀ ਤਕਦੀਰ ਦੇ ਫ਼ੈਸਲੇ ਕਰਨੇ ਹਨ ਉੱਥੇ ਵੀ ਜੱਟ ਕਾਬਜ਼ ਨੇ। ਬਿਊਰੋਕ੍ਰੇਸੀ ਵਿਚ ਵੀ ਜੱਟ ਕਾਬਜ਼ ਨੇ। ਮਰਾਸੀਆਂ ਦੀ ਜਗ੍ਹਾ ਹੁਣ ਗਾਉਣ ਵਾਲੇ ਵੀ ਜੱਟ ਈ ਨੇ। ਸੈਂਸੀਆਂ ਦੀ ਜਗ੍ਹਾ ਹੁਣ ਚੈਨੀ ਚੋਰ ਵੀ ਜੱਟ ਨੇ। ਡਾਕੂ ਫੂਲਨ ਦੇਵੀ ਦੀ ਜਗ੍ਹਾ ਹੁਣ ਡਕੈਤੀਆਂ ਕਰਨ ਵਾਲੇ ਵੀ ਜੱਟ ਨੇ। ਪਿੰਡਾਂ ਵਿੱਚ ਦਲਿਤਵਾਦ ਨੂੰ ਕਾਇਮ ਰੱਖਣ ਵਾਲੇ ਵੀ ਜੱਟ ਨੇ, ਪੁਲਿਸ ਦੇ ਵੱਡੇ ਅਫ਼ਸਰ ਵੀ ਜੱਟ ਨੇ, ਸਿਆਸਤ ਤੇ ਕਾਬਜ਼ ਵੀ ਜੱਟ ਹੀ ਨੇ, ਪ੍ਰੋਫੈਸਰ ਤੇ ਪ੍ਰਿੰਸੀਪਲ ਵੀ, ਜੱਟਾਂ ਵੱਲੋਂ ਤਾਂ ਕੀਤਾ ਜਾਂਦਾ ਅਪਰਾਧ ਵੀ ਸ਼ੁਗਲ ਬਣ ਜਾਂਦੈ।" [66]

ਸਿੱਖੀ ਦੇ ਵਿਕਾਸ, ਖਾਸ ਕਰਕੇ ਸਿਆਸੀ ਤਾਕਤਾਂ ਵਿਰੁੱਧ ਸਿੱਖਾਂ ਦੇ ਸੰਘਰਸ਼ ਤੋਂ ਬਾਅਦ ਦੇ ਲੰਬੇ ਦੌਰ ਵਿੱਚ ਇਸ ਨਵੇਂ ਧਰਮ ਦੀ ਭਾਵਨਾ ਤਹਿਤ ਜਾਤੀ ਵਖਰੇਵਿਆਂ ਤੋਂ ਉੱਪਰ ਉੱਠਕੇ ਜੱਟ ਤੇ ਦਲਿਤ ਸਿੱਖ ਧਰਮ ਦੀਆਂ ਬਾਂਹਵਾਂ ਵਾਂਗ ਸਨ। ਹਾਲਾਂਕਿ ਸੋਲ੍ਹਵੀਂ ਤੋਂ ਅਠਾਰਵੀਂ ਸਦੀ ਦੇ ਇਸ ਸਮੇਂ ਦੌਰਾਨ ਜਾਤਪਾਤ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਸੀ ਤੇ ਜਾਤੀ ਵਖਰੇਵੇਂ ਜਿਹੜੇ ਅਜੇ ਵੀ ਕਾਇਮ ਹਨ ਉਹ ਜਾਤੀ ਭੇਦਭਾਵ ਦਾ ਹਿੱਸਾ ਨਹੀਂ ਸਨ। ਧਾਰਮਿਕ ਮਾਨਤਾ ਦੀ ਅਣਹੋਂਦ ਕਾਰਨ ਜਾਤਪਾਤ ਤੇ ਛੂਤਛਾਤ ਸਿੱਖੀ ਵਿੱਚ ਕੁਝ ਹੱਦ ਤੱਕ ਘਟ ਗਈ ਸੀ। ਪਰ ਪਿਛਲੇ ਸੌ ਸਾਲਾਂ ਵਿਚਲੀਆਂ ਦਲਿਤਾਂ ਦੀਆਂ ਅਵਾਜ਼ਾਂ ਤੋਂ ਸਪਸ਼ਟ ਹੁੰਦਾ ਹੈ ਕਿ ਜੱਟਾਂ ਦੇ ਪ੍ਰਭਾਵਸ਼ਾਲੀ ਜਾਤ ਦੇ ਉਭਾਰ ਕਾਰਨ ਦਲਿਤਾਂ ਦੀਆਂ ਮੁਸ਼ਕਿਲਾਂ ਤੇ ਉਹਨਾਂ ਤੇ ਹੁੰਦੇ ਅੱਤਿਆਚਾਰ ਵਧੇ ਹਨ। ਇਹ ਗੱਲ ਵਿਆਖਿਆ ਦੀ ਮੰਗ ਕਰਦੀ ਹੈ। ਕੀ ਸਿੱਖੀ ਵਿਚਾਰਧਾਰਕ ਅਤੇ ਸਮਾਜਿਕ ਤਾਕਤ ਵਜੋਂ ਗਿਰਾਵਟ ਵੱਲ ਜਾ ਰਹੀ ਹੈ? ਕੀ ਮੁਕਤੀ ਵਾਲੀ ਵਿਚਾਰਧਾਰਾ ਜਿਸਨੇ ਸਿਆਸੀ ਹਮਲਿਆਂ ਨੂੰ ਸਹਿਣ ਕੀਤਾ ਉਹ ਆਰਥਿਕਤਾ ਅੱਗੇ

ਗੋਡੇ ਟੇਕ ਰਹੀ ਹੈ?

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਤਿਹਾਸ ਵਿੱਚ ਜੱਟ ਆਮ ਕਿਸਾਨਾਂ ਵਜੋਂ ਪੰਜਾਬ ਦੇ ਦੂਸਰੇ ਲੋਕਾਂ ਵਾਂਗ ਲਗਾਤਾਰ ਬਦਲਦੇ ਸ਼ਾਸ਼ਨਾਂ ਵਿੱਚ ਅੱਤਿਆਚਾਰਾਂ ਦਾ ਸ਼ਿਕਾਰ ਸਨ। ਸਿੱਖਾਂ ਦੇ ਸਿਆਸੀ ਵਿਰੋਧ ਦੇ ਸਮੇਂ ਸਤਾਰਵੀਂ ਤੇ ਅਠਾਰਵੀਂ ਸਦੀ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਸਿੱਖ ਲਹਿਰ ਵਿੱਚ ਸ਼ਾਮਿਲ ਹੋਣ ਕਾਰਨ ਜਾਤੀ ਦਰਜੇਬੰਦੀ ਵਿੱਚ ਉਹਨਾਂ ਦਾ ਰੁਤਬਾ ਕੁਝ ਉੱਚਾ ਹੋ ਗਿਆ। ਅਠਾਰਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਉਹਨਾਂ ਦੀ ਸੁਤੰਤਰ ਸਿਆਸੀ ਜਾਗੀਰਦਾਰੀਆਂ ਵਿੱਚੋਂ ਬਾਹਰ ਆਉਣ ਦੀ ਚਾਹਤ ਨਾਲ ਇਸ ਖਿੱਤੇ ਵਿੱਚ ਰਣਜੀਤ ਸਿੰਘ ਦੀ ਕਮਾਂਡ ਹੇਠ ਸੁਤੰਤਰ ਸਿੱਖ ਰਾਜ ਦੇ ਬਨਣ ਨੇ ਉਹਨਾਂ ਨੂੰ ਬੇਹੱਦ ਮਾਣ ਨਾਲ ਭਰ ਦਿੱਤਾ। ਜ਼ਮੀਨਾਂ ਦੇ ਮਾਲਕ ਹੋਣ ਕਾਰਨ ਉਹ ਆਪਣੀ ਸਰਵਉੱਚਤਾ ਤੇ ਧੌਂਸ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਸਣੇ ਬ੍ਰਾਹਮਣਾਂ ਤੇ ਖੱਤਰੀਆਂ ਦੇ ਦੂਸਰੀਆਂ ਜਾਤਾਂ ਤੇ ਕਾਇਮ ਕਰਨ ਵਿੱਚ ਸਫ਼ਲ ਰਹੇ। ਉੱਨੀਵੀਂ ਸਦੀ ਦੇ ਮੱਧ ਵਿੱਚ ਪੰਜਾਬ ਵਿੱਚ ਸਿਆਸੀ ਤਾਕਤ ਦੇ ਅੰਗਰੇਜ਼ਾਂ ਹੱਥੋਂ ਖਾਤਮੇ ਦਾ ਮਤਲਬ ਸਿੱਖਾਂ ਦੀ ਸਿਆਸੀ ਤੇ ਆਰਥਿਕ ਤਾਕਤ ਦਾ ਖਾਤਮਾ ਨਹੀਂ ਸੀ। ਸਭ ਤੋਂ ਵੱਡੀ ਗੱਲ 1857 ਦੇ ਗ਼ਦਰ ਵਿੱਚ ਸਿੱਖਾਂ ਦੀ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਨੇ ਉਹਨਾਂ ਦੀ ਧੌਂਸ ਨੂੰ ਦੂਸਰੀਆਂ ਜਾਤਾਂ ਤੇ ਹੋਰ ਪੱਕਾ ਕਰਨ ਵਿੱਚ ਮਦਦ ਕੀਤੀ, ਕਿਉਂਕਿ ਉਹ ਭਾਰਤੀ ਫੌਜ ਦੀ ਰੀੜ ਦੀ ਹੱਡੀ ਬਣ ਗਏ।[67] ਪੰਜਾਬ ਐਲੀਨੇਸ਼ਨ ਐਕਟ 1901[68] ਭਾਵੇਂ ਕਿ ਵਾਹੀਕਾਰਾਂ ਨੂੰ ਬਚਾਉਣ ਦੀ ਸਰਕਾਰੀ ਕੋਸ਼ਿਸ਼ ਸੀ-ਖਾਸ ਕਰਕੇ ਪੱਛਮੀ ਪੰਜਾਬ ਦੇ ਸਤੇ ਹੋਏ ਮੁਸਲਮਾਨ ਕਿਸਾਨਾਂ ਨੂੰ ਲੋਭੀ ਸ਼ਾਹੂਕਾਰਾਂ ਤੋਂ ਬਚਾਉਣ ਲਈ, ਪਰ ਇਹ ਸਿੱਖ ਜੱਟਾਂ ਲਈ ਵੱਡਾ ਤੋਹਫ਼ਾ ਸਾਬਿਤ ਹੋਇਆ। ਐਕਟ ਨੇ ਗੈਰ-ਕਾਸ਼ਤਕਾਰ ਜਾਤਾਂ ਨੂੰ ਜ਼ਮੀਨ ਖਰੀਦਣ ਤੇ ਆਪਣੇ ਕੋਲ ਰੱਖਣ ਤੋਂ ਰੋਕ ਦਿੱਤਾ। ਪੰਜਾਬ ਦੇ ਦਲਿਤਾਂ ਨੂੰ ਇਸਦਾ ਸਭ ਤੋਂ ਵੱਧ ਨੁਕਸਾਨ ਹੋਇਆ ਕਿਉਂਕਿ ਉਹਨਾਂ ਨੂੰ ਸਰਕਾਰੀ ਗਿਣਤੀ-ਮਿਣਤੀ ਵਿੱਚ ਗੈਰ-ਕਾਸ਼ਤਕਾਰ ਮਜ਼ਦੂਰ ਘੋਸ਼ਿਤ ਕੀਤਾ ਗਿਆ ਸੀ, ਭਾਵੇਂ ਉਹ ਸਿੱਖ ਹੋ ਕੇ ਸਿਪਾਹੀ, ਕਲਾਕਾਰ ਜਾਂ ਕਿਸਾਨ ਬਣ ਚੁੱਕੇ ਸਨ। ਇੱਥੋਂ ਤੱਕ ਕਿ ਉਹ ਘਰ ਵੀ ਜਿਹਨਾਂ 'ਚ ਉਹ ਪੀੜ੍ਹੀ-ਦਰ-ਪੀੜ੍ਹੀ ਰਹਿੰਦੇ ਆਏ ਸਨ, ਉਹ ਵੀ ਖੁੱਸ ਗਏ।[69] ਪਿੰਡਾਂ ਦੀ ਸਾਰੀ ਜ਼ਮੀਨ ਹੁਣ ਕਿਸਾਨ ਮਾਲਕਾਂ ਦੀ ਮਲਕੀਅਤ ਸੀ, ਖਾਸ ਕਰਕੇ ਜੱਟਾਂ ਦੀ। ਦਲਿਤ ਪੂਰੀ ਤਰ੍ਹਾਂ ਜੱਟਾਂ ਦੇ ਰਹਿਮੋ-ਕਰਮ ਤੇ ਸਨ ਤੇ ਬਸਤੀਵਾਦੀ ਕਾਨੂੰਨ ਬਨਣ ਨਾਲ ਉਹ ਹੋਰ ਵੀ ਅਸੁਰੱਖਿਅਤ ਹੋ ਗਏ। ਕਦੇ ਸਿੱਖ ਧਰਮ ਦੇ ਮਾਣ-ਮੱਤੇ ਸਿਪਾਹੀ ਰਹੇ ਦਲਿਤ ਹੁਣ ਆਪਣੀ ਜ਼ਮੀਨ ਜਾਂ ਘਰਾਂ ਤੋਂ ਵੀ ਵਿਰਵੇ ਹੋ ਗਏ ਸਨ। ਅਜਿਹੇ ਹਾਲਾਤਾਂ ਵਿੱਚ ਜੱਟਾਂ ਨੇ ਜਾਤ ਦਾ ਸਹਾਰਾ ਲੈ ਕੇ ਦਲਿਤਾਂ ਤੋਂ ਮੁਫ਼ਤ 'ਚ ਜ਼ਮੀਨ ਹਥਿਆ ਲਈ ਤੇ ਆਪਣੇ ਹਿੱਤਾਂ ਲਈ ਦਲਿਤਾਂ ਤੋਂ ਬੇਗਾਰ ਕਰਾਉਣ ਲੱਗੇ। ਸਿੱਖ ਧਰਮ ਵਿੱਚ ਜੱਟਾਂ ਦੀ ਚੌਧਰ ਅਤੇ ਵੀਹਵੀਂ ਸਦੀ ਵਿੱਚ ਪੰਜਾਬ ਦੇ ਪੇਂਡੂ ਖਿੱਤੇ ਵਿੱਚ ਖੇਤੀਬਾੜੀ ਤੇ ਨਿਰਭਰ ਦੂਸਰੀਆਂ ਜਾਤਾਂ (ਖਾਸ ਕਰਕੇ ਦਲਿਤਾਂ ਲਈ) ਸਮੱਸਿਆਵਾਂ ਪੈਦਾ ਕਰ ਦਿੱਤੀਆਂ, ਜਿਸਦਾ ਸਿੱਟਾ ਇਹ ਹੋਇਆ ਕਿ ਜਾਤ ਅਧਾਰਿਤ ਗੁਰਦੁਆਰੇ ਬਣ ਗਏ।

**ਸਿੱਟਾ:**

ਆਪਣੇ ਸਾਂਝੀਵਾਲਤਾ ਤੇ ਦਲਿਤਾਂ/ਨਿਮਾਣਿਆਂ-ਨਿਤਾਣਿਆਂ ਦੀ ਮੁਕਤੀ ਦੇ ਵਿਚਾਰਾਂ ਨਾਲ ਸਿੱਖ ਅਹਿਮ ਧਰਮ ਤੇ ਲਹਿਰ ਵਜੋਂ ਉਭਰਿਆ। ਇਹ ਉਹਨਾਂ ਪੰਜਾਬੀ ਦਲਿਤਾਂ ਦੇ ਸਸ਼ੱਕਤੀਕਰਨ ਵਿੱਚ ਸਹਾਈ ਹੋਇਆ ਜੋ ਇਸ ਵਿੱਚ ਸ਼ਾਮਿਲ ਹੋਏ। ਉਹ ਕਈ ਖੇਤਰਾਂ ਵਿੱਚ ਅੱਗੇ ਵਧੇ ਜਿਸ ਵਿੱਚ ਧਰਮ, ਯੁੱਧ-ਕਲਾ ਅਤੇ ਸਾਹਿਤਿਕ ਸਿਰਜਣਸ਼ੀਲਤਾ ਵੀ ਸ਼ਾਮਿਲ ਸੀ। ਜੇ ਸਿੱਖੀ ਹੀ ਸਮਾਜੀ

ਸਾਂਝੀਵਾਲਤਾ ਦੇ ਮਿਸ਼ਨ ਵਿੱਚ ਅਸਫ਼ਲ ਹੋ ਰਹੀ ਸੀ ਤਾਂ ਪੰਜਾਬ ਦੇ ਦਲਿਤਾਂ ਲਈ ਹੋਰ ਕੀ ਬਦਲ ਰਹਿ ਗਏ ਸਨ ? ਕੁਝ ਦਲਿਤ ਇਸਦਾ ਸਮਾਜਿਕ-ਧਾਰਮਿਕ ਹੱਲ ਲੱਭਣ ਵਿੱਚ ਸਫ਼ਲ ਹੋ ਗਏ ਜਿਵੇਂ ਕਿ ਵੀਹਵੀਂ ਸਦੀ ਦੀ ਆਦਿ ਧਰਮ ਲਹਿਰ। ਇਹ ਲਹਿਰ ਸਿਆਸੀ ਬਦਲਾਅ, ਆਤਮਿਕ ਉੱਚਤਾ ਅਤੇ ਸਿਆਸੀ ਰੋਅਬ-ਦਾਬ ਰਾਹੀਂ ਦਲਿਤਾਂ ਲਈ ਮਾਣਯੋਗ ਥਾਂ ਚਾਹੁੰਦੀ ਸੀ। ਇਸ ਲਹਿਰ ਦੇ ਸੰਸਥਾਪਕ, ਮੰਗੂ ਰਾਮ ਮੁਗੋਵਾਲੀਆ ਦਾ ਵਿਚਾਰ ਕਿ ਦਲਿਤ ਭਾਰਤ ਦੇ ਆਦਿ ਵਾਸੀ ਹਨ ਨੇ ਪੰਜਾਬ ਦੇ ਅਛੂਤਾਂ ਦੀ ਮਾਨਸਿਕਤਾ ਤੇ ਬਹੁਤ ਪ੍ਰਭਾਵ ਪਿਆ ਤੇ ਉਹਨਾਂ ਵਿੱਚ ਆਪਣੀ ਅਜ਼ਾਦੀ/ਮੁਕਤੀ ਲਈ ਲੜ੍ਹਨ ਦਾ ਜ਼ਜ਼ਬਾ ਭਰ ਗਿਆ। ਥੋੜ੍ਹੇ ਜਿਹੇ ਸਮੇਂ ਵਿੱਚ ਹੀ ਇਹ ਲਹਿਰ ਆਪਣੀ ਵੱਖਰੀ ਪਛਾਣ ਲਈ ਸਮੂਹ ਦਲਿਤਾਂ ਦੇ ਸੰਘਰਸ਼ ਦੀ ਲਹਿਰ ਬਣ ਗਈ। ਪਰ ਅਜ਼ਾਦੀ ਤੋਂ ਬਾਅਦ ਇਹ ਹੌਲੀ-ਹੌਲੀ ਖਤਮ ਹੋਣ ਲੱਗੀ। ਇਸਦੀ ਸਫ਼ਲਤਾ ਇਸ ਤੱਥ ਵਿੱਚ ਹੈ ਕਿ ਜਿਹਨਾਂ ਨੇ ਆਪਣੀ ਪਛਾਣ ਆਦਿ ਧਰਮੀ ਵਜੋਂ ਜਾਰੀ ਰੱਖੀ, ਉਹਨਾਂ ਨੇ ਸਭ ਖੇਤਰਾਂ ਵਿੱਚ ਬਹੁਤ ਤਰੱਕੀ ਕੀਤੀ। ਜੋ ਦਲਿਤ ਸਿੱਖੀ ਸਣੇ ਦੂਸਰੇ ਸਥਾਪਿਤ ਧਰਮਾਂ ਮਗਰ ਲੱਗੇ ਰਹੇ, ਉਹ ਪੱਛੜ ਗਏ।

ਅਜ਼ਾਦੀ ਲਈ ਗੈਰ ਧਾਰਮਿਕ ਰਾਹ ਸਮਾਜਵਾਦੀ ਕ੍ਰਾਂਤੀ ਸੀ। ਕਮਿਊਨਿਸਟਾਂ ਨੇ 1920 ਤੋਂ ਪੰਜਾਬ ਵਿੱਚ ਕੁਝ ਸਫ਼ਲਤਾਪੂਰਵਕ ਲਹਿਰਾਂ ਚਲਾਈਆਂ, ਪਰ ਇਹਨਾਂ ਵਿੱਚੋਂ ਕੋਈ ਵੀ ਸਪਸ਼ਟ ਤੌਰ ਤੇ ਦਲਿਤ ਸਵਾਲ ਦੀ ਗੱਲ ਨਹੀਂ ਕਰਦੀ ਸੀ। ਇਹਨਾਂ ਵਿੱਚੋਂ ਨਿਵੇਕਲਾ ਕ੍ਰਾਂਤੀਕਾਰੀ ਭਗਤ ਸਿੰਘ ਸੀ, ਜਿਸਨੇ 1928 ਵਿੱਚ ਲੰਮਾ ਲੇਖ "ਅਛੂਤ ਦਾ ਸਵਾਲ" ਲਿਖਿਆ ਸੀ। ਇਹ ਲੇਖ ਵੱਖ-ਵੱਖ ਧਰਮਾਂ ਵਿੱਚ ਮੁਕਾਬਲੇਬਾਜ਼ੀ ਵੱਲ ਇਸ਼ਾਰਾ ਕਰਦਾ ਹੈ, ਜਿਹਨਾਂ ਦਾ ਮਕਸਦ ਸਿਰਫ ਸਿਆਸੀ ਲਾਲਚ ਤੇ ਸਵਾਰਥ ਲਈ ਅਛੂਤਾਂ ਨੂੰ ਆਪਣੇ ਨਾਲ ਰਲਾਉਣਾ ਹੈ। ਉਸਨੇ ਦਲਿਤਾਂ ਨੂੰ ਇਕੱਠੇ ਹੋ ਕੇ ਆਪਣੀ ਲੜ੍ਹਾਈ ਆਪ ਲੜ੍ਹਨ ਦਾ ਹੋਕਾ ਦਿੱਤਾ, ਕਿਉਂਕਿ ਕੋਈ ਹੋਰ ਉਹਨਾਂ ਲਈ ਨਹੀਂ ਲੜੇਗਾ।[70] ਪਰ ਜਦੋਂ ਭਗਤ ਸਿੰਘ ਨੂੰ 1931 ਵਿੱਚ ਸ਼ਹੀਦ ਕਰ ਦਿੱਤਾ ਗਿਆ, ਉਸ ਤੋਂ ਬਾਅਦ ਹੋਰ ਕੋਈ ਕਾਮਰੇਡ ਉਸਦੀ ਸੋਚ ਤੱਕ ਨਹੀਂ ਅੱਪੜਿਆ। ਇਹ ਸੋਚਦਿਆਂ ਕਿ ਵਰਗ ਸ਼ਾਸ਼ਨ ਦਾ ਖਾਤਮਾ ਆਪਣੇ-ਆਪ ਸਮਾਜਿਕ-ਸੱਭਿਆਚਾਰਕ ਮਸਲਿਆਂ ਨੂੰ ਹੱਲ ਕਰ ਦੇਵੇਗਾ, ਕਮਿਊਨਿਸਟ ਭਾਰਤੀ ਸੱਭਿਆਚਾਰਕ ਸੰਦਰਭ ਵਿੱਚ ਜਾਤਪਾਤ ਤੇ ਛੂਤਛਾਤ ਦੇ ਮਹੱਤਵ ਨੂੰ ਸਮਝਣ ਵਿੱਚ ਅਸਫ਼ਲ ਰਹੇ। ਇੱਥੋਂ ਤੱਕ ਕਿ ਅੱਤ ਖੱਬੀ ਨਕਸਲਬਾੜੀ ਲਹਿਰ ਦੇ ਸਭ ਤੋਂ ਵਧੀਆ ਕਵੀ ਤੇ ਕਾਮੇ ਲਾਲ ਸਿੰਘ ਦਿਲ ਤੇ ਸੰਤ ਰਾਮ ਉਦਾਸੀ ਨੂੰ ਜਾਤੀਵਾਦ ਦੇ ਨਾਂਅ ਤੇ ਨਿਰਾਦਰ ਕੀਤਾ ਤੇ ਉਹਨਾਂ ਦੀ ਮੌਤ ਬੜੀਆਂ ਮੁਸ਼ਕਿਲਾਂ ਵਿੱਚ ਹੋਈ। ਏਨਾ ਸ਼ੁਕਰ ਹੈ ਕਿ ਬੇਨਾਮ ਮੌਤ ਨਹੀਂ ਮਰੇ।

ਆਮ ਕਰਕੇ ਦਲਿਤ ਅਤੇ ਖਾਸ ਕਰਕੇ ਦਲਿਤ ਸਿੱਖ ਧਰਮ ਦੇ ਮਸਲੇ ਵਿੱਚ ਆਪਣੇ ਆਪ ਨੂੰ ਦੋਰਾਹੇ ਤੇ ਖੜੇ ਮਹਿਸੂਸ ਕਰਦੇ ਹਨ। ਦਲਿਤ ਸਿੱਖਾਂ ਦਾ ਉਹ ਸਮੂਹ ਜਿਹਨਾਂ ਕੋਲ ਆਪਣੇ ਸ਼ਾਨਦਾਰ ਭੂਤਕਾਲ ਦੀਆਂ ਮਾਣਮੱਤੀਆਂ ਯਾਦਾਂ ਹਨ, ਇਸ ਗੱਲ ਨੂੰ ਸਮਝਣ ਤੋਂ ਅਸਮਰਥ ਹੈ ਕਿ ਸਿੱਖ ਧਰਮ ਨੂੰ ਕੀ ਹੋ ਗਿਆ ਹੈ। ਪਰ ਉਹ ਅਜੇ ਵੀ ਆਸ ਕਰਦੇ ਹਨ ਕਿ ਸਿੱਖੀ ਉਹਨਾਂ ਦੇ ਗੁਆਚੇ ਮਾਣ ਨੂੰ ਵਾਪਿਸ ਮੋੜ ਲਿਆਏਗੀ। ਅਜੇ ਵੀ ਬਹੁਗਿਣਤੀ ਦਲਿਤ ਇਹਨਾਂ ਆਪਾ ਵਿਰੋਧੀ ਵਿਚਾਰਾਂ ਦੇ ਤਜ਼ਰਬੇ ਕਾਰਨ ਤਣਾਅ ਵਿੱਚ ਹਨ। ਉਹ ਸਿੱਖ ਧਰਮ ਤੋਂ ਵਿੱਥ ਬਣਾਉਂਦਿਆਂ ਬੜੀ ਮਾਨਸਿਕ ਖਿੱਚੋਤਾਣ 'ਚ ਹੁੰਦੇ ਹਨ। ਸਿੱਖਿਆ, ਸਿਆਸੀ ਚੇਤਨਾ ਅਤੇ ਦਲਿਤ ਦਾਅਵੇਦਾਰੀ ਪੁਰਾਣੀਆਂ ਧਾਰਮਿਕ ਪਛਾਣਾਂ ਲਈ ਚੁਣੌਤੀ ਪੇਸ਼ ਕਰ ਰਹੇ ਹਨ। ਦਲਿਤ ਮਾਣ-ਤਾਣ ਦੀ ਭਾਲ ਤੇ ਬਹਾਲੀ ਲਈ ਬਦਲਵੇਂ ਵਿਕਲਪ ਲੱਭ ਰਹੇ ਹਨ।

## ਹਵਾਲੇ ਤੇ ਟਿੱਪਣੀਆਂ :


1. ਭਗਤੀ, ਸੰਤ ਲਹਿਰ ਤੇ ਇਸਦੇ ਮਸਲਿਆਂ ਦੀ ਖੁੱਲ੍ਹੀ ਵਿਆਖਿਆ ਲਈ ਮੈਕਲੋਡ ਤੇ ਸ਼ੋਮਰ ਦੀ ਕਿਤਾਬ 'ਸੰਤ' ਦੇਖੋ। Karine Schomer and W. D. McLeod, ed. The Sants: Studies in a Devotional Tradition of India, Delhi: South Asia Books, 1987
2 J. S. Grewal, Contesting Interpretations of the Sikh Tradition, Delhi: Manohar, 1998; Mark Juergensmeyer, Sikh Studies, ed. Sikh Studies: Comparative Perspectives on a Changing Tradition, Berkeley, CA: Graduate Theological Union, 1979
3. ਨਿਰੰਜਣ ਆਰਿਫੀ, ਰੰਘਰੇਟਿਆਂ ਦਾ ਇਤਿਹਾਸ, ਭਾਗ 1-13 (ਆਦਿਕਾਲ ਤੋਂ 1850 ਤੱਕ), ਅੰਮ੍ਰਿਤਸਰ:ਲਿਟਰੇਚਰ ਹਾਊਸ, 1998 ( ਪੰਜਾਬੀ ਦੇ ਸਾਰੇ ਅਨੁਵਾਦ ਮੇਰੇ (ਲੇਖਕ ਦੇ) ਆਪਣੇ ਹਨ)।
4. ਉਹੀ, 35
5 Enrique Dussel, Philosophy of Liberation, Translated by Aquilina Martinez and Christine Morkovsky, New York: Orbis, 1985
6 J. P. S. Uberoi, Religion, Civil Society and the State: A Study of Sikhism, Delhi: Oxford University Press, 1996, 74
7. ਡਾ.ਹਰੀਸ਼ ਪੁਰੀ ਦੀ ਕਿਤਾਬ "ਸਿੱਖ ਸਮਾਜ ਵਿੱਚ ਅਨੁਸੂਚਿਤ ਜਾਤਾਂ" ਵਿੱਚੋਂ
8 Surinder Jodhka, "Dissociation, Distancing and Autonomy: Caste and Untouchability in Rural Punjab" in Dalits in Regional Context, edited by Harish Puri, Jaipur: Rawat, 2004, 62–99 and "Sikhism and the Caste Question: Dalits and Their Politics in Contemporary Punjab" in Caste in Question: Identity or Hierarchy, edited by Dipankar Gupta, New Delhi: Sage, 2004, 165–92); Paramjit Judge, "Religion, Caste, and Communalism in Punjab." Sociological Bulletin, 51, no. 2 (2002), 175–94) ; Mark Juergensmeyer, Religious Rebels in the Punjab: The Social Vision of Untouchables, Delhi: Ajanta, 1988; Ethne Marenco, The Transformation of Sikh Society, New Delhi: Heritage, 1976; Harish Puri, "The Scheduled Castes in the Sikh Community: A Historical Perspective", Economic and Political Weekly, 34, 36 (1999): 2693–701); Indera Pal Singh, "Caste in a Sikh Village" in Caste among Non-Hindus in India, edited by Harjinder Singh, Delhi: National Publishing House, 1977, 66–83; Rashpal Walia, The Problem of Untouchability among Sikhs in Punjab with Special Reference to Mazhabi Sikhs, PhD diss., Punjab University, 1993)
9 W. H. Mcleod, "Sikhs and Castes" in Textures of the Sikh Past: New Historical Perspectives, edited by Tony Ballantyne, 104–31, New Delhi:

Oxford University Press, 2007, 106

10 ਗੁਰਮੁੱਖੀ ਵਿੱਚ 'ਸੰਗਤ' ਦਾ ਅਰਥ ਹੈ ਦੂਸਰਿਆਂ ਨਾਲ ਰਲਕੇ ਬੈਠਣਾ। ਇਸ ਤਰ੍ਹਾਂ ਗੁਰਸ਼ਬਦਾਂ ਰਾਹੀਂ ਸਿਆਣਿਆਂ ਦੇ ਸਾਥ ਵਿੱਚ ਵਾਹਿਗੁਰੂ ਦੀ ਉਸਤਤ ਦੇ ਗੁਣਗਾਣ ਕਰਨ ਨੂੰ ਸਿੱਖ ਪ੍ਰੰਪਰਾ ਵਿੱਚ ਸੰਗਤ ਕਿਹਾ ਜਾਂਦਾ ਹੈ। 'ਪੰਗਤ' ਸੰਸਕ੍ਰਿਤ ਦੇ ਸ਼ਬਦ ਪੰਕਤੀ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਕਤਾਰ। ਇਸ ਤਰ੍ਹਾਂ ਪੰਗਤ ਵਿੱਚ ਬਿਨ੍ਹਾਂ ਕਿਸੇ ਭੇਦਭਾਵ ਦੇ ਬੈਠਕੇ ਲੰਗਰ ਛਕਣ ਨੂੰ ਸਿੱਖੀ ਵਿੱਚ ਪੰਗਤ ਕਰਕੇ ਜਾਣਿਆ ਜਾਂਦਾ ਹੈ

11 Max Arthur Macauliffe, The Sikh Religion: Its Gurus, Sacred Writings and Authors, Vol. 2. 1909. Delhi: Oxford University Press, 1963, 105

12 W. H. McLeod, "The Sikh Concept of Caste" in Essays in Sikh History, Tradition, and Society, New Delhi: Oxford University Press, 2007, 173

13 ਉਹੀ, 186

14. ਗੰਡੀਵਿੰਡ, ਗਿਆਨੀ ਨਿਸ਼ਾਨ ਸਿੰਘ, ਸ਼ਹੀਦ ਬਾਬਾ ਜੀਵਨ ਸਿੰਘ, ਜੀਵਨ, ਰਚਨਾ ਤੇ ਵਿਆਖਿਆ, ਅੰਮ੍ਰਿਤਸਰ; ਭਾਈ ਚਤਰ ਸਿੰਘ ਜੀਵਨ ਸਿੰਘ, 2008, 174) 174. ਭਾਈ ਜੈਤੇ ਦੀ ਇਹ ਮਸ਼ਹੂਰ ਲਿਖਤ ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਹੀ ਸਾਹਮਣੇ ਆਈ ਸ਼੍ਰੀ **ਗੁਰ ਕਥਾ** ( ਪੂਰਾ ਸਿਰਲੇਖ-ਸ਼੍ਰੀ ਗੁਰ ਕਥਾ ਕ੍ਰਿਤ ਕਵੀ ਬਾਬਾ ਜੀਵਨ ਸਿੰਘ)। ਆਰਿਫੀ ਦੇ ਰੰਘਰੇਟਿਆਂ ਦਾ ਇਤਿਹਾਸ, ਭਾਗ 1, 396-424 ਵਿੱਚ ਛਾਪੀ ਗਈ ਸੀ। ਹੋਰ ਕਿਤਾਬਾਂ ਜਿਹਨਾਂ ਵਿੱਚ ਸ਼੍ਰੀ ਗੁਰ ਕਥਾ ਛਪੀ ਸੀ, ਉਹ ਹਨ, ਬਲਦੇਵ ਸਿੰਘ ਦੀ ਪੰਜਵਾਂ ਸਾਹਿਬਜ਼ਾਦਾ, 465-501; ਗੁਰਮੁੱਖ ਸਿੰਘ ਦੀ ਭਾਈ ਜੈਤਾ, 49-82.

15. ਗੰਡੀਵਿੰਡ, ਸ਼ਹੀਦ ਭਾਈ ਜੀਵਨ ਸਿੰਘ, 181

16 John C. B. Webster, The Dalit Christians: A History, 3rd ed. Delhi: Indian Society for Promoting Christian Knowledge, 2000

17 John C. B. Webster, "The Dalit Sikhs: A History?", Textures of the Sikh Past: New Historical Perspectives, edited by Tony Ballantyne, 132–54. New Delhi: Oxford University Press, 2007

18 ਉਹੀ, 138

19. ਉਹੀ, 133

20. ਇਹਨਾਂ ਚੋਂ ਕੁਝ ਹਨ, ਆਰਿਫੀ ਦੀ ਰੰਘਰੇਟਿਆਂ ਦਾ ਇਤਿਹਾਸ; ਅਸ਼ੋਕ ਦੀ ਮਜ਼ਬੀ ਸਿੱਖਾਂ ਦਾ ਇਤਿਹਾਸ; ਨਿਰਭੈ ਦੀ ਮਜ਼ਬੀ ਸਿੱਖਾਂ ਦੀ ਜੱਦੋ-ਜਹਿਦ; ਅਤੇ ਗਿਆਨੀ ਸਿੰਘ, ਗੁਰੂ ਕੀ ਬੇਲਾ। ਦਲਿਤਾਂ ਦੇ ਆਮ ਇਤਿਹਾਸ ਲਈ ਈਸ਼ਰ ਸਿੰਘ ਦੀ ਸਿੱਖ ਇਤਿਹਾਸ ਦੇ ਬਿੱਖਰੇ ਪੰਨੇ ਅਤੇ ਵਿਰਦੀ ਦੀ ਪੰਜਾਬ ਦਾ ਦਲਿਤ ਇਤਿਹਾਸ ਦੇਖੋ

21 ਵਿਰਦੀ, ਪੰਜਾਬ ਦਾ ਦਲਿਤ ਇਤਿਹਾਸ, 31-32

22 ਅਸ਼ੋਕ, ਮਜ਼ਹਬੀ ਸਿੱਖਾਂ ਦਾ ਇਤਿਹਾਸ

23 ਹੋਰ ਵੇਰਵਿਆਂ ਲਈ, ਆਰਿਫੀ ਦੀ ਕਿਤਾਬ ਰੰਘਰੇਟਿਆਂ ਦਾ ਇਤਿਹਾਸ ਦੇਖੋ, 224-26

24 ਬਲਦੇਵ ਸਿੰਘ ਦਾ ਨਾਵਲ ਪੰਜਵਾਂ ਸਾਹਿਬਜ਼ਾਦਾ ਦੇਖੋ

25 Anne Murphy, "Materializing Sikh Pasts." Sikh Formations, 1, No. 2, 2005, 175-200

26 ਗੁਰਨਾਮ ਅਕੀਦਾ,"ਬਾਬਾ ਜੀਵਨ ਸਿੰਘ ਦੀ ਮਹਾਨ ਕੁਰਬਾਨੀ ਨੂੰ ਵੀ ਨਹੀਂ ਸਮਝਿਆ"10,11

27 ਪੰਜਾਬੀ ਸਾਹਿਤਿਕ ਕਿਤਾਬਾਂ ਦੇ ਖੋਜਕਾਰ, ਖਾਸ ਕਰਕੇ ਉਹ ਜੋ ਸਿੱਖ ਪ੍ਰੰਪਰਾ ਨਾਲ ਸਬੰਧਿਤ ਹਨ-ਜਿਹਨਾਂ'ਚ ਸ਼ਮਸ਼ੇਰ ਅਸ਼ੋਕ, ਗੁਰਿੰਦਰ ਮਾਨ, ਪਰੀਤਮ ਸਿੰਘ, ਪਿਆਰਾ ਸਿੰਘ ਪਦਮ ਅਤੇ ਇਤਿਹਾਸਕਾਰ ਜੇ.ਐਸ.ਗਰੇਵਾਲ, ਡਬਲਿਊ.ਐਚ. ਮੈਕਲੋਇਡ, ਗੰਡਾ ਸਿੰਘ ਅਤੇ ਪਿਸ਼ੌਰਾ ਸਿੰਘ ਭਾਈ ਜੈਤੇ ਦੀ 'ਸ਼੍ਰੀ ਗੁਰ ਕਥਾ' ਦਾ ਜ਼ਿਕਰ ਨਹੀਂ ਕਰਦੇ ਹਨ। ਇਹ ਵੀ ਸੰਭਾਵਨਾ ਹੈ ਕਿ ਇਹ ਅਸਾਨੀ ਨਾਲ ਨਹੀਂ ਮਿਲਦੀ ਸੀ। ਨਿਰੰਜਣ ਆਰਿਫੀ ਨੂੰ ਇਸਦੀ ਇੱਕ ਨਕਲ ਕੁਲਤਾਰ ਸਿੰਘ, ਦਇਆ ਸਿੰਘ ਆਰਿਫ ਦੇ ਸਭ ਤੋਂ ਵੱਡੇ ਸਪੁੱਤਰ ਕੋਲੋਂ ਮਿਲੀ, ਜਿਹੜੀ 1950 ਵਿੱਚ ਉਸਨੂੰ ਅਸਾਮ ਦੇ ਕੁਝ ਦਲਿਤ ਸਿੱਖਾਂ ਵਲੋਂ ਦਿੱਤੀ ਗਈ ਸੀ।

28 ਆਰਿਫੀ ਦੇ ਰੰਘਰੇਟਿਆਂ ਦਾ ਇਤਿਹਾਸ ਪੰਨਾ 409 ਤੇ ਬਲਦੇਵ ਸਿੰਘ ਦਾ ਪੰਜਵਾਂ ਸਾਹਿਬਜ਼ਾਦਾ, 481

29 ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 465-514

30 ਉਹੀ, 432-58

31 ਇਹ ਸ਼ਬਦ ਅਰਬੀ ਦੇ ਸ਼ਬਦ ਮਿਸਲ ਤੋਂ ਲਿਆ ਲੱਗਦਾ ਹੈ ਜਿਸਦਾ ਅਰਥ ਹੈ ਬਰਾਬਰ।

32 ਆਰਿਫੀ, ਰੰਘਰੇਟਿਆਂ ਦਾ ਇਤਿਹਾਸ, 517-24

33 Ganda Singh, Life of Banda Singh Bahadur, Amritsar: Khalsa College, 1935); Sohan Singh, Banda the Brave, Lahore: Bhai Narain Singh Gyani, 1915

34 Warid, Muhammad Shafi. "Banda Bahadur and His Followers from Muhammad Shafi "Warid." Translated by Irfan Habib in *Sikh History from Persian Sources: Translations of Major Texts*, edited by J. S. Grewal and Irfan Habib, New Delhi: Tulika, 2001, 161-62

35 Irfan Habib, "An Account of the Sikhs, 1808 from Ghulam Ali Khan, Imadus Saadat," *Sikh History from Persian Sources: Translations of Major Texts*, edited by J. S. Grewal and Irfan Habib, New Delhi: Tulika, 2001, 214-15

36 ਆਰਿਫੀ, ਰੰਘਰੇਟਿਆਂ *ਦਾ ਇਤਿਹਾਸ,* 429-65; ਅਸ਼ੋਕ, ਮਜ਼ਹਬੀ *ਸਿੱਖਾਂ ਦਾ ਇਤਿਹਾਸ,* 171

37 ਆਰਿਫੀ, ਰੰਘਰੇਟਿਆਂ *ਦਾ ਇਤਿਹਾਸ,* 570

38 Hans, Rajkumar, "Sant Poet Wazir Singh: A Window for Reimagining Nineteenth Century Punjab", *Journal of Punjab Studies*, 20, 1–2 (2013), 135–58

39 Malhotra, Anshu, "Living and Defining Caste: The Life and Writing of Giani Ditt Singh / Sant Ditta Ram." *Journal of Punjab Studies*, 20, nos. 1–2 (2013), 159–91)

40 Hans, Rajkumar, "Rich Heritage of Punjabi Dalit Literature and Its Exclusion from Histories", *Beyond Borders*, 6, 1–2 (2010), 73–81

41 ਹਰਜੋਤ ਓਬਰਾਏ ਅਨੁਸਾਰ,"ਸਨਾਤਨੀ ਸਿੱਖੀ ਦੇ ਸਮਾਜਿਕ ਸੰਸਾਰ ਨੂੰ ਬ੍ਰਾਹਮਣਾਂ ਦੇ ਵਰਣ ਆਸ਼ਰਮ ਅਨੁਸਾਰ ਸਹੀ ਢੰਗ ਨਾਲ ਦਰਸਾਇਆ ਜਾ ਸਕਦਾ ਹੈ

42 ਛਿੱਬਰ, ਬੰਸਾਵਲੀਨਾਮਾ *ਦਸਾਂ ਪਾਤਸ਼ਾਹਾਂ ਕਾ*

43 ਆਰਿਫੀ, ਰੰਘਰੇਟਿਆਂ *ਦਾ ਇਤਿਹਾਸ,* 145. ਉਸਦੇ ਛਿੱਬਰ ਦੇ ਕੰਮ ਦਾ ਅਧਿਐਨ ਕਿਤਾਬ ਦੇ 37-145 ਪੰਨਿਆਂ ਤੇ ਫੈਲਿਆ ਹੈ।

44 J. S. Grewal, "Brahmanizing the Tradition: Chhibber's Bansavalinama", *The Khalsa: Sikh and Non-Sikh Perspectives*, New Delhi: Manohar, 2004, 85-8

45 John Malcolm, *Sketch of the Sikhs: A Singular Nation, Who inhabits the Provinces of Penjab,* 1812. New Delhi: Asian Education Services, 1986. 151

46 Henry Steinbach, *The Punjaub: Being a Brief Account of the Country of the Sikhs*, 1846. Karachi, Pakistan: Oxford University Press, 1976, 159

47 Charles Hugel, *Travels in Kashmir and the Punjab, containing a particular account of the govt. and character of the Sikhs, with notes by T. B. Jervis*, London: John Petheram, 1845, 283

48 Ian J. Kerr, "British Relationships with the Golden Temple, 1849–90." *Indian Economic and Social History Review*, 21, No. 2 (1984), 140

49 ਉਹੀ

50 ਉਹੀ, 145; ਗਰੇਵਾਲ ਦੀ ਇਹ ਕਿਤਾਬ ਵੀ ਦੇਖੋ Contest Over the Sacred Space

51 Oman, John Campbell, *Cults, Customs and Superstitions of India*, 1908, Delhi: Vishal, 1972, 98

52 ਉਹੀ, 102-3

53 Barstow, A. E. *The Sikhs: An Ethnology*, (1928), Delhi: Low Price Publications, 1993, 19

54 J. S. Grewal, *Contesting Interpretations of the Sikh Tradition*, Delhi: Manohar, 1998, 71

55. Khushwant Singh, *The Sikhs*, London: George Allen and Unwin, 1953, 19

56 ਸੰਪਾਦਕੀ "ਇਸਾਈ ਹੋਣ ਦੇ ਕਾਰਨ", ਪੰਜਾਬ *ਦਰਪਨ,* ਅਕਤੂਬਰ 10,1917

57 ਸੇਵਾ ਸਿੰਘ "ਇੱਕ ਅਤੀ ਜ਼ਰੂਰੀ ਸੇਵਾ:ਚੀਫ਼ ਖਾਲਸਾ ਦੀਵਾਨ ਦੇ ਧਿਆਨ ਯੋਗ", ਖਾਲਸਾ, ਫਰਵਰੀ 21, 1923

58 ਬਿਨ੍ਹਾਂ ਸਿਰਲੇਖ ਦੇ ਲੇਖ, ਖਾਲਸਾ, ਜੂਨ 24, 1923

59 ਭਾਈ ਪਰਤਾਪ ਸਿੰਘ,"ਜਾਤਪਾਤ ਤੇ ਛੂਤਛਾਤ ਸਬੰਧੀ ਗੁਰਮਤ ਸਿਧਾਂਤ, ਅੰਮ੍ਰਿਤਸਰ :ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ,1933

60 ਸਰਦਾਰ ਅਮਰ ਸਿੰਘ,"ਅਛੂਤਾਂ ਵਿੱਚ ਸਿੱਖੀ ਪ੍ਰਚਾਰ ਦੀ ਲੋੜ ਤੇ ਕੁਝ ਸੁਝਾਅ," ਖਾਲਸਾ *ਸੇਵਕ,* ਮਾਰਚ 17 ਅਤੇ 22, 1936

61 ਸੰਪਾਦਕੀ, ਖਾਲਸਾ *ਸੇਵਕ,* ਮਾਰਚ 7, 1936

62 ਪੰਡਿਤ ਬਖਸ਼ੀ ਰਾਮ,"ਮੇਰਾ ਜੀਵਨ ਸੰਘਰਸ਼," ਜਲੰਧਰ : ਪੰਜਾਬ ਪ੍ਰਦੇਸ਼ ਬਾਲਮੀਕ ਸਭਾ, 1983, 4

63 ਉਹੀ, 96

64 ਉਹੀ, 99

65 ਪ੍ਰੇਮ ਗੋਰਖੀ,"ਧੁਖਦੀ ਧੂਣੀ ਫਰੋਲਨੀ ਪਈ", ਲਕੀਰ, ਜਨਵਰੀ-ਮਾਰਚ 1995,23-29

66 ਗੁਰਨਾਮ ਅਕੀਦਾ,"ਕੱਖ ਕੰਡੇ : ਨਿੱਜ ਤੋਂ ਹਕੀਕਤ ਵੱਲ", ਬਰਨਾਲਾ ਵਿਸ਼ਵ ਭਾਰਤੀ ਪ੍ਰਕਾਸ਼ਨ ,2007.

67 Richard G. Fox, *Lions of Punjab: Culture in the Making*, Berkeley: University of California Press, 1985

68 ਇਸ ਐਕਟ ਦੇ ਵਿਸਥਾਰਪੂਰਵਕ ਹਵਾਲਿਆਂ ਲਈ ਦੇਖੋ Sri Ram Sharma, *Punjab in Ferment*, New Delhi: S. Chand, 1971. jwq sbMDI p'K leI dyKo Guilhem Cassan, "British Law and Caste Identity Manipulation in Colonial India: The Punjab Alienation of Land Act." October 18, 2010. Accessed July 4, 2015. http://www.econ.upf.edu/docs/seminars/cassan.pdf

69 ਉਦਾਹਰਣ ਲਈ, ਚੇਤ ਸਿੰਘ, ਭੰਗੀ ਮਿਸਲ ਦੀ ਘੋੜਸਵਾਰ ਸੈਨਾ ਦੇ ਰੰਘਰੇਟਾ ਜਨਰਲ ਦੀ ਅਠਾਰਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਹੁਣ ਵਾਲੇ ਬਰਨਾਲੇ ਜ਼ਿਲੇ ਦੇ ਭਾਈਕੇ ਦਿਆਲਪੁਰ ਪਿੰਡ ਚ ਲਗਭੱਗ ਸੱਤ ਹਲ਼ਾਂ ਦੀ ਵਾਹੀਯੋਗ ਜ਼ਮੀਨ ਸੀ। ਉਹ ਰਣਜੀਤ ਸਿੰਘ ਦੀ ਫੌਜ ਨਾਲ ਲੜ੍ਹਾਈ ਵਿੱਚ ਮਾਰਿਆ ਗਿਆ। ਗੁਰੂ ਗੋਬਿੰਦ ਸਿੰਘ ਦੇ ਸਿੱਖ ਪੰਥ (ਸਾਂਝੀਵਾਲਤਾ) ਵਾਲੇ ਸਿਧਾਂਤ ਨੂੰ ਸਮਰਪਿਤ, ਤੇ ਰਣਜੀਤ ਸਿੰਘ ਦੇ ਸ਼ਾਸ਼ਨ ਵਿੱਚ ਸਾਂਝੀਵਾਲਤਾ ਦੇ ਸਿਧਾਂਤ ਤੋਂ ਥਿੜਕੀ ਸਿੱਖੀ ਲਹਿਰ ਤੋਂ ਦੁਖੀ ਚੇਤ ਸਿੰਘ ਦੇ ਛੋਟੇ ਭਰਾ ਕਾਹਲਾ ਸਿੰਘ ਨੇ ਆਪਣੀ ਜ਼ਮੀਨ ਛੱਡਕੇ ਨੇੜਲੇ ਪਿੰਡ ਰਾਏਸਰ ਜਾਣਾ ਠੀਕ ਸਮਝਿਆ। ਇਹ ਵੇਰਵੇ ਗੁਰਦਾਸ ਸਿੰਘ ਘਾਰੂ, ਦਲਿਤ ਲੇਖਕ ਤੇ ਕਾਰਕੁੰਨ, ਦੁਆਰਾ ਲਿਖੀ ਗਈ ਆਪਣੀ ਸਵੈਜੀਵਨੀ 'ਪੱਗਡੰਡੀਆਂ ਤੋਂ ਜੀਵਨ ਮਾਰਗ ਤੱਕ' ਵਿੱਚ ਹਨ, 29-30


70 ਇਹ ਲੇਖ ਜੂਨ 1928 ਦੇ 'ਕਿਰਤੀ' ਪਰਚੇ ਵਿੱਚ ਫ਼ਰਜ਼ੀ ਨਾਂਅ ਵਿਦਰੋਹੀ ਹੇਠ ਛਪਿਆ ਸੀ। ਦੇਖੋ, ਜੇ. ਸਿੰਘ ਦੀ ਕਿਤਾਬ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ।

**(ਇਹ ਲੇਖ ਮੰਗਤ ਰਾਮ ਨੇ ਅੰਗਰੇਜ਼ੀ ਤੋਂ ਅਨੁਵਾਦ ਕੀਤਾ-ਸੰਪਾਦਕ)**

**(ਸੰਪਰਕ : ਰਾਜ ਕੁਮਾਰ ਹੰਸ 73833-52176, ਅਨੁਵਾਦ : ਮੰਗਤ ਰਾਮ 73408-39630)**

## ਬਦਲਦੇ ਰਿਸ਼ਤਿਆਂ ਦਾ ਯਥਾਰਥਕ ਬਿਰਤਾਂਤ : ਬਲੌਰੀ ਅੱਖ ਵਾਲਾ ਮੁੰਡਾ / - ਡਾ. ਕੁਲਵਿੰਦਰ ਸਿੰਘ

ਪਰਵੇਜ਼ ਸੰਧੂ ਪਰਵਾਸੀ ਕਥਾਕਾਰਾ ਹੈ। ਉਸਦਾ ਇਹ ਨਵਾਂ ਕਥਾ ਸੰਗ੍ਰਿਹ **'ਬਲੌਰੀ ਅੱਖ ਵਾਲਾ ਮੁੰਡਾ'**(**ਪ੍ਰਕਾਸ਼ਕ ਸਾਵਿਨਾ, ਕੈਲੀਫੋਰਨੀਆ, ਮੁੱਲ: 200 ਰੁਪਏ, ਪੰਨੇ : 134, ਸਾਲ : 2022**) ਵਿਚ ਛਪਿਆ ਹੈ। ਉਹ ਆਪਣੀਆਂ ਕਹਾਣੀਆਂ ਰਾਹੀਂ ਪੱਛਮੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਖ਼ੁਰਨ, ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਪੇਤਲੇਪਣ, ਮਨੁੱਖੀ ਰਿਸ਼ਤਿਆਂ ਨਾਲੋਂ ਆਪਣੀਆਂ ਮਨੋ-ਸਰੀਰਕ ਭਾਵਨਾਵਾਂ ਨੂੰ ਤਰਜੀਹ ਦੇਣਾ, ਪਤੀ-ਪਤਨੀ ਦਾ ਗੈਰ ਔਰਤ-ਮਰਦਾਂ ਨਾਲ ਸੰਬੰਧ ਸਥਾਪਿਤ ਕਰਨ ਵਰਗੇ ਵਰਤਾਰਿਆਂ ਦੀਆਂ ਬਾਰੀਕ ਪਰਤਾਂ ਨੂੰ ਪਕੜਨ ਦਾ ਯਤਨ ਕਰਦੀ ਹੈ।




ਕਹਾਣੀ 'ਬਾਲੋ' ਰਾਹੀਂ ਕਥਾਕਾਰਾ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚਲੇ ਮੋਹ, ਪਿਆਰ ਤੇ ਨਿੱਘ ਨੂੰ ਪ੍ਰਗਟਾਉਂਦੀ ਹੈ। ਇਹ ਕਹਾਣੀ ਨਵੇਕਲੀ ਕਥਾ-ਜੁਗਤ ਦੁਆਰਾ ਸਿਰਜੀ ਗਈ ਹੈ। ਮੈਂ ਪਾਤਰ ਆਪਣੀ ਕਲਮ ਨਾਲ ਸੰਵਾਦ ਰਚਾਉਂਦੀ ਹੋਈ ਕਥਾ ਬਿਰਤਾਂਤ ਨੂੰ ਅੱਗੇ ਤੋਰਦੀ ਹੈ। ਕਹਾਣੀ ਦੇ ਪਾਤਰ ਭਗਤ ਸਿਉਂ ਅਤੇ ਰਤਨੀ ਹਨ ਜਿਹੜੇ ਪਤੀ-ਪਤਨੀ ਦੇ ਰਿਸ਼ਤੇ ਵਿੱਚ ਬੱਝੇ ਇੱਕ-ਦੂਸਰੇ ਨੂੰ ਅਥਾਹ ਮੁਹੱਬਤ ਕਰਦੇ ਹਨ। ਬਜ਼ੁਰਗ ਪਾਤਰ ਭਗਤ ਸਿਉਂ ਬਿਰਧ ਅਵਸਥਾ ਵਿਚ ਵੀ ਆਪਣੀ ਬਿਮਾਰ ਪਤਨੀ ਦੀ ਦੇਖ-ਭਾਲ ਕਰਦਾ ਹੋਇਆ ਉਸ ਨੂੰ ਡੋਲਣ ਨਹੀਂ ਦਿੰਦਾ। ਉਨ੍ਹਾਂ ਦੇ ਇਸ ਪ੍ਰੇਮ ਨੂੰ ਪਿੰਡ ਵਾਲੇ ਅਜੀਬ ਕਿਸਮ ਦਾ ਪਿਆਰ ਸਮਝਦੇ ਹੋਏ ਵਿਅੰਗ ਵੀ ਕੱਸਦੇ ਹਨ ਪਰੰਤੂ ਭਗਤ ਸਿਉਂ ਦੁਨੀਆਂ ਦੀ ਪਰਵਾਹ ਨਾ ਕਰਦਾ ਹੋਇਆ ਆਪਣੇ ਇਸ ਰਿਸ਼ਤੇ ਨੂੰ ਪੂਰੀ ਇਮਾਨਦਾਰੀ ਤੇ ਦ੍ਰਿੜਤਾ ਨਾਲ ਨਿਭਾਉਂਦਾ ਹੈ। ਕਥਾਕਾਰਾ ਜਿੱਥੇ ਆਪਣੀ ਕਲਮ ਨਾਲ ਸੰਵਾਦ ਰਚਾ ਕੇ ਨਿਵਕੇਲੀ ਕਥਾ-ਜੁਗਤ ਵਰਤਦੀ ਉਥੇ ਹੀ ਉਹ ਪੰਜਾਬੀ ਟੱਪਿਆਂ ਦੀ ਵਰਤੋਂ ਦੁਆਰਾ ਕਹਾਣੀ ਨੂੰ ਸਭਿਆਚਾਰਕ ਪੱਖੋਂ ਵੀ ਅਮੀਰ ਬਣਾਉਂਦੀ ਹੈ।

ਪਰਵੇਜ਼ ਸੰਧੂ 'ਪਰਲੇ ਪਾਰ' ਕਹਾਣੀ ਦੁਆਰਾ ਮਨੁੱਖੀ ਵਿਵਹਾਰ ਦੀਆਂ ਮਹੀਨ ਪਰਤਾਂ ਨੂੰ ਉਜਾਗਰ ਕਰਦੀ ਹੈ। ਉਹ ਪੱਛਮੀ ਸਭਿਆਚਾਰ ਵਿੱਚ ਪਤੀ-ਪਤਨੀ ਦੇ ਰਿਸ਼ਤੇ ਦੀਆਂ ਬਦਲਦੇ ਸਮੀਕਰਨਾਂ ਨੂੰ ਯਥਾਰਥਕ ਰੂਪ ਵਿਚ ਉਜਾਗਰ ਕਰਦੀ ਹੈ। ਕਹਾਣੀ ਦੇ ਕੇਂਦਰੀ ਪਾਤਰ ਸਟੀਵਨ ਦਾ ਪਿਤਾ ਆਪਣੀ ਪਤਨੀ ਦੇ ਅਵੈਧ ਸੰਬੰਧਾਂ ਬਾਰੇ ਪਤਾ ਚਲਦਿਆਂ ਹੀ ਉਸਦਾ ਕਤਲ ਕਰ ਦਿੰਦਾ ਹੈ ਅਤੇ ਫਿਰ ਆਪ ਵੀ ਆਤਮ ਹੱਤਿਆ ਕਰ ਲੈਂਦਾ ਹੈ। ਜਿਸ ਕਾਰਨ ਸਟੀਵਨ ਅਤੇ ਉਸਦੀ ਭੈਣ ਦਰ-ਦਰ ਰੁਲਣ ਲਈ ਮਜ਼ਬੂਰ ਹੁੰਦੇ ਹਨ।

ਦੂਸਰੇ ਪਾਸੇ ਸਟੀਵਨ ਦੀ ਪਤਨੀ ਉਸ ਨਾਲ ਵਿਆਹ ਸੱਚੇ ਪ੍ਰੇਮ ਕਾਰਨ ਨਹੀਂ ਸਗੋਂ ਉਸਦੇ ਮੂਲ ਵਾਸੀ ਹੋਣ ਕਾਰਨ ਮਿਲਦੇ ਸਰਕਾਰੀ ਖ਼ਰਚੇ ਕਾਰਨ ਕਰਵਾਉਂਦੀ ਹੈ। ਪੱਛਮੀ ਸਮਾਜ ਵਿੱਚ ਪਤੀ-ਪਤਨੀ ਦੇ ਰਿਸ਼ਤੇ ਵਿੱਚ ਆਏ ਸਵਾਰਥੀਪਣ ਨੂੰ ਲੇਖਿਕਾ ਆਲੋਚਨਾਤਮਕ ਢੰਗ ਰਾਹੀਂ ਪ੍ਰਗਟਾਉਂਦੀ ਹੈ। ਸਰਮਾਏਦਾਰੀ ਸਮਾਜ ਵਿਚ ਰਿਸ਼ਤੇ ਵੀ ਪੂੰਜੀ ਅਧਾਰਿਤ ਹੋ ਚੁੱਕੇ ਹਨ ਜਿਸ ਕਾਰਨ ਅਜਿਹੇ ਰਿਸ਼ਤੇ ਸਿਰਜਣਾ ਸੁਭਾਵਿਕ ਹੈ।

ਕਥਾਕਾਰਾ 'ਚਾਬੀ' ਕਹਾਣੀ ਰਾਹੀਂ ਪੱਛਮੀ ਸਮਾਜ ਵਿਚ ਪਰਵਾਸੀ ਪੰਜਾਬੀਆਂ ਦੀ ਜਾਤੀ ਮਾਨਸਿਕਤਾ 'ਤੇ ਕਟਾਖਸ਼ ਕਰਦੀ ਹੈ। ਪੱਛਮੀ ਸਭਿਆਚਾਰ ਵਿਚ ਜਾਤ ਦਾ ਕੋਈ ਆਧਾਰ ਨਹੀਂ ਪਰੰਤੂ ਪਰਵਾਸੀ ਪੰਜਾਬੀ ਭਾਈਚਾਰਾ ਇਸ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਿਆ। ਪੱਛਮੀ ਕਦਰਾਂ-ਕੀਮਤਾਂ ਅਧੀਨ ਪ੍ਰਵਾਨ ਚੜ੍ਹੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਜਾਤ-ਬਰਾਦਰੀ ਦੇ ਬੰਧਨਾਂ ਤੋਂ ਮੁਕਤ ਹੋ ਕੇ ਵਿਚਰਨਾ ਚਾਹੁੰਦੀ ਹੈ ਜਦੋਂ ਕਿ ਪੁਰਾਤਨ ਪੀੜ੍ਹੀ ਇਨ੍ਹਾਂ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਹੈ। ਕਹਾਣੀ ਵਿਚ ਸ਼ਾਇਨਾ ਅਤੇ ਵੰਸ਼ ਦੋਵੇਂ ਅੰਤਰ ਜਾਤੀ ਵਿਆਹ ਕਰਵਾਉਂਦੇ ਹਨ। ਲੜਕੀ ਜੱਟ ਜਾਤੀ ਨਾਲ ਸੰਬੰਧਿਤ ਹੈ ਅਤੇ ਲੜਕਾ ਬ੍ਰਾਹਮਣ ਜਾਤੀ ਨਾਲ। ਦੋਵੇਂ ਪਰਿਵਾਰ ਅੰਤਰਜਾਤੀ ਵਿਆਹ ਲਈ ਸਹਿਮਤ ਨਹੀਂ ਹੁੰਦੇ ਸਗੋਂ ਬੱਚਿਆਂ ਦੀ ਜਿੱਦ ਅੱਗੇ ਗੋਡੇ ਟੇਕ ਦਿੰਦੇ ਹਨ। ਦੂਸਰਾ ਪੁਰਾਤਨ ਪੀੜ੍ਹੀ ਲੋਕ ਕੀ ਕਹਿਣਗੇ? ਦੀ ਧਾਰਨਾ ਨਾਲ ਲਬਰੇਜ਼ ਹੈ। ਇਸ ਪਰੰਪਰਾਗਤ ਧਾਰਨਾ ਉੱਪਰ ਕਥਾਕਾਰਾ ਆਧੁਨਿਕ ਪੀੜ੍ਹੀ ਦੁਆਰਾ ਵਿਅੰਗ ਕਰਦੀ ਹੈ। "ਮਾਂ ਤੁਸੀਂ ਲੋਕਾਂ ਦੀ ਫ਼ਿਕਰ ਕਿਉਂ ਕਰਦੇ ਹੋ? ਹੂ ਕੇਅਰਜ਼ ਅਬਾਊਟ ਪੀਪਲ। ... ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਲੋਕਾਂ ਲਈ ਜਿਉਂਦੇ ਹੋ ਜਾਂ ਆਪਣੇ ਲਈ।"(ਪੰਨਾ-52)

ਦੂਸਰੇ ਪਾਸੇ ਕਹਾਣੀ ਇਸ ਧਾਰਨਾ ਦੀ ਪ੍ਰੋੜਤਾ ਵੀ ਕਰਦੀ ਹੈ ਕਿ ਵਿਆਹ ਤੋਂ ਬਾਅਦ ਲੜਕੀ ਨੂੰ ਆਪਣੇ ਸਹੁਰੇ ਘਰ ਵਿਚ ਹੀ ਰਹਿਣਾ ਚਾਹੀਦਾ ਹੈ। ਕਹਾਣੀ ਦੇ ਅਖ਼ੀਰ ਵਿਚ ਕੇਂਦਰੀ ਪਾਤਰ ਸ਼ਾਇਨਾ ਆਪਣੇ ਅਸਲ ਘਰ ਭਾਵ ਪਤੀ ਦੇ ਘਰ ਜਾਣ ਨੂੰ ਪ੍ਰਮੁੱਖਤਾ ਦਿੰਦੀ ਹੈ ਅਤੇ ਇਸਦੇ ਨਾਲ ਹੀ ਉਸ ਅੰਦਰ ਆਪਣੀ ਔਲਾਦ ਪੈਦਾ ਕਰਨ ਦੀ ਇੱਛਾ ਵੀ ਪਨਪਦੀ ਹੈ। ਇਸ ਤਰ੍ਹਾਂ ਲੇਖਿਕਾ 'ਚਾਬੀ' ਦੇ ਪ੍ਰਤੀਕ ਰਾਹੀਂ ਜਾਤੀ ਮਾਨਸਿਕਤਾ, ਪਰੰਪਰਾਗਤ ਧਾਰਨਾਵਾਂ ਅਤੇ ਸੰਤਾਨ ਉਤਪਤੀ ਕਾਰਨ ਸਰੀਰਕ ਸੁੰਦਰਤਾ ਦੇ ਭੈਅ ਵਰਗੇ ਮਾਨਸਿਕ ਰੋਗਾਂ ਦੇ ਜਿੰਦਰਿਆਂ ਨੂੰ ਚੇਤੰਨਤਾ ਰੂਪੀ ਚਾਬੀ ਨਾਲ ਖੋਲ੍ਹਦੀ ਹੈ।

ਕਹਾਣੀ 'ਡੈੱਥ ਔਫ਼ ਏ ਡ੍ਰੀਮ' ਮਾਂ ਕੋਲੋਂ ਵਿਛੜੀ ਔਲਾਦ ਦੇ ਦਰਦ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੀਆਂ ਤਿੰਨੋਂ ਔਰਤ ਪਾਤਰਾਂ ਦੇ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਉਹ ਤਿੰਨੋਂ ਮਾਵਾਂ ਹਰ ਮਹੀਨੇ ਦੇ ਆਖਰੀ ਐਤਵਾਰ ਇਕੱਠੀਆਂ ਹੋ ਕੇ ਆਪਣੇ ਦੁੱਖਾਂ ਨੂੰ ਸਾਂਝਾ ਕਰਦੀਆਂ ਹਨ। ਜਿਨ੍ਹਾਂ ਵਿੱਚੋਂ ਸਟੈਲਾ ਨਾਂ ਦੀ ਔਰਤ ਪਾਤਰ ਆਪਣੇ ਨਿੱਜੀ ਜੀਵਨ ਦੀਆਂ ਗੁਪਤ ਕਹਾਣੀਆਂ ਵੀ ਸਾਂਝੀਆਂ ਕਰਦੀ ਹੈ। ਜਿਸ ਨੂੰ ਉਸਦਾ ਮਰਦ ਮਿੱਤਰ ਵੀ ਛੱਡ ਚੁੱਕਾ ਹੈ ਅਤੇ ਉਹ ਆਪਣੀ ਮਾਨਸਿਕ ਸ਼ਾਂਤੀ ਲਈ ਅਨੇਕਾਂ ਮਰਦਾਂ ਨਾਲ ਆਪਣਾ ਰਿਸ਼ਤਾ ਜੋੜਦੀ ਹੈ ਪਰੰਤੂ ਉਹ ਫਿਰ ਵੀ ਅਸ਼ਾਂਤ ਹੀ ਰਹਿੰਦੀ ਹੈ। ਉਸ ਨੂੰ ਆਪਣੀ ਧੀ ਨੂੰ ਪਤੀ ਕੋਲ ਛੱਡਣ ਦਾ ਪਛਤਾਵਾ ਵੀ ਹੈ ਜਿਹੜੀ ਮਾਂ ਦੀ ਮਮਤਾ ਦੀ ਅਣਹੋਂਦ ਕਾਰਨ ਨਸ਼ੇ ਕਰਨ ਲੱਗਦੀ ਹੈ ਅਤੇ ਜ਼ਿੰਦਗੀ ਵਿਚਲੀ ਨਿਰਾਸ਼ਤਾ ਕਾਰਨ ਆਤਮ ਹੱਤਿਆ ਕਰ ਲੈਂਦੀ ਹੈ।

ਦੂਸਰੀ ਸੰਤਾਪ ਭੋਗਦੀ ਔਰਤ ਮੈਂ ਪਾਤਰ ਹੈ ਜਿਸਦੀ ਮੁਟਿਆਰ ਧੀ ਦੀ ਕੈਂਸਰ ਨਾਲ ਮੌਤ ਹੋ ਚੁੱਕੀ ਹੈ। ਤੀਸਰੀ ਪਾਤਰ ਨੈਂਨਸੀ ਹੈ ਜਿਸਦੇ ਬੱਚੇ ਦੀ ਮੌਤ ਜਨਮ ਸਮੇਂ ਹੀ ਹੋ ਗਈ ਸੀ। ਤਿੰਨੋਂ ਔਰਤਾਂ ਵਿਚ ਇਲਾਕਾਈ ਭਿੰਨਤਾ, ਭਾਸ਼ਾਈ ਵੱਖਰਤਾ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦੇ ਵਿਭਿੰਨ ਹੋਣ ਦੇ

ਬਾਵਜੂਦ ਵੀ ਉਨ੍ਹਾਂ ਅੰਦਰ ਔਲਾਦ ਦੇ ਦਰਦ ਦੀ ਸਾਂਝ ਪੈਂਦੀ ਹੈ। ਤਿੰਨਾਂ ਨੂੰ ਇਕ ਦੂਸਰੇ ਨਾਲੋਂ ਆਪਣਾ ਦਰਦ ਵਡੇਰਾ ਜਾਪਦਾ ਹੈ। ਕਥਾਕਾਰਾ ਪਾਤਰ ਨੈਂਸੀ ਦੇ ਸੰਵਾਦ ਰਾਹੀਂ ਵੱਡੇ ਹੋਣ ਵਾਲੇ ਸੁਪਨੇ ਦੀ ਮੌਤ ਹੋਣ ਨੂੰ ਯਥਾਰਥਕ ਰੂਪ ਵਿਚ ਪ੍ਰਗਟਾਉਂਦੀ ਹੈ ਜਿਸ ਦਾ ਬੱਚਾ ਜਨਮ ਸਮੇਂ ਹੀ ਸਾਥ ਛੱਡ ਗਿਆ ਸੀ। "ਤੁਸਾਂ ਆਪਣੀਆਂ ਧੀਆਂ ਨੂੰ ਕਦੇ ਗਲ਼ ਨਾਲ ਲਾ ਕੇ ਪਿਆਰ ਕੀਤਾ ਸੀ... ਉਨ੍ਹਾਂ ਦੇ ਸਾਹ ਮਹਿਸੂਸ ਕੀਤੇ ਸੀ ਪਰ ਮੈਂ ਤਾਂ ਅੱਜ ਤੱਕ ਇਕ ਮਾਸ ਦੇ ਲੋਥੜੇ ਨੂੰ ਗਲ਼ ਨਾਲ ਲਾਈ ਤੁਰੀ ਫਿਰਦੀ ਹਾਂ...ਯੂ ਨੋ, ਉਸ ਦਿਨ ਮੇਰੇ ਬੇਬੀ ਦੀ ਮੌਤ ਨਹੀਂ ਸੀ ਹੋਈ... ਇਕ ਸੁਪਨੇ ਦੀ ਮੌਤ ਹੋਈ ਸੀ... ਡੈੱਥ ਔਫ਼ ਏ ਡ੍ਰੀਮ... ਉਹ ਸੁਪਨਾ ਜਿਸਨੇ ਕਦੇ ਵੱਡਾ ਹੋਣਾ ਸੀ, ਮੈਨੂੰ ਮਾਂ ਕਹਿਣਾ ਸੀ...।"(ਪੰਨਾ-78)

ਕਹਾਣੀ 'ਅੱਗ ਦੀ ਸਾਂਝ' ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਸ਼ਰਦ ਅਹਿਸਾਸ ਨੂੰ ਚਿਤਰਦੀ ਹੈ। ਕੇਂਦਰੀ ਪਾਤਰ ਸੁੱਖਾਂ ਪੰਜਾਬ ਤੋਂ ਸੁਰਜਣ ਨਾਲ ਵਿਆਹ ਕਰਵਾ ਕੇ ਕਨੈਡਾ ਪਹੁੰਚਦੀ ਹੈ। ਜਿੱਥੇ ਉਹ ਆਪਣੇ ਸਹੁਰੇ ਦੀ ਨਸੀਹਤ ਦੁਆਰਾ ਆਪਣੇ ਪਤੀ ਤੇ ਸੱਸ ਨੂੰ ਸਿੱਧੇ ਰਸਤੇ ਪਾਉਂਦੀ ਹੈ ਉੱਥੇ ਉਹ ਆਪਣੇ ਘਰ ਦੀ ਆਰਥਿਕਤਾ ਨੂੰ ਵੀ ਮਜ਼ਬੂਤ ਕਰਦੀ। ਕਹਾਣੀ ਵਿਚਲੀ ਮੁੱਖ ਸਮੱਸਿਆ ਸੁੱਖਾਂ ਦੁਆਰਾ ਆਪਣੀ ਬਤੀਤ ਕੀਤੀ ਜ਼ਿੰਦਗੀ ਉੱਪਰ ਪਛਤਾਵਾ ਕਰਨਾ ਹੈ। ਉਹ ਸੋਚਦੀ ਹੈ ਕਿ ਉਹ ਸਾਰੀ ਉਮਰ ਪਰਿਵਾਰ ਲਈ ਹੀ ਜਿਉਂਦੀ ਰਹੀ। ਕਦੇ ਉਸਨੇ ਆਪਣੇ ਲਈ ਜਿਉਂ ਕੇ ਨਹੀਂ ਵੇਖਿਆ।

ਦੂਸਰੇ ਪਾਸੇ ਪੱਛਮੀ ਕਦਰਾਂ-ਕੀਮਤਾਂ ਦੀ ਧਾਰਨੀ ਔਰਤ ਜੈਨੀ ਹੈ ਜਿਸਦਾ ਪਤੀ ਇਕ ਚੰਗਾ ਇਨਸਾਨ, ਚੰਗਾ ਪਿਤਾ, ਪ੍ਰਬੰਧਕ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਨਿਭਾਉਣ ਵਾਲਾ ਹੈ। ਜੈਨੀ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿੱਘੇ ਅਹਿਸਾਸ ਦਾ ਹੋਣਾ ਲੋਚਦੀ ਹੈ ਜਿਸਦੀ ਪੂਰਤੀ ਹਿੱਤ ਉਹ ਅਨੇਕਾਂ ਮਰਦਾਂ ਨਾਲ ਸਾਂਝ ਪਾਉਂਦੀ ਹੈ। ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਔਰਤ ਸੁੱਖਾਂ ਅਤੇ ਉਸਦਾ ਪਤੀ ਸੁਰਜਣ ਇਕ ਘਰ ਵਿਚ ਰਹਿੰਦੇ ਹੋਏ ਵੀ ਇਕ ਵਿੱਥ 'ਤੇ ਵਿਚਰਦੇ ਹਨ। ਸੁੱਖਾਂ ਨੂੰ ਪਰਾਏ ਮਰਦ ਨਾਲ ਰਿਸ਼ਤਾ ਜੋੜਨਾ ਪਾਪ ਲੱਗਦਾ ਹੈ ਜਿਸ ਕਾਰਨ ਉਹ ਡਿਪਰੈਸ਼ਨ ਦਾ ਸ਼ਿਕਾਰ ਹੁੰਦੀ ਹੈ ਅਤੇ ਆਪਣੀ ਇਸ ਸਮੱਸਿਆ ਦੀ ਨਵਿਰਤੀ ਲਈ ਉਹ ਧਾਰਮਿਕ ਰਹੁ-ਰੀਤਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਆਧਾਰ ਬਣਾਉਂਦੀ ਹੈ। ਇਸ ਤਰ੍ਹਾਂ ਕਰਨ ਨਾਲ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰ ਲੈਂਦੀ ਹੈ। ਸੋ ਕਥਾਕਾਰਾ ਇਸ ਕਹਾਣੀ ਦੁਆਰਾ ਪਤੀ-ਪਤਨੀ ਦੇ ਸ਼ਰਦ ਹੋਏ ਰਿਸ਼ਤੇ ਨੂੰ ਨਿੱਘੇ ਅਹਿਸਾਸਾਂ ਨਾਲ ਜਿਉਣ ਲਈ ਪ੍ਰੇਰਦੀ ਹੈ।

ਕਹਾਣੀ 'ਕੱਚ ਦੀਆਂ ਗੁੱਡੀਆਂ' ਪੰਜਾਬੀ ਔਰਤ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਕੇਂਦਰੀ ਪਾਤਰ ਬਖਸ਼ੀਸ ਜਿਸਦਾ ਵਿਆਹ ਤੋਂ ਪਹਿਲਾਂ ਦਾ ਸਮਾਂ ਬੜਾ ਅਰਾਮਦਾਇਕ ਹੈ ਪਰ ਵਿਆਹ ਉਪਰੰਤ ਉਸਦੀ ਸੱਸ ਉਸ ਉੱਪਰ ਅਨੇਕਾਂ ਬੰਦਿਸ਼ਾਂ ਲਗਾਉਂਦੀ ਹੈ। ਉਸ ਦੁਆਰਾ ਆਪਣੇ ਮਾਪਿਆਂ ਨੂੰ ਭੇਜੀ ਚਿੱਠੀ ਵੀ ਪਹਿਲਾਂ ਸੱਸ ਪੜ੍ਹਦੀ ਹੈ। ਦੂਸਰਾ ਉਸਦਾ ਵਹਿਸ਼ੀ ਪਤੀ ਨਿਰੰਜਣ ਸਿੰਘ ਉਸ ਨਾਲ ਰਬੜ ਦੀ ਗੁੱਡੀ ਵਾਂਗ ਵਿਵਹਾਰ ਕਰਦਾ ਹੈ। ਜਦੋਂ ਬਖਸ਼ੀਸ ਕੌਰ ਨੂੰ ਕੈਂਸਰ ਦੀ ਭਿਆਨਕ ਬਿਮਾਰੀ ਘੇਰ ਲੈਂਦੀ ਹੈ ਅਤੇ ਡਾਕਟਰ ਅਪ੍ਰੇਸ਼ਨ ਕਰਕੇ ਉਸ ਦੀਆਂ ਛਾਤੀਆਂ ਖ਼ਤਮ ਕਰਨ ਲਈ ਕਹਿੰਦਾ ਹੈ ਤਾਂ ਨਿਰੰਜਣ ਇਸ ਲਈ ਸਹਿਮਤ ਨਹੀਂ ਹੁੰਦਾ ਸਗੋਂ ਉਹ ਆਖਦਾ ਹੈ ਕਿ "ਨਹੀਂ, ਨਹੀਂ ਕੋਈ ਹੋਰ ਔਪਸ਼ਨ ਦੱਸੋ... ਜੇ ਬ੍ਰੇਸਟ ਰਿਮੂਵ ਕਰ ਦਿੱਤੀ ਤਾਂ ਮੈਂ ਕਾਹਦੇ ਨਾਲ ਖੇਡਿਆ ਕਰਾਂਗਾ। (ਪੰਨਾ-109)

ਅਜਿਹੀਆਂ ਕਾਮੁਕ ਲਾਲਸਾਵਾਂ ਨਾਲ ਲਬਰੇਜ਼ ਮਨੁੱਖ ਦਾ ਔਰਤ ਪ੍ਰਤੀ ਨਜ਼ਰੀਆ ਵਧੇਰੇ ਸ਼ਰਮਨਾਕ ਹੈ ਜਿਹੜਾ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਨਾਲੋਂ ਔਰਤ ਦੇ ਸਰੀਰ ਨੂੰ ਤਰਜੀਹ ਦਿੰਦਾ ਹੈ। ਦੂਸਰੇ ਪਾਸੇ ਬਖਸ਼ੀਸ ਕੌਰ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਅਜਿਹੀ ਔਰਤ ਵਜੋਂ ਪੇਸ਼

ਹੁੰਦੀ ਹੈ ਜਿਹੜੀ ਸਾਰੀ ਉਮਰ ਆਪਣੇ ਵਹਿਸ਼ੀ ਪਤੀ ਦੀਆਂ ਕਮੀਨਗੀਆਂ ਉੱਪਰ ਪਰਦਾ ਪਾਉਂਦੀ ਰਹਿੰਦੀ ਹੈ ਜਦੋਂ ਕਿ ਪਤੀ ਉਸ ਨਾਲ ਭਾਵਨਾਤਮਿਕ ਸਾਂਝ ਨਹੀਂ ਪਾਉਂਦਾ ਸਗੋਂ ਸਰੀਰਕ ਸਾਂਝ ਹੀ ਸਥਾਪਿਤ ਕਰਦਾ ਹੈ।ਉਹ ਆਪਣੀਆਂ ਲਾਲਸਾਵਾਂ ਦੀ ਪੂਰਤੀ ਹਿੱਤ ਅਨੇਕਾਂ ਹੋਰ ਔਰਤਾਂ ਦਾ ਵੀ ਸਾਥ ਮਾਣਦਾ ਹੈ।ਉਸਨੂੰ ਆਪਣੀ ਔਲਾਦ ਨਾਲੋਂ ਵਧੇਰੇ ਮੋਹ ਜਾਇਦਾਦ ਨਾਲ ਹੈ ਜਿਸ ਕਾਰਨ ਉਹ ਆਪਣੇ ਪੁੱਤਰ ਨੂੰ ਵੀ ਬੇਦਖਲ ਕਰ ਦਿੰਦਾ ਹੈ। ਕਹਾਣੀ ਦੀ ਸੋਨੀਆ ਆਪਣੀ ਸੱਸ ਉੱਪਰ ਹੋ ਰਹੇ ਇਨ੍ਹਾਂ ਅੱਤਿਆਚਾਰਾਂ ਦੀ ਵਿਰੋਧਤਾ ਕਰਦੀ ਹੋਈ ਮਾਨਵਤਾ ਪੱਖੀ ਪਾਤਰ ਵਜੋਂ ਪੇਸ਼ ਹੁੰਦੀ ਹੈ।

ਕਹਾਣੀ 'ਬਲੌਰੀ ਅੱਖ ਵਾਲਾ ਮੁੰਡਾ' ਪੱਛਮੀ ਸਮਾਜ ਦੇ ਰਿਸ਼ਤਿਆਂ ਵਿਚ ਆਏ ਪੇਤਲੇਪਣ ਦੀਆਂ ਬਾਰੀਕ ਪਰਤਾਂ ਨੂੰ ਉਘਾੜਦੀ ਹੈ।ਕਹਾਣੀ ਦਾ ਕੇਂਦਰੀ ਪਾਤਰ ਟਿਮਥੀ ਹੈ ਜਿਸ ਦੀਆਂ ਅੱਖਾਂ ਬਲੌਰੀ ਹਨ।ਉਸਦੀ ਮਾਂ ਐਰਿਕਾ ਆਪਣੇ ਪਿਤਾ ਦੁਆਰਾ ਦੂਸਰਾ ਵਿਆਹ ਕਰਵਾਉਣ ਉਪਰੰਤ ਘਰ ਛੱਡ ਨਸ਼ੇ ਕਰਨ ਲੱਗਦੀ ਹੈ।ਉਸਦੇ ਦੋ ਬੱਚੇ ਹਨ ਜਿਨ੍ਹਾਂ ਦੇ ਅਸਲ ਪਿਤਾ ਬਾਰੇ ਉਹ ਬਿਲਕੁਲ ਨਹੀਂ ਜਾਣਦੀ। ਕਹਾਣੀ ਦੀਆਂ ਔਰਤ ਪਾਤਰਾਂ ਐਰਿਕਾ, ਉਸਦੀ ਧੀ ਜੇਮੀ ਅਤੇ ਬਰੈਂਡੀ ਜਿਸਮ ਫਿਰੋਸ਼ੀ ਦਾ ਧੰਦਾ ਕਰਦੀਆਂ ਹਨ।ਕਥਾਕਾਰਾ ਉਨ੍ਹਾਂ ਦੇ ਅਜਿਹੇ ਅਨੈਤਿਕ ਵਿਵਹਾਰ ਉੱਪਰ ਚਿੰਤਾ ਵਿਅਕਤ ਕਰਦੀ ਹੈ ਕਿ ਇਸ ਮੁਲਕ ਵਿਚ ਕੰਮ ਦਾ ਕੋਈ ਘਾਟਾ ਨਹੀਂ ਪਰ ਫਿਰ ਵੀ ਇਥੋਂ ਦੀਆਂ ਔਰਤਾਂ ਇਹ ਧੰਦਾ ਕਿਉਂ ਕਰਦੀਆਂ ਹਨ? ਉਹ ਪੱਛਮੀ ਸਮਾਜ ਦੀਆਂ ਅਜਿਹੀਆਂ ਚਰਿੱਤਰਹੀਨ ਔਰਤਾਂ ਉੱਪਰ ਕਟਾਖਸ਼ ਕਰਦੀ ਹੋਈ ਉਨ੍ਹਾਂ ਅੱਗੇ ਅਨੇਕਾਂ ਸੁਆਲ ਖੜ੍ਹੇ ਕਰਦੀ ਹੈ।ਇਸਦੇ ਨਾਲ ਹੀ ਇਹ ਔਰਤਾਂ ਆਪਣੇ ਤੋਂ ਵਡੇਰੀ ਜਾਂ ਫਿਰ ਕਾਫ਼ੀ ਘੱਟ ਉਮਰ ਦੇ ਮਰਦਾਂ ਨਾਲ ਵਿਆਹ ਕਰਵਾਉਂਦੀਆਂ ਹਨ।


ਮੈਂ ਪਾਤਰ ਟਿਮਥੀ ਦੇ ਜੀਵਨ ਪ੍ਰਤੀ ਵਧੇਰੇ ਚਿੰਤਤ ਰਹਿੰਦੀ ਹੈ ਪਰੰਤੂ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸਨੇ ਆਪਣੇ ਤੋਂ ਪੱਚੀ ਸਾਲ ਵੱਡੀ ਔਰਤ ਨਾਲ ਵਿਆਹ ਕਰਵਾ ਲਿਆ ਹੈ ਤਾਂ ਉਹ ਮਾਨਸਿਕ ਤੌਰ 'ਤੇ ਹੋਰ ਵੀ ਵਧੇਰੇ ਪ੍ਰੇਸ਼ਾਨ ਹੁੰਦੀ ਹੈ।ਕਥਾਕਾਰਾ ਇਹ ਪ੍ਰਸ਼ਨ ਵੀ ਉਭਾਰਦੀ ਹੈ ਕਿ ਟਿਮਥੀ ਉਸ ਔਰਤ ਵਿਚੋਂ ਪਤਨੀ ਜਾਂ ਮਾਂ ਦਾ ਪਿਆਰ ਤਲਾਸ਼ਦਾ ਹੈ? ਲੇਖਿਕਾ ਪੱਛਮੀ ਸਮਾਜ ਵਿਚ ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਪੇਤਲੇਪਣ ਨੂੰ ਆਲੋਚਨਾਤਮਕ ਰੂਪ ਵਿਚ ਚਿਤਰਦੀ ਹੈ।ਮੈਂ ਪਾਤਰ ਉਸ ਸਮੇਂ ਟਿਮਥੀ ਤੋਂ ਭੈਅ ਮਹਿਸੂਸ ਕਰਨ ਲੱਗਦੀ ਹੈ ਜਦੋਂ ਉਹ ਉਸ ਨੂੰ ਆਪਣੇ ਤੇ ਬਰੈਂਡੀ ਦੇ ਪਤੀ-ਪਤਨੀ ਦੇ ਰਿਸ਼ਤੇ ਵਿਚ ਬੱਝੇ ਹੋਣ ਅਤੇ ਆਪਣੇ ਕਾਰੋਬਾਰ ਬਾਰੇ ਦੱਸਦਾ ਹੈ।"ਮੈਨੂੰ ਪਤੈ ਤੂੰ ਬਰੈਂਡੀ ਨੂੰ ਪਸੰਦ ਨਹੀਂ ਕਰਦੀ ਪਰ ਉਹ ਮੇਰੀ ਜ਼ਿੰਦਗੀ ਹੈ... ਸੀ ਇਜ਼ ਮਾਈ ਲਾਈਫ... ਵੀ ਹੈਵ ਏ ਬਿਜ਼ਨਸ ਟੂਗੈਦਰ... ਸਾਡਾ ਆਪਣਾ ਬਿਜ਼ਨਸ ਹੈ... ਸਾਡੀ ਐਸਕੋਰਟ ਸਰਵਿਸ ਹੈ... ਅਸੀਂ ਦੋਵੇਂ ਧੰਦਾ ਕਰਦੇ ਹਾਂ... ਮੈਂ ਔਰਤਾਂ ਨਾਲ... ਬਰੈਂਡੀ...। "(ਪੰਨਾ-133) (**ਸੰਪਰਕ : 95012-45290**)

***'ਕਹਾਣੀ ਧਾਰਾ' ਦੀ ਵੈਬਸਾਇਟ ਤੇ ਇਹ ਅੰਕ ਵੀ ਪੜ੍ਹੋ***

*'ਕਹਾਣੀ ਧਾਰਾ' ਨੂੰ ਛਪਦਿਆਂ 16 ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 63 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੂਗਲ ਸਰਚ ਇੰਜਨ 'ਤੇ ਜਾ ਕੇ : **kahani Dhara** ਕਲਿੱਕ ਕਰੋ।**Parwaz Parkashan** ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 66 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ। 'ਨਵਾਂ ਅੰਕ ਵੀ ਵੈਬ ਪੇਜ਼ ਤੋਂ ਡਾਊਨਲੋਡ ਕਰ ਸਕਦੇ ਹੋ। -ਸੰਪਾਦਕ*

# ਭਗਵੰਤ ਰਸੂਲਪੁਰੀ ਦਾ ਕਥਾ ਜਗਤ

## (ਕੁੰਭੀ ਨਰਕ ਦੇ ਸੰਦਰਭ 'ਚ) / - ਡਾ. ਹਰਪ੍ਰੀਤ ਸਿੰਘ ਹੁੰਦਲ




ਸਾਹਿਤ ਨੂੰ ਸਾਕਾਰ ਰੂਪ ਮੁਹੱਈਆ ਕਰਾਉਣ ਵਿੱਚ ਭਾਸ਼ਾ ਦਾ ਅਹਿਮ ਰੋਲ ਹੁੰਦਾ ਹੈ। ਭਾਸ਼ਾ ਕਿਸੇ ਅਰਥ ਵਿਧੀ ਨੂੰ ਪ੍ਰਗਟ ਕਰਦੀ ਹੈ। ਅਰਥ ਪ੍ਰਾਪਤੀ ਨੂੰ ਵੇਖ ਕੇ ਹੀ ਕਿਸੇ ਰਚਨਾ ਦੀ ਭਾਸ਼ਾ ਦੀ ਸਫ਼ਲਤਾ ਦੇ ਵਿਸ਼ੇ ਬਾਰੇ ਕੋਈ ਨਿਰਣਾ ਕੀਤਾ ਜਾ ਸਕਦਾ ਹੈ। ਸਾਹਿਤਿਕ ਰਚਨਾ ਮਨੁੱਖ ਦੀ ਘਾਲਣਾ ਦਾ ਫ਼ਲ ਹੁੰਦੀ ਹੈ। ਜੀਵਨ ਦੇ ਸੱਚ ਨੂੰ ਪੇਸ਼ ਕਰਨ ਲਈ ਸਾਹਿਤਕਾਰ ਕਈ ਵਿਧੀਆਂ ਦੀ ਵਰਤੋਂ ਕਰਦਾ ਹੈ।

ਪੰਜਾਬੀ ਸਾਹਿਤ ਵਿਚ ਪੰਜਾਬੀ ਕਹਾਣੀ ਨੇ ਇਕ ਸਦੀ ਦਾ ਮਹੱਤਵ ਪੂਰਨ ਦੌਰ ਸੰਪੂਰਨ ਕਰ ਲਿਆ ਹੈ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਕਰਵਟ ਲੈਣ ਵਾਲੀ ਇਸ ਵਿਧਾ ਨੇ ਆਪਣੀ ਪਟਾਰੀ ਵਿੱਚ ਅਨੇਕਾਂ ਪ੍ਰਾਚੀਨ ਪ੍ਰੀਤ ਕਹਾਣੀਆਂ, ਕਿੱਸੇ ਕਹਾਣੀਆਂ ਸੰਭਾਲੀਆਂ ਹੋਈਆਂ ਹਨ। ਅਜੋਕੇ ਦੌਰ ਵਿਚ ਪਹੁੰਚਣ ਲਈ ਇਸ ਵਿਧਾ ਨੇ ਕਈ ਪੜ੍ਹਾਵਾਂ ਵਿੱਚੋਂ ਸਫ਼ਰ ਤਹਿ ਕੀਤਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਦੇਸ਼ ਵੰਡ ਤੋਂ ਬਾਅਦ ਪੰਜਾਬੀ ਕਹਾਣੀ ਨੇ ਚੱਲੀਆਂ ਸਾਹਿਤਿਕ, ਸਮਾਜਕ, ਰਾਜਨੀਤਕ, ਧਾਰਮਿਕ ਲਹਿਰਾਂ ਨੂੰ ਆਪਣਾ ਵਿਸ਼ਾ ਬਣਾਉਂਦਿਆਂ ਵਿਕਾਸ ਪੜਾਅ ਨੂੰ ਸਰ ਕੀਤਾ ਹੈ। ਆਪਣੇ ਸਫ਼ਰ ਦੌਰਾਨ ਇਹ ਕਈ ਪਰਿਵਰਤਨਾਂ ਵਿੱਚੋਂ ਗੁਜ਼ਰਦੀ ਹੋਈ ਆਪਣੀ ਸੂਝ ਨੂੰ ਤਿੱਖਾ ਅਤੇ ਅਨੁਭਵੀ ਬਣਾਉਂਦੀ ਗਈ। ਪ੍ਰਸਿੱਧ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਕਹਾਣੀ ਦੇ ਜਨਮ ਅਤੇ ਵਿਕਾਸ ਨੂੰ ਮਸ਼ੀਨੀ ਯੁੱਗ ਨਾਲ ਜੋੜ ਕੇ ਵੇਖਦਾ ਹੋਇਆ ਲਿਖਦਾ ਹੈ, 'ਜਦੋਂ ਤੱਕ ਕਿਸੇ ਦੇਸ਼ ਦੀ ਸਨਅਤ ਦਾ ਮਸ਼ੀਨੀਕਰਣ ਨਹੀਂ ਹੁੰਦਾ, ਜਦੋਂ ਤੱਕ ਕਿਸੇ ਦੇਸ਼ ਦੀ ਜ਼ਿੰਦਗੀ ਵਿਚ ਗਤੀ ਨਹੀਂ ਆਂਦੀ, ਉਸ ਦੇਸ਼ ਦੀ ਨਿੱਕੀ ਕਹਾਣੀ ਵਧੇਰੇ ਨਹੀਂ ਪ੍ਰਫ਼ੁਲਿਤ ਹੁੰਦੀ... ਜਦੋਂ ਆਦਮੀ ਕੋਲ ਵਿਹਲ ਘੱਟ ਹੁੰਦੀ ਹੈ, ਪਰ ਪੜ੍ਹਨ ਦਾ ਝੱਸ ਹੁੰਦਾ ਹੈ, ਨਿੱਕੀ ਕਹਾਣੀ ਪੜ੍ਹਕੇ ਉਹ ਆਪਣਾ ਸ਼ੌਕ ਪੂਰਾ ਕਰਦਾ ਹੈ।' [1]

ਲੇਖਕ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਘਟਨਾਵਾਂ ਨੂੰ ਵੇਖਦਾ, ਘੋਖਦਾ ਹੋਇਆ ਉਹਨਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਉਹਨਾਂ ਅਨੁਭਵਾਂ ਨੂੰ ਉਹ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਪੰਜਾਬੀ ਕਹਾਣੀ ਦਾ ਵਿਕਾਸ ਪੜ੍ਹਾਅ 1990 ਈ. ਤੱਕ ਪਹੁੰਚਦਾ ਹੋਇਆ ਇਕ ਨਵੇਂ ਦੌਰ ਵਿਚ ਪਰਵੇਸ਼ ਕਰਦਾ ਹੈ। ਇਸ ਸਮੇਂ ਪੰਜਾਬੀ ਜਨ-ਜੀਵਨ ਵਿਚ ਵੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਮਾਜਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਕ ਉਤਰਾਵਾਂ-ਚੜ੍ਹਾਵਾਂ ਨੇ ਜ਼ਿੰਦਗੀ ਨੂੰ ਜਟਿਲ ਅਤੇ ਬਹੁ-ਪਾਸਾਰੀ ਬਣਾ ਦਿੱਤਾ। ਪ੍ਰਸਿੱਧ ਸਮਾਜ ਵਿਗਿਆਨੀ ਓ ਐਂਡਲਸਾਨ ਅਤੇ ਐਮ. ਵਿਜਿਆਨੀ ਆਪਣੀ ਪੁਸਤਕ The Untouchables Suberdination, Poverty and the State in Modern India" 'ਚ ਲਿਖਦੇ ਹਨ, "ਦਲਿਤਾਂ ਦੇ ਸੰਬੰਧ ਵਿਚ ਵੀਹਵੀਂ ਸਦੀ ਵਿਚ ਦੋ ਮਹੱਤਵਪੂਰਨ ਗੱਲਾਂ ਵਾਪਰੀਆਂ ਹਨ। ਪਹਿਲੀ, ਲਾਜ ਵੱਲੋਂ ਉਹਨਾਂ ਦੇ ਅਧਿਕਾਰ ਕਾਨੂੰਨੀ ਤੌਰ ਤੇ ਲਾਗੂ ਕਰ ਦਿੱਤੇ ਗਏ। ਦੂਸਰੀ ਹੁਣ ਉਹ ਚੁੱਪ ਕਰਕੇ ਅਤੇ ਹੱਥ ਤੇ ਹੱਥ ਧਰਕੇ ਬੈਠਣ ਵਾਲੇ ਨਹੀਂ ਹਨ ਸਗੋਂ ਹੁਣ ਉਹ ਸਿਆਸੀ ਤੌਰ ਤੇ ਪੂਰੇ ਚੇਤਨ ਹੋ ਚੱਕੇ ਹਨ। [2]

ਇਸ ਦੌਰ ਵਿਚ ਪੰਜਾਬੀ ਕਹਾਣੀ ਦੀਆਂ ਜੁਗਤਾਂ ਵਿਚ ਵੀ ਪਰਿਵਰਤਨ ਆਉਣੇ ਸ਼ੁਰੂ ਹੋ ਗਏ। ਦਲਿਤ ਚੇਤਨਾ ਦੀਆਂ ਕਹਾਣੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਦਲਿਤ ਚੇਤਨਾ ਦੇ ਇਸ ਪ੍ਰਭਾਵ ਨੇ ਸਾਹਿਤ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਸਦੀਆਂ ਤੋਂ ਆਰਥਿਕ ਸਮਾਜਕ ਆਦਿ ਤੌਰ ’ਤੇ ਦੱਬੇ ਕੁਚਲੇ ਲੋਕਾਂ ਵਿਚ ਇਕ ਨਵੀਂ ਸੋਚ ਪੈਦਾ ਹੋਣ ਲੱਗ ਪਈ। ਇਸ ਤੋਂ ਪਹਿਲਾਂ ਰਚੇ ਜਾ ਰਹੇ ਸਾਹਿਤ ਨੂੰ ‘ਨਿਮਨ ਸ੍ਰੇਣੀਆਂ ਦਾ ਸਾਹਿਤ’ ਕਹਿ ਲਿਆ ਜਾਂਦਾ ਸੀ ਮਰਾਠੀ ਤੇ ਹਿੰਦੀ ਸਾਹਿਤ ਤੋਂ ਵਿਕਸਤ ਹੁੰਦਾ ਹੋਇਆ ਇਹ ਪੰਜਾਬੀ ਭਾਸ਼ਾ ਵਿਚ ਪ੍ਰਚਲਿਤ ਹੋ ਗਿਆ। ਵੱਖ ਵੱਖ ਦ੍ਰਿਸ਼ਟੀ ਕੋਣਾਂ ਤੋਂ ਇਸ ਦੀ ਚਰਚਾ ਹੋਣੀ ਆਰੰਭ ਹੋਈ ਅਤੇ ਪੰਜਾਬੀ ਪਾਠਕਾਂ ਸਨਮੁੱਖ ਨਵੇਂ ਆਯਾਮ ਸਾਹਮਣੇ ਆਉਣੇ ਸ਼ੁਰੂ ਹੋਏ।

ਸਾਡੀ ਸਮੀਖਿਆ ਦਾ ਕੇਂਦਰ ਬਿੰਦੂ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿੱਚੋਂ ਵਿਲੱਖਣ ਤੇ ਨਿਵੇਕਲਾ ਸਥਾਨ ਰੱਖਣ ਵਾਲਾ ਭਗਵੰਤ ਰਸੂਲਪੁਰੀ ਹੈ। ਹੁਣ ਤੱਕ ਪੰਜਾਬੀ ਕਹਾਣੀ ਜਗਤ ਨੂੰ ਚਾਨਣ ਦੀ ਲੀਕ, ਕੁਵੇਲੇ ਤੁਰਿਆ ਪਾਂਧੀ, ਮੈਂ, ਸ਼ੈਤਾਨ ਤੇ ਇੰਦੂਮਣੀ, ਤੀਜਾ ਨੇਤਰ, ਮਰਨ ਰੁੱਤ ਅਤੇ ਕੁੰਭੀ ਨਰਕ ਕਹਾਣੀ ਸੰਗ੍ਰਹਿ ਦੇ ਚੁੱਕਾ ਹੈ। ਚਰਚਾ ਅਧੀਨ ਕਹਾਣੀ ਸੰਗ੍ਰਹਿ ‘ਕੁੰਭੀ ਨਰਕ’ 2017 ਰਾਹੀਂ ਕਹਾਣੀ ਸਿਰਜਣਾ ਦੇ ਖੇਤਰ ਵਿੱਚ ਉਹ ਆਪਣਾ ਨਿਵੇਕਲਾ ਸਥਾਨ ਸਥਾਪਤ ਕਰਦਾ ਹੈ। ਇਸ ਪੁਸਤਕ ਵਿੱਚ ਅੱਧੀ ਦਰਜਨ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਪੁਸਤਕ ਰੂਪ ਵਿੱਚ ਛਪਣ ਤੋਂ ਪਹਿਲਾਂ ਪੰਜਾਬੀ ਦੇ ਵੱਖ ਵੱਖ ਰਿਸਾਲਿਆਂ ਵਿੱਚ ਛਪ ਚੁੱਕੀਅ ਸਨ। ਇਹਨਾਂ ਕਹਾਣੀਆਂ ਦੇ ਕਿਰਤੀ ਪਾਤਰ ਸਦੀਆਂ ਤੋਂ ਚੱਲੀਆਂ ਆਉਂਦੀਆਂ ਅਖੌਤ ਰਵਾਇਤਾਂ ਦੇ ਸੋਸ਼ਣ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਕਹਾਣੀਕਾਰ ਕੁੱਝ ਮੁੱਢਲੀਆਂ ਕਹਾਣੀਆਂ ਵਿਚ ਚਮੜਾ ਲਾਹੁਣ, ਰੰਗਣ ਅਤੇ ਖੱਲ ਵੇਚਣ ਵਾਲੇ ਪਰਿਵਾਰਾਂ ਦੀ ਅਵੱਸਥਾ ਨੂੰ ਬੜੀ ਯਥਾਰਥਕ ਵਿਧੀ ਰਾਹੀਂ ਬਿਆਨ ਕਰਦਾ ਹੈ। ਰੋਜ਼ੀ ਰੋਟੀ ਲਈ ਇਹ ਕਾਰਜ ਕਰਨ ਵਾਲੇ ਪਰਿਵਾਰ ਅਨੇਕਾਂ ਦੁਸ਼ਵਾਰੀਆਂ ਭਰਪੂਰ ਜੀਵਨ ਜੀਉਂਦੇ ਹਨ। ਇਹ ਗਰੀਬ ਪਰਿਵਾਰ/ ਲੋਕ ਮਿਹਨਤ ਮੁਸ਼ਕਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਤੇ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦੇ ਹਨ। ‘ਕੁੰਭੀ ਨਰਕ’ ਅਤੇ ‘ਸੁੱਕੀਆਂ ਕੁੰਨਾਂ’ ਕਹਾਣੀਆਂ ਵਿੱਚ ਅਜਿਹੀ ਅਵੱਸਥਾ ਦੇ ਬਿਰਤਾਂਤ ਦੀ ਪੇਸ਼ਕਾਰੀ ਹੋਈ ਹੈ। ਮਲਮੂਤਰ ਢੋਣਾ, ਮਰੇ ਜਾਨਵਰਾਂ ਨੂੰ ਹੱਡਾ-ਰੋੜੀ ਵਿੱਚ ਲੈ ਕੇ ਜਾਣਾ ਅਤੇ ਉਹਨਾਂ ਦੀ ਖੱਲ਼ ਉਤਾਰਨੀ, ਬੰਦ ਗਟਰ ਖੋਲ੍ਹਣੇ ਆਦਿ ਕੰਮ ਇਕ ਖਾਸ ਵਰਗ ਲਈ ਹੀ ਰਾਖਵੇਂ ਹੋਣ ਇਨਸਾਨੀਅਤ ਦੇ ਨਾਂ ’ਤੇ ਧੱਬੇ ਹਨ। ‘ਧੂੜ’ ਕਹਾਣੀ ਜ਼ਿੰਦਗੀ ਦੇ ਕਈ ਧਰਾਤਲਾਂ ਦੀ ਸਿਰਜਣਾ ਕਰਦੀ ਹੈ, ਸੰਘਰਸਸ਼ੀਲ ਮਨੁੱਖ ਨੂੰ ਤ੍ਰਾਸਦੀ ਵਿਚੋਂ ਸਵੇਰੇ ਦੀ ਬਾਤ ਦਾ ਧਰਵਾਸ ਦੇਂਦੀ ਹੈ। ਕਹਾਣੀ ਵਿਚਲਾ ਪਾਤਰ ਕਹਿੰਦਾ ਹੈ ਕਿ, “ਸਿਸਟਮ ਤਾਂ ਬਦਲੇਗਾ ਜੇਕਰ ਤੁਸੀਂ ਲੋਕ ਏਕਾ ਕਰੋਗੇ। ਜਦੋਂ ਸਾਰੇ ’ਕੱਠੇ ਹੋ ਕੇ ਸਿਸਟਮ ਬਦਲਣ ਵੱਲ ਤੁਰ ਪਏ ਤਾਂ ਮਾੜੇ ਬੰਦੇ ਆਪੇ ਖ਼ਤਮ ਹੋ ਜਾਣਗੇ...। ਇਹਨਾਂ ਜਾਤਾਂ ਤੇ ਜਮਾਤਾਂ ਨੇ ਸਮਾਜ ਵੰਡਿਆਂ ਪਿਆ ਏ। (ਧੂੜ, ਪੰਨਾ-88) ਦੁਖਾਂਤਿਕ ਸਥਿਤੀ ਨੂੰ ਬਿਆਨ ਕਰਦੀ ਹੋਈ ਇਹ ਕਹਾਣੀ ਨਵੀਂ ਆਸ ਦੀ ਕਿਰਨ ਜਗਾਉਂਦੀ ਹੈ। ਅਜੋਕਾ ਸਮਾਜ ਇਸ ਪ੍ਰਸਥਿਤੀ ਵਿਚੋਂ ਹੌਲੀ ਹੌਲੀ ਨਿਕਲ ਰਿਹਾ ਹੈ।

‘ਬਲੈਕ ਡਸਟਬਿਨ’ ਕਹਾਣੀ ਪਰਵਾਸੀ ਬੰਦੇ ਦੇ ਜੀਵਨ ਦੀ ਪੇਸ਼ਕਾਰੀ ਕਰਦੀ ਹੈ। ਇਹਨਾਂ ਵਿਕਸਤ ਦੇਸ਼ਾਂ ਵਿਚਲਾ ਕਾਨੂੰਨ ਪਰਵਾਸੀਆਂ ਲਈ ਸਾਰੀ ਜ਼ਿੰਦਗੀ ਇਕ ਹਉਆਂ (ਖ਼ੌਫ਼) ਪੈਦਾ ਕਰੀ ਰੱਖਦਾ ਹੈ। ਉਪ-ਜੀਵਕਤਾ ਦੇ ਚੱਕਰ-ਵਿਊ ਵਿੱਚ ਫਸਿਆ ਮਨੁੱਖ ਅੰਦਰਲੇ ਜਜ਼ਬੇ ਦੀ ਹੱਤਿਆ ਕਰ ਨਵੀਂ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਆਰਥਕ ਪੱਖੋਂ ਖੁਸ਼ਹਾਲ ਪਰਵਾਸੀ ਕਿਵੇਂ ਦੋਹਰੇ ਕਿਰਦਾਰ ਨਾਲ

ਵਿਚਰਦਾ ਹੈ। 'ਕਬਰਗਾਹ' ਕਿਰਤੀ ਲੋਕਾਂ ਦੀ ਅਜੋਕੇ ਦੌਰ ਵਿੱਚ ਹੁੰਦੇ ਸੋਸ਼ਣ ਦੇ ਦੁਖਾਂਤ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਗਰੀਬ ਦਿਹਾੜੀਦਾਰ ਤੇ ਨਿਮਨ ਕਿਸਾਨ ਦੀ ਅਵੱਸਥਾਂ ਦਾ ਚੀਰ-ਹਰਣ ਚਿੰਤਾ ਦਾ ਵਿਸ਼ਾ ਹੈ। ਹਰ ਵਰਗ ਦੇ ਦੁਖਾਂਤ ਨੂੰ ਲੇਖਕ ਇਕ ਦੂਜੇ ਦੇ ਸਮਵਿੱਥ ਰੱਖ ਕੇ ਪੇਸ਼ ਕਰਦਾ ਹੈ। 'ਮਾਇਆ' ਕਹਾਣੀ ਵਿੱਚ ਅਖੌਤੀ ਸਾਧ ਕਿਵੇਂ ਸਧਾਰਣ ਮਨੁੱਖਾਂ ਨੂੰ ਭਾਵੁਕ ਪੱਧਰ ਤੇ ਗੁੰਮਰਾਹ ਕਰਕੇ ਆਪਣੇ ਪਿੱਛੇ ਲਾ ਲੈਂਦੇ ਹਨ। ਸੂਝ ਵਿਹੂਣਾ ਮਨੁੱਖ ਸੰਘਰਸ਼ ਮਾਈ ਜੀਵਨ ਅਤੇ ਅਣਖ ਨੂੰ ਤਿਲਾਂਜਲੀ ਦੇ ਅੰਧਵਿਸ਼ਵਾਸ ਦੀ ਦਲਦਲ ਵਿੱਚ ਧਸਦਾ ਜਾਂਦਾ ਹੈ।

ਭਗਵੰਤ ਰਸੂਲਪੁਰੀ ਦੀਆਂ ਇਹ ਕਹਾਣੀਆਂ ਕਥਾ ਸੰਸਾਰ ਦਾ ਪਾਸਾਰ ਕਰਦੀਆਂ ਹੋਈਆਂ ਸਮਾਜਕ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ। ਸਦੀਆਂ ਤੋਂ ਸਮਾਜਕ, ਰਾਜਨੀਤਕ ਅਤੇ ਆਰਥਿਕ ਪ੍ਰਸਥਿਤੀਆਂ ਦੇ ਬੋਝ ਹੇਠ ਫਸੇ ਦੱਬੇ ਕੁਚਲੇ ਨਿਮਨ ਵਰਗ ਦੇ ਲੋਕ ਬੰਧੂਆ ਮਜ਼ਦੂਰ ਬਣ ਕੇ ਮੁਸ਼ੱਕਤ ਕਰਨ ਲਈ ਮਜ਼ਬੂਰ ਸਨ। ਡਾ. ਰਜਨੀਸ਼ ਬਹਾਦਰ ਸਿੰਘ ਦੀ ਰਾਇ ਅਨੁਸਾਰ, "ਭਗਵੰਤ ਰਸੂਲਪੁਰੀ ਇਸ ਸੰਗ੍ਰਹਿ ਵਿੱਚ ਘਟਨਾਵਾਂ, ਪਾਤਰਾਂ ਅਤੇ ਵਿਸਥਾਰਮੁਖੀ ਬਿਰਤਾਂਤ ਰਾਹੀਂ ਇਕ ਨਵਾਂ ਸੁਹਜ ਉਸਾਰਦਾ ਹੈ। ਉਹ ਪਾਤਰਾਂ ਦੀਆਂ ਇਛਾਵਾਂ ਅਤੇ ਸਥਿਤੀਆਂ ਦੇ ਦਵੰਦ ਨੂੰ ਸੰਕਟ ਦਾ ਅਧਾਰ ਬਣਾ ਕੇ ਪੇਸ਼ ਕਰਦਾ ਹੈ। ਇਹ ਦਵੰਦ ਉਸ ਦੀ ਕਥਾਕਾਰੀ ਦਾ ਕੇਂਦਰੀ ਨੁਕਤਾ ਹੈ। (ਕੁੰਭੀ ਨਰਕ)

ਜੀਵਨ ਦੇ ਕਠੋਰ ਯਥਾਰਥ ਦਾ ਗਲਪਨਿਕ ਰੁਪਾਂਤਰਣ ਕਰਨ ਵੇਲੇ ਕਥਾਕਾਰ ਨੂੰ ਅਜਿਹੀਆਂ ਕਥਾ-ਜੁਗਤਾਂ ਦਾ ਆਸਰਾ ਲੈਣਾ ਪੈਂਦਾ ਹੈ ਕਿ ਉਹ ਰਚਨਾ ਸਾਹਿਤਕ ਪੱਖੋਂ ਨਿਵੇਕਲਾਪਨ ਪੈਦਾ ਕਰਦੀ ਹੈ। ਕਈ ਵਾਰ ਕਥਾਕਾਰ ਅਜਿਹੇ ਵਾਤਾਵਰਣ ਦੀ ਸਿਰਜਣਾ ਕਰਦਾ ਹੈ ਕਿ ਸਮਾਜਕ ਦੁਸ਼ਵਾਰੀਆਂ ਨਾਲ ਜੂਝ ਰਹੇ ਪਾਤਰ ਸਮਾਜ ਲਈ ਨਵੀਂ ਕਿਰਨ ਦੇ ਵਾਹਕ ਬਣਦੇ ਹਨ। ਵਿੱਦਿਆ ਦੇ ਪਾਸਾਰ ਨਾਲ ਦਲਿਤ ਤੇ ਨਿਮਨ ਵਰਗ ਪ੍ਰਭਾਵਸ਼ਾਲੀ ਰੁਜ਼ਗਾਰ ਦੇ ਮਾਰਗ ਦਾ ਪਾਂਧੀ ਬਣਦਾ ਹੈ। ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਸੁਚੇਤ ਹੋਇਆ ਇਹ ਵਰਗ ਅਜੇ ਵੀ ਉੱਚ-ਜਾਤੀਆਂ ਦੀ ਹਉਮੈ ਦਾ ਸ਼ਿਕਾਰ ਹੋ ਰਿਹਾ ਹੈ। ਇਹ ਕਹਾਣੀਆਂ ਨਵੇਂ ਯੁੱਗ ਵਿੱਚ ਨਵੀਂ ਦਰਜਾਬੰਦੀ ਜਾਂ ਕਤਾਰਬੰਦੀ ਦੀ ਆਹਟ ਦਾ ਸੰਕੇਤ ਦੇਂਦੀਆਂ ਪ੍ਰਤੀਤ ਹੁੰਦੀਆਂ ਹਨ। ਰਸੂਲਪੁਰੀ ਦੀ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਟਿੱਪਣੀ,

"ਕਹਾਣੀ ਕਦੇ ਵੀ ਮੈਂ ਸਮਾਜ ਦੇ ਸੁਧਾਰ ਲਈ ਨਹੀਂ ਲਿਖੀ। ਕਹਾਣੀ ਮੈਂ ਬੰਦੇ-ਔਰਤ ਦੀ ਮਾਨਸਿਕਤਾ ਨੂੰ ਸਮਝਣ ਲਈ ਲਿਖਦਾ ਹਾਂ। ਨਾਅਰੇ ਵਾਲੀ ਕਹਾਣੀ ਜਾਂ ਸੰਦੇਸ਼ ਵਾਲੀ ਕਹਾਣੀ ਮੇਰੇ ਦਿਮਾਗ਼ 'ਚ ਆੜਦੀ ਨਹੀਂ। ਆਪਣੀ ਕਹਾਣੀ ਰਾਹੀਂ ਬੰਦੇ ਦੀਆਂ ਦੱਬੀਆਂ ਖ਼ਾਹਿਸਾਂ ਨੂੰ ਉਭਾਰਦਾ ਹਾਂ।" (ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ, ਪੰਨਾ-110)

ਕੋਈ ਲੇਖਕ ਕੋਈ ਵੀ ਵਸਤੂ ਚੁਣ ਲਏ, ਵਾਰਤਾ ਦਾ ਕੋਈ ਢੰਗ ਆਪਣਾ ਲਵੇ, ਜੇ ਉਸਦਾ ਸਮੁੱਚਾ ਪ੍ਰਭਾਵ ਸ਼ਕਤੀਸ਼ਾਲੀ ਨਹੀਂ ਤਾਂ ਉਸ ਦੀ ਕਿਰਤ ਨੂੰ ਸਫ਼ਲ ਨਹੀਂ ਕਿਹਾ ਜਾ ਸਕਦਾ। ਹਰ ਕਹਾਣੀ ਵਿੱਚ ਹਰ ਲੇਖਕ ਨੂੰ ਕੋਈ ਅਨੋਖੀ ਤੇ ਨਵੀਂ ਗੱਲ ਕਰਨੀ ਚਾਹੀਦੀ ਹੈ। ਇਹ ਕਹਾਣੀ ਦਾ ਹਾਸਲ ਹੈ। ਰਸੂਲਪੁਰੀ ਇਸ ਮਾਰਗ ਦਾ ਪਾਂਧੀ ਹੈ।

**ਹਵਾਲੇ ਤੇ ਟਿੱਪਣੀਆਂ-**


1. ਪੰਜਾਬੀ ਕਹਾਣੀ ਪੜਾਉ ਪੜਾ, ਖੋਜ ਪੱਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪੰਨਾ-316
2. ਡਾ. ਭੀਮ ਇੰਦਰ ਸਿੰਘ, ਆਧੁਨਿਕ ਪੰਜਾਬੀ ਕਹਾਣੀ-ਸਿਆਸੀ ਪਰਿਪੇਖ, ਪੰਨਾ 124 ਤੇ ਉਧਰਿਤ
3. ਕੁੰਭੀ ਨਰਕ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2017
4. ਡਾ. ਰਜਨੀਸ਼ ਬਹਾਦਰ ਸਿੰਘ (ਸੰਪਾਦਕ), ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2003 (**ਸੰਪਰਕ-94636-84511**)

# ਸਮਕਾਲੀ ਮਨੁੱਖੀ ਪ੍ਰਸਥਿਤੀਆਂ ਦਾ ਵਾਸਤਵਿਕ ਬਿਰਤਾਂਤ : ਥੈਂਕ ਯੂ ਬਾਪੂ/ - ਡਾ. ਕੁਲਵਿੰਦਰ ਸਿੰਘ




ਸਮਕਾਲੀ ਪੰਜਾਬੀ ਕਹਾਣੀ ਗੁੰਝਲਦਾਰ ਵਰਤਾਰਿਆਂ ਤੇ ਮਨੁੱਖ ਦੀ ਬਦਲ ਰਹੀ ਮਾਨਸਿਕਤਾ ਨੂੰ ਬੜੀ ਖ਼ੂਬਸੂਰਤੀ ਨਾਲ ਪਕੜ ਰਹੀ ਹੈ। ਬਲਬੀਰ ਪਰਵਾਨਾ ਪੰਜਾਬੀ ਸਾਹਿਤ ਜਗਤ ਦਾ ਪ੍ਰਸਿੱਧ ਹਸਤਾਖ਼ਰ ਹੈ। ਉਸਦਾ ਨਵਾਂ ਕਥਾ ਸੰਗ੍ਰਿਹ **'ਥੈਂਕ ਯੂ ਬਾਪੂ'** (**ਪ੍ਰਕਾਸ਼ਕ ਪੀਪਲਜ਼ ਫ਼ੋਰਮ, ਬਰਗਾੜੀ, ਮੁੱਲ 150 ਰੁਪਏ, ਪੰਨੇ-120, ਸਾਲ : ਨਵੰਬਰ 2021**) ਵਿਚ ਛਪਿਆ ਹੈ। ਆਪਣੇ ਇਸ ਕਥਾ ਸੰਗ੍ਰਿਹ ਰਾਹੀਂ ਕਥਾਕਾਰ ਬਦਲਦੀਆਂ ਆਰਥਿਕ-ਸਮਾਜਿਕ ਬਣਤਰਾਂ ਮਨੁੱਖ ਨੂੰ ਆਰਥਿਕ, ਸਮਾਜਿਕ, ਸਭਿਆਚਾਰਕ ਤੇ ਮਾਨਸਿਕ ਪੱਧਰ ਤੇ ਕਿਵੇਂ ਪ੍ਰਭਾਵਿਤ ਕਰਦੀਆਂ ਹਨ? ਉਹ ਇਹਨਾਂ ਸਮਕਾਲੀ ਪ੍ਰਸਥਿਤੀਆਂ ਨਾਲ ਯਥਾਰਥਕ ਸੰਵਾਦ ਰਚਾਉਂਦਾ ਹੈ।

ਕਹਾਣੀ 'ਪ੍ਰੇਤ-ਛਾਇਆ' ਰਾਹੀਂ ਬਲਬੀਰ ਪਰਵਾਨਾ ਸਾਡੇ ਸਮਾਜ ਦੇ ਉੱਚ ਸਿੱਖਿਆ ਪ੍ਰਾਪਤ ਨੌਜਵਾਨਾਂ ਤੇ ਅਧਿਆਪਕਾਂ ਦੇ ਜੀਵਨ ਨੂੰ ਵਾਸਤਵਿਕ ਰੂਪ ਵਿਚ ਚਿਤਰਦਾ ਹੈ ਜਿਹੜਾ ਵਰਗ ਬੁੱਧੀਜੀਵੀ ਹੋਣ ਕਰਕੇ ਜੁਗਾੜਬਾਜ਼ੀ ਦੇ ਤੰਤਰ ਵਿਚ ਨਹੀਂ ਪੈਂਦਾ ਸਗੋਂ ਚਿੰਤਨ ਤੇ ਚੇਤਨਾ ਦੇ ਰਾਹ ਪੈ ਕੇ ਸੰਘਰਸ਼ ਦਾ ਰਾਹ ਅਪਨਾਉਂਦਾ ਹੈ। ਉਸ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਉਸ ਕੋਲ ਅਸਥਿਰ ਰੁਜ਼ਗਾਰ ਹੈ ਜਿਹੜਾ ਕਿ ਸਾਲ ਵਿੱਚ ਕੇਵਲ ਦਸ ਮਹੀਨੇ ਹੀ ਚਲਦਾ ਹੈ ਤੇ ਉਹ ਵੀ ਬਾਰਾਂ ਹਜ਼ਾਰ ਰੁਪਏ ਪ੍ਰਤੀ ਮਹੀਨਾ। ਇੱਕੀਵੀਂ ਸਦੀ ਦੇ ਇਸ ਅਤਿ ਦੀ ਮਹਿੰਗਾਈ ਵਾਲੇ ਯੁੱਗ ਵਿੱਚ ਇਸ ਨਿਗੂਣੀ ਤਨਖ਼ਾਹ ਨਾਲ ਗੁਜ਼ਾਰਾ ਕਰਨਾ ਵਧੇਰੇ ਮੁਸ਼ਕਿਲ ਕਾਰਜ ਹੈ। ਸਰਕਾਰਾਂ ਉੱਚ ਸਿੱਖਿਆ ਪ੍ਰਾਪਤ ਇਸ ਅਧਿਆਪਕ ਵਰਗ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਹੀਆਂ ਸਗੋਂ ਉਹ ਤਾਂ ਬਿਹਤਰ ਜ਼ਿੰਦਗੀ ਜਿਉਂਦੇ ਆਦਿ ਵਾਸੀਆਂ ਕਬੀਲਿਆਂ ਨੂੰ ਵੀ ਬੇਘਰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਦੂਸਰੇ ਪਾਸੇ ਨੌਜਵਾਨ ਵਰਗ ਬੇਰੁਜ਼ਗਾਰੀ ਕਾਰਨ ਮਾਨਸਿਕ ਤੌਰ 'ਤੇ ਪੀੜਾਂ ਝੱਲਣ ਲਈ ਮਜ਼ਬੂਰ ਹੋ ਰਿਹਾ ਹੈ। ਇਸ ਕਹਾਣੀ ਦੁਆਰਾ ਕਥਾਕਾਰ ਨੌਜਵਾਨ ਵਰਗ ਤੇ ਆਦਿ ਵਾਸੀਆਂ ਕਬੀਲਿਆਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਪ੍ਰੇਰਦਾ ਹੈ।

ਕਹਾਣੀ 'ਡਬਲ ਲੇਨ' ਕਿਸਾਨੀ ਖ਼ੁਦਕੁਸ਼ੀਆਂ ਦੇ ਦੁਖਾਂਤ ਨੂੰ ਬਾਖ਼ੂਬੀ ਚਿਤਰਦੀ ਹੈ। ਕਿਸਾਨੀ ਪਰਿਵਾਰਾਂ ਵਿਚ ਆਮਦਨ ਨਾਲੋਂ ਖ਼ਰਚ ਨਿਰੰਤਰ ਵਧ ਰਹੇ ਹਨ ਜਿਸ ਕਾਰਨ ਉਹਨਾਂ ਦੇ ਆਰਥਿਕ ਹਾਲਤ ਦਿਨੋ-ਦਿਨ ਨਿਘਰਦੇ ਜਾ ਰਹੇ ਹਨ। ਕਹਾਣੀ ਵਿਚ ਪਹਿਲੀ ਪੀੜ੍ਹੀ ਦਾ ਬਜ਼ੁਰਗ ਜਸਪਾਲ ਦਾ

ਪਿਤਾ ਆਪਣੀਆਂ ਧੀਆਂ ਦੇ ਵਿਆਹ ਲਈ ਜ਼ਮੀਨ ਵੇਚਦਾ ਹੈ ਅਤੇ ਫਿਰ ਜਸਪਾਲ ਆਪਣੇ ਬੱਚਿਆਂ ਨੂੰ ਮਹਿੰਗੇ ਕਾਨਵੈਂਟ ਸਕੂਲਾਂ ਚ ਪੜ੍ਹਾਉਣ, ਪੁੱਤਰ ਨੂੰ ਬਾਹਰ ਭੇਜਣ ਅਤੇ ਘਰ ਦੇ ਵਧਦੇ ਖਰਚਿਆਂ ਨੂੰ ਪੂਰਨ ਲਈ ਰਹਿੰਦੀ ਜ਼ਮੀਨ ਵੀ ਵੇਚ ਦਿੰਦਾ ਹੈ। ਕਥਾਕਾਰ ਇਸ ਕਹਾਣੀ ਰਾਹੀਂ ਇਹ ਵੀ ਦੱਸਣ ਦਾ ਯਤਨ ਕਰਦਾ ਹੈ ਕਿ ਇਹ ਵਰਤਾਰਾ ਕੇਵਲ ਜਸਪਾਲ ਸਿੰਘ ਦਾ ਹੀ ਨਹੀਂ ਸਗੋਂ ਪੰਜਾਬ ਦੇ ਵਧੇਰੇ ਕਿਸਾਨਾਂ ਦੀ ਆਰਥਿਕ ਹਾਲਤ ਇਹੋ ਜਿਹੀ ਹੈ। ਇਕ ਪਾਸੇ ਅਜਿਹੇ ਕਿਸਾਨ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨੇਪਰੇ ਚਾੜ੍ਹਨ ਲਈ ਜ਼ਮੀਨ ਨੂੰ ਵੇਚਣਾ ਆਪਣੀ ਮਜ਼ਬੂਰੀ ਸਮਝਦੇ ਹਨ ਅਤੇ ਦੂਸਰੇ ਪਾਸੇ ਕਿਸੇ ਨਾਲੋਂ ਘੱਟ ਨਾ ਕਹਾਉਣ ਦੀ ਹੈਂਕੜਬਾਜ਼ੀ ਤੇ ਫੋਕੀ ਸ਼ੋਹਰਤ ਲਈ ਵੀ ਅਜਿਹਾ ਕਰਦੇ ਹਨ।

ਕਹਾਣੀ 'ਥੈਂਕ ਯੂ ਬਾਪੂ' ਸਮਕਾਲੀ ਮਨੁੱਖ ਅੰਦਰੋਂ ਖ਼ਤਮ ਹੋ ਰਹੀ ਮਾਨਵਤਾ ਨੂੰ ਬਾਖ਼ੂਬੀ ਪ੍ਰਗਟਾਉਂਦੀ ਹੈ। ਕਹਾਣੀ ਦਾ ਕੇਂਦਰੀ ਪਾਤਰ ਇਕ ਪਾਸੇ ਤੋਂ ਲੋਕ ਲਾਜ ਤੋਂ ਬਚਣ ਲਈ ਆਪਣੇ ਬਿਮਾਰ ਪਿਤਾ ਦਾ ਇਲਾਜ ਕਰਵਾਉਂਦਾ ਅਤੇ ਦੂਸਰੇ ਪਾਸੇ ਉਸ ਨੂੰ ਆਪਣੀ ਜਮਾਂ ਪੂੰਜੀ ਘਟਣ ਦੀ ਚਿੰਤਾ ਵੀ ਸਤਾਉਂਦੀ ਹੈ। ਇਹ ਪੂੰਜੀ ਉਸ ਨੇ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਬਚਾ ਕੇ ਰੱਖੀ ਸੀ ਜਿਹੜੀ ਦਿਨੋ-ਦਿਨ ਘਟਦੀ ਜਾ ਰਹੀ ਹੈ। ਉਸ ਨੂੰ ਆਪਣੇ ਬਿਮਾਰ ਪਿਤਾ ਨਾਲੋਂ ਆਪਣੀ ਪੂੰਜੀ ਦੇ ਖੁਰਨ ਦੀ ਵਧੇਰੇ ਚਿੰਤਾ ਹੈ ਜੋ ਕਿ ਸਮਕਾਲੀ ਮਨੁੱਖ ਅੰਦਰੋਂ ਆਪਣੇ ਖ਼ੂਨ ਦੇ ਰਿਸ਼ਤਿਆਂ ਪ੍ਰਤੀ ਖੁਰ ਰਹੇ ਮੋਹ, ਪਿਆਰ ਤੇ ਨਿੱਘ ਨੂੰ ਦਰਸਾਉਂਦੀ ਹੈ। ਉਹ ਆਪਣੇ ਪਿਤਾ ਦੀ ਮੌਤ ਹੋਣੀ ਲੋਚਦਾ ਹੈ ਜੇਕਰ ਪਿਤਾ ਠੀਕ ਹੋ ਗਿਆ ਤਾਂ ਉਸ ਤੋਂ ਬਾਅਦ ਉਸ ਨੂੰ ਆਪਣੇ ਬਿਮਾਰ ਪਿਤਾ ਦੀ ਸਾਂਭ-ਸੰਭਾਲ ਵੀ ਕਰਨੀ ਪਵੇਗੀ। ਦੂਸਰੇ ਮੈਂ ਪਾਤਰ ਦੀ ਪਤਨੀ ਨੀਲਮ ਵੀ ਹਰ ਵਰਤਾਰੇ ਨੂੰ ਪੂੰਜੀ ਨਾਲ ਜੋੜ ਕੇ ਵੇਖਦੀ ਹੈ। ਉਸ ਦੀ ਨਜ਼ਰ ਪਿੰਡ ਵਾਲੀ ਜ਼ਮੀਨ ਉੱਪਰ ਹੈ ਜਿਸ ਨੂੰ ਵੇਚ ਕੇ ਉਹ ਸ਼ਹਿਰ 'ਚ ਕੋਠੀ ਪਾਉਣ ਦੀਆਂ ਸਕੀਮਾਂ ਬਣਾਉਂਦੀ ਰਹਿੰਦੀ ਹੈ। ਸੋ ਇਸ ਕਹਾਣੀ ਰਾਹੀਂ ਕਥਾਕਾਰ ਅਜੋਕੇ ਮਨੁੱਖ ਅੰਦਰੋਂ ਆਪਣੇ ਖ਼ੂਨ ਦੇ ਰਿਸ਼ਤਿਆਂ ਵਿਚਲੇ ਨਿੱਘ ਦੇ ਸਰਦ ਹੋਣ ਨੂੰ ਆਲੋਚਨਾਤਮਕ ਢੰਗ ਨਾਲ ਉਭਾਰਦਾ ਹੈ।

ਕਥਾਕਾਰ 'ਕਤਰਾ ਕਤਰਾ ਮੌਤ' ਕਹਾਣੀ ਰਾਹੀਂ ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਅਸੁਖਾਵੇਂਪਣ ਨੂੰ ਵਾਸਤਵਿਕ ਰੂਪ ਵਿਚ ਚਿਤਰਦਾ ਹੈ। ਕਹਾਣੀ ਦੀ ਪਾਤਰ ਮਾਲਤੀ ਆਪਣੇ ਪਤੀ ਦੀ ਸਰੀਰਕ ਕਮਜ਼ੋਰੀ ਕਾਰਨ ਗੈਰ-ਮਰਦ ਨਾਲ ਸੰਬੰਧ ਸਥਾਪਿਤ ਕਰਦੀ ਹੈ ਜਿਸ ਕਾਰਨ ਗੁਰਦੀਸ਼ ਮਾਨਸਿਕ ਤੌਰ 'ਤੇ ਵਧੇਰੇ ਪ੍ਰੇਸ਼ਾਨ ਰਹਿਣ ਲਗਦਾ ਹੈ। ਉਸਦੀ ਅਜਿਹੀ ਮਾਨਸਿਕ ਅਵਸਥਾ ਕਾਰਨ ਹੀ ਗੁਰਦੀਸ਼ ਨੂੰ ਨੌਕਰੀ ਤੋਂ ਹਟਾਇਆ ਜਾਂਦਾ ਹੈ। ਇਸ ਉਪਰੰਤ ਉਸ ਨੂੰ ਦੌਰੇ ਪੈਣ ਲੱਗਦੇ ਤੇ ਉਹ ਨੀਮ ਪਾਗਲਾਂ ਵਾਂਗ ਵਿਵਹਾਰ ਕਰਨ ਲੱਗਦਾ ਹੈ।

ਕਹਾਣੀ ਦੂਸਰੇ ਪਾਸੇ ਸਰੀਰਕ ਅਤ੍ਰਿਪਤੀ ਕਾਰਨ ਅਨੈਤਿਕ ਰਿਸ਼ਤਿਆਂ ਵਿਚ ਬੱਝਣ ਵਾਲੀ ਔਰਤ ਦੀ ਦਾਸਤਾਨ ਬਿਆਨ ਕਰਦੀ ਹੈ ਜੋ ਆਪਣੀ ਮਨੋ-ਸਰੀਰਕ ਸੰਤੁਸ਼ਟੀ ਲਈ ਗੈਰ-ਮਰਦ ਨਾਲ ਸਾਂਝ ਪਾਉਂਦੀ ਹੈ। ਇਸ ਕਹਾਣੀ ਦੁਆਰਾ ਕਥਾਕਾਰ ਪਲ-ਪਲ ਮਰਦੇ ਮਨੁੱਖ ਦੀ ਮਨੋਦਸ਼ਾ ਨੂੰ ਬਿਆਨ ਕਰਦਾ ਹੈ। ਜਿੱਥੇ ਮਰਦ ਔਰਤ ਦੀ ਬੇਫ਼ਾਈ ਕਾਰਨ ਮਾਨਸਿਕ ਤੌਰ 'ਤੇ ਦੁਖਾਂਤ ਭੋਗਦਾ ਹੈ ਉੱਥੇ ਔਰਤ ਵੀ ਮਰਦ ਦੀ ਸਰੀਰਕ ਕਮਜ਼ੋਰੀ ਕਾਰਨ ਅਵੈਧ ਸੰਬੰਧ ਬਣਾਉਂਦੀ ਹੈ। ਸੋ ਇਸ ਤਰ੍ਹਾਂ ਦੋਵੇਂ ਮਰਦ-ਔਰਤ ਜਿਉਂਦੀਆਂ ਲਾਸ਼ਾਂ ਵਾਂਗ ਜੀਵਨ ਬਤੀਤ ਕਰਦੇ ਹਨ।

ਕਹਾਣੀ 'ਆਸ-ਨਿਰਾਸ਼' ਰਾਹੀਂ ਕਥਾਕਾਰ ਸਮਕਾਲੀ ਬਜ਼ੁਰਗਾਂ ਦੇ ਜੀਵਨ ਨੂੰ ਯਥਾਰਥਕ ਰੂਪ ਵਿੱਚ ਚਿਤਰਦਾ ਹੈ। ਜਿਨ੍ਹਾਂ ਦਾ ਜੀਵਨ ਘਰ ਦੀ ਚਾਰ ਦਿਵਾਰੀ ਦੇ ਅੰਦਰ ਹੀ ਅੰਦਰ ਸਿਮਟ ਕੇ ਰਹਿ ਜਾਂਦਾ ਹੈ। ਬਜ਼ੁਰਗ ਪਾਤਰ ਸੱਟ ਲੱਗਣ ਕਾਰਨ ਲੱਤ ਟੁੱਟਣ ਕਾਰਨ ਮੰਜੇ ਨਾਲ ਹੀ ਚਿੰਬੜਿਆ ਰਹਿ

ਜਾਂਦਾ ਹੈ ਜਦੋਂ ਕਿ ਉਸਦਾ ਮਨ ਬਾਹਰੀ ਸੰਸਾਰ ਨਾਲ ਸਾਂਝ ਪਾਉਣ ਲਈ ਤੜਫ਼ਦਾ ਰਹਿੰਦਾ ਹੈ ਪਰੰਤੂ ਪੁੱਤਰ ਉਸ ਨੂੰ ਅਜਿਹਾ ਕਰਨ ਤੋਂ ਵਰਜ਼ਦਾ ਹੋਇਆ ਆਖਦਾ ਹੈ ਕਿ "ਛੱਤ ਤੇ ਨੀਂ ਘੁੰਮ ਹੁੰਦਾ?" ਉਸ ਦੀ ਆਵਾਜ਼ ਹੋਰ ਕੁਰੱਖ਼ਤ ਹੋ ਗਈ ਸੀ, "ਅੱਗੋਂ ਇਹ ਸੈਰ ਇਕ ਲੱਖ 'ਚ ਪਈ ਐ....ਸਾਰੀਆਂ ਛੁੱਟੀਆਂ ਵੀ ਲੱਗ ਗਈਆਂ।"(ਪੰਨਾ-54)

ਕਥਾਕਾਰ ਇਕ ਅਜਿਹੇ ਹਾਰੇ ਮਨੁੱਖ ਦੀ ਗਾਥਾ ਬਿਆਨ ਕਰਦਾ ਹੈ ਜਿਸਦੀ ਆਪਣੇ ਘਰ ਤੋਂ ਬਾਹਰ ਜਾਣ ਦੀ ਚਾਹਤ ਵੀ ਮੁੱਕ ਗਈ ਹੈ। ਉਹ ਸਰੀਰਕ ਤੇ ਮਾਨਸਿਕ ਦੁਖਾਂਤ ਹੰਢਾਉਣ ਦੇ ਨਾਲ-ਨਾਲ ਰਿਸ਼ਤਿਆਂ ਪੱਖੋਂ ਵੀ ਇਕੱਲਤਾ ਦਾ ਸੰਤਾਪ ਭੋਗਦਾ ਹੈ। ਨੂੰਹ-ਪੁੱਤ ਉਸਦੀ ਪ੍ਰਵਾਹ ਨਹੀਂ ਕਰਦੇ ਉਨ੍ਹਾਂ ਕੋਲ ਆਪਣੇ ਬਜ਼ੁਰਗ ਪਿਤਾ ਨਾਲ ਦੁੱਖ-ਸੁੱਖ ਸਾਂਝਾ ਕਰਨ ਦਾ ਸਮਾਂ ਵੀ ਨਹੀਂ। ਉਸ ਦੀ ਨੌਂ ਵਰ੍ਹਿਆਂ ਦੀ ਪੋਤੀ ਅਜੋਕੀ ਸਕੂਲੀ ਸਿੱਖਿਆ ਦੇ ਚੱਕਰਵਿਊ ਵਿਚ ਹੀ ਉਲਝੀ ਰਹਿੰਦੀ ਹੈ। ਉਸ ਨੂੰ ਦਾਦਾ-ਪੋਤੀ ਦੇ ਇਸ ਰਿਸ਼ਤੇ ਦਾ ਅਹਿਸਾਸ ਹੀ ਨਹੀਂ।

ਕਹਾਣੀ 'ਜ਼ੀਰਾ-ਆਲੂ' ਕਰੋਨਾ ਕਾਲ ਸਮੇਂ ਦੀਆਂ ਭਿਆਨਕ ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਨੂੰ ਪੇਸ਼ ਕਰਦੀ ਹੈ। ਉਸ ਸਮੇਂ ਸਾਰੇ ਬਾਜ਼ਾਰਾਂ ਦਾ ਬੰਦ ਹੋਣਾ, ਸਮੁੱਚੀ ਮਨੁੱਖਤਾ ਲਈ ਘਰਾਂ ਅੰਦਰ ਬੈਠ ਕੇ ਸਮਾਂ ਬਤੀਤ ਕਰਨਾ ਬੜਾ ਮੰਦਭਾਗਾ ਵਰਤਾਰਾ ਸੀ। ਇਸ ਸਮੇਂ ਅਤਿ ਨਿਮਨ ਹਾਲਤਾਂ ਵਿਚ ਰਹਿ ਰਹੇ ਮਜ਼ਦੂਰਾਂ, ਰੇਹੜੀਆਂ ਵਾਲੇ, ਰਿਕਸ਼ਾ ਚਾਲਕ ਆਦਿ ਮਿਹਨਤ ਕਸ਼ ਮਜ਼ਦੂਰਾਂ ਦੀ ਦਸ਼ਾ ਵਧੇਰੇ ਤਰਸਯੋਗ ਸੀ। ਇਨ੍ਹਾਂ ਤੋਂ ਅਤਿ ਦਰਦਨਾਕ ਪ੍ਰਸਥਿਤੀਆਂ ਵਿਚ ਝੁੱਗੀਆਂ ਝੌਂਪੜੀਆਂ ਵਾਲੇ ਰਹਿੰਦੇ ਸਨ। ਰਾਸ਼ਨ ਵੰਡਣ ਵਾਲੇ ਵੀ ਉਨ੍ਹਾਂ ਕੋਲ ਨਹੀਂ ਪਹੁੰਚਦੇ। ਇਸ ਅਨੈਤਿਕ ਵਰਤਾਰੇ ਬਾਰੇ ਕਥਾਕਾਰ ਬਾਖ਼ੂਬੀ ਸੰਵਾਦ ਰਚਾਉਂਦਾ ਹੈ।

"ਉਸਨੇ ਗਿੱਲ ਦਾ ਧਿਆਨ ਉਧਰ ਦੁਆਇਆ ਵੀ, ਪਰ ਉਸਨੇ ਟਾਲ ਦਿੱਤਾ, "ਇਨ੍ਹਾਂ ਨੂੰ ਗੁਰਦੁਆਰੇ ਵਾਲੇ ਲੰਗਰ ਵੰਡ ਜਾਂਦੇ ਐ...ਨਾਲੇ ਅਸੀਂ ਕਿੰਨਾ ਕੁ ਕਰ ਸਕਦੇ ਹਾਂ ਸਾਡੀ ਕਰਨ ਦੀ ਇਕ ਸੀਮਾ ਹੈ। ਉਸ ਨੂੰ ਸਮਝ ਨਾ ਆਵੇ, ਇਹ ਕਰਨ ਦੀ ਸੀਮਾ ਹੈ ਕਿ ਭਵਿੱਖ ਦੀ ਵੋਟ-ਰਾਜਨੀਤੀ ਦਾ ਤਕਾਜ਼ਾ। (ਪੰਨਾ-65)

ਇਸ ਤੋਂ ਇਲਾਵਾ ਕਰੋਨਾ ਕਾਲ ਸਮੇਂ ਮੱਧਵਰਗੀ ਮਨੁੱਖ ਦੀ ਨੌਕਰੀਆਂ ਵਿੱਚੋਂ ਛਾਂਟੀ ਕਰਨ ਨਾਲ ਸਮੁੱਚਾ ਮੱਧਵਰਗ ਅਨਿਸ਼ਚਿੱਤਤਾ ਦਾ ਦਰਦ ਹੰਢਾਉਂਦਾ ਹੈ। ਅੱਧਿਓਂ ਤੋਂ ਵੱਧ ਨੌਕਰੀਪੇਸ਼ਾ ਵਰਗ ਇਸ ਸਮੇਂ ਨਿਰਾਸ਼ਤਾ ਦੇ ਆਲਮ ਵਿਚ ਵਿਚਰਦਾ ਰਿਹਾ। ਪੰਜਾਹ ਪ੍ਰਤੀਸ਼ਤ ਕਰਮਚਾਰੀਆਂ ਨਾਲ ਹੀ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਕੁਦਰਤੀ ਕਰੋਪੀ ਸਮੇਂ ਇਕ ਪਾਸੇ ਸਾਧਾਰਨ ਮਨੁੱਖ, ਮਨੁੱਖ ਦੀ ਸਹਾਇਤਾ ਕਰਦਾ ਹੈ ਅਤੇ ਦੂਸਰੇ ਪਾਸੇ ਕਾਰਖਾਨਿਆਂ ਦੇ ਮਾਲਕ ਆਪਣੇ ਵਰਕਰਾਂ ਕੋਲੋਂ ਵਧੇਰੇ ਕੰਮ ਕਰਵਾ ਕੇ ਮੋਟਾ ਮੁਨਾਫ਼ਾ ਕਮਾਉਂਦੇ ਹਨ।

ਕਹਾਣੀ 'ਇੱਕ ਸੱਚੇ ਕਾਮਰੇਡ ਦਾ ਇਕਲਾਪਾ' ਦੁਆਰਾ ਕਥਾਕਾਰ ਇਨਕਲਾਬ ਦੇ ਮੋਢੀ ਬਣੇ ਅਖੌਤੀ ਆਗੂਆਂ ਨੂੰ ਬੇਨਕਾਬ ਕਰਦਾ ਹੈ ਜਿਹੜੇ ਇਨਕਲਾਬ ਦੇ ਰਾਹ ਉੱਪਰ ਤੁਰਨ ਨਾਲੋਂ ਆਪਣੀਆਂ ਨਿੱਜੀ ਸੁੱਖ ਸਹੂਲਤਾਂ ਨੂੰ ਤਰਜੀਹ ਦਿੰਦੇ ਹਨ। ਅਜਿਹੇ ਅਖੌਤੀ ਇਨਕਲਾਬੀ ਸੱਤਾ ਦੇ ਕਾਬਿਜ ਹੋਣ ਲਈ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗਣ ਵਿਚ ਦੇਰ ਨਹੀਂ ਕਰਦੇ। ਕਥਾਕਾਰ ਇਸ ਕਹਾਣੀ ਵਿਚਲੇ ਕਾਮਰੇਡ ਗੁਰਦੇਵ ਦੀ ਧਨਾਢਾਂ ਨਾਲ ਮਿਲੀ ਭੁਗਤ ਨੂੰ ਆਲੋਚਨਾਤਮਕ ਢੰਗ ਰਾਹੀਂ ਪ੍ਰਗਟਾਉਂਦਾ ਹੈ।

ਦੂਸਰੇ ਪਾਸੇ ਇਨਕਲਾਬ ਦੇ ਸੱਚੇ ਰਸਤੇ ਚੱਲਣ ਵਾਲੇ ਕਾਮਰੇਡ ਇਕੱਲਤਾ ਦਾ ਸ਼ਿਕਾਰ ਹੁੰਦੇ ਹਨ। ਇਸ ਕਹਾਣੀ ਦਾ ਪਾਤਰ ਕਾਮਰੇਡ ਚਰਨਜੀਤ ਜਿਹੜਾ ਕਿ ਸੱਚਾ ਇਨਕਾਲਾਬੀ ਹੈ, ਉਹ ਵੀ ਅੰਤ ਸਮੇਂ

ਇਕੱਲਤਾ ਹੰਢਾਉਂਦਾ ਹੈ। ਉਹ ਪਾਰਟੀ ਦੀਆਂ ਨੀਤੀਆਂ ਤੇ ਸਿਧਾਂਤਾ ਨਾਲ ਸਮਝੌਤਾ ਨਹੀਂ ਕਰਦਾ ਜਿਸ ਕਾਰਨ ਉਹ ਆਪਣੇ ਦੂਸਰੇ ਸਾਥੀਆਂ ਨਾਲੋਂ ਹਰ ਪੱਖੋਂ ਪੱਛੜ ਜਾਂਦਾ ਹੈ ਪਰ ਉਹ ਅਖ਼ੀਰ ਤੱਕ ਪਾਰਟੀ ਦੇ ਸਿਧਾਤਾਂ ਉੱਪਰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਪਹਿਰਾ ਦਿੰਦਾ ਹੈ।



ਡਾ. ਕੁਲਵਿੰਦਰ ਸਿੰਘ


ਕਹਾਣੀ 'ਆਤਮ-ਸੰਮੋਹਨ' ਰਾਹੀਂ ਕਥਾਕਾਰ ਮਨੁੱਖ ਦੇ ਆਪਣੇ ਸਵੈ ਕੇਂਦਰਿਤ ਹੋਣ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਸਮਕਾਲੀ ਮਨੁੱਖ ਆਪਣੇ ਖ਼ੂਨ ਦੇ ਰਿਸ਼ਤਿਆਂ ਨੂੰ ਵਿਸਾਰਦਾ ਹੋਇਆ ਆਪਣੇ ਨਿੱਜੀ ਹਿੱਤਾਂ ਨੂੰ ਵਧੇਰੇ ਪ੍ਰਮੁੱਖਤਾ ਦੇਣ ਲੱਗਾ ਹੈ। ਕਹਾਣੀ ਦੀ ਪਾਤਰ ਸ਼ੇਰਯਾ ਅਜਿਹੀਆਂ ਹੀ ਰੁਚੀਆਂ ਦੀ ਧਾਰਨੀ ਹੈ ਜਿਹੜੀ ਆਪਣੇ ਬਿਮਾਰ ਪਿਤਾ ਦੇ ਇਲਾਜ ਲਈ ਮਦਦ ਕਰਨ ਨਾਲੋਂ ਆਪਣੀ ਨਿੱਜੀ ਐਸ਼-ਪ੍ਰਸਤੀ ਕਰਨ ਨੂੰ ਪਹਿਲ ਦਿੰਦੀ ਹੈ। ਅਜੋਕੇ ਮਨੁੱਖ ਦਾ ਅਜਿਹਾ ਗੈਰ-ਮਨੁੱਖੀ ਵਿਵਹਾਰ ਨੈਤਿਕ ਕਦਰਾਂ-ਕੀਮਤਾਂ ਤੇ ਮਾਨਵਤਾ ਲਈ ਬੜਾ ਘਾਤਕ ਵਰਤਾਰਾ ਹੈ ਜਿਸਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ।

ਕਹਾਣੀ 'ਉਸਨੇ ਮਰ ਹੀ ਜਾਣਾ ਸੀ' ਅਜਿਹੇ ਮਨੁੱਖ ਨੂੰ ਪੇਸ਼ ਕਰਦੀ ਹੈ ਜਿਹੜਾ ਆਪਣੀਆਂ ਮਨੋ-ਸਰੀਰਕ ਭਾਵਨਾਵਾਂ ਦੀ ਪੂਰਤੀ ਹਿੱਤ ਅਤਿ ਨਿਮਨ ਵਿਵਹਾਰ ਕਰਨ ਲੱਗਦਾ ਹੈ। ਕਹਾਣੀ ਦਾ ਕੇਂਦਰੀ ਪਾਤਰ ਹਰਜੀਤ ਸਿੰਘ ਜਦੋਂ ਬਬੀਤਾ ਨਾਲ ਸੰਬੰਧ ਸਥਾਪਿਤ ਕਰਦਾ ਹੈ ਤਾਂ ਉਹ ਉਸਦਾ ਹੀ ਹੋ ਕੇ ਰਹਿ ਜਾਂਦਾ ਹੈ ਜਦੋਂ ਕਿ ਬਬੀਤਾ ਦੁਬਾਰਾ ਉਸਦੀ ਜ਼ਿੰਦਗੀ ਵਿਚ ਵਾਪਿਸ ਨਹੀਂ ਆਉਂਦੀ। ਉਹ ਆਪਣੀ ਪਤਨੀ ਪ੍ਰਤੀ ਵੀ ਵਫ਼ਾਦਾਰ ਨਹੀਂ ਰਹਿੰਦਾ ਸਗੋਂ ਅਨੇਕਾਂ ਹੋਰ ਔਰਤਾਂ ਦਾ ਵੀ ਸਾਥ ਮਾਣਦਾ ਹੈ। ਪਤਨੀ ਉਸਦੇ ਅਜਿਹੇ ਵਿਵਹਾਰ ਕਾਰਨ ਤੰਗ ਪ੍ਰੇਸ਼ਾਨ ਰਹਿਣ ਲੱਗਦੀ ਹੈ ਜਿਸ ਕਾਰਨ ਦੋਵਾਂ ਦਾ ਤਲਾਕ ਹੋ ਜਾਂਦਾ ਹੈ। ਉਹ ਕਾਮੁਕ ਲਾਲਸਾਵਾਂ ਵਿਚ ਇੰਨਾ ਗਰਕ ਜਾਂਦਾ ਹੈ ਕਿ ਇਨ੍ਹਾਂ ਦੀ ਪੂਰਤੀ ਹਿੱਤ ਉਹ ਆਪਣੀਆਂ ਵਿਦਿਆਰਥਣਾਂ ਨੂੰ ਵੀ ਨਹੀਂ ਬਖਸ਼ਦਾ। ਅਜਿਹਾ ਅਮਾਨਵੀ ਵਿਵਹਾਰ ਮਨੁੱਖੀ ਸਮਾਜ ਲਈ ਬੜਾ ਘਾਤਕ ਵਰਤਾਰਾ ਹੈ।

ਕਹਾਣੀ 'ਇਨਕਾਰ' ਜਿੱਥੇ ਇਕ ਪਾਸੇ ਸਮਕਾਲ ਵਿਚ ਸਿੱਖਿਆ ਦੇ ਖੇਤਰ ਵਿਚ ਨਿੱਜੀ ਵਿੱਦਿਅਕ ਸੰਸਥਾਵਾਂ ਵੱਲੋਂ ਸਿੱਖਿਆ ਦੇ ਨਾਂ ਤੇ ਵਿਦਿਆਰਥੀਆਂ ਦੀ ਕੀਤੀ ਜਾਂਦੀ ਲੁੱਟ-ਖਸੁੱਟ ਨੂੰ ਕੇਂਦਰਿਤ ਕਰਦੀ ਹੈ। ਉੱਥੇ ਹੀ ਯੂਨੀਵਰਸਿਟੀ ਵਿਚੋਂ ਰਿਟਾਇਰਡ ਪ੍ਰੋਫੈਸਰ ਦੇ ਜੀਵਨ ਬਿਰਤਾਂਤ ਨੂੰ ਵੀ ਚਿਤਰਦੀ ਹੈ ਜੋ ਸੇਵਾ ਮੁਕਤ ਹੋਣ ਉਪਰੰਤ ਪਿੰਡ ਆ ਕੇ ਸਾਧਾਰਨ ਜ਼ਿੰਦਗੀ ਜਿਉਣ ਲੱਗਦਾ ਹੈ ਪਰੰਤੂ ਸੱਤਾ ਤੇ ਕਾਬਿਜ਼ ਧਿਰਾਂ ਦੁਆਰਾ ਉਸ ਉੱਪਰ ਨਜ਼ਰ ਰੱਖੀ ਜਾਂਦੀ ਹੈ ਕਿ ਕਿਤੇ ਉਹ ਸਰਕਾਰ ਵਿਰੋਧੀ ਗਤੀਵਿਧੀਆਂ ਤਾਂ ਨਹੀਂ ਕਰ ਰਿਹਾ। ਉਹ ਸਭ ਪਾਸਿਓਂ ਸਰਖ਼ਰੂ ਹੋ ਕੇ ਇਕ ਸਾਧਾਰਨ ਮਨੁੱਖ ਵਾਂਗ ਜੀਵਨ ਜਿਉਣਾ ਚਾਹੁੰਦਾ ਹੈ ਲੇਕਿਨ ਸਥਾਪਿਤ ਧਿਰਾਂ ਉਸ ਨੂੰ ਆਪਣੇ ਨਾਲ ਮਿਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੀਆਂ ਹਨ ਪਰ ਉਹ ਕਿਸੇ ਵੀ ਧਿਰ ਦਾ ਪੱਖ ਪੂਰਨ ਲਈ ਸਹਿਮਤ ਨਹੀਂ। ਉਹ ਕਿਸੇ ਵੀ ਕਿਸਮ ਦੀ ਰਾਜਨੀਤਕ ਸਰਗਰਮੀ ਵਿਚ ਸ਼ਮੂਲੀਅਤ ਕਰਨੋਂ ਇਨਕਾਰੀ ਹੈ। ਉਹ ਆਪਣੇ ਜੀਵਨ ਨੂੰ ਆਪਣੇ ਹੀ ਢੰਗ ਨਾਲ ਜਿਉਣ ਲਈ ਵਚਨਬੱਧ ਹੈ। ਉਹ ਹਰ ਖੇਤਰ ਵਿਚ ਨੌਜਵਾਨ ਪੀੜ੍ਹੀ ਨੂੰ ਅੱਗੇ ਆਉਣ ਲਈ ਪ੍ਰੇਰਦਾ ਹੈ ਤਾਂ ਜੋ ਨਵੀਂ ਸੋਚ ਅਤੇ ਨਵੀਂ ਊਰਜਾ ਸਾਡੇ ਸਮਾਜ ਨੂੰ ਨਵੀਆਂ ਦਿਸ਼ਾਵਾਂ ਵੱਲ ਲਿਜਾ ਸਕੇ। (**ਸੰਪਰਕ : 95012-45290**)

# ਭੂਗੋਲਿਕਤਾ ਤੇ ਮਾਨਵੀ ਮੋਹ ਦਾ ਸੂਖ਼ਮ ਬਿਰਤਾਂਤ: ਓਟ

ਡਾ. ਪਰਗਟ ਸਿੰਘ ਟਿਵਾਣਾ




ਅਮਰਜੀਤ ਚਾਹਲ ਪ੍ਰਵਾਸੀ ਪੰਜਾਬੀ ਸਾਹਿਤ ਵਿਚ ਕਿਸੇ ਜਾਣ-ਪਹਿਚਾਣ ਦਾ ਮੁਥਾਜ਼ ਨਹੀਂ। ਉਸਨੇ ਆਪਣੇ ਪਹਿਲੇ ਕਥਾ ਸੰਗ੍ਰਹਿ "ਬਾਹਰੋਂ ਆਇਆ ਆਦਮੀ" ਰਾਹੀਂ ਹੀ ਗੂੜੀ ਪਹਿਚਾਣ ਬਣਾ ਲਈ। **'ਓਟ'** (**ਪ੍ਰਕਾਸ਼ਕ : ਪੀਪਲਜ਼ ਫੋਰਮ (ਰਜਿ.) ਬਰਗਾੜੀ, ਮੁੱਲ: 200 ਰੁਪਏ, ਪੰਨੇ: 232, ਸਾਲ: 2021**) ਉਸਦਾ ਪਲੇਠਾ ਨਾਵਲ ਹੈ। ਪ੍ਰਵਾਸੀ ਪੰਜਾਬੀ ਨਾਵਲ ਦੇ ਇਤਿਹਾਸ ਤੇ ਇਸਦੇ ਕਥਾ-ਵਸਤੂ ਤੇ ਨਜ਼ਰ ਮਾਰੀਏ ਤਾਂ ਸਾਨੂੰ ਇਹਨਾਂ ਨਾਵਲਾਂ ਵਿਚਲੀਆਂ ਸਮੱਸਿਆਵਾਂ ਲਗਭਗ ਇੱਕੋ ਜਿਹੀਆਂ ਹੀ ਦਿਖਣਗੀਆਂ। ਭੂ-ਹੇਰਵਾ, ਪੀੜ੍ਹੀ-ਪਾੜਾ, ਨਸਲਵਾਦ, ਨਵੇਂ ਖਿੱਤੇ 'ਚ ਪੰਜਾਬੀਆਂ ਦਾ ਸੰਘਰਸ਼, ਨਵੀਂ ਪੀੜ੍ਹੀ ਦਾ ਉਥੋਂ ਦੀ ਜੀਵਨ ਜਾਂਚ ਅਪਨਾਉਣਾ ਅਤੇ ਪੁਰਾਣੀ ਪੀੜ੍ਹੀ ਦਾ ਕੁੰਠਾ ਗ੍ਰਸਤ ਹੋਣਾ, ਵਿਦੇਸ਼ ਜਾਣ ਲਈ ਪੰਜਾਬੀਆਂ ਦੁਆਰਾ ਵਰਤੇ ਜਾਂਦੇ ਹੱਥਕੰਡੇ, ਵਿਦੇਸ਼ੀ ਧਰਤੀ ਤੇ ਸੈਟਲ ਹੋਣ ਲਈ ਸੰਘਰਸ਼ ਆਪਣਿਆਂ ਹੱਥੋਂ ਹੀ ਖ਼ੁਆਰ ਹੋਣਾ ਆਦਿ ਉਹ ਮੁੱਖ ਬਿੰਦੂ ਹਨ ਜੋ ਪ੍ਰਵਾਸੀ ਨਾਵਲ ਦੇ ਕੇਂਦਰ ਵਿਚ ਰਹੇ ਹਨ ਪਰ ਇਸ ਨਾਵਲ ਦੀ ਖ਼ਾਸੀਅਤ ਇਹ ਹੈ ਕਿ ਇਹ ਨਾਵਲ ਇਕ ਖਾਸ ਭੂਗੋਲਿਕ ਭੂ-ਖੰਡ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹੀ ਨਹੀਂ ਦਿੰਦਾ ਸਗੋਂ ਉਸਦੀਆਂ ਇਤਿਹਾਸਕ ਪਰਤਾਂ ਵੀ ਫਰੋਲ਼ਦਾ ਹੈ।

ਨਾਵਲ ਦੀ ਸ਼ੁਰੂਆਤ ਮੁਖਤਾਰ (ਟਰੱਕ ਡਰਾਈਵਰ) ਨਾਲ ਇੱਕ ਅਣਜਾਣ ਔਰਤ ਸਵਾਰੀ ਦੇ ਕੈਲਗਰੀ ਤੱਕ ਜਾਣ ਦੇ ਸਫ਼ਰ ਨਾਲ ਹੁੰਦੀ ਹੈ। ਇਸ ਸਫ਼ਰ ਦੌਰਾਨ ਲੇਖਕ ਨਾਵਲ 'ਚ ਵੈਨਕੂਵਰ ਤੋਂ ਲੈ ਕੇ ਕੈਲਗਰੀ ਤੱਕ ਮੁੱਖ ਸੜਕ ਤੇ ਪੈਂਦੇ ਹਰ ਸ਼ਹਿਰ ਕਸਬੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਾ ਹੈ। ਇਸ ਸਫ਼ਰ ਦੌਰਾਨ ਹੀ ਨਾਵਲ ਦਾ ਘਟਨਾ ਕ੍ਰਮ ਫੈਲਦਾ ਹੈ। ਨਾਵਲਕਾਰ ਦੋ ਪਾਤਰਾਂ ਦੀ ਭੂਤਕਾਲੀ ਜ਼ਿੰਦਗੀ ਤੇ ਝਾਤ ਪਾਉਂਦਾ ਦੋਨਾਂ ਪਾਤਰਾਂ ਦੀ ਵਰਤਮਾਨ ਸਥਿਤੀ ਲਈ ਜ਼ਿੰਮੇਵਾਰ ਹਲਾਤਾਂ, ਘਟਨਾਵਾਂ ਨੂੰ ਉਚੇਚ ਨਾਲ ਚਿਤਰਦਾ ਹੈ। ਨਾਵਲ ਦੇ ਕੇਂਦਰ 'ਚ ਭਾਵੇਂ ਮੁਖਤਾਰ ਤੇ ਮੰਦਕਿਨੀ ਹੀ ਹਨ ਪਰ ਤੀਜੀ ਪਾਤਰ ਤਰਨਜੀਤ (ਟੈਰੀ) ਵੀ ਹੈ। ਜੋ ਮੁਖਤਾਰ ਨੂੰ ਰਸਤੇ 'ਚ ਇੱਕ ਹੋਟਲ ਤੇ ਕੰਮ ਕਰਦੀ ਮਿਲਦੀ ਹੈ ਤੇ ਉਸ ਨਾਲ ਦੋਸਤੀ ਪੈ ਜਾਂਦੀ ਹੈ। ਜਿਸ ਦੀ ਕੈਨੇਡਾ ਪਹੁੰਚਣ ਦੀ

ਆਪਣੀ ਇੱਕ ਦੁਖਦਾਇਕ ਕਹਾਣੀ ਹੈ ਪਰ ਮੰਦਾਕਿਨੀ ਦੀ ਦਰਦਮਈ ਕਹਾਣੀ ਦੇ ਮੁਕਾਬਲੇ ਕੁੱਝ ਵੀ ਨਹੀਂ ।

ਮੰਦਾਕਿਨੀ ਪੰਜਾਬ ਦੀ ਇਕ ਵਿਧਵਾ ਔਰਤ ਤੇ ਇਕ ਪੁੱਤ ਦੀ ਮਾਂ ਹੈ। ਜੋ ਆਪਣੇ ਬਿਹਤਰ ਭਵਿੱਖ ਲਈ ਗਿੰਦਰ ਦੇ ਹੱਥੇ ਚੜੀ ਕੈਨੇਡਾ ਚਲੀ ਤਾਂ ਜਾਂਦੀ ਹੈ ਪਰ ਉੱਥੇ ਖੇਹ ਖੁਆਰ ਹੁੰਦੀ ਕਈ ਬੰਦਿਆਂ ਦੁਆਰਾ 'ਭੋਗੀ' ਜਾਂਦੀ ਨਰਕ ਭਰੀ ਜ਼ਿੰਦਗੀ ਬਤੀਤ ਕਰਦੀ ਹੈ। ਉਹ ਇਹਨਾਂ ਹਲਾਤਾਂ 'ਚੋਂ ਨਿਕਲ ਮੁਖਤਾਰ ਦੇ ਟਰੱਕ ਰਾਹੀਂ ਕੈਲਗਰੀ ਸਹੇਲੀ ਕੋਲ ਜਾਣ ਲਈ ਸਫ਼ਰ ਕਰਦੀ ਹੈ। ਇਸ ਸਫ਼ਰ ਦੌਰਾਨ ਹੀ ਦੋਨੋਂ ਆਪਣੇ ਅਤੀਤ ਬਾਰੇ ਇੱਕ-ਦੂਜੇ ਨਾਲ ਵਿਚਾਰ ਸਾਂਝੇ ਕਰਦੇ ਹਨ। ਮੁਖਤਾਰ ਆਪਣੀ ਜ਼ਿੰਦਗੀ ਬਾਰੇ ਦੱਸਦਾ ਹੈ ਕਿ ਘਰ ਦੀਆਂ ਆਰਥਿਕ ਸਮੱਸਿਆਵਾਂ ਦਾ ਮਾਰਿਆ ਬਿਹਤਰ ਭਵਿੱਖ ਦੀ ਆਸ ਵਿੱਚ ਵਿਆਹ ਕਰਵਾ ਕੇ ਕੈਨੇਡਾ ਆਇਆ ਪਰ ਪਤਨੀ ਪਹਿਲੇ ਦਿਨ ਹੀ ਉਸ ਨਾਲ ਇੰਝ ਕਰਦੀ ਹੈ। "ਵਿਆਹ ਹੋ ਗਿਆ ਵਿਆਹ ਦੀ ਪਹਿਲੀ ਰਾਤ... ਅਸੀਂ ਆਪਣੇ ਕਮਰੇ ਵਿਚ ਗਏ। ਸ਼ੀਲੋ ਨੇ ਆਪਣਾ ਵਿਆਹ ਵਾਲਾ ਲਹਿੰਗਾ ਤੇ ਗਹਿਣੇ ਲਾਹ ਕੇ ਔਹ ਮਾਰੇ, ਨਾਲੇ ਕੱਢੀਆਂ ਅੰਗਰੇਜ਼ੀ ਵਿਚ ਗਾਲ੍ਹਾਂ। ਪਤਾ ਨਈਂ ਮੈਨੂੰ, ਪਤਾ ਨਹੀਂ ਆਪਣੇ ਘਰਦਿਆਂ ਨੂੰ।" (ਪੰਨਾ 118) ਇਸ ਤਰ੍ਹਾਂ ਮਖਤਾਰ ਸਾਰੀ ਜ਼ਿੰਦਗੀ ਵਿਆਹ ਕਰਵਾ ਕੇ ਵੀ ਛੜਾ ਰਹਿੰਦਾ ਜ਼ਿੰਦਗੀ ਬਤੀਤ ਕਰਦਾ ਹੈ। ਕੈਲਗਰੀ ਤੱਕ ਦੇ ਸਫ਼ਰ ਦੌਰਾਨ ਦੋਵੇਂ ਜਣੇ ਆਪਣੇ ਭੂਤ, ਵਰਤਮਾਨ ਦੇ ਦੁੱਖ ਦਰਦ ਦੀਆਂ ਗੱਲਾਂ ਕਰਦੇ ਇੱਕ ਦੂਜੇ ਦੇ ਦਿਲ ਦੇ ਸਾਂਝੀ ਬਣ ਜਾਂਦੇ ਹਨ ਅਤੇ ਮੋਹ ਪਿਆਰ ਦੇ ਅਜਿਹੇ ਪਵਿੱਤਰ ਬੰਦਨ ਵਿਚ ਬੱਝ ਜਾਂਦੇ ਹਨ ਜਿੱਥੋਂ ਚਾਹ ਕੇ ਵੀ ਦੋਨੋਂ ਅਲੱਗ ਨਹੀਂ ਹੋਣਾ ਚਾਹੁੰਦੇ। ਦੋਨੋਂ ਹਲਾਤਾਂ ਦੇ ਮਾਰੇ, ਸਮਾਜ ਦੇ ਸਤਾਏ, ਦਰਦ ਸਹਿੰਦੇ ਅਤੇ ਆਪਣੇ ਭੂਤ ਨੂੰ ਭੁੱਲ ਜ਼ਿੰਦਗੀ ਦੇ ਨਵੇਂ ਰਾਹ ਤੁਰਨ ਦਾ ਅਹਿਦ ਕਰਦੇ ਦਿਖਾਈ ਦਿੰਦੇ ਹਨ।

ਲੇਖਕ ਮੁਖਤਾਰ ਤੇ ਮੰਦਾਕਿਨੀ ਦੀ ਕਹਾਣੀ ਹੀ ਨਈਂ ਉਸਾਰਦਾ ਸਗੋਂ ਕੈਨੇਡਾ ਦੇ ਜੀਵਨ, ਉਥੋਂ ਦੀ ਤਰੱਕੀ 'ਚ ਵਿਦੇਸ਼ੀਆਂ ਦੇ ਪਾਏ ਯੋਗਦਾਨ ਅਤੇ ਉਹਨਾਂ ਨਾਲ ਵਾਪਰੇ ਨਸਲ-ਭੇਦ ਦੇ ਅਨੇਕਾਂ ਵੇਰਵੇ ਉਜਾਗਰ ਕਰਦਾ ਹੈ।

"ਜਿਸ ਤਰਾਂ ਕੈਨੇਡੀਅਨ ਪੈਸੇਫਿਕ ਰੇਲਵੇ ਲਾਈਨ ਬਣਾਉਂਦੇ ਛੇ ਸੌ ਤੋਂ ਲੈ ਕੇ ਦੋ ਹਜ਼ਾਰ ਤੱਕ ਮਾਰੇ ਗਏ ਚੀਨਿਆਂ ਦਾ ਕਿਤੇ ਨਾਂ ਦਰਜ ਨਹੀਂ ਤੇ ਨਾ ਹੀ ਉਨ੍ਹਾਂ ਦੇ ਦੁੱਖਾਂ ਦੀ ਕੋਈ ਬਾਤ ਪਾਉਂਦਾ। ਇਸ ਦੇ ਉਲਟ ਉਸ ਹੀ ਸਮੇਂ ਦੌਰਾਨ ਮਾਰੇ ਗਏ ਗੋਰੇ ਕਾਮਿਆਂ ਦਾ ਨਾਂ ਟਿਕਾਣਾ ਦਰਜ ਹੈ। ਉਨ੍ਹਾਂ ਦੇ ਦੁੱਖਾਂ-ਸੁੱਖਾਂ ਦੀਆਂ ਕਹਾਣੀਆਂ ਵੀ ਲੱਭ ਪੈਣਗੀਆਂ... ਇਹ ਹੈ ਆਪਣੇ ਤੇ ਬੇਗਾਨੇ ਲੋਕਾਂ ਦਾ ਫਰਕ।" (ਪੰਨਾ 213)

ਲੇਖਕ ਪੰਜਾਬੀਆਂ ਦੀ ਮਿਹਨਤ, ਸੰਘਰਸ਼, ਦੁਸ਼ਵਾਰੀਆਂ ਦੇ ਵੇਰਵੇ ਥਾਂ-ਥਾਂ ਉਜਾਗਰ ਕਰਦਾ ਉਹਨਾਂ ਦੀ ਹੋਂਦ ਤੇ ਹੋਣੀ ਨੂੰ ਨਵੇਂ ਜ਼ਾਵੀਏ ਤੋਂ ਦੇਖਦਾ ਹੈ ਕਿ ਕਿਵੇਂ ਵਿਦੇਸ਼ੀ ਧਰਤੀ ਤੇ ਸਫ਼ਲ ਹੋਣ ਲਈ ਮਿਹਨਤ ਮੁਸ਼ਕਤ ਕਰਦੇ ਬੇਗਾਨਗੀ, ਇਕੱਲਤਾ ਹੰਢਾਉਂਦੇ ਹਨ। "ਜਦ ਮੈਂ ਇਕੱਲਾ ਟਰੱਕ ਵਿਚ ਹੁੰਦਾ ਹਾਂ। ਕਦੇ ਗੀਤ ਸੁਣਦਾ ਹਾਂ ਤੇ ਕਦੇ ਗੀਤਾਂ ਦੇ ਗਾਇਕਾਂ ਨਾਲ ਹੇਕਾਂ ਲਾਉਂਦਾ ਹਾਂ। ਕੌਫ਼ੀ, ਬਿਨ੍ਹਾਂ ਲੋੜ ਤੋਂ ਪੀਂਦਾ ਹਾਂ ਤੇ ਜਾਗਦਾ ਰਹਿਣ ਲਈ 'ਚੂਇੰਗ ਗੰਮ' ਦੀ ਜੁਗਾਲੀ ਕਰਦਾ ਹਾਂ ਪਤਾ ਨ੍ਹੀਂ ਕੀ, ਕੀ ਕਰਦਾ ਹਾਂ। ਘਸੁੰਨ ਵਰਗਾ ਮੂੰਹ ਬਣਾ ਕੇ ਰੋਂਦਾ ਵੀ ਹਾਂ। ਕਦੇ ਅੱਥਰੂ ਵਗਦੇ ਹਨ, ਕਦੇ ਨਹੀਂ। ਮੇਰਾ ਕਸੂਰ ਕੀ ਹੈ, ਮੈਨੂੰ ਅੱਜ ਤੱਕ ਨਹੀਂ ਪਤਾ ਲੱਗਾ।" (ਪੰਨਾਂ 207) ਅਮਰਜੀਤ ਚਾਹਲ ਪੰਜਾਬੀਆਂ ਦੇ ਸੰਘਰਸ਼ ਅਤੇ ਦੁੱਖ-ਸੰਤਾਪ, ਵੇਦਨਾ ਦਾ ਜ਼ਿਕਰ ਕਰਦਾ ਉਹਨਾਂ ਦੀ ਇਕੱਲਤਾ ਦੇ ਵੇਰਵੇ ਵੀ ਨਵੇਂ

ਸੰਦਰਭ 'ਚ ਪੇਸ਼ ਕਰਦਾ ਹੈ।

ਨਾਵਲ ਦੀ ਪ੍ਰਾਪਤੀ ਇਸ ਗੱਲ 'ਚ ਨਿਹੱਤ ਕਿ ਲੇਖਕ ਕੈਨੇਡਾ ਦੇ ਵੱਡੇ ਭੂ-ਖੰਡ ਦੇ ਇਤਿਹਾਸ ਅਤੇ ਇਸ ਭੂ-ਖੰਡ ਉਪਰਲੀਆਂ ਨਦੀਆਂ, ਨਾਲੇ, ਝੀਲਾਂ ਦੇ ਵੇਰਵੇ ਇਸ ਤਰਾਂ ਦੇਂਦਾ ਹੈ ਜਿਵੇਂ ਉਹ ਭੂ-ਵਿਗਿਆਨੀ ਹੋਵੇ।

"ਅਮਰੀਕਾ ਦਾ ਇੱਕ ਸਨੇਕ ਮਤਲਬ ਸੱਪ ਨਾਂ ਦਾ ਦਰਿਆ ਹੈ। ਉਹ ਕੋਈ ਛੇ ਅਮਰੀਕਨ ਸੂਬਿਆਂ ਵਿੱਚ ਦੀ ਹੁੰਦਾ ਹੋਇਆ ਇਹਦੇ ਵਿਚ ਆ ਕੇ ਪੈਂਦਾ ਤੇ ਇਹਦੇ ਪਾਣੀ 'ਚ ਵਾਧਾ ਕਰਦਾ। ਉਸ ਦੀ ਲੰਬਾਈ ਸਤਾਰਾਂ ਸੌ ਕਿਲੋਮੀਟਰ ਤੋਂ ਉੱਪਰ ਹੈ" (ਪੰਨਾ 189)


ਲੇਖਕ ਨਦੀਆਂ ਦਰਿਆਵਾਂ ਦੇ ਨਾਲ-ਨਾਲ ਵੱਖ-ਵੱਖ ਸ਼ਹਿਰਾਂ ਦੇ ਇਤਿਹਾਸ ਉਹਨਾਂ ਦੇ ਨਾਮਕਰਣ ਦੀਆਂ ਅਨੇਕਾਂ ਕਹਾਣੀਆਂ ਸੁਣਾਉਂਦਾ ਹੈ ਜਿਵੇਂ:- ਕਿਕਿੰਗ ਹੌਰਸ ਵੈਲੀ ਤੇ ਫੀਲਡ, ਪੰਜ ਝੀਲਾਂ, ਐਬਸਫੋਰਡ, ਚਿਲਵੈਕ, ਕੈਮਲੂਪਸ, ਰੈਵਲਸਟੋਕ ਆਦਿ ਦੇ ਵੇਰਵੇ ਇਸ ਤਰਾਂ ਨਸ਼ਰ ਕਰਦਾ ਹੈ ਜਿਵੇਂ ਲੇਖਕ ਨੇ ਇਨ੍ਹਾਂ ਸਥਾਨਾ ਬਾਰੇ ਬਹੁਤ ਡੂੰਘਾਈ ਨਾਲ ਅਧਿਐਨ ਕੀਤਾ ਹੋਵੇ।

ਪੰਜਾਬੀਆਂ ਦੁਆਰਾ ਵਿਦੇਸ਼ ਜਾਣ ਲਈ ਵਰਤੇ ਜਾਂਦੇ ਹਰਬੇ, ਮਿਹਨਤ-ਮੁਸ਼ਕਤ, ਬਣਦੇ-ਟੁੱਟਦੇ ਰਿਸ਼ਤੇ, ਨਵੇਂ ਸਮਾਜ ਸੱਭਿਆਚਾਰ ਦੀ ਜੀਵਨ-ਜਾਂਚ, ਆਪਣਿਆਂ ਨੂੰ ਹੀ ਵਰਤਣ ਦੇ ਵੇਰਵੇ, ਔਰਤ ਦੀ ਖੇਹ ਖਰਾਬੀ, ਪਿੱਛੇ ਰਹਿ ਗਿਆਂ ਦੀਆਂ ਵੱਡੇਰੀਆਂ ਆਸਾਂ, ਜੀਵਨ ਸੰਘਰਸ਼, ਉਦਰੇਵਾਂ, ਇੱਕਲਤਾ ਆਦਿ ਉਹ ਵਰਤਾਰੇ ਹਨ ਜੋ ਨਾਵਲੀ ਪਾਠ ਦਾ ਹਿੱਸਾ ਬਣਦੇ ਹਨ। ਕੋਈ ਵੀ ਸਮਾਜ ਹੋਵੇ ਉਸ 'ਚ ਚੰਗੇ ਮੰਦੇ ਹਰ ਤਰਾਂ ਦੇ ਵਿਅਕਤੀ ਮਿਲਦੇ ਹਨ ਜਿਵੇਂ ਨਾਵਲ ਵਿਚ ਮੰਦਾਕਿਨੀ, ਤਰਨਜੀਤ ਦਾ ਵਾਹ ਮਾੜੇ ਬੰਦਿਆਂ ਨਾਲ ਪੈਂਦਾ ਹੈ ਉਸੇ ਤਰਾਂ ਮੁਖਤਾਰ ਦਾ ਵਾਹ ਵੀ ਮਾੜੇ ਮਰਦ, ਔਰਤ ਨਾਲ ਪੈਂਦਾ ਹੈ। ਮੰਦਾਕਿਨੀ ਹਲਾਤਾਂ ਦੀ ਮਾਰੀ ਮੁਖਤਾਰ ਨੂੰ ਮਿਲਦੀ ਹੈ। ਉਸ ਸਮੇਂ ਤੱਕ ਉਸ ਦਾ ਮਰਦ ਜਾਤ ਤੋਂ ਭਰੋਸਾ ਹੀ ਉੱਠ ਚੁੱਕਿਆ ਹੁੰਦਾ ਹੈ ਪਰ ਮੁਖਤਾਰ ਇੱਕ ਮਸੀਹੇ ਵਾਂਗਰ ਉਸ ਦੀ ਜ਼ਿੰਦਗੀ 'ਚ ਆਉਂਦਾ ਹੈ। ਉਹ ਅਣਜਾਣ ਔਰਤ (ਮੰਦਾਕਿਨੀ) ਦੀ ਮਦਦ ਹੀ ਨਹੀਂ ਕਰਦਾ ਸਗੋਂ ਉਸ ਲਈ 'ਓਟ' ਬਣ ਨਿਬੜਦਾ ਹੈ। ਜਿਸ ਦੀ ਛਾਂ 'ਚ ਮੰਦਾਕਿਨੀ ਜ਼ਿੰਦਗੀ ਜਿਊਣ/ਮਾਨਣ ਜੋਗੀ ਹੋ ਜਾਂਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਮੁਖਤਾਰ ਤੇ ਮੰਦਾਕਿਨੀ ਦੀ ਤ੍ਰਾਸਦਿਕ ਹੋਣੀ ਦੇ ਅਨੇਕਾਂ ਵੇਰਵੇ ਉਸਾਰਦਾ; ਨਾਲ ਹੀ ਜੀਵਨ ਜਿਊਣ ਦੀ ਚਾਹਤ ਤੇ ਅੰਦਰ ਛੁਪੇ ਮਾਨਵੀ ਮੋਹ ਦੀ ਤਰੰਗ ਨੂੰ ਜਿਸ ਮਨੋਵਿਗਿਆਨਕ ਸੂਝ ਨਾਲ ਉਸਾਰਦਾ ਹੈ। ਉਹ ਬਾ-ਕਮਾਲ ਹੈ। 'ਓਟ' ਅਮਰਜੀਤ ਚਾਹਲ ਦਾ ਨਵੀਆਂ ਪੈੜਾਂ ਪਾਉਣ ਵਾਲਾ ਤੇ ਨਵੇਂ ਦਿੱਸਹੱਦੇ ਕਾਇਮ ਕਰਨ ਵਾਲਾ ਨਾਵਲ ਹੈ। ਲੇਖਕ ਜਿਸ ਡੂੰਘਾਈ ਤੇ ਵਿਸ਼ਾਲਤਾ ਨਾਲ ਕੈਨੇਡਾ ਦੇ ਇੱਕ ਖਾਸ ਭੂ-ਖੰਡ ਦੇ ਵੇਰਵੇ ਦੱਸਦਾ ਉਹ ਇਸ ਨਾਵਲ ਦਾ ਹਾਸਿਲ ਹਨ। ਗੁੰਝਲਦਾਰ ਬਿਰਤਾਂਤਕ ਸ਼ੈਲੀ ਤੋਂ ਮੁਕਤ ਪਾਠਕ ਨੂੰ ਆਪਣੇ ਨਾਲ ਜੋੜਨ ਦੀ ਕਲਾ 'ਚ ਲੇਖਕ ਨੂੰ ਮੁਹਾਰਤ ਹਾਸਿਲ ਹੈ। ਲੇਖਕ ਦਾ ਇਹ ਪਹਿਲਾ ਨਾਵਲ ਹੋਣ ਦੇ ਬਾਵਜੂਦ ਜਿਸ ਪਕਰੌੜਤਾ ਨਾਲ ਉਹ ਗਲਪ ਸਿਰਜਦਾ ਹੈ ਉਸ ਤੋਂ ਉਸ ਦੇ ਡੂੰਘੇ ਅਧਿਐਨ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਵਿਦੇਸ਼ ਖ਼ਾਸ ਤੌਰ ਤੇ ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀਆਂ/ਵਿਅਕਤੀਆਂ ਨੂੰ ਇਹ ਨਾਵਲ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਜੋ ਇਕ ਵੱਡੇ ਖਿੱਤੇ ਦੇ ਇਤਿਹਾਸਕ, ਭੂਗੋਲਿਕ, ਸਮਾਜਕ ਸੰਦਰਭ ਨੂੰ ਜਾਣ ਸਕਣ ਤੇ ਮਾਨਵੀ ਮੋਹ ਦੀਆਂ ਤੰਦਾਂ ਪੀਡੀਆਂ ਕਰ ਸਕਣ।(**ਸੰਪਰਕ 98729-90954**)

# ਸੱਚੇ-ਝੂਠੇ ਸਮਾਜਿਕ ਰਿਸ਼ਤਿਆਂ ਦੀ ਗਾਥਾ : ਕੰਡਿਆਲੇ ਸਾਕ

**ਡਾ. ਅਮਨਦੀਪ ਸਿੰਘ**




ਜਸਵਿੰਦਰ ਰੱਤੀਆਂ ਜ਼ਿਲ੍ਹਾ ਮੋਗਾ ਦੇ ਪਿੰਡ ਰੱਤੀਆਂ ਨਾਲ ਸਬੰਧਤ ਪਰਵਾਸੀ ਪੰਜਾਬੀ ਗਲਪਕਾਰ ਹੈ। ਇਸ ਸਮੇਂ ਉਹ ਇੰਗਲੈਂਡ ਦੇ ਵੈਸਟ ਬਰੋਮਿਚ ਸ਼ਹਿਰ ਵਿੱਚ ਰਹਿ ਰਿਹਾ ਹੈ। **'ਕੰਡਿਆਲੇ ਸਾਕ'** (**ਪ੍ਰਕਾਸ਼ਕ ਸਾਹਿਬਦੀਪ ਪਬਲੀਕੇਸ਼ਨ, ਭੀਖੀ, ਮੁੱਲ : 250 ਰੁਪਏ, ਪੰਨੇ : 208, ਸਾਲ : 2021**) ਉਸਦਾ ਤੀਸਰਾ ਅਤੇ ਨਵਾਂ ਨਾਵਲ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਪੰਜਾਬ ਦੇ ਪੇਂਡੂ ਸਮਾਜ-ਸੱਭਿਆਚਾਰ ਵਿਚ ਪਨਪਦੇ ਵਿਆਹ ਬਾਹਰੇ ਜਿਨਸੀ ਸੰਬੰਧਾਂ ਨੂੰ ਬਲਵੀਰੋ , ਬੰਤੋ, ਧਰਮੋ ਅਤੇ ਅਰਜਨ ਦੇ ਪਾਤਰਾਂ ਰਾਹੀਂ ਪ੍ਰਸਤੁਤ ਕੀਤਾ ਹੈ, ਉਥੇ ਦੂਸਰੇ ਪਾਸੇ ਪਰਵਾਸੀ ਪੰਜਾਬੀ ਬੰਦਾ ਇੰਗਲੈਂਡ ਦੀ ਪਦਾਰਥਕ ਖੁਸ਼ਹਾਲੀ ਨੂੰ ਤਾਂ ਭੋਗਦਾ ਹੈ ਪਰ ਆਪਣੇ ਅਵਚੇਤਨ ਵਿੱਚ ਜਾਗੀਰੂ ਨੈਤਿਕ ਕਦਰ ਪ੍ਰਬੰਧ ਅਤੇ ਜੀਵਨ ਜਾਚ ਨੂੰ ਵਿਸਾਰ ਨਹੀਂ ਪਾਉਂਦਾ। ਪਰਵਾਸੀ ਬੰਦੇ ਦੇ ਪੂੰਜੀਵਾਦੀ ਸਮਾਜ ਵਿਚਲੀ ਨੈਤਿਕਤਾ, ਫਿਟ ਨਹੀਂ ਬੈਠਦੀ ਜਿਸ ਕਾਰਨ ਪਰਵਾਸੀ ਪੰਜਾਬੀ ਬੇਹਿਸਾਬ ਪਰਿਵਾਰਿਕ ਸਮੱਸਿਆਵਾਂ ਵਿੱਚ ਘਿਰੇ ਰਹਿੰਦੇ ਹਨ ਜਿਸਦਾ ਗਲਪੀ ਬਿੰਬ ਇਸ ਨਾਵਲ ਵਿੱਚ ਢਾਲਿਆ ਗਿਆ ਹੈ; ਜਿਵੇਂ ਪੱਕੇ ਹੋਣ ਲਈ ਕੀਤਾ ਅਣਜੋੜ ਵਿਆਹ, ਘਰ ਵਿਚ ਜਾਗੀਰੂ ਕਦਰਾਂ-ਕੀਮਤਾਂ ਕਾਰਨ ਬੱਚਿਆਂ ਅੰਦਰ ਪੈਦਾ ਹੋਈ ਮਾਨਸਿਕਤਾ ਅਤੇ ਕਾਰਪੋਰੇਟ ਸੈਕਟਰ ਕਾਬਜ਼ ਹੋਣ ਉਪਰੰਤ ਇੰਗਲੈਂਡ ਵਰਗੇ ਦੇਸ਼ਾਂ ਵਿਚ ਵੀ ਛੋਟੀਆਂ ਦੁਕਾਨਾਂ ਵਾਲਿਆਂ ਦਾ ਨਿਘਾਰ ਆਦਿ ਨੂੰ ਚਿਤਰਿਆ ਹੈ। ਇਹਨਾਂ ਤੋਂ ਇਲਾਵਾ ਵਿਆਹ ਸੰਬੰਧਾਂ ਵਿੱਚ ਜਾਤ-ਪਾਤੀ ਸਮਾਜਿਕ ਢਾਂਚੇ ਦੇ ਕਾਰਨ ਪੈਦਾ ਹੋਏ ਸੰਕਟਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਸ਼ਰੀਕੇਬਾਜ਼ੀ, ਡੇਰਾਵਾਦ ਅਤੇ ਟਰੈਵਲ ਏਜੰਟਾਂ ਦੀ ਲੁੱਟ-ਖਸੁੱਟ ਦਾ ਵੀ ਗਲਪੀਕਰਨ ਕੀਤਾ ਗਿਆ ਹੈ।

ਨਾਵਲ ਦਾ ਆਗਾਜ਼ ਭਾਵੇਂ ਸੂਬੇਦਾਰ ਦਲੀਪ ਸਿੰਘ ਦਾ ਆਪਣੇ ਕੁੜਮ ਖੇਤਾ ਸਿੰਘ ਨੂੰ ਘਰ ਮਿਲਣ ਆਉਣ ਤੋਂ ਹੁੰਦਾ ਹੈ, ਜਿਸ ਦਾ ਕਾਰਨ ਖੇਤਾ ਸਿੰਘ ਦੇ ਵੱਡੇ ਮੁੰਡੇ ਸਰਬਣ ਸਿੰਘ ਦੀ ਪਹਿਲੀ ਘਰਵਾਲੀ ਅਮਰ ਕੌਰ ਦੀ ਮੌਤ ਹੋ ਚੁੱਕੀ ਹੈ। ਸਰਬਣ ਅਤੇ ਅਮਰ ਕੌਰ ਦੇ ਪੁੱਤਰ ਬੰਸਾ ਅਤੇ ਮਾੜੂ ਮਛੋਹਰ ਮਾਂ ਬਾਹਰੇ ਹੋ ਗਏ ਹਨ। ਸੂਬੇਦਾਰ ਦਲੀਪ ਸਿੰਘ ਆਪਣੀ ਛੋਟੀ ਕੁੜੀ ਬਲਵੀਰੋ ਦਾ ਸਾਕ ਸਰਬਣ ਨਾਲ ਪੱਕਾ ਕਰ ਜਾਂਦਾ ਹੈ ਪਰ ਨਾਵਲੀ ਬਿਰਤਾਂਤ ਤੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਬਲਬੀਰੋ , ਸਰਬਣ ਤੋਂ ਪਹਿਲਾਂ ਅਰਜਨ ਨਾਲ ਨੇੜਤਾ ਕਰ ਚੁੱਕੀ ਸੀ। ਬਲਵੀਰੋ ਦੇ ਸਰਬਣ ਦੀ ਪਤਨੀ ਬਣ ਕੇ ਘਰੇ ਆਉਣ ਨਾਲ ਹੀ ਅਰਜਨ ਆਪਣਾ ਬਿਸਤਰਾ ਚੁੱਕ ਕੇ ਮੋਟਰ ਤੇ ਲੈ ਜਾਂਦਾ ਹੈ ਪਰ ਲੰਬੇ ਸਮੇਂ ਬਾਅਦ ਕੁਆਰੇਪਣ ਦੀਆਂ ਅਧੂਰੀਆਂ ਜਾਂ ਦਮਨ ਹੋਈਆਂ ਖਾਹਿਸ਼ਾਂ ਦੁਬਾਰਾ ਉਭਰਦੀਆਂ ਹਨ ਜਿਹੜੀਆਂ ਬਲਵੀਰੋ ਤੇ

ਅਰਜਨ ਵਿੱਚ ਜਿਨਸੀ ਸੰਬੰਧ ਪੈਦਾ ਕਰ ਦਿੰਦੀਆਂ ਹਨ ਅਤੇ ਸਰਬਣ ਇਨ੍ਹਾਂ ਸੰਬੰਧਾਂ ਨੂੰ ਮੂਕ ਪ੍ਰਵਾਨਗੀ ਵੀ ਦੇ ਦਿੰਦਾ ਹੈ।ਅਰਜਨ ਅਤੇ ਬਲਵੀਰੋ ਦੀ ਬੇਸ਼ਰਮੀ ਨਾਲ ਘਰ ਜੁਆਕਾਂ ਦੀ ਹੇੜ੍ਹ ਪੈਦਾ ਹੋ ਜਾਂਦੀ ਹੈ। ਬੰਸਾ-ਮਾੜੂ (ਸਰਬਣ ਅਤੇ ਅਮਰੋ ਵਿੱਚੋਂ), ਰੂਪ, ਸੱਤੋ, ਛੱਤਾ (ਅਰਜਨ ਅਤੇ ਬਲਵੀਰੋ ਵਿੱਚੋਂ) , ਜਿੰਦੋ ਅਤੇ ਮਿੰਦਰ (ਸਰਬਣ ਅਤੇ ਬਲਵੀਰੋ ਵਿੱਚੋਂ )

ਅਰਜਨ ਨੂੰ ਬਲਵੀਰੋ ਵਾਰ ਵਾਰ ਜੁਆਕ ਜੰਮਣ ਕਰਕੇ ਹੁਣ ਬੁੜ੍ਹੀ ਬਣਦੀ ਲੱਗਦੀ ਪਰ ਨਿੱਕੇ ਦੀ ਕਤਲ ਕੀਤੀ ਭਰਜਾਈ ਵਿੱਚੋਂ ਪੈਦਾ ਹੋਈ ਕੁੜੀ ਬੰਤੋ ਦਾ ਰੂਪ ਉਸਨੂੰ ਖਿੱਚ ਪਾਉਂਦਾ।ਅਰਜਨ, ਬੰਤੋ ਨਾਲ ਵੀ ਸਰੀਰਕ ਸੰਬੰਧ ਜੋੜ ਲੈਂਦਾ ਹੈ, ਇੱਥੋਂ ਤੱਕ ਕਿ ਬੰਤੋ ਦੇ ਘਰਵਾਲੇ ਗੇਲੂ ਅਤੇ ਉਸ ਦੇ ਭਰਾਵਾਂ ਦੀਆਂ ਬੰਤੋ ਨਾਲ ਕੀਤੀਆਂ ਵਧੀਕੀਆਂ ਦਾ ਬਦਲਾ ਲੈਣਾ ਲਈ ਕਤਲ ਤੱਕ ਕਰ ਦਿੰਦਾ ਹੈ।ਪਰ ਏਥੇ ਹੀ ਬਸ ਨਹੀਂ ਸਗੋਂ ਅਰਜਨ ਗੋਹਾ ਕੂੜਾ ਚੁੱਕਣ ਆਉਂਦੀ ਧਰਮੋ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਇਸ ਸਬੰਧ ਵਿੱਚੋਂ ਇੱਕ ਕੁੜੀ ਪਾਸ਼ੋ ਪੈਦਾ ਹੁੰਦੀ ਹੈ। ਜਿਸਨੂੰ ਸਾਰਾ ਪਿੰਡ ਅਰਜਨ ਦੀ ਕੁੜੀ ਆਖਦਾ ਹੈ।ਨਾਵਲ ਦੇ ਇਹ ਸਾਰੇ ਪਾਤਰ ਆਪਣੀਆਂ ਘਰੇਲੂ ਗਰਜ਼ਾਂ ਕਾਰਨ ਜਿਥੇ ਸਾਡੇ ਪੇਂਡੂ ਸਮਾਜ- ਸਭਿਆਚਾਰ ਵਿਚਲੇ ਰਿਸ਼ਤਾ ਪ੍ਰਬੰਧ ਨੂੰ ਗੰਧਲਾ ਕਰਦੇ ਹਨ, ਉਥੇ ਸਾਡੇ ਵਿਆਹ ਪ੍ਰਬੰਧ ਦੀਆਂ ਉਹਨਾਂ ਅਹੁਰਾਂ ਉੱਪਰ ਉਂਗਲ ਵੀ ਧਰਦੇ ਹਨ। ਜਿਨ੍ਹਾਂ ਦੇ ਫਲਸਰੂਪ ਅਜਿਹੇ ਵਿਆਹ ਬਾਹਰੇ ਨਜਾਇਜ਼ ਸੰਬੰਧ ਉਤਪੰਨ ਹੁੰਦੇ ਹਨ।

ਦੂਸਰੇ ਪਾਸੇ ਗੁਰਦਿੱਤ ਸਿੰਘ, ਅੰਗਰੇਜ਼ ਕੌਰ, ਕਸ਼ਮੀਰ ਸਿੰਘ, ਦਿਲਜੀਤ ਕੌਰ, ਗੁਰਮੀਤ ਸਿੰਘ, ਬੋਹੜੀ, ਅਮਨਦੀਪ ਕੌਰ ਆਦਿ ਅਜਿਹੇ ਪਾਤਰਾਂ ਰਾਹੀਂ ਨਾਵਲਕਾਰ ਨੇ ਸੱਚੇ-ਸੁੱਚੇ ਰਿਸ਼ਤਿਆਂ ਨੂੰ ਪਰਿਭਾਸ਼ਿਤ ਕੀਤਾ ਹੈ। ਜਿਹਨਾਂ ਵਿੱਚ ਪਿਆਰ, ਤਿਆਗ, ਵਿਸ਼ਵਾਸ, ਸਹਿਣਸ਼ੀਲਤਾ, ਕਦਰਾਂ-ਕੀਮਤਾਂ ਅਤੇ ਮਿਹਨਤ ਨਜ਼ਰ ਆਉਂਦੀ ਹੈ। ਖ਼ਾਸ ਕਰਕੇ ਬੋਹੜੀ ਅਤੇ ਕਸ਼ਮੀਰ ਅਗਾਂਹਵਧੂ ਸੋਚ ਦੇ ਮਾਲਕ ਹੋਣ ਕਰਕੇ ਲੋਕ ਪੱਖੀ ਸੰਘਰਸ਼ ਦੀ ਹਮਾਇਤ ਕਰਦੇ ਹਨ।ਗੁਰਮੀਤ ਸਿੰਘ ਅਤੇ ਦਿਲਜੀਤ ਕੌਰ ਦੀ ਸਾਫ਼ ਨੀਅਤ ਤੇ ਮਿਹਨਤ ਉਹਨਾਂ ਨੂੰ ਸਿਖ਼ਰ ਤੇ ਲੈ ਜਾਂਦੀ ਹੈ।

ਨਾਵਲ ਵਿੱਚ ਵਿਆਹ ਸਬੰਧ ਵਿੱਚ ਜਾਤ-ਪਾਤੀ ਮਸਲਾ ਅਹਿਮ ਰੂਪ ਵਿੱਚ ਪ੍ਰਸਤੁਤ ਹੋਇਆ ਹੈ।ਅਰਜਨ ਅਤੇ ਧਰਮੋ ਵਿਚਲੇ ਨਜਾਇਜ਼ ਸਰੀਰਕ ਸੰਬੰਧ ਕੇਵਲ ਸਰੀਰਕ ਹਵਸ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ, ਕਿਉਂਕਿ ਅਰਜਨ ਲਈ ਧਰਮੋਂ ਦੀ ਨੀਵੀਂ ਜਾਤ ਮੁੱਖ ਅੜਿੱਕਾ ਹੈ। ਦੂਸਰਾ ਹਵਾਲਾ ਸੱਤੋ ਅਤੇ ਬਲਜਿੰਦਰ ਵਿਚਲੇ ਪਿਆਰ ਦਾ ਅੱਧਵਾਟੇ ਦਮ ਤੋੜਨ ਨਾਲ ਸਾਹਮਣੇ ਆਉਂਦਾ ਹੈ।ਕਿਉਂਕਿ ਬਲਜਿੰਦਰ ਬਿਜਲੀ ਮਹਿਕਮੇ ਵਾਲੇ ਦੀ ਮਿਸਤਰੀ ਜਾਤ ਸੋਹਲ ਜਿਹੀ ਸੱਤੋ ਦੇ ਪਰਿਵਾਰ ਦੇ ਫਿਟ ਨਹੀਂ ਬੈਠਦੀ ਅਤੇ ਉਸ ਨੂੰ ਦੁਹਾਜੂ ਕਰਮ ਸਿੰਘ ਨਾਲ ਜ਼ਬਰਦਸਤੀ ਇੰਗਲੈਂਡ ਲਿਜਾ ਕੇ ਨਰੜ ਦਿੱਤਾ ਜਾਂਦਾ ਹੈ।ਸੱਤੋ ਦੀ ਮਾਂ ਬਲਵੀਰੋ ਬਲਜਿੰਦਰ ਬਾਰੇ ਸੋਚਦੀ ਹੈ ਤਾਂ ਉਸ ਵਿੱਚੋਂ ਗ਼ੈਰ-ਜੱਟ ਜਾਤ ਪ੍ਰਤਿ ਜੱਟਕੀ ਧੌਂਸ ਹੀ ਉਦੈ ਹੁੰਦੀ ਹੈ।ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਵਿਚਲਾ ਜਾਤੀਗਤ ਪਾੜਾ ਉਭਰਵੇਂ ਰੂਪ ਵਿੱਚ ਉਸ ਸਮੇਂ ਪ੍ਰਗਟ ਹੁੰਦਾ ਹੈ ਜਦੋਂ ਕਸ਼ਮੀਰਾ ਅਤੇ ਪਾਸ਼ੋ ਅੰਤਰਜਾਤੀ ਵਿਆਹ ਕਰਵਾਉਂਦੇ ਹਨ।ਪਰ ਜਦੋਂ ਕਸ਼ਮੀਰੇ ਦਾ ਛੋਟਾ ਭਰਾ ਰਣਬੀਰ ਅਤੇ ਇੰਗਲੈਂਡ ਦੀ ਜੰਮਪਲ। ਮਿੰਦੋ ਦੀ ਕੁੜੀ ਕਿਰਨਦੀਪ (ਕਿੰਨੀ) ਨਾਲ ਪਿਆਰ ਵਿਆਹ ਰਚਾਉਣ ਬਾਰੇ ਸੋਚਦੇ ਹਨ ਤਾਂ ਕੁੜੀ ਦੀ ਨਾਨੀ ਬਲਵੀਰੋ ਪਾਸ਼ੋ ਜੇਠਾਣੀ ਦੀ ਨੀਵੀਂ ਜਾਤ ਵਿੱਚੋਂ ਆਈ ਹੋਣ ਕਰਕੇ ਇਸ ਵਿਆਹ ਨੂੰ ਨਿਕਾਰ ਦਿੰਦੀ ਹੈ। ਪਰ ਨਾਵਲਕਾਰ ਨੇ ਪ੍ਰਵਾਸੀ ਪੰਜਾਬੀਆਂ ਦੇ ਸਬੰਧ ਵਿੱਚ ਅੰਤਰਜਾਤੀ ਵਿਆਹ ਨੂੰ ਨਵੇਂ ਜ਼ਾਵੀਏ ਤੋਂ ਦੇਖਿਆ ਹੈ, ਜਦੋਂ ਸਾਡੇ ਪੰਜਾਬੀ ਮੁੰਡੇ ਵਿਦੇਸ਼ਾਂ ਵਿੱਚ ਪੱਕੇ ਹੋਣ ਲਈ ਅੰਗਰੇਜ਼ ਗੋਰੀਆਂ ਕੁੜੀਆਂ ਦਾ ਸਹਾਰਾ ਲੈਂਦੇ ਹਨ

ਪਰ ਉਦੋਂ ਕੋਈ ਇਤਰਾਜ਼ ਨਹੀਂ ਕੀਤਾ ਜਾਂਦਾ ਨਾਵਲ ਵਿੱਚ ਮਿੰਦੋ ਦਾ ਮਾਮਾ ਜਗਸੀਰ ਅਤੇ ਕਿੰਨੀ ਦਾ ਮਾਮਾ ਸੱਤਾ ਅਜਿਹੇ ਸੰਬੰਧ ਸਥਾਪਿਤ ਕਰਦੇ ਹਨ।


ਨਾਵਲਕਾਰ ਨੇ ਪਰਵਾਸੀ ਪੰਜਾਬੀਆਂ ਦੀਆਂ ਪਰਿਵਾਰਕ ਸਮੱਸਿਆਵਾਂ ਨੂੰ ਬਹੁਤ ਬਾਖ਼ੂਬੀ ਨਾਲ ਚਿਤਰਿਆ ਹੈ ਇੱਕ ਪਾਸੇ ਵਿਦੇਸ਼ੀ ਧਰਤੀ ਤੇ ਆਪਣੀ ਹੋਂਦ ਦੀ ਸਥਾਪਤੀ ਦਾ ਸੰਘਰਸ਼ ਗੁਰਮੰਤਰ ਅਤੇ ਮਿੰਦੋ ਰਾਹੀਂ ਸਾਹਮਣੇ ਆਉਂਦਾ ਹੈ, ਉਥੇ ਦੂਜੇ ਪਾਸੇ ਫਾਊਂਡਰੀਆਂ ਅਤੇ ਦੁਕਾਨਾਂ ਵਿੱਚ ਓਵਰ-ਟਾਇਮ, ਕਰਕੇ ਪੌਂਡਾਂ ਦੀ ਦੌੜ ਮਗਰ ਭੱਜਦਿਆਂ ਪੈਦਾ ਹੋਏ ਪਰਿਵਾਰਕ, ਮਾਨਸਿਕ ਸੰਕਟ ਨੂੰ ਤੀਬਰਤਾ ਨਾਲ ਉਜਾਗਰ ਕੀਤਾ ਗਿਆ ਹੈ। ਦੂਸਰਾ ਪਹਿਲੂ ਆਰਥਿਕ ਸੰਕਟ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਖੁੰਭਾਂ ਦੀ ਤਰ੍ਹਾਂ ਬਣ ਰਹੇ ਮਾਲ ਅਤੇ ਸੁਪਰ ਮਾਰਕੀਟਾਂ ਕਾਰਨ ਛੋਟੀਆਂ ਦੁਕਾਨਾਂ ਵਿੱਤੀ ਸੰਕਟ ਵਿੱਚੋਂ ਲੰਘਦੀਆਂ ਹਨ। ਨਾਵਲਕਾਰ ਨੇ ਗੁਰਮੰਤਰ ਦੀਆਂ ਦੁਕਾਨਾਂ ਦੀ ਘੱਟ ਰਹੀ ਸੇਲ ਰਾਹੀਂ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਭਾਰਿਆ ਹੈ।

ਇਸ ਤੋਂ ਇਲਾਵਾ ਨਾਵਲ ਵਿੱਚ ਸੱਤਰਵਿਆਂ ਵਿੱਚ ਉੱਠੀ ਹਥਿਆਰਬੰਦ ਨਕਸਲਬਾੜੀ ਲਹਿਰ ਦਾ ਜ਼ਿਕਰ ਆਇਆ ਹੈ, ਜਿਸ ਵਿੱਚ ਸੀਤੇ ਦਾ ਵੱਡਾ ਮੁੰਡਾ ਬਿੱਕਰ ਮਾਰਿਆ ਜਾਂਦਾ ਹੈ। ਦੂਸਰਾ ਸਿੱਖ ਖਾੜਕੂ ਲਹਿਰ ਦੇ ਦੌਰਾਨ ਲਗਭਗ ਇੱਕ ਦਹਾਕੇ ਤੋਂ ਵੱਧ ਸਮਾਂ, ਪੰਜਾਬੀ ਜਨ-ਜੀਵਨ ਨੇ ਜਿਹੜਾ ਸੰਤਾਪ ਹੰਢਾਇਆ ਹੈ ਨਾਵਲਕਾਰ ਨੇ ਉਸਦੀਆਂ ਇੱਕ ਤੋਂ ਵੱਧ ਪਰਤਾਂ ਨੂੰ ਉਜਾਗਰ ਕੀਤਾ ਹੈ। ਜਿਥੇ ਸੀਬੇ ਵਰਗੇ ਨੌਜਵਾਨ ਆਪਣੀ ਸ਼ਰੀਕੇਬਾਜ਼ੀ ਅਤੇ ਬਦਲਾਖ਼ੋਰੀ ਵੱਸ ਖਾੜਕੂ ਲਹਿਰ ਦਾ ਹਿੱਸਾ ਬਣਦੇ ਹਨ, ਉਥੇ ਅਰਜਨ ਵਰਗਾ ਅਖੌਤੀ ਬਾਬਿਆਂ ਦਾ ਭਗਤ ਡੇਰੇ ਉਪਰ ਕਾਬਜ਼ ਹੋਣ ਲਈ ਡੇਰੇ ਦੇ ਮੁੱਖੀ ਬਾਬਾ ਮੁੱਲਾਂਪੁਰੀਆ ਨੂੰ ਅੱਤਵਾਦੀਆਂ ਤੋਂ ਕਤਲ ਕਰਵਾ ਦਿੰਦਾ ਹੈ ਅਤੇ ਆਪਣੇ ਉੱਪਰ ਝੂਠਾ ਅੱਤਵਾਦੀ ਹਮਲਾ ਕਰਵਾ ਕੇ ਸਰਕਾਰੀ ਸੁਰੱਖਿਆ ਹਾਸਲ ਕਰ ਲੈਂਦਾ ਹੈ, ਦੂਸਰਾ ਆਪਣੀ ਦੋਹਤੀ ਕਿੰਨੀ ਦੇ ਪਿਆਰ ਵਿਆਹ ਨੂੰ ਰੋਕਣ ਲਈ ਕਸ਼ਮੀਰੇ ਦੇ ਪੂਰੇ ਪਰਿਵਾਰ ਨੂੰ ਸੀਬੇ ਵਰਗੇ ਦਹਿਸ਼ਤਗਰਦਾਂ ਹੱਥੋਂ ਮਰਵਾ ਦਿੰਦਾ ਹੈ। ਇਸ ਦੇ ਮੁਕਾਬਲੇ ਅਗਾਂਹਵਧੂ ਬੋਹੜੀ ਵਕੀਲ, ਗੁਰਮੀਤ, ਕਸ਼ਮੀਰਾ, ਗੁਰਦਿੱਤ, ਦਿਲਜੀਤ ਵਰਗੇ ਪਾਤਰ ਧਰਮ-ਨਿਰਪੱਖ ਅਤੇ ਫ਼ਿਰਕੂ ਤਾਕਤਾਂ ਦੇ ਨਾਲ ਟੱਕਰ ਲੈਂਦੇ ਹਨ।

ਨਾਵਲਕਾਰ ਨੇ ਪੰਜਾਬ ਦੇ ਪੇਂਡੂ ਸਮਾਜ -ਸਭਿਆਚਾਰ ਵਿਚਲੀ ਸ਼ਰੀਕੇਬਾਜ਼ੀ ਨੂੰ ਜੀਤ ਸਿੰਘ ਦੇ ਮੁੰਡੇ ਸੀਬੇ ਰਾਹੀਂ ਪੇਸ਼ ਕੀਤਾ ਹੈ ਜਿਹੜੇ ਆਪਣੇ ਤਾਏ ਪ੍ਰੀਤਮ ਸਿੰਘ ਦੇ ਮੁੰਡਿਆਂ ਗੁਰਮੀਤ ਸਿੰਘ ਅਤੇ ਸੁਖਵੀਰ ਸਿੰਘ ਨੂੰ ਅੱਤਵਾਦੀ ਬਣ ਕੇ ਸੋਧਣਾ ਚਾਹੁੰਦਾ ਹੈ। ਦੂਸਰੇ ਪਾਸੇ ਬਲਵੀਰੋ ਅਰਜਨ ਦੇ ਉਸ ਵੱਲੋਂ ਪਾਸਾ ਵੱਟ ਕੇ ਆਪਣਾ ਘਰ ਵਸਾਉਣ ਤੋਂ ਔਖੀ ਹੋਈ ਅਰਜਨ ਦੇ ਘਰ ਨਿਆਣਾ ਹੋਣ ਤੋਂ ਰੋਕਣ ਲਈ ਉਸਦੀ ਪਤਨੀ ਬੰਤੋ ਨੂੰ ਪਾਰਾ ਦੁੱਧ ਰਾਹੀਂ ਪਿਆ ਦਿੰਦੀ ਹੈ। ਪਰਵਾਸੀ ਪੰਜਾਬੀਆਂ ਲਈ ਆਪਣੀਆਂ ਜੱਦੀ ਪੁਸ਼ਤੀ ਜ਼ਮੀਨਾਂ ਆਪਣੇ ਹੀ ਸ਼ਰੀਕੇ ਦੁਆਰਾ ਹੜੱਪ ਕਰ ਜਾਣ ਵਰਗੀਆਂ ਘਟਨਾਵਾਂ ਨੂੰ ਵੀ ਬਿਰਤਾਂਤ ਦਾ ਹਿੱਸਾ ਬਣਾਇਆ ਗਿਆ ਹੈ, ਗੁਰਮੰਤਰ ਦਾ ਖੁਦਗਰਜ਼ ਚਾਚਾ ਆਪਣੇ ਭਰਾ ਅਤੇ ਭਤੀਜੇ ਦੁਆਰਾ ਪਿਛਲਿਆਂ ਨੂੰ ਗ਼ੁਰਬਤ ਵਿੱਚੋਂ ਕੱਢਣ ਲਈ ਭੇਜੇ ਧੰਨ ਤੋਂ ਖ਼ਰੀਦੀ ਜ਼ਮੀਨ ਵਿੱਚੋਂ ਬਣਦਾ ਹਿੱਸਾ ਦੇਣ ਤੋਂ ਮੁਕਰ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬ/ ਵਿਦੇਸ਼ਾਂ ਵਿੱਚ ਫੈਲਦੇ ਡੇਰਾਵਾਦ ਨੂੰ ਡਰਾਈਵਰ ਨਿਰਭੈ ਸਿੰਘ ਤੋਂ ਸਾਧ ਬਣੇ ਬਾਬਾ ਮੁੱਲਾਂਪੁਰੀਏ ਰਾਹੀਂ ਦਿਖਾਇਆ ਗਿਆ ਹੈ। ਨਾਵਲਕਾਰ ਡੇਰਾਵਾਦ ਦੀ ਪਿੱਠ ਭੂਮੀ ਵਿੱਚ ਪਏ ਸਮਾਜ-ਸਭਿਆਚਾਰਕ ਸੰਕਟਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਮੁੱਚੇ ਰੂਪ ਵਿੱਚ, ਜਸਵਿੰਦਰ ਰੱਤੀਆਂ ਨੂੰ ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਦੇ ਨਾਲ-ਨਾਲ ਇੰਗਲੈਂਡ ਦੇ ਅਤਿ ਪੂੰਜੀਵਾਦੀ ਸਮਾਜ-ਸਭਿਆਚਾਰ ਦੀ ਬੁਨਿਆਦੀ ਸਮਝ ਹੈ।

# ਪਰਵਾਸ, ਔਰਤ ਤੇ ਮਾਨਵੀ ਸਨੇਹ ਦਾ ਸਮਕਾਲੀ ਬਿਰਤਾਂਤਕ ਦ੍ਰਿਸ਼ਟਾਂਤ-ਕਿਤੇ ਉਹ ਨਾ ਹੋਵੇ/- ਡਾ. ਗੁਰਮੀਤ ਕੌਰ

ਪਰਵਾਸੀ ਪੰਜਾਬੀ ਕਹਾਣੀ ਪਰਵਾਸੀ ਜੀਵਨ ਰਹਿਤਲ ਵਿੱਚ ਵਿਚਰ ਰਹੇ ਇਕ ਪੰਜਾਬੀ ਬੰਦੇ ਦਾ ਅਕਸ ਡੂੰਘਾਈਪਰਕ ਰੂਪ ਵਿਚ ਚਿਤਰਦੀ ਹੈ। ਇਸੇ ਸਿਰਜਣਾ ਤਹਿਤ ਪਰਵਾਸ ਨਾਲ ਜੁੜੀ ਮਾਨਸਿਕਤਾ, ਪਰਵਾਸੀ ਧਰਾਤਲ ਦੇ ਸੰਕਟਾਂ, ਪਰਵਾਸ ਤਕ ਪਹੁੰਚ ਰਸਾਈ ਕਰਨ ਹਿੱਤ ਵਿਅਕਤੀ ਦੀ ਅਜੀਬੋ ਗਰੀਬ ਮਾਨਸਕਿਤਾ, ਸਮਕਾਲ ਵਿਚਲੇ ਉੱਤਰ ਆਧੁਨਿਕ ਪ੍ਰਵਚਨ ਵਿੱਚ ਔਰਤ ਦੀ ਦਸ਼ਾ/ ਦਿਸ਼ਾ ਤੇ ਸਥਿਤੀ ਦਾ ਡੂੰਘਾਈਪਰਕ ਵਰਣਨ ਅਤੇ ਸਮਕਾਲ ਵਿਚਲੀਆਂ ਮੋਹ-ਖੋਰੀਆਂ ਸਮੀਕਰਣਾਂ ਵਿੱਚ ਮਾਨਵੀ ਸਨੇਹ ਦੀ ਪੇਸ਼ਨਗੋਈ ਅਮਰੀਕੀ ਪੰਜਾਬੀ ਰਹਿਤਲ ਨਾਲ ਜੁੜਿਆ ਹੋਇਆ ਕਹਾਣੀਕਾਰ ਰਵੀ ਸ਼ੇਰਗਿੱਲ ਆਪਣੇ ਪਹਿਲੇ ਕਹਾਣੀ ਸੰਗ੍ਰਹਿ, **'ਕਿਤੇ ਉਹ ਨਾ ਹੋਵੇ'** (**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ,ਮੁੱਲ: 195ਰੁਪਏ, ਪੰਨੇ:120, ਸਾਲ** :2022) ਜ਼ਰੀਏ ਬਾਖੂਬੀ ਪੇਸ਼ ਕਰਦਾ ਹੈ।




ਅਜੋਕੇ, ਵਿੰਡਬਨਾਮਈ, ਆਰਥਿਕ ਪੱਖੋਂ ਊਣੇ ਕਿਰਦਾਰ ਵਿੱਚ ਵਿਚਰ ਰਹੇ-ਪੰਜਾਬੀ ਬੰਦੇ ਨੂੰ ਆਪਣੀ ਹੋਂਦ ਆਪਣੀ ਥਾਂ ਵਿਦੇਸ਼ੀ ਧਰਤੀ ਵਿੱਚੋਂ ਦਿਸਦੀ ਹੈ। ਉਸ ਨੂੰ ਆਪਣੀ ਆਰਥਿਕਤਾ ਦਾ ਸਾਬਤ ਸਬੂਤਾ ਤੇ ਸਮੱਗਰ ਰੂਪ ਵਿਦੇਸ਼ੀ ਧਰਤੀ ਉੱਪਰ ਸਕਾਰ ਹੋਇਆ ਨਜ਼ਰੀ ਪੈਂਦਾ ਹੈ। ਪਹਿਲਾਂ ਤੋਂ ਵਿਦੇਸ਼ੀ ਧਰਤੀ ਉੱਪਰ ਆਪਣੇ ਪੈਰ ਜਮਾ ਚੁੱਕਿਆ ਵਿਅਕਤੀ ਦੋਹਰੇ ਵਿਅਕਤਿਤਵ ਦਾ ਧਾਰਣੀ ਬਣ ਉੱਪਰੋ ਦੇਵਤਾ ਤੇ ਅੰਦਰੋਂ ਸ਼ੈਤਾਨ ਦਾ ਕਾਰਜ ਵਾਹਕ ਬਣਿਆ ਹੋਇਆ ਹੈ। ਇਹਨਾਂ ਲਾਲਸਾਵਾਂ, ਦਮਨਕਾਰੀ ਮਾਨਸਿਕਤਾ ਅਤੇ ਵਿਅਕਤੀ ਅੰਦਰਲੇ ਸ਼ੈਤਾਨ ਤੇ ਦੇਵਤੇ ਦਾ ਅਕਸ ਰਵੀ ਸ਼ੇਰਗਿੱਲ ਦੀ ਕਿਤਾਬ 'ਕਿਤੇ ਉਹ ਨਾ ਹੋਵੇ' ਵਿਚੋਂ ਉਭਰਦਾ ਹੈ।

ਰਵੀ ਸ਼ੇਰਗਿੱਲ ਦੀ ਕਿਤਾਬ ਦਾ ਸਿਰਲੇਖ ਕਿਤੇ ਉਹ ਨਾ ਹੋਵੇ, ਬਹੁਅਰਥਾਂ ਦਾ ਧਾਰਣੀ ਹੈ। ਕਿਤੇ ਉਹ ਨਾ ਹੋਵੇ, ਇਕ ਸਵਾਲ ਹੈ ਇਕ ਜਵਾਬ ਹੈ। ਇਹ ਸਵਾਲ/ਜਵਾਬ ਪੂਰੀ ਕਿਤਾਬ ਵਿੱਚ ਫੈਲਿਆ ਹੋਇਆ ਮਹਿਜ਼ ਇਸ ਸਿਰਲੇਖ ਦੀ ਕਹਾਣੀ ਨਾਲ ਹੀ ਨਹੀਂ ਜੁੜਿਆ ਹੋਇਆ। ਕਿਤੇ ਉਹ ਨਾ ਹੋਵੇ ਕੌਣ ਨਾ ਹੋਵੇ, ਕਿਉਂ ਨਾ ਹੋਵੇ? ਦੋ ਅਜਿਹੇ ਸਵਾਲ ਹਨ ਜੋ ਇਸ ਸਿਰਲੇਖ ਦੀ ਕਹਾਣੀ ਵਿੱਚੋਂ ਉਭਰਦੇ ਹਨ। ਕਹਾਣੀ ਦਾ ਮੁੱਖ ਪਾਤਰ ਜੈਲੀ ਵਿਦੇਸ਼ ਵਿਚ ਪੱਕਾ ਹੈ। ਇਸੇ ਤਹਿਤ ਉਹ ਆਪਣੇ ਮਾਮੇ ਦੇ ਮੁੰਡੇ ਨੂੰ ਵਿਦੇਸ਼ ਪਹੁੰਚਦਾ ਕਰਨ ਹਿੱਤ ਪੰਜਾਬੀ ਕੁੜੀ ਅਮਨ ਨਾਲ ਨਕਲੀ ਵਿਆਹ ਕਰਵਾ ਉਸ ਤੋਂ ਪੈਸੇ ਲੈ ਕੇ ਉਸਨੂੰ ਧੋਖਾ ਦੇ ਵਾਪਸ ਵਿਦੇਸ਼ ਆ ਜਾਂਦਾ ਹੈ। ਪਰ ਇਹ ਅਮਨ ਨਾਲ ਕੀਤਾ ਵਿਸ਼ਵਾਸਘਾਤ ਉਸਦੇ ਅੰਦਰ ਸ਼ਹਿ ਕੇ ਬੈਠ ਜਾਂਦਾ ਹੈ। ਜੈਲੀ ਦਾ ਅਸਤਿਤਵ ਪ੍ਰਸ਼ਨ ਚਿੰਨ ਲਗਾ ਕੇ ਉਸ ਦੁਆਰਾ ਕੀਤੇ ਵਿਸ਼ਵਾਸ ਘਾਤ ਦੀ ਪੁਸ਼ਟੀ ਕਰਦਾ ਹੈ।

ਇਸੇ ਕਾਰਨ ਐਕਸੀਡੈਂਟ ਹੋਣ ਉਪਰਾਂਤ ਹਸਪਤਾਲ ਵਿਚ ਪਏ ਜੈਲੀ ਨੂੰ ਹਰ ਸਮੇਂ ਸਿਰਫ ਇੱਕ ਹੀ ਡਰ ਸਤਾਉਂਦਾ ਹੈ ਕਿ ਕਿਤੇ ਅਮਨ ਨਰਸ ਹੋਣ ਦੇ ਨਾਤੇ ਵਿਦੇਸ਼ ਪਹੁੰਚ ਇਸੇ ਹਸਪਤਾਲ ਵਿਚ ਨਾ ਪਹੁੰਚ ਜਾਵੇ ਕਿਉਂਕਿ ਦੋਸ਼ੀ ਹੋਣ ਕਾਰਨ ਜੈਲੀ ਅਮਨ ਦੁਆਰਾ ਦਿੱਤੀ ਵੰਗਾਰ ਤੋਂ ਡਰ ਰਿਹਾ ਹੈ। ਉਸ ਦੀ ਮਨੋ ਅਵਸਥਾ ਡਰ ਅਤੇ ਭੈ ਨੂੰ ਹੰਢਾ ਰਹੀ ਹੋਣ ਕਾਰਨ ਅਪਰਾਧ ਦੇ ਭਾਵ-ਬੋਧ ਨਾਲ ਜੁੜ ਰਹੀ ਹੈ।ਜੈਲੀ ਸਰੀਰਕ ਦਰਦ ਨਾਲੋਂ ਆਪਣੇ ਮਾਨਸਿਕ ਦਰਦ ਨੂੰ ਵਧੇਰੇ ਹੰਢਾ ਰਿਹਾ ਹੈ। ਸਾਰੀ ਕਹਾਣੀ ਇੱਕ ਰਹੱਸ ਅਤੇ ਇਕ ਵਾਪਰ ਸਕਦੀ ਅਣਹੋਣੀ ਵਿੱਚ ਬੱਝੀ ਹੋਈ ਹੈ। ਕਹਾਣੀ ਦੇ ਬਿਰਤਾਂਤਕ ਘਟਨਾਵੀ ਚੱਕਰ ਵਿੱਚ ਇੱਕ ਘਟਨਾ ਵਾਪਰ ਚੁੱਕੀ ਹੈ। ਪਰ ਇੱਕ ਘਟਨਾ ਦੇ ਵਾਪਰ ਜਾਣ ਦਾ ਡਰ ਕਹਾਣੀ ਦੇ ਮੈਂ ਪਾਤਰ ਅੰਦਰ ਬਣਿਆ ਹੋਇਆ ਹੈ ਜੋ ਕਦੇ ਵੀ ਵਾਪਰ ਸਕਦੀ ਹੈ। ਜੈਲੀ ਦੇ ਅੰਦਰ ਪਨਪਿਆ ਅਪਰਾਧ ਬੋਧ ਇਸ ਗੱਲ ਵੱਲ ਵੀ ਸੰਕੇਤ ਕਰ ਰਿਹਾ ਹੈ ਕਿ ਕਿਤੇ ਨਾ ਕਿਤੇ ਜੈਲੀ ਨੇ ਇਹ ਵਿਸ਼ਵਾਸਘਾਤ ਕਿਸੇ ਵੇਗ ਕਿਸੇ ਲਾਲਚ ਵਿਚ ਆ ਕੇ ਕੀਤਾ ਹੈ। ਇਹ ਵੇਗ ਜਾਂ ਲਾਲਚ ਕਹਾਣੀ ਵਿੱਚ ਜੈਲੀ ਦੇ ਮਨ ਮਸਤਕ ਵਿਚਲੇ ਡਾਇਲਾਗ ਵਿਚੋਂ ਸਪਸ਼ਟ ਝਲਕਦਾ ਹੈ।

ਏਥੇ ਫਰਾਈਡ ਦੁਆਰਾ ਦਿੱਤੀ ਗਈ ਇਡ ਪ੍ਰਵਿਰਤੀ ਕਾਰਜ ਕਰ ਰਹੀ ਹੈ। ਮਰਦ ਅੰਦਰਲਾ ਕਾਮ ਵੇਗ ਔਰਤ ਸਰੀਰ ਨੂੰ ਭੋਗਣ ਦਾ ਲਾਲਚ ਸਦੀਵੀ ਹੈ। ਧਰਮ ਸ਼ਾਸਤਰਾਂ ਅਨੁਸਾਰ ਵੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰਾਂ ਵਿੱਚੋਂ ਕੋਈ ਨਾ ਕੋਈ ਵਿਕਾਰ ਵਿਅਕਤੀ ਤੇ ਹਾਵੀ ਰਹਿੰਦਾ ਹੈ। ਏਥੇ ਜੈਲੀ ਅੰਦਰ ਪਨਪਿਆ ਕਾਮ ਵਿਕਾਰ ਮਾਮੇ ਦੇ ਦਬਾਓ ਨੂੰ ਰੱਖਿਆ ਕਵਚ ਬਣਾ ਰਿਹਾ ਹੈ। ਜੈਲੀ ਅਨੁਸਾਰ ਇਹ ਸਭ ਮਾਮੇ ਦੇ ਦਬਾਓ ਕਾਰਨ ਹੋਇਆ ਪਰ ਅਸਲੀਅਤ ਜੈਲੀ ਦੇ ਸਵੈ ਅੰਦਰ ਵਿਆਹੇ ਹੋਣ ਦੇ ਬਾਵਜੂਦ ਪਨਪੀ ਇੱਕ  ਨਵੀਂ ਔਰਤ ਦੇ ਸਰੀਰ ਨੂੰ ਭੋਗਣ ਦੀ ਪ੍ਰਵਿਰਤੀ ਕਾਰਜਸ਼ੀਲ ਹੈ ਜੋ ਉਸ ਤੋਂ ਇਹ ਕਾਰਜ ਕਰਵਾਉਂਦੀ ਹੈ।

ਕਹਾਣੀ ਵਿੱਚੋਂ ਉੱਭਰੀ ਉਪਰੋਕਤ ਸੁਰ ਵਿੱਚੋਂ ਆਦਿ ਤੋਂ ਸਮਕਾਲ ਤੱਕ ਚੱਲ ਰਹੀ ਔਰਤ ਦੀ ਵਸਤੂਗਤ ਸਥਿਤੀ ਸਹਿਜੇ ਨਸ਼ਰ ਹੁੰਦੀ ਹੈ। ਪਦਾਰਥ ਰੂਪ ਵਿਚ ਪ੍ਰਵਰਤਿਤ ਹੋਈ ਔਰਤ ਦੀ ਦੂਜੈਲੇ ਪੱਧਰ ਦੀ ਸਥਿਤੀ ਬਹੁਤ ਹੀ ਵਿਡੰਬਨਾਮਈ ਤੇ ਦਰਦਨਾਕ ਹੈ। ਕਿਉਂਕਿ ਔਰਤ ਨੂੰ ਟੂਲ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਅਜਿਹਾ ਕੁਝ ਹੀ 'ਓ ਮੇਰਿਆ ਮਾਲਕਾ' ਕਹਾਣੀ ਵਿਚ ਵੀ ਵਾਪਰਦਾ ਹੈ। ਪੁੱਤਰ ਵਾਂਗ ਪਾਲੀ ਧੀ ਇਕ ਵਿਸ਼ਵਾਸ ਤਹਿਤ ਵਿਦੇਸ਼ੀ ਲਾੜੇ ਨਾਲ ਵਿਆਹੀ ਜਾਂਦੀ ਹੈ। ਪਰ ਵਿਦੇਸ਼ੀ ਲਾੜੇ ਦੀ ਐਕਸੀਡੈਂਟ ਵਿਚ ਮੌਤ ਸਾਰਾ ਕੁਝ ਬਦਲ ਕੇ ਰੱਖ ਦਿੰਦੀ ਹੈ। ਪਰ ਕਹਾਣੀ ਦੇ ਅਖੀਰ ਵਿਚ ਉਭਰਿਆ ਸੱਚ ਕਿ ਉਹ ਵਿਦੇਸ਼ੀ ਲਾੜਾ ਜਿਉਂਦਾ ਹੈ ਤੇ ਹੋਰ ਵਿਆਹ ਕਰਵਾਉਂਦਾ ਹੋਇਆ ਫੇਰ ਤੋਂ ਐਕਸੀਡੈਂਟ ਵਿਚ ਆਪਣੀ ਮੌਤ ਦਾ ਝੂਠਾ ਪ੍ਰਪੰਚ ਰਚਦਾ ਹੈ। ਜਿਸ ਦਾ ਪਰਦਾਫਾਸ਼ ਕਹਾਣੀ ਦੇ ਅਖੀਰ ਵਿੱਚ ਹੁੰਦਾ ਹੈ। ਏਥੇ ਵੀ ਇੱਕ ਧੋਖਾ ਹੈ, ਵਿਸ਼ਵਾਸਘਾਤ ਹੈ, ਔਰਤ ਸਰੀਰ ਭੋਗਣ ਦੀ ਸੌੜੀ ਮਾਨਸਿਕਤਾ ਹੈ। ਪਰ ਸਵਾਲੀਆ ਚਿੰਨ ਔਰਤ ਉੱਪਰ ਲੱਗਦਾ ਹੈ।

ਇਸ ਕਹਾਣੀ ਵਿੱਚ ਵੀ ਜੰਗ ਸਿੰਘ ਦੇ ਅੰਦਰ ਉਵੇਂ ਹੀ ਪਟਵਾਰੀ ਦੇ ਜਵਾਈ ਦੀ ਫੋਟੋ ਦੇਖ ਕੇ ਡਰ ਪੈਦਾ ਹੁੰਦਾ ਹੈ ਕਿ ਕਿਤੇ ਉਹ ਨਾ ਹੋਵੇ ਤੇ ਕਹਾਣੀ ਦੇ ਆਖੀਰ ਵਿੱਚ ਉਸ ਦਾ ਇਹ ਡਰ ਉਵੇਂ ਹੀ ਸੱਚ ਹੋ ਜਾਂਦਾ ਹੈ। ਜਿਵੇਂ 'ਕਿਤੇ ਉਹ ਨਾ ਹੋਵੇ' ਕਹਾਣੀ ਦੇ ਪਾਤਰ ਜੈਲੀ ਦੇ ਅੰਦਰਲਾ ਡਰ ਅਮਨ ਨੂੰ ਦੇਖ ਕੇ ਸੱਚ ਹੋ ਜਾਂਦਾ ਹੈ। ਕਿਉਂਕਿ ਪਟਵਾਰੀ ਦਾ ਜਵਾਈ ਹੀ ਜੰਗ ਸਿੰਘ ਦਾ ਜਵਾਈ ਸੀ। ਇਹ ਰਵੀ ਸ਼ੇਰਗਿੱਲ ਦੀ ਕਹਾਣੀ ਵਿੱਚ ਸਿਰਜੀ ਹੋਈ ਕਲਾਤਮਕਤਾ ਹੀ ਹੈ ਜੋ ਦੋ ਕਹਾਣੀਆ ਨੂੰ ਇਕ ਸੂਤਰ ਵਿੱਚ ਬੰਨ ਦਿੰਦੀ ਹੈ।

ਰਵੀ ਸ਼ੇਰਗਿੱਲ ਦੀ ਕਹਾਣੀ ਔਰਤ ਦੀ ਵਸਤੂਗਤ ਸਥਿਤੀ ਨੂੰ ਬਹੁਤ ਡੂੰਘਾਈਪਰਕ ਰੂਪ ਵਿੱਚ ਚਿਤਰਦੀ ਹੈ। ਰਵੀ ਸ਼ੇਰਗਿੱਲ ਸਮਾਜ ਤੇ ਮਰਦ ਦਾ ਔਰਤ ਪ੍ਰਤੀ ਮੋਹਖੋਰਾ ਰਵੱਈਆ ਤਾਂ ਚਿਤਰਦਾ ਹੀ ਹੈ। ਪਰ ਨਾਲ ਹੀ ਔਰਤ ਦੀ ਇਸ ਵਸਤੂਗਤ ਸਥਿਤੀ ਬਣਨ ਵਿੱਚ ਔਰਤ ਦੇ ਰੋਲ ਤੋਂ ਵੀ ਮੁਨਕਰ ਨਹੀਂ। ਇਸ ਦਾ ਪ੍ਰਮਾਣ ਉਸਦੀ ਕਹਾਣੀ 'ਇੱਕ ਹੋਰ ਘੁੱਗੀ' ਵਿੱਚੋਂ ਦੇਖਿਆ ਜਾ ਸਕਦਾ ਹੈ।ਭਰੂਣ ਹੱਤਿਆ ਵਰਗੀ ਸਮਾਜਕ ਬੁਰਾਈ ਨਾਲ ਪ੍ਰਣਾਈ ਇਸ ਕਹਾਣੀ ਵਿਚ ਔਰਤ ਹੀ ਸੱਸ ਦੇ ਰੂਪ ਵਿਚ ਦੂਸਰੀ ਔਰਤ (ਨੂੰਹ) ਉੱਪਰ ਅਲਟਰਾਸਾਊਂਡ ਕਰਵਾਉਣ ਦਾ ਫੈਸਲਾ ਥੋਪ ਦੀ ਹੋਈ ਤੇ ਕੁੜੀ ਹੋਣ ਦੀ ਨਿਸ਼ਾਂਨ ਦੇਹੀ ਉਪਰਾਂਤ ਉਸ ਭਰੂਣ ਦੀ ਹੱਤਿਆ ਲਈ ਤਤਪਰ ਨਜ਼ਰ ਆਉਦੀ ਹੈ। ਕਿਉਂਕਿ ਪੁੱਤਰ ਨਾਲ ਵੰਸ਼ ਚੱਲਣ ਦੀ ਪੌੜ੍ਹ ਹੋ ਚੁੱਕੀ ਮਾਨਸਿਕਤਾ ਤਹਿਤ ਉਹ ਆਪਣੀ ਹੀ ਜਮਾਤ (ਔਰਤ ਵਰਗ) ਦੇ ਵਿਰੋਧ ਵਿਚ ਭੁਗਤਦੀ ਹੈ। ਪਰ ਕਹਾਣੀ ਦਾ ਮੈਂ ਪਾਤਰ ਆਪਣੀ ਮਾਂ ਦੇ ਵਿਰੋਧ ਵਿੱਚ ਖੜ ਕੇ ਕਹਾਣੀ ਦਾ ਪੂਰਾ ਅਰਥ ਵਿਸਥਾਰ ਹੀ ਬਦਲ ਦਿੰਦਾ ਹੈ।

ਪੱਛਮੀ ਜੀਵਨ ਸ਼ੈਲੀ ਵਿਚ ਰਲਗੱਡ ਹੋਇਆ ਮੈਂ ਪਾਤਰ ਪੰਜਾਬ ਰਹਿੰਦੇ ਜ਼ਿੰਦਗੀ ਦੇ ਆਖਰੀ ਸਾਹ ਤੇ ਪਹੁੰਚੇ ਆਪਣੇ ਪਿਤਾ ਨੂੰ ਦੇਖਣ ਪੰਜਾਬ ਨਹੀਂ ਜਾਂਦਾ ਕਿਉਂਕਿ ਅਜਿਹਾ ਕਰਨ ਨਾਲ ਉਸਦੀ ਗੈਰਹਾਜ਼ਰੀ ਵਿਚ ਉਸਦਾ ਨੁਕਸਾਨ ਹੋਵੇਗਾ। ਪਰ ਜਦੋਂ ਡੇਵਿਡ ਦੀ ਆਪਣੇ ਕੁੱਤੇ ਨਾਲ ਮੁਹੱਬਤੀ ਸਾਂਝ ਦੇਖਦਾ ਹੈ ਤਾਂ ਸ਼ਰਮਸਾਰ ਹੋ ਅਤੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝ ਆਪਣੇ ਅੰਦਰੋਂ ਰਿਸ਼ਤਿਆ ਦੀ ਖੁਰ ਰਹੀ ਸੰਵੇਦਨਾ ਨੂੰ ਮੁੜ ਜਿਉਂਦਾ ਕਰ ਪੰਜਾਬ ਵੱਲ ਤੁਰ ਪੈਂਦਾ ਹੈ ਆਪਣੇ ਪਿਤਾ ਲਈ। (ਹੁਣ ਦਿਲ ਬਹੁਤ ਖੁਸ਼ ਹੈ) ਇਸੇ ਤਰ੍ਹਾਂ 'ਰੇਤ ਦੇ ਟਿੱਲੇ' ਕਹਾਣੀ ਦੇ ਮੈਂ ਪਾਤਰ ਦੀ ਕੋਈ ਰਿਸ਼ਤਾ ਨਾ ਹੋਣ ਦੇ ਬਾਵਜੂਦ ਜੌਹਨ ਨਾਲ ਦੋਸਤੀ ਦਾ ਗੂੜਾ ਰਿਸ਼ਤਾ ਬਣਾ ਉਸਨੂੰ ਉਸਦੇ ਪਰਿਵਾਰਕ ਮੈਂਬਰਾਂ ਨਾਲ ਮਿਲਾਉਣਾ। (ਰੇਤ ਦੇ ਟਿੱਲੇ)

ਅਸਲ ਵਿੱਚ ਰਵੀ ਸ਼ੇਰਗਿੱਲ ਦੀ ਕਹਾਣੀ ਵਿਚ ਬਾਹਰੀ ਪਾਸਾਰਾਂ ਦੀ ਬਣਤਰ ਤੇ ਵਿਅਕਤੀ ਦੀ ਇਹਨਾਂ ਪਾਸਾਰਾਂ ਦੀ ਕਾਰਜਸ਼ੈਲੀ ਦੇ ਅੰਤਰਗਤ ਵਿਅਕਤੀ ਦੇ ਅੰਦਰਲੀ ਅੰਤਰੀਵੀ ਸੰਵੇਦਨਾਵੀਂ ਧਰਾਤਲ ਦਾ ਚਿਤਰਣ ਵਧੇਰੇ ਕਰਦੀ ਹੈ। ਇਸੇ ਅੰਦਰੂਨੀ ਸੰਵੇਦਨਾਵਾਂ ਦੇ ਤਹਿਤ ਵਿਅਕਤੀ ਮੋਹ ਦੇ ਵਧੇਰੇ ਨੇੜੇ ਹੋ ਕੇ ਵੀ ਵਿਚਰਦਾ ਹੈ। ਰਵੀ ਸ਼ੇਰਗਿੱਲ ਦੀ ਕਹਾਣੀ ਲਿਖਤ ਦੀ ਕਲਾਤਮਕਤਾ ਇਸੇ ਬਿਰਤਾਂਤਕ ਉਸਾਰ ਵਿੱਚ ਹੈ ਕਿ ਉਹ ਜੇਕਰ ਵਿਅਕਤੀ ਦਾ ਮੋਹ ਖੋਰਾ ਅਕਸ ਪੇਸ਼ ਕਰਦਾ ਹੈ ਤਾਂ ਦੂਜੇ ਪਾਸੇ ਉਹ ਵਿਅਕਤੀ ਅੰਦਰਲੀ ਸੰਵੇਦਨਾ ਦਾ ਸਿਖਰ ਵੀ ਪੇਸ਼ ਕਰਦਾ ਹੈ।

ਅਸਲ ਵਿੱਚ ਰਵੀ ਸ਼ੇਰਗਿੱਲ ਆਪਣੀਆਂ ਸਮੁੱਚੀਆਂ ਕਹਾਣੀਆਂ ਦਾ ਇੱਕ ਗੋਲਅਕਾਰ ਬਿਰਤਾਂਤਕੀ ਚੱਕਰ ਸਿਰਜਦਾ ਹੈ ਜਿੱਥੇ ਉਸਦੀਆ ਕਹਾਣੀਆਂ ਕੜੀਦਾਰ ਤੇ ਲੜੀਦਾਰ ਸਿਸਟਮ ਵਿੱਚ ਬੱਝੀਆਂ ਇੱਕ ਦੂਜੇ ਦੀਆਂ ਪੂਰਕ ਬਣਦੀਆਂ ਹਨ। ਰਵੀ ਸ਼ੇਰਗਿੱਲ ਆਪਣੀ ਕਹਾਣੀ ਜ਼ਰੀਏ ਜੇਕਰ ਔਰਤ ਦੀ ਬੇਬਸੀ, ਵਸਤੂਗਤ ਸਥਿਤੀ, ਔਰਤ ਦਾ ਔਰਤ ਦੀ ਦੁਸ਼ਮਣ ਹੋਣਾ, ਆਦਮੀ ਦਾ ਉਸ ਪ੍ਰਤੀ ਮੋਹਖੋਰਾ ਰਵੱਈਆ, ਸਿਰਜਦਾ ਹੈ ਤਾਂ ਉਹ ਨਾਲ ਹੀ ਜ਼ਿੰਦਗੀ ਦਾ ਦੂਜਾ ਪਾਸਾ ਜਿੱਥੇ ਸਭ ਕੁਝ ਖਤਮ ਹੋ ਕੇ ਵੀ ਖਤਮ ਨਹੀਂ ਹੁੰਦਾ, ਜਿਸ ਵਿਚ ਸੰਵੇਦਨਾ ਕਾਇਮ ਹੈ, ਜਿਸ ਵਿੱਚ ਔਰਤ ਦੀ ਇੱਜਤ ਕਰਨ ਵਾਲੇ ਸ਼ਾਮਿਲ ਹਨ।

ਰਵੀ ਸ਼ੇਰਗਿੱਲ ਦੀ ਕਹਾਣੀ ਸਰਲ, ਸਪੱਸ਼ਟ ਤੇ ਡੂੰਘੇ ਅਰਥਾਂ ਨਾਲ ਪ੍ਰਣਾਈ ਹੋਈ ਹੈ। ਉਸ ਦੀ ਕਹਾਣੀ ਦਾ ਕੇਂਦਰੀ ਆਧਾਰ ਮਨੁੱਖ ਦਾ ਉਹ ਮਨੋਵਿਗਿਆਨਕ ਪੱਖ ਹੈ। ਜਿੱਥੇ ਉਸਦਾ ਬੌਧਿਕ ਉਸਾਰ ਤੇ ਨਿਘਾਰ ਦੋਵੇਂ ਕਾਰਜ ਕਰਦੇ ਹਨ। ਰਵੀ ਸ਼ੇਰਗਿੱਲ ਇੱਕ ਸਮਰੱਥ ਮਨੋਵਿਗਿਆਨੀ ਵਾਂਗ ਮਨ ਦੀਆਂ ਪਰਤਾਂ ਪੜਦਾ, ਫਰੋਲਦਾ ਤੇ ਚਿਤਰਦਾ ਹੈ। (**ਮੋਬਾਇਲ ਨੰ: 99152-16764**)

## ਹੁੰਗਾਰਾ

'ਕਹਾਣੀ ਧਾਰਾ' ਦਾ ਪ੍ਰੇਮ ਗੋਰਖੀ ਵਿਸ਼ੇਸ਼ ਅੰਕ' ਇਕ ਦਸਤਾਵੇਜ਼ ਹੋ ਨਿਬੜਿਆ ਹੈ। ਗੱਲ-ਬਾਤ' ਵਾਲੇ ਹਿੱਸੇ ਵਿਚ ਛਪੀਆਂ ਇੰਟਰਵਿਊਜ਼ ਗੋਰਖੀ ਦੀ ਸਾਹਿਤਕ ਦ੍ਰਿਸ਼ਟੀ ਤੇ ਯਾਤਰਾ ਨੂੰ ਬਾਖੂਬੀ ਪੇਸ਼ ਕਰਦੀਆਂ ਹਨ ਪਰ ਇਹ ਗੱਲਾਂ ਬਾਤਾਂ ਕਿਸ ਮਿਤੀ, ਕਿਸ ਪਰਚੇ ਤੇ ਉਸਦੇ ਕਿਸ ਅੰਕ ਵਿਚ ਪ੍ਰਕਾਸ਼ਤ ਹੋਈਆਂ ਸਨ ਦਾ ਵੇਰਵਾ ਦੇਣਾ ਆਵੱਸ਼ਕ ਬਣਦਾ ਸੀ ਜੋ ਕਿ ਨਦਾਰਦ ਹੈ।

ਰੇਖਾ ਚਿੱਤਰ ਵਾਲੇ ਭਾਗ ਵਿਚ ਗੋਰਖੀ ਨਾਲ ਵਿਚਰੇ ਤੇ ਉਸਤੋਂ ਅਗਲੀ ਪੀੜ੍ਹੀ ਦੇ ਲੇਖਕਾਂ ਨੇ ਜਿੰਨੀ ਭਾਵ-ਭਿੰਨੀ ਸ਼ਰਧਾਜਲੀ ਗੋਰਖੀ ਨੂੰ ਪੇਸ ਕੀਤੀ ਹੈ ਉਹ ਆਪਣੇ ਆਪ ਵਿੱਚ ਹੀ ਗੋਰਖੀ ਦੀ ਪ੍ਰਤਿਭਾ ਨੂੰ ਸਲਾਬ ਹੈ ਜੋ ਜਿਉਂਦੇ ਜੀਅ ਉਹਦੇ ਪ੍ਰਤੀ ਵੱਡੇ ਇਨਾਮ ਦੇਣ ਵਾਲੀ ਸਥਾਪਤ ਧਿਰ ਵੱਲੋਂ ਜਾਣ ਬੁਝ ਕੇ ਅਣਡਿੱਠ ਕੀਤਾ ਗਿਆ। ਇਹ ਸਾਰਾ ਕੁਝ ਇਸ ਭਾਗ ਵਿਚੋਂ ਹੀ ਸਪਸ਼ਟ ਹੁੰਦਾ ਹੈ ਤੇ ਕਈ ਇਕ ਸਵਾਲ ਵੀ ਖੜੇ ਕਰਦਾ ਹੈ ਕਿ ਸਾਹਿਤ ਦੇ ਖੇਤਰ ਵਿਚ ਜਾਤ-ਪਾਤ ਕਿਸ ਸਥਿਤੀ ਵਿਚ ਮੌਜੂਦ ਹੈ। ਇਸ ਵਿਤਕਰੇ ਬਾਬਤ ਗੋਰਖੀ ਖ਼ੁਦ ਵੀ ਚੇਤੰਨ ਸੀ ਜੋ ਉਹਦੇ ਸਵੈ-ਕਥਨਾਂ ਤੋਂ ਸਪਸ਼ਟ ਹੈ। ਏਥੇ ਮੈਨੂੰ 'ਹੁਣ' ਪਰਚੇ ਵਿਚ ਛਪੀਆਂ ਪੰਜਾਬੀ ਦੇ ਵੱਡੇ ਲੇਖਕਾਂ ਨਾਲ ਕੀਤੀਆਂ ਮੁਲਾਕਾਤਾਂ ਦਾ ਚੇਤਾ ਆਉਂਦਾ ਹੈ ਕਿ ਇਸ ਏਡੇ ਵੱਡੇ ਨਾਮਣੇ ਵਾਲੇ ਪਰਚੇ ਵਾਲਿਆਂ ਵੱਲੋਂ ਵੀ ਜਾਣੇ/ਅਣਜਾਣੇ ਉਹਨੂੰ ਅਣਡਿੱਠ ਕੀਤਾ ਗਿਆ ਤੇ ਉਹ ਏਥੇ ਵੀ 'ਗ਼ੈਰਹਾਜ਼ਰ ਆਦਮੀ' ਹੀ ਬਣਿਆ ਰਿਹਾ, ਹਾਲਾਂ ਕਿ ਉਹ ਇਹਨਾਂ ਸਾਰੇ ਵੱਡੇ ਲੇਖਕਾਂ ਤੋਂ ਜੇਕਰ ਵੱਡਾ ਨਾ ਵੀ ਹੋਵੇ ਪਰ ਘੱਟ ਤਾਂ ਫੇਰ ਵੀ ਨਹੀਂ ਸੀ। ਮੇਰੀ ਸਮਝ ਮੁਤਾਬਿਕ ਇਹ ਵਿਸਤ੍ਰਿਤ ਇੰਟਰਵਿਊਜ਼ ਹੀ ਸਨ ਜਿਹਨਾਂ 'ਹੁਣ' ਪਰਚੇ ਨੂੰ ਵਡੇਰੇ ਲੇਖਕ/ ਪਾਠਕ ਵਰਗਾ ਵਿਚ ਇਕ ਵਿਸ਼ੇਸ਼ ਥਾਂ ਬਣਾਉਣ ਵਿਚ ਮੁਖ ਭੂਮਿਕਾ ਨਿਭਾਈ ਹੈ। ਏਦਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸਾਡੇ ਸਾਰੇ ਵੱਡੇ ਲੇਖਕ ਇਸਦਾ ਹਿੱਸਾ ਬਣਨ ਲਈ ਜਿਵੇਂ ਤਾਂਘਦੇ ਰਹੇ ਹੋਣ। ਇਸ 'ਕਹਾਣੀ ਧਾਰਾ' ਵਾਲੇ ਵਿਸ਼ੇਸ਼ ਅੰਕ ਨੂੰ ਵੇਖਕੇ 'ਹੁਣ' ਵਾਲ਼ੇ ਵੀ ਜ਼ਰੂਰ ਮਹਿਸੂਸ ਕਰਦੇ ਹੋਣਗੇ ਕਿ ਉਹਨਾਂ ਤੋਂ ਵੀ ਕੋਈ ਘਾਟ ਰਹਿ ਗਈ ਹੈ।

ਮੈਂ ਗੋਰਖੀ ਦੀਆਂ ਕਹਾਣੀਆਂ ਕਿਤੇ ਬਹੁਤ ਪਹਿਲੋਂ ਪਰਚਿਆਂ ਵਿਚ ਛਪੀਆਂ ਪੜ੍ਹੀਆਂ ਸਨ। 'ਕਹਾਣੀ ਧਾਰਾ' ਦਾ ਇਹ ਅੰਕ ਪੜ੍ਹਨ ਉਪਰੰਤ ਮੈਂ ਉਸਦੀ ਸਵੈ ਜੀਵਨੀ 'ਗ਼ੈਰ ਹਾਜ਼ਰ ਆਦਮੀ' ਦੂਜੀ ਵਾਰ ਪੜ੍ਹੀ ਹੈ। ਖ਼ਾਸ ਕਰਕੇ ਡਾ. ਰਘਬੀਰ ਸਿੰਘ ਵਲੋਂ 'ਸਿਰਜਣਾ'-100 ਦੇ ਅੰਕ ਵਿਚਲੇ ਇਸ ਪੁਸਤਕ ਦੇ ਰਿਵਿਊ ਨੂੰ ਮੁੱਖ ਰੱਖ ਕੇ। ਤੇ ਅੰਤ ਮੇਰੇ ਦਿਲ ਵਿੱਚੋਂ ਇਕੋ ਗੱਲ ਨਿਕਲਦੀ ਹੈ ਕਿ ਸਾਡੇ ਪੰਜਾਬੀ ਸਾਹਿਤ ਦੇ ਕਰਤਿਆਂ-ਧਰਤਿਆਂ ਲਈ ਇਸ ਬਾਬਤ ਕਰਨ ਯੋਗ ਕੰਮ ਹੁਣ ਇਕੋ ਰਹਿ ਗਿਆ ਬਣਦਾ ਹੈ ਕਿ ਗੋਰਖੀ ਦੀਆਂ ਸਮੁੱਚੀਆਂ ਲਿਖਤਾਂ ਸਾਹਿਤ ਅਕਾਦਮੀ , ਐਨ. ਬੀ. ਟੀ. ਤੇ ਭਾਸ਼ਾ ਵਿਭਾਗ ਵਰਗੀਆਂ ਸੰਸਥਾਵਾਂ ਵੱਲੋਂ ਛਾਪੀਆਂ/ ਛਪਵਾਈਆਂ ਜਾਣ। ਇਹੀ ਉਹਨਾਂ ਵੱਲੋਂ ਗੋਰਖੀ ਦੇ ਜਿਉਂਦੇ ਜੀਅ ਉਹਦੇ ਪ੍ਰਤੀ ਕੀਤੇ 'ਗੁਨਾਹ' ਦੀ ਉਚਿਤ ਤਲਾਫ਼ੀ ਤੇ ਸੱਚੀ ਸ਼ਰਧਾਂਜਲੀ ਹੋਵੇਗੀ।

ਰੇਖਾ ਚਿਤਰ ਵਾਲੇ ਭਾਗ ਵਿੱਚੋਂ ਮੋਹਨ ਲਾਲ ਫਿਲੌਰੀਆ ਵਾਲਾ ਰੇਖਾ ਚਿੱਤਰ ਪੜ੍ਹਦਿਆਂ ਮਹਿਸੂਸ ਕੀਤਾ ਕਿ ਫਿਲੌਰੀਆ ਕੋਲ ਲੇਖਕਾਂ ਬਾਬਤ ਮਸਾਲਾ ਬਹੁਤ ਹੈ ਤੇ ਉਹਨਾਂ ਨੂੰ ਅਜਿਹੇ ਹੋਰ ਰੇਖਾ ਚਿੱਤਰ ਲਿਖਣੇ ਚਾਹੀਦੇ ਹਨ, ਜੇਕਰ ਉਹ ਅਜਿਹਾ ਨਹੀਂ ਕਰਨਾ ਚਾਹੁੰਦੇ ਤਾਂ ਉਹਨਾਂ ਨੂੰ ਆਪਣੀ ਸਵੈ ਜੀਵਨੀ ਜ਼ਰੂਰ ਲਿਖਣੀ ਚਾਹੀਦੀ ਹੈ ਜਿਹਦੇ ਵਿਚ ਉਹਨਾਂ ਦੇ ਸਾਹਿਤਕ ਹਲਕਿਆਂ ਵਿਚਲੇ ਅਨੁਭਵ ਤੋਂ ਇਲਾਵਾ ਉਹ ਸਾਰਾ ਕੁਝ ਹੋਵੇ ਜੋ ਉਹਨਾਂ ਦੇ ਬਚਪਨ ਦੇ ਵੇਲਿਆ ਵਿਚ ਹੋਇਆ ਵਾਪਰਿਆ, ਵੇਖਿਆ ਤੇ ਹੰਢਾਇਆ ਹੋਵੇ। ਫਿਲੌਰੀਆ ਦਲਿਤ ਬਰਾਦਰੀ ਦੀ ਉਸ ਪੀੜ੍ਹੀ ਨਾਲ ਸਬੰਧਤ ਹਨ ਜਦੋਂ ਸਾਡੇ ਬਜ਼ੁਰਗਾਂ ਨੂੰ ਇਲਮ ਦੀ ਕੀਮਤ ਸਮਝ ਪਈ ਸੀ ਤੇ ਏਧਰ ਤੁਰਨ ਲਈ ਹਾਲਾਤ ਸਾਜ਼ਗਾਰ ਹੋਏ ਸਨ। ਉਹ ਮੁਢਲਾ ਪੜ੍ਹਾ ਸੀ। ਇਸ ਅੰਕ ਵਿਚ ਗੋਰਖੀ ਨਾਲ ਉਹਦੇ ਜਿਉਂਦੇ ਜੀਅ ਕੀਤੀਆਂ ਯਾਦਗਾਰੀ ਗੱਲਾਂ

ਬਾਤਾਂ, ਉਹਦੇ ਦੋਸਤਾਂ/ ਮਿੱਤਰਾ ਤੇ ਪਰਿਵਾਰ ਵੱਲੋਂ ਕੀਤੀਆਂ ਯਾਦਾਂ -ਰੇਖਾ ਚਿੱਤਰ ਉਹਦੇ ਖ਼ਤ, ਆਲੋਚਕਾ ਵੱਲੋਂ ਉਹਦੀਆਂ ਕਿਤਾਬਾਂ ਦੇ ਰਿਵਿਊ, ਉਹਦੀਆਂ ਆਪਣੇ ਸਾਹਿਤ ਬਾਬਤ ਕੀਤੀਆਂ ਖ਼ੁਦ ਦੀਆਂ ਟਿੱਪਣੀਆਂ ਤੇ ਉਹਦੇ ਗਲਪ ਰਚਨਾ ਦੇ ਨਮੂਨੇ ਇਹ ਸਾਰਾ ਕੁਝ ਸਮੇਟਣ ਲਈ ਜੋ ਮਿਹਨਤ ਸੰਪਾਦਕ ਵੱਲੋਂ ਕੀਤੀ ਗਈ ਹੈ ਉਹ ਸ਼ਲਾਘਾ ਦੀ ਹੱਕਦਾਰ ਹੈ ਤੇ ਇਹ ਸਾਰਾ ਕੁਝ ਇਕ ਥਾਂ ਇਕੱਤਰ ਕਰਕੇ ਵਿਸ਼ੇਸ਼ ਅੰਕ ਦੇ ਰੂਪ ਵਿੱਚ ਪ੍ਰਕਾਸ਼ਤ ਕਰਨਾ, ਇਕ ਬਹੁਤ ਵੱਡਾ ਕਾਰਜ ਸੀ ਜੋ ਦਸਤਾਵੇਜੀ ਰੂਪ ਅਖਤਿਆਰ ਕਰ ਗਿਆ ਹੈ। ਮੈਂ ਖ਼ੁਦ ਵੀ ਸੱਤਰਵਿਆਂ ਦੇ ਸ਼ੁਰੂ ਤੋਂ ਪੰਜਾਬੀ ਦੇ ਸਾਹਿਤਕ ਪਰਚਿਆਂ ਦਾ ਲਗਾਤਾਰ ਪਾਠਕ ਰਿਹਾ ਹਾਂ ਤੇ ਅਜਿਹੇ ਬਹੁਤ ਸਾਰੇ ਵਿਸ਼ੇਸ਼ ਅੰਕ ਮੈਂ ਹਾਲੇ ਤੱਕ ਵੀ ਬਕਾਇਦਾ ਸੰਭਾਲੇ ਹੋਏ ਹਨ ਤੇ ਇਸੇ ਅਧਾਰ ਤੇ ਮੈਂ ਕਹਿ ਸਕਦਾ ਹਾਂ ਕਿ 'ਕਹਾਣੀ ਧਾਰਾ' ਦਾ ਇਹ ਅੰਕ ਇਕ ਯਾਗਦਾਰੀ ਪੁਸਤਕ ਦੇ ਰੂਪ ਵਿਚ ਸਾਂਭਣਯੋਗ ਤੇ ਹਰ ਪੱਖੋਂ ਕੀਤੀ ਗਈ ਤੇਰੀ ਮਿਹਨਤ ਬੇਹੱਦ ਸਲਾਘਾ ਯੋਗ ਹੈ।

**- ਜੋਗਿੰਦਰ ਪਾਲ ਮਾਨ, ਸਮਰਾਏ, ਜਲੰਧਰ**

ਪ੍ਰੇਮ ਗੋਰਖੀ ਵਿਸ਼ੇਸ਼ ਅੰਕ ਚੰਗਾ ਲੱਗਾ। ਇਸ ਵਿਚ ਗੋਰਖੀ ਦੀ ਸ਼ਖ਼ਸੀਅਤ ਤੇ ਉਸਦੀ ਗਲਪਕਾਰੀ ਨੂੰ ਬਹੁਤ ਸਾਰੇ ਕੋਣਾ ਤੋਂ ਪੇਸ਼ ਕੀਤਾ ਗਿਆ। ਉਸਦੇ ਸ਼ਬਦ ਚਿੱਤਰ, ਯਾਦਾਂ, ਮੁਲਾਕਾਤਾਂ, ਸਵੈ ਲਿਖਤਾਂ 'ਚ ਬਹੁਤ ਸਾਰੇ ਅਜਿਹੇ ਪੱਖ ਸਾਹਮਣੇ ਆਉਂਦੇ ਹਨ ਜਿਨ੍ਹਾਂ ਬਾਰੇ ਮੈਨੂੰ ਪਹਿਲਾ ਪਤਾ ਨਹੀਂ ਸੀ। ਕੁਲ ਮਿਲਾ ਕੇ ਅੰਕ ਵਧੀਆ ਰਿਹਾ। ਇਸ ਲਈ ਕੀਤੀ ਮਿਹਨਤ ਝਲਕਦੀ ਹੈ। ਮੁਬਾਰਕਬਾਦ!

**-ਬਲਬੀਰ ਪਰਵਾਨਾ, ਜਲੰਧਰ**

ਪੰਜਾਬੀ ਅਦਬੀ ਜਗਤ ਦੀ ਪ੍ਰਫੁੱਲਤਾ ਵਿਚ ਪ੍ਰੇਮ ਗੋਰਖੀ ਦਾ ਯੋਗਦਾਨ ਅਹਿਮ ਹੈ। ਉਹ ਤੀਜੀ ਪੀੜ੍ਹੀ ਦਾ ਅਜਿਹਾ ਕਹਾਣੀਕਾਰ ਸੀ ਜਿਸ ਨੇ 'ਛੋਟੀਆਂ ਛੋਟੀਆਂ ਕੰਧਾਂ', 'ਇਕ ਟਿਕਟ ਰਾਮਪੁਰਾ ਫੂਲ', 'ਵੱਡੇ ਲੋਕ', 'ਬਚਨਾ ਬੱਕਰਵੱਢ' ਵਰਗੀਆਂ ਕਲਾਸਿਕ ਕਹਾਣੀਆਂ ਅਤੇ 'ਤਿੱਤਰ ਖੰਭੀ ਜੂਹ' ਵਰਗੇ ਨਾਵਲੈੱਟ ਰਾਹੀਂ ਸਾਧਨ ਵਿਹੂਣਿਆਂ ਦੇ ਦਰਦ ਤੇ ਸੰਘਰਸ਼ ਦਾ ਚਿਤਰਣ ਕੀਤਾ ਅਤੇ ਇਨਸਾਨੀ ਰਿਸ਼ਤਿਆਂ ਦੀਆਂ ਪੇਚੀਦਗੀਆਂ ਨੂੰ ਬਾਰੀਕੀ ਨਾਲ ਪੇਸ਼ ਕੀਤਾ। ਇਹ ਵੱਖਰੀ ਗੱਲ ਹੈ ਕਿ ਇਸ ਯੋਗਦਾਨ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਮਿਲੀ ਜਿਸ ਦਾ ਉਹ ਹੱਕਦਾਰ ਸੀ। ਭਗਵੰਤ ਰਸੂਲਪੁਰੀ ਨੇ ਕਹਾਣੀ ਧਾਰਾ ਨੂੰ ਪ੍ਰੇਮ ਗੋਰਖੀ ਵਿਸ਼ੇਸ਼ ਅੰਕ ਵਜੋਂ ਛਾਪ ਕੇ ਗੋਰਖੀ ਦੇ ਯੋਗਦਾਨ ਨੂੰ ਸਾਂਭਣ-ਸਹੇਜਣ ਦਾ ਸੁਹਿਰਦ ਯਤਨ ਕੀਤਾ ਹੈ। ਪ੍ਰਸੰਸਾਯੋਗ ਹੈ ਇਹ ਉੱਦਮ।


ਸੰਪਾਦਕੀ ਵਿਚ ਰਸੂਲਪੁਰੀ ਦੱਸਦਾ ਹੈ ਕਿ ਇਹ ਅੰਕ ਅੱਠ ਮਹੀਨਿਆਂ ਦੀ ਵਿਉਂਤ ਤੇ ਮਿਹਨਤ ਦਾ ਨਤੀਜਾ ਹੈ। ਅੰਕ ਦੀ ਬਣਤਰ, ਸਮੱਗਰੀ ਦੀ ਚੋਣ ਅਤੇ ਤਸਵੀਰਾਂ ਦੀ ਜੜਤ ਉਪਰੋਕਤ ਕਥਨ ਦੀ ਸਿੱਧੀ ਤਸਦੀਕ ਹਨ। ਅੰਕ ਦੇ ਪੰਜ ਅਨੁਭਾਗ ਹਨ-ਗੋਰਖੀ ਨਾਲ ਵਾਰਤਾਲਾਪ, ਸਮਕਾਲੀਆਂ ਵੱਲੋਂ ਲਿਖੇ ਗਏ ਉਸ ਦੇ ਸ਼ਬਦ ਚਿੱਤਰ, ਉਸ ਨਾਲ ਹੋਈ ਖ਼ਤੋ-ਕਿਤਾਬਤ, ਉਸ ਦੇ ਸਵੈ-ਕਥਨ, ਅਤੇ ਉਸ ਦੀਆਂ ਲੇਖਣੀਆਂ/ ਕਿਤਾਬਾਂ ਦੀਆਂ ਸਮੀਖਿਆਵਾਂ / ਸਮਾਲੋਚਨਾਵਾਂ। ਚਰਚਿਤ ਕਹਾਣੀ 'ਜੀਣ-ਮਰਨ' ਅੰਤਿਕਾ ਵਜੋਂ ਪਾਠਕਾਂ ਲਈ ਪਰੋਸੀ ਗਈ ਹੈ। ਅੰਕ ਦੇ ਮੁੱਢ ਵਿਚ ਗੁਰਬਚਨ ਸਿੰਘ ਭੁੱਲਰ ਹੁਰਾਂ ਵੱਲੋਂ ਕੀਤੀ ਗਈ ਗੱਲਬਾਤ ਗੋਰਖੀ ਦੇ ਸਾਹਿਤ, ਸੁਰਜ ਤੇ ਸ਼ਖ਼ਸੀਅਤ ਦਾ ਆਈਨਾ ਹੈ। ਇਸੇ ਤਰ੍ਹਾਂ ਚਿੱਠੀਆਂ ਵਾਲੇ ਅਨੁਭਾਗ ਵਿਚ ਜਸਬੀਰ ਭੁੱਲਰ ਦੀ ਰਚਨਾ 'ਚਾਰ ਚਿੱਠੀਆਂ ਦੀ ਇਬਾਰਤ' ਯਾਦਾਂ ਦੀ ਮਿਠਾਸ ਨਾਲ ਪਰੁੰਨੀ ਹੋਈ ਹੈ। ਬਾਕੀ ਦੀ ਸਮੱਗਰੀ ਵੀ ਚੋਖੀ ਨਿੱਗਰ ਹੈ ਜੋ ਇਸ ਅੰਕ ਨੂੰ ਯਾਦਗਾਰੀ ਬਣਾਉਂਦੀ ਹੈ।

**-ਸੁਰਿੰਦਰ ਸਿੰਘ ਤੇਜ**

(**ਪੰਜਾਬੀ ਟ੍ਰਿਬਿਊਨ, 27 ਮਾਰਚ, 2022 ਨੂੰ ਛਪੇ ਕਾਲਮ 'ਪੜ੍ਹਦਿਆਂ-ਸੁਣਦਿਆਂ' 'ਚੋਂ**)

(**'ਮੇਰਾ ਸਟੱਡੀ ਟੇਬਲ' ਅਗਲੀ ਵਾਰ ਛਪੇਗਾ**)

## ਸੁਲਝੇ ਹੋਣੇ ਕਥਾਕਾਰ / ਵਾਰਤਕਾਰ ਪ੍ਰੇਮ ਮਾਨ ਹੁਰਾਂ ਦੀ ਸ਼ਬਦ ਚਿੱਤਰਾਂ ਦੀ ਕਿਤਾਬ 'ਅੰਦਰੇਟੇ ਦਾ ਜੋਗੀ' ਦਾ ਦੂਜਾ ਐਡੀਸ਼ਨ, 2022




ਪ੍ਰੇਮ ਮਾਨ ਮੁੱਢਲੇ ਰੂਪ ਵਿਚ ਕਥਾਕਾਰ ਏ। ਉਸ ਨੇ 1970 ਵਿੱਚ ਆਪਣਾ ਪਲੇਠਾ ਕਹਾਣੀ ਸੰਗ੍ਰਹਿ 'ਚੁਬਾਰੇ ਦੀ ਇੱਟ' ਪ੍ਰਕਾਸ਼ਤ ਕੀਤੀ ਸੀ। ਫਿਰ ਉਹ ਅਮਰੀਕਾ ਚਲੇ ਗਿਆ ਅਤੇ ਉੱਥੇ ਯੂਨੀਵਰਸਿਟੀ ਵਿੱਚ ਅਰਥ ਸ਼ਾਸ਼ਤਰ ਅਤੇ ਅੰਕੜਾ ਵਿਗਿਆਨ ਪੜ੍ਹਾਉਂਦਾ ਰਿਹਾ। ਇਸ ਵਿਸ਼ੇ ਉੱਤੇ ਉਸ ਦੀਆਂ ਅਨੇਕਾਂ ਪੁਸਤਕਾਂ ਅਮਰੀਕਾ ਵਿਖੇ ਵਿਦਿਆਰਥੀ ਅਤੇ ਅਰਥ ਸ਼ਾਸ਼ਤਰੀ ਪੜ੍ਹਦੇ ਹਨ।

ਪ੍ਰੇਮ ਮਾਨ ਸਮਕਾਲ ਵਿਚ ਕਹਾਣੀ ਵੀ ਲਿਖਦਾ ਏ। ਇਸ ਦੇ ਨਾਲ ਨਾਲ ਉਸ ਦੀ ਨੇੜਤਾ ਪੰਜਾਬੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਨਾਲ ਵੀ ਰਹੀ ਏ। ਇਸ ਪੁਸਤਕ ਵਿੱਚ ਉਸ ਨੇ ਆਪਣੇ ਨੇੜੇ ਵਿਚਰਨ ਵਾਲੇ ਕਲਾਕਾਰਾਂ ਬਾਰੇ ਸ਼ਬਦ ਚਿੱਤਰ ਲਿਖੇ ਹਨ। ਪੁਸਤਕ ਦਾ ਪਹਿਲਾ ਐਡੀਸ਼ਨ ਫਰਵਰੀ, 2020 ਵਿਚ ਲੋਕਗੀਤ ਵੱਲੋਂ ਛਾਪਿਆ ਗਿਆ ਸੀ। 'ਅੰਦਰੇਟੇ ਦਾ ਜੋਗੀ' ਦਾ ਇਹ ਦੂਜਾ ਐਡੀਸ਼ਨ ਏ ਜਿਹਦੇ ਵਿੱਚ ਉਸ ਨੇ ਅਮਰੀਕ ਗਿੱਲ, ਹਰਕੀਰਤ ਕੌਰ ਚਹਿਲ ਅਤੇ ਗੁਰਬਖ਼ਸ਼ ਸਿੰਘ ਭੰਡਾਲ ਦੇ ਨਵੇਂ ਸ਼ਬਦ ਚਿੱਤਰ ਸ਼ਾਮਿਲ ਕੀਤੇ ਨੇ। ਅਮਰੀਕ ਗਿੱਲ ਦਾ ਸ਼ਬਦ ਚਿੱਤਰ ਉਸ ਦੇ ਬਹੁਤ ਸਾਰੇ ਚਿਹਰੇ ਪਾਠਕਾਂ ਅੱਗੇ ਪੇਸ਼ ਕਰਦਾ ਏ। ਹਰਕੀਰਤ ਕੌਰ ਚਹਿਲ ਢਾਹਾ ਇਨਾਮ ਪ੍ਰਾਪਤ ਨਾਵਲਕਾਰ ਏ, ਉਸ ਦੇ ਸ਼ਬਦ ਚਿੱਤਰ ਵਿੱਚ ਉਸ ਦੀ ਰਚਨਾਕਾਰਾ ਦੇ ਪਹਿਲੂਆਂ ਨੂੰ ਪ੍ਰੇਮ ਨੇ ਬਾਖ਼ੂਬੀ ਨਾਲ ਪੇਸ਼ ਕੀਤਾ ਏ। ਬਾਕੀ ਸ਼ਬਦ ਚਿੱਤਰਾਂ ਦੀ ਆਪਣੀ ਮਿਠਾਸ ਏ। ਹਰ ਸ਼ਬਦ ਚਿੱਤਰ ਵਿੱਚ ਕਿਤੇ ਕਿਤੇ ਨਿੰਮ ਵਰਗੀ ਕੁੜੱਤਣ ਵੀ ਏ। ਲਿੱਖਤ ਪ੍ਰਤੀ ਉਹਦੀ ਧਾਰਨਾ ਏ ਕਿ ਮੈਂ ਰਚਨਾ ਨੂੰ ਸਾਹਿਜ ਨਾਲ ਲਿਖਦਾ ਹਾਂ। **-ਭਗਵੰਤ ਰਸੂਲਪੁਰੀ**


ਮੁੱਲ : 350/- ਪੰਨੇ : 162 ਸਾਲ : 2022


**Published by: Gracious Books**
SCO:23 Shalimar Plaza Opp. Punjabi University, Patiala.
Ph. 91-175-5017642, 91-175-5007643, 98156-16568

Year: 17 issue No: 66 ISSN: 2321-4445
'KAHANI DHARA' (Punjabi Quarterly) Jul. to Sep., 2022, R. N. I. Regd. No. PUN2006/19971


# ਨੈਸ਼ਨਲ ਬੁੱਕ ਟਰੱਸਟ, ਇੰਡੀਆ

## ਦੀਆਂ ਕਿਤਾਬਾਂ ਦੀ ਵਿਸ਼ਾਲ ਦੁਨੀਆਂ ਨਾਲ ਸਾਂਝ ਪਾਓ



**ਆਪਣਾ-ਆਪਣਾ ਹਿੱਸਾ**
ਵਰਿਆਮ ਸਿੰਘ ਸੰਧੂ

ਇਸ ਪੁਸਤਕ ਵਿਚ ਵਰਿਆਮ ਸੰਧੂ ਦੀਆਂ ਚਰਚਿਤ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

₹ 420
ISBN : 978-81-237-9992-0



**ਦੁੱਖੜੇ ਸੰਨ ਸੰਤਾਲੀ ਦੇ**
ਸਾਂਵਲ ਧਾਮੀ

ਇਹ ਕਿਤਾਬ ਉਨ੍ਹਾਂ ਪੰਜਾਬੀਆਂ ਦੀ ਬਾਤ ਪਾਉਂਦੀ ਹੈ ਜਿੰਨ੍ਹਾਂ ਨੇ ਵੰਡ ਦੇ ਦਰਦ ਨੂੰ ਪਿੰਡੇ 'ਤੇ ਹੰਢਾਇਆ।

₹ 215
ISBN : 978-81-237-9688-8



**ਲੋਕ-ਨਾਟ ਨਕਲਾਂ**
ਭਗਵੰਤ ਰਸੂਲਪੁਰੀ

ਨਕਲਾਂ ਦੇ ਇਤਿਹਾਸ, ਸਿਧਾਂਤ ਤੇ ਸਰੂਪ ਨੂੰ ਸਮਝਣ ਲਈ ਇਹ ਪੁਸਤਕ ਬਹੁਤ ਮਹੱਤਵਪੂਰਨ ਹੈ।

₹ 250
ISBN : 978-81-237-9225-5



**ਪਰਵਾਸ ਦੀ ਪਰਵਾਜ਼**
ਸੰਪਾਦਕ : ਡਾ. ਧਨਵੰਤ ਕੌਰ

ਇਹ ਕਿਤਾਬ ਵੀਹਵੀਂ ਸਦੀ ਦੀ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ ਹੈ।


₹ 235
ISBN : 978-93-5491-137-8



**ਸੰਦਲੀ ਪੈੜਾਂ**
ਮਨਮੋਹਨ ਬਾਵਾ

ਇਹ ਕਿਤਾਬ ਮਨਮੋਹਨ ਬਾਵਾ ਦੇ ਸਫਰਨਾਮਿਆਂ ਨੂੰ ਰੌਚਕ ਸ਼ੈਲੀ ਵਿਚ ਪਾਠਕਾਂ ਸਾਹਵੇਂ ਰੱਖਦੀ ਹੈ।

₹ 205
ISBN : 978-93-5491-135-4



**ਇਨਕਲਾਬੀ ਵਿਗਿਆਨੀ ਆਇਨਸਟਾਈਨ**
ਐਸ. ਚੈਟਰਜੀ, ਟੀ.ਵੀ. ਵੈਂਕਟੇਸ਼ਵਰਨ
ਅਨੁਵਾਦ : ਸੰਦੀਪ ਸਿੰਘ

ਇਹ ਕਿਤਾਬ ਆਇਨਸਟਾਈਨ ਦੇ ਤੇ ਵਿਗਿਆਨ ਦੇ ਖੇਤਰ ਵਿਚ ਪਾਏ ਉਨ੍ਹਾਂ ਦੇ ਯੋਗਦਾਨ ਬਾਰੇ ਦਸਦੀ ਹੈ।

₹ 160
ISBN : 978-81-237-9947-6

**ਪੰਜਾਬੀ ਪੁਸਤਕਾਂ 'ਤੇ 20% ਦੀ ਵਿਸ਼ੇਸ਼ ਛੋਟ**

ਅੱਜ ਹੀ ਖਰੀਦੋ

nbt.india

ਖਰੀਦਣ ਲਈ ਹੇਠ ਲਿਖੇ ਪਤੇ'ਤੇ ਸੰਪਰਕ ਕਰੋ:-

**ਨੈਸ਼ਨਲ ਬੁੱਕ ਟਰੱਸਟ, ਇੰਡੀਆ**
ਸਿੱਖਿਆ ਮੰਤਰਾਲਾ, ਭਾਰਤ ਸਰਕਾਰ
ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਸ 2,
ਵਸੰਤ ਕੁੰਜ, ਨਵੀਂ ਦਿੱਲੀ-110070
ਸੰਪਰਕ- 011-26707700 ਫੈਕਸ- 011-26121883
ਈ ਮੇਲ- office.nbt@nic.in ਵੈਬਸਾਇਟ : www.nbtindia.gov.in

ਨਵੀਂ ਦਿੱਲੀ । ਮੁੰਬਈ । ਬੈਂਗਲੂਰੂ । ਕੋਲਕਾਤਾ । ਚੇਨਈ । ਹੈਦਰਾਬਾਦ । ਗੁਹਾਟੀ । ਅਗਰਤਲਾ । ਪਟਨਾ । ਕਟਕ । ਅਰਣਾਕੁਲਮ